1987

Registered L. NO.2551.

੧ ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

'ਸਤਿਜੁਗ'

ਦਾ

ਬਸੰਤ ਨੰਬਰ

ਐਡੀਟਰ:-ਬਲਵੰਤ ਸਿੰਘ

ਦੂਜੀ ਵਾਰ ੧੨੫੦

ਮੋਖ ॥)

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਲਲਿਤ ਪਦ

੧੬–੧੨ ਮਾਤ੍ਰ ਤੇ ਵਿਸ਼ਰਾਮ ਅੰਤ ਦੇ ਗੁਰ

(ਵਲੋਂ ਪੰਥ ਭੂਸ਼ਨ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ)

ਵਿਸ਼ਯ ਅਗਨਿ ਕਰ ਤਪਤ ਰਿਦੇ ਜਿਨ ਨਾਮਾਮ੍ਰਿਤ ਦੇ ਠਾਰੇ।
ਗੁਰਮਤ ਦੇ ਅਨੁਰਾਗੀ ਕੀਤੇ ਪਾਮਰ ਪਾਪੀ ਭਾਰੇ।
ਭੰਗ ਸ਼ਰਾਬ ਅਫੀਮ ਛੁਡਾਕੇ ਨਸ਼ਾ ਪ੍ਰੇਮ ਦਾ ਦਿੱਤਾ।
ਮੰਗ–ਖਾਣ ਨੂੰ ਖੰਡਨ ਕੀਤਾ ਦੱਸ ਧਰਮ ਦਾ ਕਿੱਤਾ।
ਫੁੱਟ ਈਰਖਾ ਵੈਰ ਭਾਵ ਅਰ ਨਫਰਤ ਮਨੋ ਹਟਾਈ।
ਮੁਦਿਤਾ ਮੈਤ੍ਰੀ ਕਰੁਣਾ ਦ੍ਰਿੜ੍ਹ ਕਰ ਸਿਖਾਂ ਚਿੱਤ ਵਸਾਈ।
ਭੁਖਾ ਨੰਗਾ ਰੋਗੀ ਸੋਗੀ ਜੋ ਸਰਨੀ ਚਲ ਆਵੇ।
ਹੋਇ ਤ੍ਰਿਪਤ ਅਰ ਪਰਮ ਅਨੰਦੀ ਜੀਵਨ ਸਰਵ ਵਿਤਾਵੇ।
ਦੀਨ ਕੀਰ ਅਪਮਾਨਿਤ ਜੀਵਾਂ ਸੈ੍ ਸਤਕਾਰ ਦ੍ਰਿੜ੍ਹਾਯਾ।
ਭਗਤ ਗਿਆਨੀ ਸੂਰਵੀਰ ਹੋ ਰਹਿਣਾ ਜਗਤ ਸਿਖਾਯਾ।
ਸ੍ਰੀ ਗੁਰਦਾਸ ਕਹਯੋ ਗੁਰ–"ਨਾਨਕ ਨਿਰਮਲ ਪੰਥ ਚਲਾਯਾ"।
ਗੁਰੂ ਆਗਯਾ ਅਨੁਸਾਰ ਪ੍ਰਗਟ ਸੋ ਅਮਲੀ ਤੌਰ ਦਿਖਾਯਾ।
ਕਲੁ ਗ੍ਰੀਖਮ ਕਰ ਤਪੇ ਜਗਤ ਨੂੰ ਪਾਵਸ ਜਲਧਰ ਹੋਯਾ।
ਸ੍ਵਾਂਤਿ ਬੂੰਦ ਬਨ ਚਾਤ੍ਰਿਕ ਪ੍ਰੇਮੀ ਦਾ ਪਿਆਸ ਦੁਖ ਖੋਯਾ।
ਸਿੱਖੀ ਬਾਗ ਖਿਜ਼ਾਂ ਜਦ ਗ੍ਰਸਿਆ ਭਯੋ ਪਤ੍ਰ ਬਿਨ ਸਾਯਾ।
ਰੂਪ ਵਸੰਤ ਧਾਰਕੇ ਬਾਬਾ ਦਿਨ ਵਸੰਤ ਦੇ ਆਯਾ।
ਰੋਹੀ ਵਿਚ ਗੁਲਜ਼ਾਰ ਲਗਾਈ ਸਿਮਰਨ ਸਰਿਤ ਵਹਾਕੇ।
ਪ੍ਰੇਮੀ ਭੌਰ ਹੋਇ ਮਸਤਾਨੇ ਪਾਣ ਘੁਮੇਰੀ ਆਕੇ।
ਕੂਕੇ ਕੋਇਲ ਡਾਲ ਰਸਾਲੀਂ ਮੋਰ ਪਾਇਲਾਂ ਪਾਂਦੇ।
ਇਸ ਮੰਡਲ ਆ ਹੋਣ ਅਰੋਗੀ ਰਾਜ–ਰੋਗ ਦੇ ਮਾਂਦੇ।
ਬਾਲ ਅਵਸਥਾ ਵਿਚ "ਵ੍ਰਿਜੇਸ਼" ਨੇ ਅਦਭੁਤ ਮੂਰਤਿ ਚੀਨੀ।
ਸਿਰ ਤੇ ਖੰਡਾ ਹੱਥ ਸਿਮਰਨੀ ਚੜ੍ਹਿਆ ਬਾਂਕੀ ਚੀਨੀ।
ਜਿਸਦੀ ਮਿਠੀ ਬਾਣੀ ਅੱਗੇ ਫਿੱਕੀ ਲਗਦੀ ਚੀਨੀ।
ਦਰਸ਼ਨ ਕਰਕੇ ਨੇਤ੍ਰ ਵਿਗਸਦੇ ਜਿਉਂ ਰਵਿ ਪਿਖ ਗੁਲ ਚੀਨੀ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਭੈਣੀ ਸਾਹਿਬ (ਜ਼ਿਲਾ ਲੁਦਿਹਾਨਾਂ)
ਵਿਚ ਸੰਤ ਬਲਵੰਤ ਸਿੰਘ ਜੀ ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਨਾਲ
ਛਪਕੇ ਦਫਤਰ "ਸਤਿਜੁਗ" ਸ੍ਰੀ ਭੈਣੀ ਸਾਹਿਬ
ਤੋਂ ਪ੍ਰਕਾਸ਼ਿਤ ਹੋਯਾ।

Sri Satguru Jagjit Singh Ji Elibrary NamdhariElibrary@gmail.com

ਲੇਖ ਸੂਚੀ।

ਨੰ:	ਲੇਖ	ਲੇਖਕ	ਪੰਨਾ
(੧)	ਬਸੰਤ (ਕਵਿਤਾ)	ਸ੍ਰੀਮਾਨ ਸ: ਬਲਵੰਤ ਸਿੰਘ ਜੀ 'ਗਜ਼ਰਾਜ'	(੨)
(੨)	ਚੀਨੀ ਅਸਵਾਰ (ਲੇਖ)	ਸ੍ਰੀਮਾਨ ਸੰਤ ਇੰਦ੍ਰ ਸਿੰਘ ਜੀ 'ਚਕ੍ਰਵਰਤੀ'	(੩)
(੩)	ਚੀਨੀ ਵਾਲੇ ਸਤਿਗੁਰੂ ਦਾ ਦ੍ਰਬਾਰ (ਕਵਿਤਾ)	ਲਾ: ਧਨੀ ਰਾਮ ਜੀ 'ਚਾਤ੍ਰਿਕ'	(੩੬)
(੪)	ਨਾਮਧਾਰੀ ਸ਼ਹੀਦਾਂ ਦਾ ਖ਼ੂਨੀ ਸਾਕਾ (ਲੇਖ)	ਸ: ਅਵਤਾਰ ਸਿੰਘ ਜੀ 'ਅਜ਼ਾਦ'	(੩੭)
(੫)	ਸ਼ਹੀਦੀ ਗੂੰਜ [ਕਵਿਤਾ]	ਸ: ਸੁਹੇਲ ਸਿੰਘ ਜੀ "ਧੀਰ"	(੪੩)
(੬)	ਗੁਰ ਪਦਵੀ ਤੇ ਸਤਿਗੁਰ ਰਾਮ ਸਿੰਘ ਜੀ (ਲੇਖ)	ਸ: ਕਰਮ ਸਿੰਘ ਜੀ 'ਆਸੀ'	(੪੪)
(੭)	ਸਤਿਗੁਰੂ ਰਾਮ ਸਿੰਘ ਧੁਰ ਦਾ ਅਵਤਾਰ ਹੈ [ਕਵਿਤਾ]	ਸੰਤ ਜਸਾ ਸਿੰਘ ਜੀ 'ਸੂਫੀ'	(੪੫)
(੮)	ਚੀਨੀ ਵਾਲੇ ਸਤਿਗੁਰੂ ਦਾ ਗੈਬੀ ਸੁਨੇਹਾ [ਕਵਿਤਾ]	'ਮੁਸਾਫਰ' ਜੀ	(੪੮)
(੯)	ਹੋਈ ਹਿੰਦ ਹੈ ਲਹੂ ਲੁਹਾਨ ਤੇਰੀ [ਕਵਿਤਾ]	ਸ: ਸੁੰਦ੍ਰ ਸਿੰਘ ਜੀ 'ਮਸਤ ਭੌਰਾ'	(੪੯)
(੧੦)	ਅਜ਼ਾਦੀ ਦਾ ਦੇਵਤਾ [ਲੇਖ]	ਗਯਾਨੀ ਊਧਮ ਸਿੰਘ ਜੀ 'ਮੁਸਾਫਰ'	(੫੦)
(੧੧)	ਰਾਮ ਸਿੰਘ ਜੀ ਰਾਮ ਰਮਾ ਜਾ ਫੈਲੀ ਚਰਚਾ ਦੇਸ ਮਸ਼ਹੂਰ (ਕਵਿਤਾ)	ਗਯਾਨੀ ਕਰਤਾਰ ਸਿੰਘ ਜੀ ਕਲਾਸ ਵਾਲੀਏ ਹੈਡ ਗ੍ਰੰਥੀ ਅੰਮ੍ਰਿਤਸਰ	(੫੨)
(੧੨)	ਸਤਿਗੁਰੂ ਰਾਮ ਸਿੰਘ ਜੀ ਔਰ ਸਾਤ੍ਵਿਕ ਭੋਜਨ (ਲੇਖ)	ਸੁਆਮੀ ਸੁਤੰਤ੍ਰਤਾ ਨੰਦ ਜੀ	(੫੩)
(੧੩)	ਪ੍ਰੇਮ ਚੋਭ (ਕਵਿਤਾ)	ਸ: ਕਰਮ ਸਿੰਘ ਜੀ 'ਆਸੀ'	(੫੬)
(੧੪)	ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਭਜਨ ਤੇ ਉਹਨਾਂ ਦਾ ਉਪਦੇਸ਼ (ਲੇਖ)	ਸ੍ਰੀਮਾਨ ਸ: ਨਿਰੰਜਨ ਸਿੰਘ ਜੀ 'ਦੁਗਲ'	(੫੭)
(੧੫)	ਦੇਸ਼ ਭਗਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ (ਲੇਖ)	ਮਹਾਸ਼ਾ ਕ੍ਰਿਸ਼ਨ ਜੀ ਬੀ. ਏ.	(੬੧)
(੧੬)	ਸਿਹਰਾ (ਕਵਿਤਾ)	ਗਯਾਨੀ ਊਧਮ ਸਿੰਘ ਜੀ 'ਮੁਸਾਫਰ'	(੬੨)
(੧੭)	ਸਤਿਨਾਮ ਕੇ ਦਾਤੇ (")	ਵੈਦਰਾਜ ਸੂਰਤ ਸਿੰਘ ਜੀ ਖਾਲਸਾ	(੬੩)
(੧੮)	ਬਸੰਤ ਉਤਸਵ (ਲੇਖ)	ਸ੍ਰੀਮਾਨ ਬਾਵਾ ਬੁਧ ਸਿੰਘ ਜੀ	(੬੪)
(੧੯)	ਅਸਹਿਯੋਗ ਵਾਲਾ ਬਾਬਾ (ਲੇਖ)	ਸੁਆਮੀ ਵੇਦਾ ਨੰਦ ਜੀ ਗੁਰੂ ਦਤ ਭਵਨ	(੬੫)
(੨੦)	ਦਰਸਨ ਦੇਖਤ ਦੋਖ ਨਸੇ (ਲੇਖ)	ਸੰਤ ਸੰਪੂਰਨ ਸਿੰਘ ਜੀ ਪੀ. ਐਚ. ਡੀ.	(੬੮)
(੨੧)	ਪ੍ਰੇਮ ਸੁਨੇਹਾ (ਲੇਖ)	ਸ੍ਰੀ ਮਾਨ ਲਾਲਾ ਧਨੀ ਰਾਮ ਜੀ ਚਾਤ੍ਰਿਕ	(੭੦)
(੨੨)	(ਕਵਤਾ)	ਸੰਤ ਸੰਪੂਰਨ ਸਿੰਘ ਜੀ ਨਿਮਾਣਾ	(੭੫)
(੨੩)	(,,)	ਸ: ਭਗਤ ਸਿੰਘ ਜੀ ਪ੍ਰੇਮੀ	(੭੬)
(੨੪)	ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਏ [ਕਵਿਤਾ]	ਮੁਸਾਫਰ ਜੀ	[੭੭]
[੨੫]	ਆਜ ਮਹਾਰਾਜ ਗੁਰੂ ਰਾਮ ਸਿੰਘ ਆਯੇ ਹੈ [ਕਵਿਤਾ]	ਨਿਮਾਣਾ ਜੀ	[੯੧]
[੨੬]	ਨਾਮਧਾਰੀ ਲਹਿਰ [ਲੇਖ]	ਸ: ਗੁਰਬਖਸ਼ ਸਿੰਘ ਜੀ	[੯੨]

Sri Satguru Jagjit Singh Ji Elibrary NamdhariElibrary@gmail.com

ਨੰਃ	ਲੇਖ	ਲੇਖਕ	ਪੰਨਾ

(੨੭) ਅਰਬੀ ਵੇਦ (ਲੇਖ) ਸ੍ਰ: ਹਰਨਾਮ ਸਿੰਘ ਜੀ ਨਿਹੰਗ (੯੯)
(੨੮) ਸੁਤੀ ਪਈ ਹਿੰਦ ਨੂੰ ਜਗਾਯਾ ਚੀਨੀ ਵਾਲੇ ਨੇ (ਕ੍ਵਿਤਾ) ਵਹਿਮੀ ਜੀ (੯੯)
(੨੯) ਨਾਮਧਾਰੀ ਲਹਿਰ (ਲੇਖ) ਮਾਸਟ੍ਰ ਸੁੰਦਰ ਸਿੰਘ ਜੀ ਲਾਇਲ ਪੁਰੀ (੧੦੦)
(੩੦) ਬਸੰਤ ਰਾਣੀ (ਕਵਿਤਾ) ਵਿਧਾਤਾ ਸਿੰਘ ਜੀ 'ਤੀਰ' (੧੦੨)
(੩੧) ਨਾਮਧਾਰੀਆਂ ਦੀਆਂ ਕੁਰਬਾਨੀਆਂ (ਲੇਖ) ਸ੍ਰ: ਚਰਨ ਸਿੰਘ ਜੀ ਸ਼ਹੀਦ (੧੦੩)
(੩੨) ਜੇ ਨਾ ਗੁਰੂ ਰਾਮ ਸਿੰਘ ਔਂਦੇ ਵਿਚ ਦੇਸ ਦੇ (ਕਵਿਤਾ) ਸ੍ਰ: ਤਰਨ ਸਿੰਘ ਜੀ (੧੦੭)
(੩੩) ਮਾਲਾ ਹੈ। (ਕਵਿਤਾ) ਸ੍ਰੀ ਮਾਨ ਸੰਤ ਸੰਪੂਰਨ ਸਿੰਘ ਜੀ ਪੀ. ਐਚ. ਡੀ. (੧੦੮)
(੩੪) ,, ,, ਸ੍ਰੀ ਮਾਨ ਗਯਾਨੀ ਊਧਮ ਸਿੰਘ ਜੀ ਮੁਸਾਫਰ (੧੦੯)
(੩੫) ,, ,, ਸ੍ਰੀ ਮਾਨ ਸੰਤ ਜਸਾ ਸਿੰਘ ਜੀ ਸੋਮਨੀ (੧੧੦)
(੩੬) ,, ,, ਸ੍ਰੀ ਮਾਨ ਸ੍ਰ: ਬੂਟਾ ਸਿੰਘ ਜੀ ਰਾਇਪੁਰ (੧੧੨)
(੩੭) ,, ,, ਸ੍ਰ: ਕਰਤਾਰ ਸਿੰਘ ਜੀ ਪੇੜ੍ਹਾ ਨਿਵਾਸੀ (੧੧੪)
(੩੮) ,, ,, ਸ੍ਰੀ ਮਾਨ ਸ੍ਰ: ਤਰਨ ਸਿੰਘ ਜੀ ਵਹਿਮੀ (੧੧੫)
(੩੯) ,, ,, ਸ੍ਰੀ ਮਾਨ ਸੰਤ ਸ਼ਿੰਗਾਰਾ ਸਿੰਘ 'ਸ਼ਿੰਗਾਰ' (੧੧੬)
(੪੦) ,, ,, ਸ੍ਰੀ ਮਾਨ ਸੇਠ ਗੁਰਬਖਸ਼ ਸਿੰਘ ਜੀ 'ਪ੍ਰੀਤਮ' (੧੧੮)
(੪੧) ,, ,, ਸ੍ਰੀ ਮਾਨ ਸੰਤ ਨਥਾ ਸਿੰਘ ਜੀ 'ਯਾਚਕ' (੧੨੦)
(੪੨) ਸ੍ਰੀ ਮਾਨ ਬਾਬਾ ਰਾਮ ਸਿੰਘ ਜੀ ਦਾ ਮਿਸ਼ਨ (ਲੇਖ) ਸ੍ਰ: ਗੰਡਾ ਸਿੰਘ 'ਕੇਵਲ' (੧੨੧)
(੪੩) ਅਹੁ ਆ ਗਿਆ (ਕਵਿਤਾ) ਸ੍ਰੀ ਮਾਨ ਸ੍ਰ: ਅਵਤਾਰ ਸਿੰਘ 'ਅਜ਼ਾਦ' (੧੨੫)
(੪੪) ਸ੍ਰੀ ਮਾਨ ਬਾਬਾ ਰਾਮ ਸਿੰਘ ਜੀ ਦੀ ਯਾਦ [illegible] ਸਾਰਾ ਪੰਥ ਮਨਾਏ (ਲੇਖ)
ਸ੍ਰੀ ਮਾਨ ਗਯਾਨੀ ਹੀਰਾ ਸਿੰਘ ਜੀ 'ਦਰਦ' (੧੨੬)
(੪੫) ਬਾਬਾ ਰਾਮ ਸਿੰਘ ? ਕਿ ਗੁਰੂ ਰਾਮ ਸਿੰਘ ? ਕਿ ਸਤਿਗੁਰੂ ਰਾਮ ਸਿੰਘ ?
(ਲੇਖ) ਵੈਦਯ ਨਰੰਗ ਸਿੰਘ ਜੀ 'ਤਾਂਘੀ' (੧੨੯)
(੪੬) ਸੁਚ ਸੋਧ ਦੀ ਰੀਤ ਚਲਾਈ ਆਕੇ (ਕਵਿਤਾ) ਸ੍ਰ: ਹਰਨਾਮ ਸਿੰਘ ਜੀ (੧੩੧)
(੪੭) ,, ,, ,, ,, ਸ੍ਰੀ ਮਾਨ 'ਵਹਿਮੀ' ਜੀ (੧੩੨)
(੪੮) ,, ,, ,, ,, ਸ੍ਰ: ਲਖਾ ਸਿੰਘ ਜੀ (੧੩੩)
(੪੯) ਗੁਰੂ ਦੇਹ ਧਾਰੀ ਬੇੜੇ ਤਾਰਦਾ ਏ (ਕਵਿਤਾ) ਸ੍ਰ: ਹਰਨਾਮਸਿੰਘ ਜੀ (੧੩੪)
(੫੦) ਅਸੀਂ ਕੀ ਸੀ? ਕੀ ਬਣੇ? ਤੇ ਹੁਣ ਕੀ ਹਾਂ (ਲੇਖ) ਸ੍ਰ: ਗੁਰਬਖਸ਼ ਸਿੰਘ ਜੀ (੧੩੧)
(੫੧) ਰੀਤ ਖਾਲਸੇ ਦੀ ਨਜ਼ਰ ਆਂਵਦੀ ਨਾਂ (ਕਵਿਤਾ) ਗਿਆਨੀ ਊਧਮ ਸਿੰਘ ਜੀ (੧੪੧)
(੫੨) ਤੇਰੇ ਚਰਨ ਦੀ ਖਾਕ ਨੂੰ ਤਰਸਦੇ ਨੇ (,,) ਸ੍ਰੀ ਮਾਨ "ਆਜਿਜ਼" ਜੀ (੧੪੨)
(੫੩) ਬਲੀ ਦਾਨ (ਲੇਖ) ਸ੍ਰੀ ਮਾਨ ਹਰੀਸ਼ ਚੰਦ੍ਰ ਜੀ ਵਿਦਯਾਰਥੀ [੧੪੭]
[੫੪] [ਕਵਿਤਾ] ਸ੍ਰੀ ਮਾਨ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ [੧੫੦]

Sri Satguru Jagjit Singh Ji Elibrary NamdhariElibrary@gmail.com

R. L. NO. 2551.

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ। ਘਰਿ ਘਰਿ ਗੁਰਮੁਖਿ ਭਗਤ ਹੋਈ॥

ਚੰਦਾ ਦੇਸ ਸਾਲਾਨਾ ੪) ਛੇਮਹੀਨੇ ਦਾ ੨)

ਚੰਦਾ ਪ੍ਰਦੇਸ ਸਾਲਾਨਾ ੬) ਛੇ ਮਹੀਨੇ ਦਾ ੩)

ਕਲਿਜੁਗ ਮੇ ਸਤਿਜੁਗ ਵਰਤਾਊਂ ॥
ਤਬੀ ਬਾਰੁਵਾਂ ਬਪ ਕਹਾਊਂ ॥

'ਸਤਿਜੁਗ'

ਦਾ

ਬਸੰਤਨੰਬਰ

ਕਲਿਜੁਗ ਤੇ ਸਤਿਜੁਗ ਕਰ ਠਾਨੋਂ ॥
ਤਬੀ ਬਾਰੁਵਾਂ ਬਪ ਪਹਿਚਾਨੋਂ ॥

ਸੰਪਾਦਕ:-- ਬਲਵੰਤ ਸਿੰਘ

ਨੰ: ੬੨} {੧੨ ਮਾਘ ਸੰ: ੧੯੮੭ ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੧੫} ਜਿ: ੫}

ਨਾਮਧਾਰੀ ਪੰਥ ਨੂੰ ਵਧਾਈ ਏ! ਵਧਾਈ ਏ!!

ਸੋਹਣਿਆਂ ਦੇ ਸੋਹਣੇ ਸੁਲਤਾਨ ਗੁਰੂ ਰਾਮ ਸਿੰਘ,
ਰਬੀ ਜੋਤ ਸ੍ਰੀ ਭੈਣੀ ਸਾਹਿਬ ਪ੍ਰਗਟਾਈ ਏ ॥
ਸਦਾਂ ਕੌਰ ਮਾਤ ਪਿਤਾ ਜੱਸਾ ਸਿੰਘ ਜੀ ਦੇ ਘਰ,
ਅਰਸ਼ਾਂ ਦੀ ਮੂਰਤੀ ਧਰਾ ਤੇ ਚਲ ਆਈ ਏ ॥
ਪੰਚਮੀ ਪਯਾਰੀ ਦੀ ਨਿਆਰੀ ਸ਼ਾਨ ਅੱਜ ਹੋਈ,
ਪਹਿਨਕੇ ਬਸੰਤੀ ਸਾੜ੍ਹੀ ਫੁਲੀ ਨਾ ਸਮਾਈ ਏ ॥
ਪ੍ਰਗਟੇ ਗੁਪਾਲ, ਲਾਲ ਸਤਿਗੁਰੂ ਰਾਮ ਸਿੰਘ,
ਨਾਮਧਾਰੀ ਪੰਥ ਨੂੰ ਵਧਾਈ ਏ! ਵਧਾਈ ਏ!!

{'ਚਕ੍ਰਵਰਤੀ'}

Sri Satguru Jagjit Singh Ji Elibrary NamdhariElibrary@gmail.com

ਬਸੰਤ

ਚੀਨੀ ਵਾਲੇ ਪਾਤਿਸ਼ਾਹ ਕੀ ਆਮਦ

(ਵਲੋਂ ਸ੍ਰੀਮਾਨ ਸ: ਬਲਵੰਤ ਸਿੰਘ ਜੀ ਪ੍ਰਸਿੱਧ ਕਵੀ ਪਟਿਆਲਾ)

ਖਿੜੀ ਮਹਿਕਾਰ ਫੂਲੇ ਬਨ ਔ ਬਨਾਸਪਤੀ.
ਫੂਲ ਫੂਲ ਫੂਲਨ ਪੇ ਜੋਬਨ ਝੂਲਾਰੇ ਦੇਤ।
ਖਾਤ ਹਜਕੋਲੇ ਐਸੇ ਪਵਨ ਝਕੋਲੇ ਫੂਲ.
ਰੋਲੇ ਦੇਤ ਧਰਤੀ ਪੇ ਮਸਤੀ ਉਤਾਰੇ ਦੇਤ।
ਮੌਲੀ ਹੈ ਬਸੰਤ ਰੁਤਿ ਅਜਬ ਅਜੀਬ ਆਜ.
ਰੁੰਡ ਮੁੰਡ ਜੰਗਲ ਕੇ ਜੰਗਲ ਸੰਗਾਰੇ ਦੇਤ।
ਆਮਦ ਹੈ ਚੀਨੀ ਵਾਲੇ ਪਾਤਿਸ਼ਾਹ ਕੀ 'ਗਜਰਾਜ'
ਲੋਕ ਪ੍ਰਲੋਕ ਜੈਕਾਰੇ ਪੇ ਜੈਕਾਰੇ ਦੇਤ।
ਹਰੇ ਭਰੇ ਕੇਸਰੀ ਪੋਸ਼ਾਕੇ ਕਰ ਰੰਗਾ ਰੰਗ.
ਉਜੜੇ ਉਜਾੜ ਬਾਗ ਬਾੜੀ ਸਭ ਟਹਿਕੇ॥
ਮਸਤ ਮਤਵਾਲੇ ਭੌਰ ਗਾਵਤ ਬਸੰਤ ਰਾਗ,
ਕਲੀ ਕਲੀ ਫੂਲ ਫੂਲ ਡਾਲੀ ਡਾਲੀ ਬਹਿਕੇ।
ਸੀਤਲ ਸੁਗੰਧ ਭਰੀ ਹਵਾ ਕੇ ਹੰਡੋਲੇ ਚੜ੍ਹ.
ਜਾਂਹਾਂ ਕਾਂਹਾਂ ਦੇਖੀਏ ਬਸੰਤ ਰੁਤਿ ਮਹਿਕੇ।
ਆਮਦ ਹੈ ਚੀਨੀ ਵਾਲੇ ਪਾਤਸ਼ਾਹ ਕੀ 'ਗਜਰਾਜ'
ਖਿਜਾਂ ਕੋ ਸੰਗਾਰ ਦਿਨੋਂ ਕੁਦ੍ਰਤਿ ਨੇ ਕਹਿਕੇ।
ਗਿਰਵਰ ਸੇ ਗਿਰੀ ਗੋਰੀ ਲਟਕ ਮਟਕ ਹਿਮਾ,
ਸੁੰਦ੍ਰ ਛਬੀਲੀ ਨਦ ਨਾਲਿਓਂ ਮੇ ਛਲਕੇ।
ਮਾਰੂ ਥਲ ਅਤਲ ਪਥਲ ਕਰ ਦਿਨੇ ਸਭਿ.
ਭਰ ਦੀਨੇ ਤਾਲ ਬੌਲੀ ਕੂਪ ਸਭਿ ਜਲਕੇ।
ਮਸਤ ਸਰੂਰ ਭਰੇ ਨੂਰ ਭਰਪੂਰ ਭਰੇ,
ਕਰ ਦਿਨੇ ਖੇਤ ਹਰੇ ਭਰੇ ਸਭ ਚਲਕੇ।
ਆਮਦ ਹੈ ਚੀਨੀ ਵਾਲੇ ਪਾਤਸ਼ਾਹ ਕੀ 'ਗਜਰਾਜ'
ਖਿਜਾਂ ਸੇ ਬਸੰਤ ਕਿਨੋਂ ਅਦਲ ਬਦਲਕੇ।

Sri Satguru Jagjit Singh Ji Elibrary NamdhariElibrary@gmail.com

'ਚੀਨੀ ਅਸਵਾਰ'

ਸੂਚਨਾ-

ਏਹ ਪ੍ਰਸੰਗ ਜੋ ਮੈ ਅਜ ਆਪਣੇ ਮਾਨਯੋਗ ਸਤਿਜੁਗ ਦੇ ਕ੍ਰਿਪਾਲੂ ਪਾਠਿਕਾਂ ਦੀ ਭੇਟਾ ਕਰਦਾ ਹਾਂ, ਏਹ ਪਰ ਸਾਲ 'ਬਸੰਤ ਨੰਬਰ, ਦੇ ਮੇਰੇ ਲੇਖ ਦੇ ਸਿਲ-ਸਿਲੇ ਤੋਂ ਵਾਂਝਾ ਰਹਿ ਗਿਆ ਸੀ। ਕੰਮ ਦੀ ਅਧਿਕਤਾ ਕਰਕੇ ਜਾਂ ਮੇਰੀ ਅਲਪ-ਗਤਾ ਕਰਕੇ ਮੈਨੂੰ ਇਸ ਪ੍ਰਸੰਗ–ਜੋ ਕਿ ਨਾਮਧਾਰੀ ਇਤਹਾਸ ਦਾ ਇਕ ਸਜੀਵ ਤੇ ਪਹਿਲਾ ਅੰਗ ਹੈ-ਦੇ ਰਹਿ ਜਾਣ ਦਾ ਫੇਰ ਦੁਖ ਹੋਯਾ, ਜਦੋਂ ਮੈ, ਆਪਣਾ, ਪਿਛਲੇਰੇ ਸਾਲ ਦਾ ਲਿਖਯਾ ਲੇਖ "ਗੁਰ ਅਵਤਾਰ" ਲਿਖ ਚੁਕਾ ਸਾਂ ਤਾਂ ਮੈਨੂੰ ਨਾਮਧਾਰੀ ਇਤਹਾਸ ਦੇ ਕੁਝ ਹੋਰ ਜਰੂਰੀ ਤੇ ਮੁਢਲੇ ਪ੍ਰਸੰਗ ਲਭੇ, ਨਾਲ ਹੀ ਸ੍ਰੀ ੧੦੮ ਹਜ਼ੂਰ ਅਟੱਲ ਪ੍ਰਤਾਪੀ ਸ੍ਰੀ ਸਤਿ-ਗੁਰੂ ਪ੍ਰਤਾਪ ਸਿੰਘ ਜੀ ਨੇ ਕ੍ਰਿਪਾ ਕਰਕੇ ਇਕ ਹਸਤ ਲਿਖਤ ਪੁਸਤਕ ਮੈਨੂੰ ਬਖ-ਸ਼ਿਆ, ਏਹ ਸ੍ਰੀ ਮਾਨ ਸੰਤ ਧਿਆਨ ਸਿੰਘ ਜੀ.–ਜੋ ਸ੍ਰੀ ਮਹਾਰਾਜ ਜੀ ਦੇ ਵਿਦਯਾ ਦਾਤਾ ਸਨ-ਕਾਦ੍ਰੂੰ ਬਾਦ ਵਾਲਿਆਂ ਦਾ ਲਿਖਯਾ ਹੋਯਾ ਏ ਇਸਦਾ ਨਾਮ 'ਸ੍ਰੀ ਸਤਿਗੁਰੂ ਬਿਲਾਸ' ਹੈ। ਸੰਤ ਜੀ ਨੇ ਇਸ ਵਿਚ ਕਈ ਪ੍ਰਸੰਗ ਲਿਖੇ ਹਨ ਜੋ ਓਨਾ ਨੇ ਜਾਂ ਤੇ ਅੱਖੀਂ ਡਿਠੇ ਸਨ, ਜਾਂ ਜਿਨ੍ਹਾਂ ਲੋਕਾਂ ਨਾਲ ਓਹ ਵਰਤੇ ਸਨ ਜਾਂ ਓਨਾਂ ਨੇ ਡਿਠੇ ਸਨ ਓਨ੍ਹਾਂ ਦੀ ਜਬਾਨੀ ਸੁਣਕੇ ਲਿਖੇ ਹਨ ! ਪੁਸਤਕ ਸਾਰਾ ਕਵਿਤਾ ਵਿੱਚ ਹੈ, ਕਵਿਤਾ ਸਰਸ ਹੈ, ਰੋਚਕ ਹੈ, ਸਿਜੀਵ ਹੈ, ਆਪ ਨੇ ਏਸ ਪੁਸਤਕ ਵਿਚ ਮਾਲੇਰ ਕੋਟਲੇ ਦਾ ਸਾਕਾ, ਸਤਿਗੁਰੂ ਜੀ ਦਾ ਪ੍ਰਦੇਸ ਗਵਨ, ਭਾਈ ਰਾਇ ਸਿੰਘ ਜੀ ਦਾ ਹਜੂਰ ਸਾਹਬ ਜਾਣਾ ਆਦਿ ਕਈ ਮਨੋਹਰ ਪ੍ਰਸੰਗ ਅਜੇਹੇ ਮਿਠੇ ਢੰਗ ਨਾਲ ਕਵਿਤਾ ਵਿਚ ਲਿਖੇ ਹਨ, ਕਿ ਪੜਕੇ ਸੁਤ੍ਰ ਆ ਜਾਂਦਾ ਏ, ਤੇ ਵੈਰਾਗ, ਨਹੀ ਠਲ੍ਹਦਾ। ਓਸ ਪੁਸਤਕ ਵਿਚੋਂ ਹੀ ਅਜ ਮੈ ਏਹ, 'ਚੀਨੀ ਅਸਵਾਰ' ਨਾਮੀ ਲੇਖ ਵਿਚ ਭਾਈ ਰਾਇ ਸਿੰਘ ਜੀ ਦਾ ਪ੍ਰਸੰਗ ਲਿਖਨ ਦੀ ਢੀਠਾਈ ਕੀਤੀ ਏ। ਸੰਖੇਪ ਏਸਦਾ ਭਾਵ ਏਹ ਹੈ ਕਿ ਇਕ ਭਾਈ ਰਾਇ ਸਿੰਘ ਜੀ ਜੋ ਮੁਦੀਹਰ ਪਿੰਡ ਜਿਲਾ ਫੀਰੋਜ਼ਪੁਰ ਦੇ ਰਹਿਣ ਵਾਲੇ ਸਨ, ਅੰਮ੍ਰਤਸਰ ਰਹਿਕੇ ਵਿਦਯਾ ਪੜ੍ਹੀ, ਪਰ ਮਨ ਸ਼ਾਂਤ ਨਾ ਹੋਇਆ, ਗੁਰੂ ਪ੍ਰਾਪਤੀ ਲਈ ਭਟਕੇ ਅਖੀਰ ਆਪਨੂੰ ਸ੍ਰੀ ਅੰਮ੍ਰਿਤਸਰ ਜੀ, ਕਟੜਾ ਹਰੀ ਸਿੰਘ ਜੀ ਵਿਚ ਸਤਿਗੁਰਾਂ ਨੇ ਦ੍ਰਸ਼ਨ ਦੇਕੇ ਕਿਹਾ ਕਿ ਜਿਸ ਗੁਰੂ ਦੀ ਤੂੰ ਭਾਲ ਵਿਚ ਹੈਂ ਓਹ ਭੈਣੀ ਲੁਦੇਹਾਨੇ ਤੋਂ ਨੌ ਕੋਹ ਤੇ ਪ੍ਰਗਟ ਹੋਯਾ ਏ ।' ਤੂੰ ਮਿਲ। ਸਤਿਗੁਰੂ ਜੀ ਚਲੇ ਆਏ ਪੁਛਦੇ ਪੁਛਾਂਦੇ ਭਾਈ ਰਾਇ ਸਿੰਘ ਜੀ ਭੈਣੀ ਸਾਹਿਬ ਆਏ ਤੇ ਦ੍ਰਸਨ ਕਰਕੇ ਭਜਨ ਪੁਛਿਆ । ਸਤਿਗੁਰੂ ਜੀ ਨੇ ਨਾਮਧਾਰੀ ਪੰਥ ਦੀ ਰਚਨਾ ਕਰਨੀ ਸੀ ਇਸ ਲਈ ਭਾਈ ਰਾਇ ਸਿੰਘ ਜੀ ਨੂੰ ਹਜ਼ੂਰ ਸਾਹਿਬ ਖਾਲਸਾ ਪੰਥ ਦੀ ਮਰਯਾਦਾ ਜਾਨਣ ਲਈ ਭੇਜਿਆ, ਰੇਲ ਆਦਿ ਅਸਵਾਰੀ ਤੇ ਹੈ ਨਹੀ ਸੀ, ਸ਼ਸਤ੍ਰ ਰਖਣ

ਦਾ ਸਤਿਗੁਰਾਂ ਦਾ ਹੁਕਮ ਨਹੀ ਸੀ। ਇਸ ਲਈ ਭਾਈ ਸਾਹਬ ਨੇ ਤੁਰਨ ਵੇਲੇ ਅਰਜ਼ ਕੀਤੀ ਸੀ ਕਿ ਸਚੇ ਪਾਤਸ਼ਾਹ ਰਸਤਾ ਦੂਰ ਹੈ ਬਿਖੜਾ ਹੈ, ਸਤਿਗੁਰਾਂ ਕਹਿਆ ਜਾਹ ਤੇਰੇ ਰਖਵਾਲੇ ਗੁਰੂ ਹਨ ਰਸਤੇ ਵਿਚ ਆਪ ਦੇ ਨਾਲ ਇਕ ਸਾਥੀ ਰਲ ਗਿਆ। ਅਧੀ ਰਾਤ ਵੇਲੇ ਜੰਗਲ ਵਿਚ ਸ਼ੇਰ ਪਿਆ ਤੇ ਨਾਲ ਦਾ ਸਾਥੀ ਮਾਰਿਆ ਗਿਆ, ਆਪ ਨੇ ਅਰਜ਼ ਕੀਤੀ 'ਜਾਹੁ ਗੁਰੂ ਰਖਵਾਲੇ ਤੇਰੇ' ਤੁਰਦਿਆਂ ਕਹਿਆ ਸੀ ਹੁਣ ਰਖਿਆ ਕਰੋ। ਸਤਿਗੁਰੂ 'ਚੀਨੀ' ਤੇ ਅਸਵਾਰ ਹੋਕੇ ਭਾਈ ਜੀ ਦੀ ਰਖਿਆ ਕੀਤੀ ਆਪ ਰਾਜ਼ੀ ਖੁਸ਼ੀ ਹਜੂਰ ਸਾਹਬ ਪੁਜੇ। ਤਿਨ ਮਹੀਨੇ ਰਹਿਕੇ ਮੁੜ ਭੈਣੀ ਸਾਹਿਬ ਆ ਗਏ। ਸਾਰੀ ਰੀਤੀ ਲਿਖ ਲਿਆਏ। ਬਸ ਏਹ ਇਸ ਪ੍ਰਸੰਗ ਦਾ ਸਾਰੰਸ਼ ਹੈ, ਜੋ ਮੈ ਸੰਤ ਜੀ ਦੇ ਆਸ਼ੇ ਅਨੁਸਾਰ ਲਿਖਯਾ ਹੈ, ਅਸਲ ਵਿੱਚ ਮੈਂ ਓਸ ਪੁਸਤਕ ਦਾ ਪੱਦਯ ਤੋਂ ਗੱਦਯ ਅਨੁਵਾਦ ਕੀਤਾ ਏ। ਕਿਤੇ ਕਿਤੇ ਪ੍ਰਸੰਗ ਵਸ ਸੰਤ ਜੀ ਦੀ ਅਸਲੀ ਕਵਿਤਾ ਵੀ ਦਿਤੀ ਏ ਜਿਸਨੇ ਇਸ ਪ੍ਰਸੰਗ ਦੀ ਸੁੰਦ੍ਰਤਾ ਨੂੰ ਵਧਾ ਦਿਤਾ ਏ। ਮੈ ਜੋ ਕੁਝ ਕੀਤਾ ਏ ਆਗਯਾ ਅਨੁਸਾਰ ਕੀਤਾ ਏ ਜੇ ਪਾਠਕਾਂ ਨੂੰ ਮੇਰੇ ਇਸ ਲੇਖ ਤੋਂ ਕੁਝ ਅਨੰਦ ਪ੍ਰਾਪਤ ਹੋਯਾ ਤਾਂ ਮੈ ਆਪਣੀ ਘਾਲ ਸਫਲ ਸਮਝਾਂ ਗਾ ਅਤੇ ਜੇ ਪਾਠਕਾਂ ਦੀ ਰੁਚੀ ਹੋਈ ਅਤੇ ਸਤਿਗੁਰਾਂ ਆਗਿਆ ਕੀਤੀ ਤਾਂ 'ਸ੍ਰੀ ਸਤਿਗੁਰੂ ਬਿਲਾਸ' ਨੂੰ ਪ੍ਰਕਾਸ਼ਤ ਕਰਨ ਦਾ ਪਾਠਕਾਂ ਦੇ ਲਾਭ ਲਈ ਯਤਨ ਕਰਾਂਗਾ। ਨਾਮਧਾਰੀ ਇਤਹਾਸ, ਅਗਾਧ ਰਤਨਾਂ ਦਾ ਸਮੁੰਦ੍ਰ ਹੈ ਜੋ ਸਨੇ ਸਨੇ ਮੈਨੂੰ ਮਰਜੀਵੜੇ ਨੂੰ ਪ੍ਰਾਪਤ ਹੋਏ ਹਨ, ਯਥਾ ਕਰਮ ਸਾਧ ਸੰਗਤ ਦੀ ਭੇਟਾ ਕਰਦਾ ਰਹਾਂਗਾ। 'ਤੇਰਾ ਤੁਝ ਕੋ ਸੌਂਪਤੇ' ਅਨੁਸਾਰ, ਮੇਰਾ ਇਸ ਵਿਚ ਕੁਝ ਵੀ ਐਹਸਾਨ ਨਹੀਂ ਪਰ ਮੈਂ ਏਹ ਜ਼ਰੂਰਤ ਅਰਜ਼ ਕਰਾਂਗਾ ਕਿ ਪਾਠਕ ਮੇਰੇ ਇਸ ਲੇਖ ਨੂੰ ਅਵੱਸ਼ ਹੀ ਪੜ੍ਹਨ, ਏਸ ਵਿਚ ਮੇਰੀ ਕੋਈ ਵੀ ਕਲਪਨਾ ਨਹੀ ਬਲਕਿ ਸੰਤ ਜੀ ਕ੍ਰਿਤ ਸ੍ਰੀ ਸਤਿਗੁਰੂ ਬਲਾਸ ਦਾ ਟੀਕਾ ਹੀ ਸਮਝਣਾ ਚਾਹੀਦਾ ਏ ਜਿਸ ਲਈ ਮੈਂ ਸੰਤ ਧਿਆਨ ਸਿੰਘ ਜੀ ਦਾ ਧੰਨਵਾਦੀ ਹਾਂ ਅਤੇ ਸਤਿਗੁਰਾਂ ਦਾ ਕ੍ਰਿਤੱਗਯ ਹਾਂ ਜੋ ਮੇਰੇ ਜੇਹੇ ਨਕਾਰੇ ਕੋਲੋਂ ਏਹ ਸੇਵਾ ਕਰਵਾ ਰਹੇ ਹਨ।

ਗੁਰੂ ਪੰਥ ਦਾ ਦਾਸ
ਇੰਦ੍ਰ ਸਿੰਘ ਚਕ੍ਰਵਰਤੀ"

(੧)

ਸ੍ਰੀ ਅੰਮ੍ਰਿਤਸਰ ਜੀ ਦੇ ਇਕ ਪ੍ਰਸਿੱਧ ਡੇਰੇ ਵਿਚ ਇਕ–ਸਿੰਘ ਭਾਈ ਰਾਇ ਸਿੰਘ ਨਾਮੀ ਆਪਣੇ ਆਪਹੀ ਇੰਦ ਵੈਰਾ-ਗਯ ਕਰ ਰਹੇ ਹਨ।ਃ–

ਰਾਇ ਸਿੰਘ–ਸ੍ਰੀ ਅੰਮ੍ਰਿਤਸਰ ਜੀ ਰਹਿੰਦਾ ਹਾਂ ਵੇਦ, ਵੇਦਾਂਗ, ਉਪਨਿਸ਼ਦ, ਪੁਰਾਣ ਆਦਿ ਵਿਦਯਾ ਪੜ੍ਹੀ ਏ, ਪਰ ਮਨ ਨੂੰ ਕੁਝ ਵੀ ਸੁਖ ਪ੍ਰਾਪਤਿ ਨਹੀਂ ਹੋਇਆ, ਸ਼ਾਂਤੀ ਨਹੀ ਆਈ, ਚਿਤ ਸਥਿਰ ਨਹੀਂ ਹੋਯਾ ਰਸ ਨਹੀ, ਸੁਆਦ ਨਹੀ, ਹਾਇ ਏਹ ਨੀਰਸ ਜੀਵਨ ਇਵੇਂ ਹੀ ਬਤੀਤ ਜਾਇਗਾ ਹੇ ਨਾਥ! ਹੁਣ ਹੋਰਨਾਂ ਕਲਪਾ, ਜਾਂ ਤੇ ਜੀਵਨ ਰਸ ਪ੍ਰਦਾਨ ਕਰ ਨਹੀ ਏਹ ਪਾਪੀ ਪ੍ਰਾਣ ਆਪਣੇ ਚਰਨਾਂ ਵਿਚ ਸਮਾ ਲੈ ਮੇਰੀ ਹੁਣ ਜੀਵਣ ਦੀ ਕੋਈ ਸਧਰ ਨਹੀ, ਕੋਈ ਸਿਕ ਨਹੀ ਕੋਈ

Sri Satguru Jagjit Singh Ji Elibrary NamdhariElibrary@gmail.com

ਚਾਹ ਨਹੀ, ਬਸ ਇਕੋ ਮੰਗ ਹੈ ਓਹ ਸਰਗੁਣ ਸਰੂਪ ਸਤਿਗੁਰੂ ਦੇ ਪਾਵਨ ਦੀਦਾਰ ਦੀ ਲਾਲਸਾ ਹੈ, ਜੋ ਅਜ ਤੀਕ ਪੂਰੀ ਨਹੀ ਹੋਈ ਖਬਰੇ ਹੁਣ ਵੀ ਹੋਵੇ ਕਿ ਨਾਂ, ਦੁਬਿਧਾ ਵਿਚ ਹਾਂ, ਆਂਹਦੇ ਹਨ, ਵੇਦਾਂਤ ਪੜ੍ਹਕੇ ਮਨ ਨਿਸ਼ਭ੍ਰਾਂਤ ਹੋ ਜਾਂਦਾ ਏ, ਚਿਤ ਬ੍ਰਿਤੀ ਸਿਥਿਰ ਹੋਕੇ, ਏਕਾਗ੍ਰਤਾ ਵਿਚ ਲੀਨ ਹੋ ਜਾਂਦੀ ਏ, ਸੰਸਾਰਕ ਪਦਾਰਥ ਅਤੇ ਸੰਸਾਰ ਦੀ ਹਸਤੀ –ਨੇਸਤੀ ਵਾਂਗੂ ਜਾਪਦੀ ਏ, ਆਤਮਾਂ ਦਾ ਬੋਧ ਹੋ ਜਾਂਦਾ ਏ। "ਅਹੰਬ੍ਰਹਮਾਸਮੀ" ਮੈਂ ਬ੍ਰਹਮ ਹਾਂ, ਨਿਤ ਪੜ੍ਹਦਾ ਹਾਂ ਪੰਡਤ ਜੀ ਨੇ ਏਸਦੇ ਅਰਥ, ਡਾਢੀ ਸੋਹਣੀ ਤਰ੍ਹਾਂ ਕੀਤੇ ਸਨ, ਮੈ ਸੁਣੇ ਸਨ, ਸਮਝੇ ਸਨ, ਜਿਉਂ ਕੇ ਤਿਉਂ ਤੋਤੇ ਵਾਂਗੂ ਰਟੇ ਸਨ, ਅਜ ਵੀ ਮੈ ਏਸਦਾ ਅਰਥ–ਏਸ ਦਾ ਲਖਸ਼ਨ, ਚੰਗੀ ਤਰਾਂ ਨਿਰੂਪਨ ਕਰ ਸਕਦਾ ਹਾਂ ਸੁਨਣ ਵਾਲੇ ਅਸ਼ ਅਸ਼ ਕਰ ਉਠਦੇ ਹਨ ਅਤੇ ਮੇਰੀ ਵਿਦਯਾ ਦੀ ਦਾਦ ਦੇਂਦੇ ਹਨ ਪਰ ਕੀ ? ਮੈ ਬ੍ਰਹਮ ਹਾਂ ? ਨਹੀਂ ! ਨਹੀਂ ! ਬ੍ਰਹਮ ਤੇ ਕੀ ਮੈਂ ਤੇ ਅਜੇ ਜੀਵ ਵੀ ਨਹੀਂ। ਮੇਰੇ ਅੰਦਰ ਇਕ ਘਾਟਾ ਏ, ਟੋਟ ਏ, ਜਲਨ ਹੈ ਸਖਣਾ–ਪਨ ਹੈ, ਪਤਾ ਨਹੀ ਓਹ ਕਿਵੇਂ ਦੂਰ ਹੋਵੇ ਬ੍ਰਹਮ ਤੇ ਨਿਸਭ੍ਰਾਂਤ ਹੈ, ਵਿਆ-ਪਕ ਹੈ ਸਤ ਚਿਤ ਅਨੰਦ ਰੂਪ ਹੈ, ਪਰ ਮੈਂ ਤਾਂ ਦੁਖੀ ਹਾਂ, ਖਬਰੇ ਮਾਯਾ ਦੇ ਆਵਰਨ ਕਰਕੇ ਹਾਂ ਏਹੋ ਤਾਂ ਪੰਡਤ ਜੀ ਆਂਹਦੇ ਸਨ ਕਿ ਮਾਯਾ ਦੇ ਆਵਰਨ ਕਰਕੇ ਹੀ ਏਹ ਜੀਵ–ਜੀਵਾ ਹੈ, ਤੇ ਦੁਖੀ ਏ ਭੰਬੀਰੀ ਦੇ ਪਤ੍ਰ ਜੇਹਾ ਹਲਕਾ ਪਰਦਾ ਹੈ ਬਸ ਓਹ ਦੂਰ ਹੋ ਗਿਆ ਅਵਰਣ ਲਥ ਗਿਆ, ਭਰਮ ਦੇ ਛੌੜ ਕਟੇ ਗਏ, ਜੋਤ ਪ੍ਰਗਾਸ਼ ਹੋ ਗਈ, ਜੀਵ ਬ੍ਰਹਮ ਜਾਪਣ ਲਗ ਪਿਆ। ਪਰ ਏਹ ਨਿਸਚਾ ਕਿਵੇਂ ਹੋਵੇ, ਏਹ ਕਲਪਨਾ ਕਿਵੇਂ ਦੂਰ ਹੋਵੇ, ਛੌੜ ਕੌਣ ਕਟੇ ਕੋਈ ਹੈ ਅਜੇਹਾ ਵੈਦ ਜੋ ਮੇਰੀ ਕਾਰੀ ਕਰੇ, ਮੋਤੀਆ ਲਾਹਵੇ ਗਯਾਨ ਭਾਨ ਪ੍ਰਕਾ-ਸ਼ਤ ਕਰੇ ਏਸਤੋਂ ਤਾਂ ਚੰਗਾ ਏ ਕਿ ਮੇਰੇ ਏਸ ਜੀਵਨ ਦਾ ਅੰਤ ਹੋ ਜਾਵੇ, ਮੌਤ ਪਯਾਰੀ–ਮੌਤ ਤੂਹੀਏਂ ਆ ਤੇ ਮੈਨੂੰ ਆਪਣੀ ਗੋਦ ਵਿਚ ਸਮਾ ਲੈ ਖਬਰੇ ਫੇਰ ਮੈਂ ਸੁਖੀ ਹੋ ਜਾਵਾਂ, ਪਰ ਜੇ ਮਰਕੇ ਵੀ ਚੈਨ ਨਾ ਆਯਾ, ਆਤਮਾ ਤ੍ਰਿਗਦ ਜੂਨੀ ਵਿਚ ਭਟਕਦਾ ਫਿਰਯਾ ਫਿਰ ਕੀ ਕਰਸਾਂ, ਓਹਨਾਂ ਸਖਤ ਬੰਧਨਾਂ ਵਿਚ ਤੇ ਛੁਟਕਾਰੇ ਦੀ ਵੀ ਆਸ ਨਹੀਂ। ਪਤਾ ਨਹੀਂ ਮੌਤ ਤੋਂ ਵੀ ਕਿਉਂ ਡਰ ਲਗਦਾ ਏ ਕਈ ਵਾਰ ਪੜ੍ਹ ਚੁਕਾ ਹਾਂ ਕਿ ਆਤਮਾਂ ਮਰਦਾ ਨਹੀਂ, ਨਹੀਂ ਮਰਦਾ ਹੋਣਾ, ਡਰ ਲਗਦਾ ਏ ਤੇ ਜਰੂਰ ਲਗਦਾ ਏ। ਮਰਨ ਨੂੰ ਜੀ ਨਹੀਂ ਕਰਦਾ, ਕੋਈ ਆਸ ਹੈ ਜੋ ਢਾਰਸ ਦੇਂਦੀ ਏ, ਆਸਾ ਵਿਚ ਹੀ ਜੀਉਂਦਾ ਹਾਂ ਖਬਰੇ ਦਰਸ਼ਨ ਹੋ ਹੀ ਜਾਣ ? ਖਬਰੇ ਓਹ ਤੁਠ ਪਵੇ ਤੇ ਮੈਨੂੰ ਸਚੀਂ ਮੁਚੀਂ ਬ੍ਰਹਮ ਦਾ ਅੰਭਾਸ ਕਰਾ ਦਏ ਫੇਰ ਬੇਸ਼ਕ ਓਸੇ ਦਿਨ ਹੀ ਮਰ ਜਾਵਾਂ ਫੇਰ ਜੀਵਨ ਦੀ ਲੋੜ ਨਹੀਂ। ਬਸ ਇਕ ਦੀਦਾਰ ਦੀ ਇਛਿਆ ਹੈ, ਦਰਸ਼ਨ ਦੀ ਹਾਂਜੀ ਪੂਰੇ–ਗੁਰੂ ਦੇ ਦਰਸ਼ਨ ਦੀ ਲਾਲਸਾ ਹੈ।

ਆਸਾ ਸੀ ਕਿ ਸ੍ਰੀ ਗ੍ਰੰਥ ਸਾਹਿਬ ਜੀ ਦਾ ਪਾਠ ਕਰਕੇ ਏਹ ਇੱਛਾ ਖਬਰੇ ਪੂਰੀ ਹੀ ਹੋ ਜਾਵੇ। ਇਸੇ ਇਛਾ ਨਾਲ ਸੰਪੂ-ਰਨ ਅਰਥ ਪੜ੍ਹੇ, ਗਯਾਨੀ ਜੀ ਬੜੇ ਸਿਆਣੇ

ਸਨ। ਆਸ ਸੀ ਬਾਂਸੇ ਜਿਉਂ ਭੌਂਦਾ ਮਨ ਕਾਬੂ ਆ ਜਾਇਗਾ। ਨਾਮ ਅੰਮ੍ਰਿਤ ਦੀ ਸੁਖ ਸਰਤਾ ਦੇ ਸੀਤਲ ਜਲ ਦੇ ਠੰਢੇ ਭੋਲੇ ਇਸ ਸੜਦੇ ਬਲਦੇ ਮਨ ਨੂੰ ਸ਼ਾਂਤ ਪ੍ਰਾਪਤ ਕਰ ਦੇਣਗੇ ਮਨ ਧਾਵਨ ਤੇ ਛੁਟ ਜਾਇਗਾ, ਬਿਸਰਾਮ ਕਰ ਬੈਠੇਗਾ ਜਿਸਦੀ ਤਲਾਸ਼ ਵਿੱਚ ਹੀ ਓਹ ਹਸਤਾ-ਮਲ ਜਾਪੇਗਾ ਆਹ ! ਫੇਰ ਮੇਰੇ ਵਰਗਾ ਕੌਣ ਸੁਖੀ ਹੋਵੇਗਾ ਪਰ ਮੇਰੀ ਉਸ ਸੁਨੈਹਰੀ ਆਸ ਤੇ ਵੀ ਪਾਣੀ ਫਿਰ ਗਿਆ ਮੇਰੀ ਏਹ ਚਿਰ ਇਛਤ ਆਸ ਪੂਰੀ ਨਾ ਹੋਈ। ਮਨ ਸ਼ਾਂਤਿ ਨਾ ਹੋਇਆ ਸੁਖਾਂ ਦੀ ਪ੍ਰਾਪਤੀ ਨਾਂ ਹੋਈ। ਹਾਇ ! ਦਾਤਾ ਕੀ ਮੇਰੀ ਸਧਰ ਨਹੀਂ ਪੁਜੇਗੀ। ਆਸ ਨਹੀਂ ਵਰ ਆਵੇਗੀ ਕੀ ਹੋਯਾ ਸਾਂਈ ਕਰ ਮੇਹਰ ਇਕ ਤੜਫਦੀ ਰੂਹ ਨੂੰ ਦੁਖੀ ਆਤਮਾਂ ਨੂੰ, ਬੂੰਦ ਵਿਹੂਣੇ ਚਾਤ੍ਰਿਕ ਨੂੰ ਹੋਰ ਨਾ ਕਲਪਾ ਵਾਸਤਾ ਈ ਤੇਰੇ ਨਾਮ ਦਾ ਕਰ ਮੇਹਰ, ਸੁਖ ਦਿਆ ਦਾਤਿਆ ਆਕੇ ਗਲ ਨਾਲ ਲਾ ਲੈ, 'ਮਿਲ ਮੇਰੇ ਬੀਠਲਾ ਲੈ ਬਾਹੜੀ ਵਲਾਇ। ਮਿਲ ਮੇਰੇ ਰਾਮਈਆ ਮੈ ਲੇਹ ਛਡਾਇ'। ਮੇਰੀ ਸੜੀ ਬਲੀ ਕੋਇਲੇ ਹੋਈ ਰੂਹ ਨੂੰ ਅੰਮ੍ਰਿਤ ਦਾ ਛਟਾ ਦੇਕੇ ਨਾਮ ਦਾ ਸੰਚਾਰ ਕਰਕੇ ਮੁੜ ਇਕ ਵਾਰੀ ਜੀਵਤ ਕਰਦੇ।

ਸ੍ਰੀ ਗ੍ਰੰਥ ਸਾਹਿਬ ਜੀ ਨੇ ਸਗੋਂ ਹੋਰ ਉਤਕੰਠਾ ਪੈਦਾ ਕਰ ਦਿਤੀ। ਬਲਦੀ ਤੇ ਪਾਣੀ ਪਾਕੇ ਸਗੋਂ ਪ੍ਰਚੰਡ ਕਰ ਦਿਤੀ। ਓਹਨੇ ਤੇ ਓਹ ਚੁਪੇੜਾਂ ਮਾਰੀਆਂ ਹਨ ਜੋ ਕਿ ਕਦੀ ਵੀ ਭੁਲ ਨਹੀ ਸਕਦੀਆਂ ਉਸਤੇ ਗੁਰੂ ਪ੍ਰਾਪਤੀ ਦਾ ਅਜੇਹਾ ਮੰਤ੍ਰ ਮਾਰਿਆ ਏ, ਜਿਸ ਨਾਲ ਸਗੋਂ ਮਹਾਨ ਤੀਬਰਤਾ ਪੈਦਾ ਹੋ ਗਈ ਏ ਓਸਤੇ ਸਗੋਂ ਪੁਕਾਰ ਪੁਕਾਰ ਕੇ ਕਿਹਾ ਏ:।

"ਭਾਈਰੇ ਗੁਰੁ ਬਿਨ ਗਿਆਨ ਨ ਹੋਇ। ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ"।

ਸਚੀ ਮੁਚੀ ਗੁਰੂ ਬਿਨਾ ਗਯਾਨ ਨਹੀ ਹੁੰਦਾ ? ਨਹੀਂ ! ਨਹੀਂ !! ਖਬਰੇ ਹਾਂ ਨਹੀ ਨਾ ਹੁੰਦਾ ਹੋਂਣਾਂ ਤਦੇ ਤਾਂ ਗੁਰੂ ਜੀਨੇ ਲਿਖਯਾ ਏ। ਉਠ ਮਨ ਚਲ, ਨਿਕਲ ਖਬਰੇ ਕਿਤੇ ਮਿਲ ਹੀ ਜਾਵੇ ਪਰ ਹਾਇ ਜਾਵਾਂ ਕਿਥੇ? ਕਿਥੇ ਲਭਾਂ? ਕਿਥੇ ਭਾਲਾਂ, ਜੇ ਬਜਾਰ ਖੰਭ ਵਿਕਾਂਦੜੇ ਹੋਣ ਤਾਂ ਮੈਂ ਸਾਂਵੀ ਤੋਲ ਲੈਕੇ ਆਪਣੇ ਤਨਤੇ ਜੜਾਵਾਂ. ਉਡਾਂ ਅਜੇਹਾ ਉਡਾਂ, "ਊਡਾਂ ਊਡ ਚੜਾਂ ਅਸਮਾਨ" ਅਤੇ ਆਪਣੇ ਪਯਾਰੇ ਨੂੰ ਅਣ-ਡਿਠੇ ਪ੍ਰੀਤਮ ਨੂ ਜਰੂਰ ਹੀ ਲਭ ਲਿਆਵਾਂ ਪਰ ਮੇਰੇ ਨਿਤਾਣੇ ਵਿਚ ਇਹ ਤਾਣ ਕਿਥੇ ? ਓਹ ਆਪ ਹੀ ਕਿਰਪਾ ਕਰੇ ਤਾਂ ਕਰੇ "ਆਪਣਾ ਪਯਾਰ ਆਪੇ ਲਾਏ" ਆਹ ! ਓਹ ਸੁਭਾਗਯ ਘੜੀ ਕੇਹੀ ਸੁਹਾਵਨੀ ਹੋਵੇਗੀ ਜਦੋਂ ਮੈਂ ਓਸ ਪਯਾਰੇ ਸਤਿ-ਗੁਰੂ ਦੇ ਪਾਵਨ ਚਰਨ ਪਰਸਾਂ ਗਾ ਤੇ ਠੰਢਾ ਹੋਵਾਂਗਾ। ਕੀ ਓਹ ਸਚੀ ਮੁਚੀ ਹੀ ਅਜੇਹਾ ਹੋਵੇਗਾ ਕਿ ਜਿਸਦੀ ਏਹ ਸਿਫਤ ਹੈ:--

ਗੁਰ ਮਾਰਗ ਭੂਲੇ ਕੋ ਪਾਵੇ।
ਗੁਰ ਮਿਲਿਐ ਸਾਂਤੀ ਮਨ ਆਵੈ।
ਪੂਰਾ ਗੁਰੂ ਮਿਲੇ ਦੁਖ ਕਾਟੇ।
ਜਮ ਜੰਦਾਰ ਕੇ ਕਾਗਰ ਫਾਟੇ।
ਗੁਰੁ ਪ੍ਰਮੇਸਰ ਆਨ ਮਿਲਾਵੈ।
ਦੂਰ ਕਹੇ ਸੋ ਨੇਰੇ ਪਾਵੈ।
(ਸ੍ਰੀ ਸਤਿਗੁਰੂ ਬਿਲਾਸ)

ਇਸਤ੍ਰਾਂ ਦੇ ਵਿਚਾਰ ਤੇ ਵਰਲਾਪ

ਕਰਦੇ ਹੋਏ ਭਾਈ ਰਾਇ ਸਿੰਘ ਜੀ ਉਠੇ ਤੇ ਡੇਰੇ ਤੋਂ ਬਾਹਰ ਨਿਕਲੇ । ਪਰ ਏਹ ਕੁਝ ਪਤਾ ਨਹੀ ਕਿਥੇ ਜਾਣਾ ਹੈ ਤੇ ਕਿਥੇ ਜਾ ਰਹੇ ਹਾਂ । ਪਰ ਮਨ ਕੁਝ ਪ੍ਰਸੰਨ ਜੇਹਾ ਲਗਦਾ ਏ ਆਸ ਬਝ ਰਹੀ ਏ ਕਿ ਖਬਰੇ ਅਜ ਚਿਰ ਇਛਤ ਆਸ ਪੂਰੀ ਹੋ ਹੀ ਜਾਵੇ । ਪਰ ਕਿਥੇ ਜਾਣਾ ਹੈ, ਏਹ ਕੋਈ ਨਿਸਚਤ ਨਹੀ । ਟੁਰਦੇ ਟੁਰਦੇ ਹਰੀ ਸਿੰਘ ਦੇ ਕਟੜੇ ਪੁਜ ਗਏ ਆਪ ਕੀ ਦੇਖਦੇ ਹਨ ਕਿ ਇਕ ਦੈਵੀ ਮੂਰਤ 'ਆਜਾਨ ਬਾਹੁ' ਲੰਬੀ ਗਰਦਨ, ਸੁੰਦ੍ਰ ਕ੍ਰਾਂਤੀ, ਨੂਰੀ ਚੇਹਰਾ, ਸੁੰਦਰ ਦੀਦਾਰਾ ਸਿਧਾ ਤੇ ਸਪੇਦ ਦਾਹੜਾ, ਤੇੜ ਕਛੈਹਰਾ, ਸ੍ਵੇਤ ਪੁਸ਼ਾਕਾ ਸਿਰੇ ਦਸਤਾਰੇ ਨਾਲ ਜੂੜੇ ਦੇ ਅਗੇ ਲਿਸ਼ਕਾਰੇ ਮਾਰਦਾ ਹੋਯਾ ਸਰਬਲੋਹ ਦਾ ਖੰਡਾ, ਲੰਮਾ ਸਰੂ ਜੇਹਾ ਕੱਦ, ਮੰਦ ਮੰਦ ਚਾਲ ਨਾਲ ਮੁਸਕ੍ਰਾਂਦੀ ਹੋਈ ਚਲੀ ਆ ਰਹੀਏ । ਵੇਖਦਿਆਂ ਹੀ ਰਾਇ ਸਿੰਘ ਜੀ ਦੇ ਦਿਲ ਵਿੱਚ ਬਿਜਲੀ ਵਾਂਗੂ ਤਾਰ ਜੇਹੀ ਫਿਰ ਗਈ । ਇਂਵ ਭਾਸੇ ਜਿਵੇਂ ਕ੍ਰੋੜਾਂ ਸੂਰਜਾਂ ਦਾ ਪੁੰਜ, ਜਿਸ ਵਿੱਚ ਤਪਸ਼ ਨਹੀਂ, ਸਗੋਂ ਸ਼ਾਂਤੀ ਹੈ, ਮਾਨਵਰੂਪ ਧਾਰਨ ਕਰੀ ਮਾਤ-ਲੋਕ ਦੇ ਕੌਤਕ ਨਿਹਾਰ ਰਿਹਾ ਏ । ਜਿਉਂ ਹੀ ਰਾਇ ਸਿੰਘ ਜੀ ਬੇਵਸੇ ਹੀ ਚਰਨਾਂ ਤੇ ਢਹਿ ਪਏ, ਅਤੇ ਓਸ ਵੈਰਾਗ, ਦਸ਼ਾ ਵਿੱਚ ਹੀ ਓਸ ਮੋਹਨੀ ਮੂਰਤੀ ਦੇ ਚਰਨ ਅਥ੍ਰੂਆਂ ਨਾਲ ਧੋਤੇ । ਮੂਰਤੀ—'ਉਠੋ ਸਿੰਘ ਜੀ ਸਤਿਗੁਰੂ ਆਪ ਜੀ ਦੀ ਮਨੋਂ ਕਾਮਨਾ ਪੂਰਨ ਕਰੇ, ਉਠੋ ਬੜਾ ਖੇਦ ਪਾਯਾ ਏ ਬੜਾ ਭਟਕੇ ਹੋ ਕਿਸੇ ਪਰਚਾ ਨਹੀਂ ਲਾਯਾ, ਪਰ ਹੁਣ ਤੁਹਾਨੂੰ ਬਹੁਤਾ ਚਿਰ ਉਡੀਕ ਨਹੀਂ ਕਰਨੀ ਪਏਗੀ ਤੁਹਾਡੇ ਜੇਹੀਆਂ ਬਹੁਤ ਰੂਹਾਂ ਭਟਕ ਰਹੀਆਂ ਹਨ ਜਿਨ੍ਹਾਂ ਨੂੰ ਸ਼ਾਂਤਿ ਪ੍ਰਦਾਨ ਕਰਨੀ ਦੇ ਉਠੋ ਅਤੇ ਦਸੋ ਜੋ ਆਪ ਕੀ ਚਾਂਹਦੇ ਹੋ" ਰਾਇ ਸਿੰਘ ਜੀ ਸੁਣਕੇ ਹਥ ਜੋੜਕੇ ਆਂਹਦੇ ਹਨ :—

'ਕਰ ਜੋੜੇ ਰਾਇ ਸਿੰਘ ਬਖਾਨੀ ।
ਅਬ ਭੀ ਪੜਤਾ ਹੋਂ ਗੁਰਬਾਨੀ ।
ਬਹੁਤ ਗ੍ਰੰਥ ਮੈਂ ਆਗੇ ਜੋਏ ।
ਪਰ ਨਹੀਂ ਸਾਂਤ ਰਿਦੇ ਮਮ ਹੋਏ ।
ਗੁਰਕਾ ਬੇਦ ਪੜਾ ਜਿਸ ਦਿਨਕਾ ।
ਆਸਾ ਕਿਣਕਾ ਸਮਝਿਓ ਤਿਨਕਾ ।
ਗੁਰ ਬਿਨ ਮੋਖ ਮੁਕਤ ਨਹੀਂ ਪਾਵੈ ।
ਬਾਰ ਬਾਰ ਗੁਰਬਾਨੀ ਗਾਵੈ ।
ਗੁਰ ਪ੍ਰਮੇਸਰ ਸੰਤਨ ਕੇ ਗੁਨ ।
ਕਰ ਤਗੀਦ ਲਿਖੇ ਗੁਰ ਪੁਨ ਪੁਨ ।
ਅਬ ਮੁਹਿ ਲਗੀ ਲਗਨ ਪੁਨਿ ਐਸੀ ।
ਪੂਰਾ ਗੁਰੂ ਮਿਲੇ ਬਿਧਿ ਕੈਸੀ ।
ਮੇਰੀ ਪ੍ਰਭੁ ਆਗੇ ਨਿਤ ਬਿਨੈ ।
ਗੁਰੁ ਪੂਰਾ ਮੇਲੇ ਦੁਖ ਹਨੈ ।
ਦੀਨ ਦਾਸ ਕਾ ਸੁਣ ਅਰਦਾਸਾ ।
ਕਬਹੂ ਮੇਲੇ ਗੁਰ ਗੁਣ ਤਾਸਾ ।
ਸਬਦ ਸੁਣੋਂ ਤਿਸ ਗੁਰ ਕਾ ਕਾਨ ।
ਛੂਟ ਜਾਇ ਕਿਵ ਜਮਕੀ ਕਾਨ ।
ਸਾਸ ਸਾਸ ਅਬ ਏਹੀ ਚਿਤਾਰੋਂ ।
ਬਿਖਿਆ ਬਨ ਤੇ ਆਪ ਉਧਾਰੋ ।
ਦਰਸਨ ਜਬੈ ਆਪਨਾ ਭਇਆ ।
ਉਰ ਸੀਤਲ ਆਈ ਮੁਝ ਦਇਆ ।

(ਸ੍ਰੀ ਸਤਿਗੁਰੂ ਬਿਲਾਸ ਅਪ੍ਰਕਾਸ਼ਤ)

ਭਾਈ ਰਾਇ ਸਿੰਘ ਜੀ ਦੀ ਪ੍ਰੇਮ ਪੂਰਤ ਏਹ ਵੇਦਨ ਸੁਣ ਓਹ ਦਯਾਲੂ ਦਿਲ ਦ੍ਰਵ ਗਿਆ ਪਸੀਜ ਗਿਆ । ਰਾਇ ਸਿੰਘ ਜੀ ਵਲ ਆਪਣੀ ਅੰਮ੍ਰਿਤ ਵਰਸਨੀ, ਭਗਤ ਵਤਸਲਾ, ਪਯਾਰ ਭਰੀ ਦ੍ਰਿਸ਼ਟੀ ਕਰਕੇ

ਕਿਹਾ :—

ਭਾਈ-ਨਿਰਾਸ ਨਾ ਹੋ, ਧੀਰਜ ਕਰ, ਸਤਿਗੁਰੂ ਦੇ ਘਰ ਸਭ ਕੁਝ ਹੈ, ਘਾਟਾ ਨਹੀਂ, ਕੇਵਲ ਜਜ਼ਬਾ, ਕਾਮਲ ਜਜ਼ਬਾ-ਹੋਣਾ ਲੋੜੀਏ, ਸਿਦਕ ਕਣੀ ਚਾਹੀਏ, ਫਿਰ ਓਹ ਪਯਾਰਾ ਤਾਂ ਹਾਜਰ ਹੀ ਹੈ, ਪੜਦਾ ਹੈ, ਆਵਰਨ ਹੈ, ਭੰਬੀਰੀ ਕੇ ਪਾਤ ਪਾਰਦੋ ਹੈ, ਬਸ, ਜਦੋਂ ਏਹ ਲਥ ਗਿਆ। ਫੇਰ, 'ਰੱਬ ਤੈਥੋਂ ਕੋਈ ਵਖ ਨਹੀਂ। ਪਰ, ਤੇਰੀ ਦੇਖਣ ਵਾਲੀ ਅਖ ਨਹੀਂ" ਓਹ ਮਾ ਪਿਰੀ ਦੇਖਣ ਵਾਲੀਆਂ ਬਿਅੰਨ ਅਖੀਆਂ ਦੀ ਲੋੜ ਏ ਜਿੰਨਾਂ ਚਿਰ ਓਹ ਨਹੀਂ ਪ੍ਰਾਪਤ ਹੁੰਦੀਆਂ ਜਪ, ਤਪ, ਹਠ, ਸੰਜਮ, ਸਾਧਨ, ਸਭ ਨਿਰਮੂਲ ਹਨ, ਊਲ ਜਲੂਲ ਹਨ।

ਓਹ ਅਖੀਆਂ ਦੀ ਪ੍ਰਾਪਤੀ, ਓਹ ਭ੍ਰਮ ਦੇ ਛੌੜ, ਮਾਯਾ ਆਵਰਨ, ਦੂਰ ਕਰਕੇ ਬਿਅੰਨ ਅਖੀਆਂ ਦੀ ਪ੍ਰਾਪਤੀ ਕਰਾਨ ਵਾਲਾ ਤਬੀਬ ਅਜ ਕਲ, ਪਿੰਡ ਭੈਣੀ ਜਿਲਾ ਲੁਦਿਹਾਨਾ ਤੋਂ ਨੌ ਕੋਹ ਤੇ ਪ੍ਰਗਟ ਹੋਯਾ ਏ ਓਹ ਗ੍ਰੀਬ ਜੇਹਾ ਤ੍ਰਖਾਣ ਹੈ, ਓਸਨੂੰ ਪੂਰੇ ਗੁਰੂ ਦੀ ਪ੍ਰਾਪਤੀ ਹੋਈ ਏ, ਜੇ ਤੂੰ ਨਾਮ ਸਿਮਰਨ ਦਾ ਲੋੜ ਵੰਦ ਹੈਂ ਜੇ ਤੂੰ ਗੁਰੂਪ੍ਰਾਪਤੀ ਦਾ ਅਭਲਾਖੀ ਹੈਂ ਤਾਂ ਓਥੇ ਜਾਹ ਓਸਦਾ ਨਾਉਂ ਰਾਮ ਸਿੰਘ ਹੈ :—

ਤਬ ਬੋਲੇ ਮੁਸਕਾਇ ਗੁਸਾਈ।
ਗ੍ਰਾਮ ਨਾਮ ਭੈਣੀ ਇਕ ਭਾਈ।
ਲੂਦ ਪੁਰ ਸੇ ਪੂਰਬ ਨੌ ਕੋਸ।
ਬਾਢੀ ਸੁਤ ਤੂੰ ਜਾ ਮਿਲ ਓਸ।
ਰਾਮ ਸਿੰਘ ਹਈ ਤਾਕੋ ਨਾਮ।
ਅਹੋ ਭਾਗ ਪਹੁਚੋ ਤਿਸ ਧਾਮ।
(ਸ੍ਰੀ ਸਤਿਗੁਰ ਬਿਲਾਸ)

ਏਹ ਆਖ ਓਹ ਮ੍ਰਿਦੁਲ ਮੂਰਤੀ ਅਗੇ ਟੁਰ ਗਈ। ਰਾਇ ਸਿੰਘ ਜੀ ਨਿਸ-ਤਪਧ ਖੜੇ ਹਨ, ਆਪਾ ਭਾਵ ਸਭ ਵਿਸਰ ਗਿਆ। ਓਥੇ ਹੀ ਖਲੋਤੇ ਹਨ, ਨਾਂ ਅਗਾਂਹ ਟੁਰਦੇ ਹਨ ਨਾਂ ਪਿਛਾਹਾਂ ਮਨ ਬਿਹਬਲ ਜੇਹਾ ਹੋ ਗਿਆ :—

ਬਾਲਕ ਖੀਰ ਬਿਨਾਂ ਜਿਵ ਰੋਵੈ।
ਮਾਣਸ ਜਨਮੁ ਅਰਥ ਬਿਨ ਖੋਵੈ।
ਦੇਹੀ ਪ੍ਰਾਣ ਬਿਨਾਂ ਜਿਵ ਢੇਰੀ।
ਇਵ ਭਈ ਦਸ਼ਾ ਰਾਇ ਸਿੰਘ ਕੇਰੀ।
(ਸਤਿਗੁਰੂ ਬਿਲਾਸ)

ਜਿਨ੍ਹਾਂ ਚਿਰ ਭਾਈ ਰਾਇ ਸਿੰਘ ਜੀ ਦੇ ਅਗੇ ਓਹ ਤੇਜਸ੍ਵੀ ਮਹਾਨ ਆਤਮਾਂ ਖਲੋਤੀ ਰਹੀ ਓਤਨਾਂ ਚਿਰ ਰਾਇ ਸਿੰਘ ਜੀ ਨੂੰ ਇੰਵ ਭਾਸਦਾ ਸੀ ਕਿ ਠੰਢ ਦੀ ਇਕ ਫੁਹਾਰ ਚਲ ਰਹੀਏ, ਜੇਹੜੀ ਸਿਧੀ ਦਿਲ ਉਤੇ ਪੈਂਕੇ ਓਸਦੀ ਤਪਸ਼ ਦੂਰ ਕਰਦੀ ਹੋਈ ਓਸ ਨੂੰ ਇਕ ਦਮ ਹੀ ਓਲ੍ਹੇ ਜੇਹਾ ਕਰ ਗਈ ਏ।

ਪਾਠਕ! ਆਪ ਜਾਣਦੇ ਹੋ ਕਿ ਇਹ ਮ੍ਰਿਦੁਲ ਮੂਰਤੀ ਕੌਣ ਸੀ? ਏਹ ਓਹੀ ਮੇਰੇ ਚੀਨੀ ਅਸਵਾਰ, ਸਨ 'ਜਾਕੋ ਸੁਰ ਜਸ ਰਟਤ ਹੈਂ ਸੇਖਕ ਕੋਟ ਮਹੇਸ਼' ਅਤੇ ਓਹੀ ਮੇਰੇ ਹਲਤ ਪਲਤ ਦੋ ਜਹਾਨ ਦੇ ਵਾਲੀ ਗਊ ਗ੍ਰੀਬ ਦੇ ਰਖਯਕ, ਅਹਿੰਸਾ ਦੀ ਸਜੀਵ ਮੂਰਤੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਨ, ਜਿਨ੍ਹਾਂ ਦੀ ਬਾਬਤ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਪਣੇ ਸ੍ਵੈ ਰਚਿਤ ਪੁਸਤਕ "ਗੁਰਿੰਡ ਨਾਮਹ" ਵਿਖੇ ਪਵਿਤ੍ਰ ਹਸਤ ਕਵਲਾਂ ਨਾਲ ਇਉਂ ਲਿਖਯਾ ਏ :—

"ਜਾਂਹੀ ਕੁਲ ਤੇ ਊਪਜੇ ਤਾਹੀ

ਕੁਲ ਕੋ ਨਾਮ। ਪੁਨ ਦ੍ਵਾਦਸ ਗੁਰਿੰਡ ਕੋ ਮੇਰੀ ਹੈ ਪ੍ਰਨਾਮ।"

ਆਪ ਕਾਰਜ ਵਸ ਸੰਗਤਾਂ ਨੂੰ ਦੀਦਾਰ ਦੇਨ ਲਈ ਅੰਮ੍ਰਿਤਸਰ ਜੀ ਆਏ ਸਨ ਤੇ ਏਥੇ ਭਾਈ ਰਾਇ ਸਿੰਘ ਜੀ ਨੂੰ ਆਪ ਹੀ ਮਿਲਕੇ ਆਪਣਾ ਪਤਾ ਦਸ ਆਏ ਸਨ।

ਭਾਈ ਰਾਇ ਸਿੰਘ ਜੀ ਦੇ ਦਿਲ ਵਿਚ ਮੂਰਤੀ ਅਜੇਹੀ ਵਸੀ, ਜੋ ਭੁਲਾਯਾਂ ਨਾ ਭੁਲੇ, ਪੜ੍ਹਨਾ ਭੁਲ ਗਿਆ, ਸੰਥਾ ਵਿਸਰ ਗਈ।

ਜਿੰਨਾਂ ਨੇ ਪੀਤੇ ਪ੍ਰੇਮ ਪਯਾਲੇ,
ਓਹ ਘਰ ਦੇ ਕੰਮੋ ਗਈਆਂ।
ਲੈਣਾ ਦੇਣਾ ਸਭ ਭੁਲ ਗਿਆ,
ਤੇ ਖੂਹ ਵਿੱਚ ਪਈਆਂ ਬਹੀਆਂ।
ਮਾਤ ਪਿਤਾ ਕੁਲ ਆਲਿਮ ਸਾਰੇ,
ਵਰਜ ਰਹੀਆਂ ਸਭ ਸਹੀਆਂ।
ਇਕ ਮੋਹਨ ਤੇਰੇ ਦਰਸਨ ਕਾਰਨ,
ਮੈ ਸਭ ਦੀਆਂ ਝਿੜਕਾਂ ਸਹੀਆਂ।

ਦਿਨੇ ਰਾਤ ਹਾਵੇ ਭਰਦੇ ਤੇ ਰੋਂਦੇ ਰਹਿਨ :—

"ਕਰ ਗਏ ਠਗੀ ਮੇਰੇ ਨਾਲ।
ਸਖੀਓ ਬਿਛਰੇ ਕਾਨ੍ਹ ਗੁਪਾਲ।
ਮੇਰੇ ਹਥੋਂ ਛੁਟ ਗਿਆ ਲਾਲ।
ਅਬ ਜਾ ਪਰਸਾਂ ਭੈਣੀ ਸਾਲ।"

ਇਸਤ੍ਰਾਂ ਦੇ ਵਿਰਲਾਪ ਕਰਦੇ ਕਰਾਂਦੇ ਭਾਈ ਰਾਇ ਸਿੰਘ ਜੀ ਭੈਣੀ-ਸਾਹਿਬ ਨੂੰ ਟੁਰ ਪਏ।

(੨)

ਸ੍ਰੀ ਭੈਣੀ ਸਾਹਿਬ ਦੀਵਾਨ ਲਗਾ ਹੋਯਾ ਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗੁਰ-ਸਿਖ-ਰੂਪ ਮੁਰਝਾਈ ਹੋਈ ਫੁਲਵਾੜੀ ਨੂੰ ਮੁੜ ਸਰ ਸਬਜ਼ ਹਰਾ ਭਰਾ ਤੇ ਸੁਰਜੀਤ ਕਰਨ ਲਈ-ਦੀਵਾਨ ਵਿਚ ਬਰਾਜ ਮਾਨ ਹਨ। ਦੁਆਲੇ ਸੰਗਤਾਂ ਬੈਠੀਆਂ ਹਨ ਕੀਰ-ਤਨ ਹੋ ਰਿਹਾ ਏ, ਰਾਗੀ ਸਿੰਘ ਪਾਵਨ ਸਤਿਗੁਰੂ ਜੀ ਦੀ ਪਾਵਨ ਬਾਣੀ ਦਾ ਉਚਾਰ ਕਰ ਰਹੇ ਹਨ :—

ਭੂਲੇ ਸਿਖ ਗੁਰੂ ਸਮਝਾਏ।
ਉਝੜ ਜਾਂਦੇ ਮਾਰਗ ਪਾਏ।
ਨਾਨਕ ਸੋਧੇ ਸਿੰਮ੍ਰਿਤਿ ਬੇਦ।
ਪਾਰਬ੍ਰਹਮਗੁਰੁ ਨਾਹੀ ਭੇਦ।

ਸਤਿਗੁਰੂ ਜੀ ਅਡੋਲ ਅਹਿਲ ਸਮਾਧੀ ਲਾਈ ਬੈਠੇ ਹਨ, ਸ਼ਾਂਤ ਰਸ ਦਾ ਰਾਜ ਹੈ। ਦੀਵਾਨ ਵਿਚ ਬੈਠੇ ਹੋਏ ਗੁਰ-ਸਿਖ ਮਾਲਾ ਫੇਰਦੇ ਹੋਏ ਸਾਸ ੨ ਸਿਮਰਨ ਕਰਦੇ ਹੋਏ ਇਸ ਮਾਤ ਲੋਕ ਤੇ ਸਚਖੰਡੀ ਦ੍ਰਿਸ਼ ਦਰਸਾ ਰਹੇ ਹਨ। ਵਿਚਕਾਰ ਸਤਿਗੁਰੂ ਜੀ ਬੈਠੇ ਇਂਵ ਸੋਭਦੇ ਹਨ ਜਿਉਂ ਤਾਰਾ ਮੰਡਲ ਵਿਚ ਚੰਨ। ਜਿਨ੍ਹਾਂ ਨੇ ਸਤਿਗੁਰੂ ਜੀ ਦੇ ਇਸ ਸਮੇ ਦੀਵਾਨਾਂ ਵਿਚ ਨੇਤ੍ਰੀ ਦ੍ਰਸ਼ਨ ਕਰਕੇ ਅਨੰਦ ਲਿਆ ਏ, ਓਹ ਗੁਰਮੁਖ ਗੁਰਸਿਖ ਬ੍ਰਿਧ ਮਹਾਤਮਾਂ ਦਸਦੇ ਹਨ ਕਿ ਭਾਵੇਂ ਕਈ ਹਜ਼ਾਰ ਬੰਦਾ ਇਕ ਥਾਂ ਕਿਉਂ ਨਾਂ ਬੈਠਾ ਖਲੋਤਾ ਹੋਵੇ ਪਰ ਸਤਿਗੁਰੂ ਜੀ ਸਭਨਾਂ ਨਾਲੋਂ ਉਚੇ ਹੀ ਜਾਪਦੇ ਅਤੇ ਦਰਸ਼ਨ ਹਰ ਇਕ ਨੂੰ ਇਕੋ ਜੇਹਾ ਹੀ ਹੁੰਦਾ। ਆਪ ਜੀ ਦੀ ਲੰਮੀ ਗ੍ਰੀਵਾ (ਗਰਦਨ) ਦੀ ਪ੍ਰਭਤਾ ਸੁੰਦਰਤਾ ਤਕ ਮਰਾਲ (ਰਾਜ ਹੰਸ) ਵੀ ਸ਼ਰਮ ਸਾਰ ਹੁੰਦੇ। ਘੋਲੀਆਂ ਵਾਰਨੇ ਜਾਂਦੇ।

ਇਸ ਸਮੇ ਇਕ ਸਿੰਘ ਆਯਾ ਤੇ ਦੀਵਾਨ ਦੇ ਇਕਲ ਵਾਂਡੇ ਖਲੋ ਗਿਆ। ਦ੍ਰਸ਼ਨ ਕਰਕੇ ਵਿਸਮਾਦ ਜੇਹਾ ਹੋਕੇ ਅਪਣੇ ਆਪ

ਹੀ ਕੁਝ ਗਲਾਂ ਕਰਦਾ ਬੁੜ ਬੁੜਾਣ ਜੇਹਾ ਲਗ ਪਿਆਃ—

'ਹੈਂ ! ਏਹ ਕੀ? ਕਿਤੇ ਮੈਨੂੰ ਧੋਖਾ ਤਾਂ ਨਹੀਂ ਲਗਦਾ ਅਖੀਆਂ ਦਾ ਭ੍ਰਮ ਹੀ ਨਾਂ ਹੋਵੇ। ਕਈ ਬੰਦਿਆਂ ਦੀਆਂ ਨੁਹਾਰਾਂ-ਮਿਲਦੀਆਂ ਜੁਲਦੀਆਂ ਹੁੰਦੀਆਂ ਹਨ। ਹੋ ਸਕਦਾ ਏ ਕੋਈ ਹੋਰ ਹੋਵੇ। ਚੰਗੀ ਤਰ੍ਹਾਂ ਨੀਝ ਲਾ ਕੇ ਤਕ ਕੇ -ਨਹੀਂ, ਨਹੀਂ, ਏਹ ਅਖੀਆਂ ਦਾ ਭਰਮ ਨਹੀਂ ਸਚੀਂ ਮੁਚੀਂ ਤਾਂ ਓਹੋ ਹਨ। ਕੀ ਕਦੀ ਕਿਸੇ ਬੰਦੇ ਦੀ ਕਦੀ ਏਹੋ ਜੇਹੀ ਨੁਹਾਰ ਹੁੰਦੀ ਏ। ਨਹੀਂ ਹਰਗਿਜ਼ ਨਹੀਂ। ਏਹ-ਅਲਾਹੀ ਨੂਰ, ਏਹ ਦੈਵੀ ਸੁੰਦਰਤਾ ਏਹ ਸੁਹਣੱਪ ਦਾ ਪੁੰਜ, ਕਿਸੇ ਦੁਨਿਆਵੀ ਬੰਦੇ ਦੇ ਹਿਸੇ ਕਦ ਔਂਦਾ ਏ ਏਹ ਤੇ ਮੇਰਾ ਓਹੀ "ਆਜਾਨ ਬਾਹੂ ਸਾਹਾਨ ਸਾਹੂ" ਪ੍ਰੀਤਮ ਹੈ ਜਿਸਨੇ ਮੈਨੂੰ ਸ੍ਰੀ ਅੰਮ੍ਰਿਤਸਰ ਜੀ ਮਿਲਕੇ ਏਸ ਥਾਂ ਦੀ ਦਸ ਪਾਈ ਸੀ। ਨਾਂਉ ਦਸਿਆ ਸੀ। ਪਤਾ ਦਿਤਾ ਸੀ। ਹਾਂ ਹਾਂ ਠੀਕ ਓਹੀ ਤ ਹਨ,-ਪਰ ਫਿਰ ਵੀ ਇਕ ਸਿੰਘ ਨੂੰ ਹੌਲੀ ਜੇਹੀ ਪੁਛਦੇ ਹਨ ਕਿ ਏਹ ਦੀਵਾਨ ਵਿਚ ਸਭ ਤੋਂ ਉੱਚੇ ਤੇ ਸਭ ਤੋ ਸੋਹਣੇ ਬੈਠੇ ਏਹ ਕੌਣ ਹਨ? ਏਨ੍ਹਾਂ ਦਾ ਕੀ ਨਾਉਂ ਹੈ?'

ਸਿੰਘ—

ਤੁਸੀਂ ਏਨ੍ਹਾਂ ਨੂੰ ਜਾਣਦੇ ਨਹੀਂ ਏਨ੍ਹਾਂ ਦਾ ਨਾਂਉ ਤੇ ਅਰਸ਼ਾਂ ਕੁਰਸ਼ਾਂ ਤੇ ਵਿਦਤ ਮਾਨ ਹੈ। "ਆਪ ਨਾਰਾਇਣ" ਕਲਾਧਾਰ ਕੇ ਜਗਤ ਤੇ ਵਿਚਰ ਰਹੇ ਹਨ ਅਤੇ ਭੁਲੇ ਭਟਕਿਆਂ ਜੀਆਂ ਨੂੰ ਸਤ ਮਾਰਗ ਪਾ ਰਹੇ ਹਨ। ਏਹ ਓਹੀ ਤੇ ਹਨ ਜੋ ਸਚਖੰਡ ਵਿਚ ਨਿਰੰਕਾਰ ਜੀ ਵਸਦੇ ਹਨ। ਅਜ ਏਸ ਥਾਂ ਨੂੰ ਭਾਗ ਆ ਲਾਏ ਹਨ ਭੋਲਿਆ ਏਨ੍ਹਾਂ ਦਾ ਨਾਉਂ ਵੀ ਕਿਸੇ ਨੂੰ ਭੁਲਿਆ ਹੋਇਆ ਏ। ਜੇ ਅਰਸ਼ਾਂ ਵਿਚ ਹਨ ਤਾਂ ਏਹ, ਜੇ ਕੁਰਸ਼ਾਂ ਵਿਚ ਹਨ ਤਾਂ ਏਹ, ਜੇ ਬੈਕੁੰਠ ਵਿਚ ਹਨ ਤਾਂ ਏਹ, ਜੇ ਖੀਰ ਸਾਗਰ ਵਿਚ ਹਨ ਤਾਂ ਏਹ ਏਨਾ ਤੋਂ ਬਿਨਾਂ ਤਾਂ ਕੋਈ ਥਾਂ ਵੀ ਸਖਣਾ ਨਹੀਂ। ਏਹ ਮੇਰੇ ਪਯਾਰੇ, ਦੀਨ ਦੁਨੀ ਦੇ ਸਤਾਰੇ "ਹਰਨ ਭਰਨ ਜਾਂਕਾ ਨੇਤ੍ਰ ਫੇਰ" ਕਰਨ ਕਰਾਵਨ ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਚੀਨੀ ਵਾਲੇ ਪਾਤਸ਼ਾਹ ਹਨ। ਜਿਨ੍ਹਾਂ ਬਾਬਤ ਸ੍ਰੀ ਗੁਰੂ ਨਾਨਕ ਜੀ ਨੇ ਅਜਿਤੇ ਰੰਧਾਵੇ ਨਾਲ ਗੋਸ਼ਟ ਕਰਦਿਆਂ ਹੋਯਾਂ ਜਨਮ ਸਾਖੀ ਭਾਈ ਬਾਲਾ ਵਿਚ ਪਹਿਲਾਂ ਹੀ ਲਿਖ ਦਿਤਾ ਏ ਕਿ:—
"ਭਰ ਬੇੜੇ ਲੈ ਜਾਣਗੇ, ਸੰਤ ਜਨਾ ਦੇ ਪੂਰ।
ਬੇਮੁਖ ਤਟੇ ਤੁਟਮੁਏ, ਗੁਰਮੁਖ ਭਏ ਕਬੂਲ।"

ਹਾਂ! ਭਾਈ ਗੁਰਮੁਖਾ ਏਹ ਓਹੀ ਹਨ ਜਿਨ੍ਹਾਂ ਬਾਬਤ ਸਾਹਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਹਿਲਾਂ ਹੀ ਨੰਦ ਸਿੰਘ ਨਾਲ ਗੋਸ਼ਟ ਕਰਦੇ ਹੋਏ ਸੌ ਸਾਖੀ ਵਿਚ ਲਿਖ ਗਏ ਹਨਃ— ਕਿਃ—

ਰਾਮ ਸਿੰਘ ਮੇਰੋ ਹੋਇ ਨਾਮਾ।
ਬਾਢੀ ਸੁਤ ਭੈਣੀ ਕੋ ਧਾਮਾ।
ਉਸ ਮਹਿ ਰਾਮ ਸਿੰਘ ਮਮ ਸ੍ਹਾਰਾ।
ਦੇਸ ਮਾਲਵੇ ਮਹਿ ਅਵਤਾਰਾ।

ਏਹ ਬਚਨ ਸੁਣਕੇ ਸਿੰਘ ਹੋਰਾਂ ਦੀ ਨਿਸ਼ਾ ਹੋ ਗਈ ਤੇ ਭਜੇ ਭਜੇ ਗਏ ਦੀਵਾਨ ਵਿਚ ਜਾਕੇ, ਸਤਿਗੁਰਾਂ ਦੇ ਚਰਨ ਫੜ ਵੈਰਾਗੀ ਹੋ ਗਏ। ਸੰਗਤ ਸਾਰੀ ਵਿਸਮਾਦ ਦਸ਼ਾ ਵਿਚ ਹੋ ਗਈ ਤੇ ਇਸ ਨਵੇਂ ਸਿੰਘ ਦੀ ਵਾਰਤਾ ਪਰਾ ਕਰਨ ਲਈ ਸਤਿਗੁਰਾਂ ਵਲ ਸਭ ਦੀ ਦ੍ਰਿਸਟੀ ਲਗ ਗਈ।

Sri Satguru Jagjit Singh Ji Elibrary NamdhariElibrary@gmail.com

ਪਾਠਕਾਂ ਦੀ ਹੈਰਾਨੀ ਦੂਰ ਕਰਨ ਲਈ ਅਸੀਂ ਏਹ ਪ੍ਰਗਟ ਕਰ ਦਿੰਦੇ ਹਾਂ ਕਿ ਏਹ ਓਹੀ ਸਿੰਘ ਅਰਥਾਤ ਭਾਈ ਰਾਇ ਸਿੰਘ ਜੀ ਹਨ ਜਿਨ੍ਹਾਂ ਨੂੰ ਸ੍ਰੀ ਅੰਮ੍ਰਿਤਸਰ ਹਰੀਸਿੰਘ ਦੇ ਕਟੜੇ ਮਿਲਕੇ ਸਤਿਗੁਰੂ ਜੀ ਆਪਣਾ ਪਤਾ ਆਪ ਹੀ ਦਸ ਆਏ ਸਨ। ਏਹੋ ਭਾਈ ਰਾਇ ਸਿੰਘ ਜੀ ਆਪ ਜੀ ਦੇ ਦਸੇ ਹੋਏ ਪਤੇ ਅਨੁਸਾਰ ਪੁਛਦੇ ਪੁਛਾਂਦੇ ਅਜ ਏਥੇ ਆਏ ਹਨ। ਤੇ ਦੀਵਾਨ ਵਿਚ ਹਾਜਰ ਹੋਕੇ, ਸਤਿਗੁਰਾਂ ਦੇ ਦਰਸ਼ਨ ਏਥੇ ਦੀਵਾਨ ਵਿਚ ਕਰਕੇ ਹੈਰਾਨ ਹੋ ਰਹੇ ਹਨ।

ਭਾਈ ਰਾਇ ਸਿੰਘ ਜੀ ਸਤਿਗੁਰਾਂ ਦੇ ਚਰਨਾਂ ਤੇ ਸਿਰ ਰਖੀ ਵੈਰਾਗ ਕਰ ਰਹੇ ਹਨ। ਰੋ ਰੋ ਕੇ ਹਟਕੋਰੇ ਲੈਂਦੇ ਹੋਏ ਇਂਵ ਆਖ ਰਹੇ ਹਨਃ—

"ਤੁਸੀ ਓਹੀ ਓ, ਜਿਨਾ ਨੇ ਮੈਨੂੰ ਅੰਮ੍ਰਿਤਸਰ ਜੀ ਦਰਸ਼ਨ ਦੇਕੇ ਠਾਰਿਆ ਸੀ। ਏਸ ਥਾਂ ਦੀ ਦਸ ਪਾਈ ਸੀ। ਹਾਂਜੀ ਤੁਸੀਂ ਹੀ ਸੀ। ਓਹੀ ਹੋ। ਦਸੋ ਨਾਂਜੀ, ਤੁਸੀਂ ਹੀ ਸਾ ਜੇ ਨਾ? ਆਪ ਹੀ ਤਾਂ ਹੈਸੋ ਸਚੀਂ ਮੁਚੀਂ ਆਪ ਹੀ ਸੀ। ਮੈ ਹੁਣ ਨਹੀ ਭੁਲ ਸਕਦਾ। ਕਦੀ ਵੀ ਨਹੀਂ ਭੁਲਾਂਗਾ। ਆਪਨੇ ਹੀ ਤੇ ਮੈਨੂੰ 'ਬਾਹੋਂ ਪਕੜ ਕਢ ਲੀਨੇ ਹਨ ਅਪਨੇ ਦਾ ਵਾਕ ਸਫਲਾ ਕਰਦਿਆਂ ਸ੍ਰੀ ਅੰਮ੍ਰਤਸਰ ਜੀ ਦਰਸਨ ਦਿਤਾ ਸੀ। ਸੋਹਣਿਆਂ ਗੁਰੂਆ ਤੂੰ ਧੰਨ। ਧੰਨ ਪਾਤਸ਼ਾਹ ਤੂੰ ਸਦੀਵ ਧੰਨ! ਆਪਣਾ ਪਿਆਰ ਅਪੇ ਲਾਣ ਵਾਲਿਆ, ਤੇ ਆਪ ਹੀ ਪਾਲਣਾ ਕਰਨ ਵਾਲਿਆ ਤੂੰ ਧੰਨ!! 'ਤੇਰੀ ਉਪਮਾ ਤੋਹ ਬਣ ਆਵੇ, ਪਰ ਕੀ ਹੋ ਜਾਂਦਾ ਕਿ ਜੇ ਤੂੰ ਮੈਨੂੰ ਓਥੇ ਹੀ ਦਸ ਦਿੰਦਾ ਕਿ ਜਿਸਦੀ ਤੂੰ ਢੂੰਢ ਕਰਦਾ ਏਂ ਪਿਆ ਓਹ ਮੈਂ ਆ ਗਿਆ ਹਾਂ ਜਿਸਨੂੰ ਲਭਦਾ ਏ ਪਿਆ। ਓਹ ਮੈਹੀ ਹਾਂ। ਤਾਂ ਮੈ ਰਜਕੇ ਦਰਸ਼ਨ ਕਰਦਾ। ਚਰਨ ਪਖਾਰ ਦਾ। ਚਰਨਾਂ- ਮ੍ਰਿਤ ਲੈਂਦਾ। ਹਥ ਤੇਰੀ ਕੁਝ ਸੇਵਾ ਕਰਕੇ ਸਫਲੇ ਕਰਦਾ ਹਾਇ ਮੈਂ ਅਭਾਗੇ ਤੋਂ ਤੇਰੀ ਕੋਈ ਵੀ ਸੇਵਾ ਨ ਸਰੀ। ਤੈਨੂੰ ਮੈਂ ਕੁਝ ਵੀ ਨਾਂ ਪੁਛ ਸਕਿਆ। ਪਰ ਜੀ ਮੇਰੇ ਕੀ ਵਸ 'ਕਾਠ ਕੀ ਪੁਤ੍ਰੀ ਕਹਾਂ ਕਰੇ ਬਪੁਰੀ ਖਿਲਾਵਨ ਹਾਰੋ ਜਾਨੈ' ਜਿਸਤਰਾਂ ਆਪ ਨੇ ਖਿਲਾਯਾ ਮੈ ਖੇਲਿਆ। ਜੇ ਮੈਨੂੰ ਪਤਾ ਹੁੰਦਾ ਕਿ ਤੂੰ ਆਪ ਹੀ ਮੈਨੂ ਆਪਣਾ ਪਤਾ ਦੇਸਦਾ ਏਂ ਤਾਂ ਮੈ ਪਯਾਰ ਕਰਦਾ, ਗਲ ਵਕੜੀ ਪਾਕੇ ਮਿਲਦਾ ਛਾਤੀ ਠਾਰਦਾ, ਠੰਢਾ ਥੀਂਦਾ। ਮੈਨੂੰ ਏਹ ਵਿਯੋਗ ਦੇ ਦਿਹਾੜੇ ਪੰਧ ਦੀਆਂ ਤਕਲੀਫਾਂ ਨਾ ਝਲਨੀਆਂ ਪੈਂਦੀਆਂ"—

"ਜੁਦਾਈ ਕੇ ਜ਼ਮਾਨੇ ਕੀ ਸਜਨ ਕਿਆ ਜਿਆਦਤੀ ਕਹੀਏ। ਕਿ ਇਸ ਜ਼ਾਲਿਮ ਕੀ ਜੋ ਹਮ ਪਰ ਘੜੀ ਗੁਜ਼ਰੀ ਸੋ ਜੁਗ ਬੀਤਾ।" ਹਾਇ! ਆਪ ਜੀ ਦੇ ਦੀਦਾਰ ਬਿਨਾਂ ਇਕ ਇਕ ਘੜੀ ਜੁਗਾਂ ਵਾਂਗੂ ਬੀਤੀ ਏ। ਜਿਸ ਦਿਨ ਦੇ ਆਪ ਦਰਸਨ ਦੇਕੇ ਝਲਕਾਰਾ ਮਾਰ ਆਏਹੋ ਬਸ:—

ਛਾੜ ਕੁਲ ਭੇਦ ਤੇਰੀ ਚੇਰੀ ਭਈ ਚਾਹ ਭਰੀ,
ਗੁਰੂ ਜਨ, ਪਰਿਜਨ, ਲੋਕ ਲਾਜ ਨਾਸੀ ਹੌਂ।
ਚਾਤ੍ਰਕੀ ਤ੍ਰਿਸ਼ਤ ਤੁਵ ਰੂਪ ਸੁਧਾ ਹੇਤ ਨਿਤ,
ਪਲ ਪਲ ਦਸਹਿ ਬਯੋਗ ਦੁਖ ਗਾਸੀ ਹੌਂ।
ਹਰੀ ਚੰਦ ਏਹ ਬ੍ਰਤ ਨੇਮ ਪ੍ਰੇਮ ਹੀ ਕੋ ਲੀਨੋਂ,
ਰੂਪ ਕੀ ਤਿਹਾਰੇ ਬ੍ਰਜ ਭੂਪ ਹੌਂ ਉਪਾਸੀ ਹੌਂ।
ਜਯਾਇ ਲੇ ਰੇ ਪ੍ਰਾਨ ਨ ਬਚਾਇ ਲੈ ਲਗਾਇ ਕੰਠ,
ਏਰੇ ਨੰਦ ਲਾਲ ਤੇਰੀ ਮੋਲ ਲਈ ਦਾਸੀ ਹੌਂ।

ਪਰ ਹੁਨ ਵੀ ਚੰਗਾ ਹੋਗਿਆ ਏ, ਭੁਲਾ ਨਾਂ ਜਾਣੀਏ ਜੇ ਮੁੜ ਘਰ ਆਵੇ। ਸਚੇ ਪਾਤਸ਼ਾਹ! ਮੈਂ ਆਪਨੇ ਦੁਖਾਂ ਦੀ ਵੇਦਨ ਕਿਵੇਂ ਦਸਾਂ—

ਦੈ ਦਰਸਨ ਮੁਝ ਦੀਹਾਂ ਆਏ।
ਆਏ ਬ੍ਰਿਹੋਂ ਬਾਨ ਲਗਾਏ।

ਗੋਕਲ ਗੋਪੀ ਦਯੋ ਦਖਾਲੀ।
ਆਏ ਜਿਮ ਮਥਰਾ ਬਨਵਾਲੀ।
ਭੇਟ ਧਰੀ ਤਬ ਬਿਨਤੀ ਭਾਨੀ।
ਨਿਮ੍ਰ ਭਾਰਾ ਸਿੰਘ ਗੁਨ ਖਾਨੀ।
ਤੂ ਪ੍ਰਭੁ ਜੀ ਦੀਨਨ ਕਾ ਦਾਤਾ।
ਆਦ ਜੁਗਾਦ ਸਦਾ ਬ੍ਖਯਾਤਾ।
ਪਤਤ ਉਧਾਰੇ ਕੇਤੇ ਸੁਾਮੀ।
ਪਾਵਨ ਪਤਿਤ ਆਪ ਕੋ ਨਾਮੀ।
ਅਜਾਮਲ ਗਨਕਾ ਸਧਨ ਕਸਾਈ।
ਬਾਲਮੀਕ ਭੀਲਨ ਕੇ ਭਾਈ।
ਬੱਧਕ ਸੈਲ ਅਹਿਲਿਆ ਤਾਰੀ।
ਅਬ ਪ੍ਰਭੁ ਜੀ ਮੈਂ ਆਇਓ ਦੁਆਰੀ।
ਕੀਜੇ ਕ੍ਰਿਪਾ ਕਰਨਾ ਧਾਰੇ।
ਡੂਬਤ ਹੌਂ ਸਾਗਰ ਸੰਸਾਰੇ।
(ਸ੍ਰੀ ਸਤਿਗੁਰੂ ਬਿਲਾਸ)

ਭਾਈ ਸਾਹਬ ਦੀ ਨਿਮ੍ਰਤਾ ਅਤੇ ਪ੍ਰੇਮ ਭਰੀ ਬੇਨਤੀ ਸੁਣ, ਸਤਿਗੁਰੂ ਜੀ ਮੁਸ-ਕ੍ਰਾਏ ਅਤੇ ਬਚਨ ਕੀਤਾ।

"ਆਓ ਭਾਈ! ਸਾਨੂੰ ਤੁਹਾਡੀ ਬੜੀ ਉਡੀਕ ਸੀ। ਆਓ! ਆਪਦੀ ਘਾਲ ਸਫਲ ਆਪ ਦੀ 'ਇਛਾ ਪੂਰਕ ਸਗਲ ਸੁਖ ਦਾਤਾ ਜਾਕੇ ਵਸ ਹੈ ਕਾਮ ਧੇਨਾ।' ਇਛਾ ਪੂਰਤ, ਆਓ ਬੇਟਾ! ਆਪਨੂੰ ਅਮੁਲਕ ਲਾਲ, ਰਤਨ ਪ੍ਰਦਾਨ ਕਰੀਏ ਜੋ ਸਾਨੂੰ ਸਤਿਗੁਰੂ ਨਾਨਕ ਦੇਵ ਜੀ ਦੇ ਦਰੋਂ ਵਰਤਾਨ ਦੀ ਆਗਯਾ ਹੋਈ ਏ। ਜਿਸਤੋਂ ਬਿਨਾ ਏਸ ਕਾਲ ਜਾਲ ਸਿੰਘ ਤੋਂ ਪਾਰ ਹੋਣਾ ਦੁਸ਼ਵਾਰ ਏ, ਕਠਨ ਕਰਾਲ-ਏ। ਏਹ ਓਹ ਨਾਮ ਰੂਪ ਬਾਤੀ ਏ ਜੋ ਸ੍ਰੀ ਗੁਰੂ ਨਾਨਕ ਨੇ ਲਹਿਣੇ ਨੂੰ ਦੇਕੇ ਗੁਰੂ ਅੰਗਦ ਬਣਾ ਦਿਤਾ ਸੀ। ਏਹ ਓਹੀ 'ਗੁਪਤ ਨਾਮ ਪ੍ਰਗਾਝਾ' ਏ ਜਿਸਨੂੰ ਗੁਰੂ ਅੰਗਦ ਨੇ ਅਮਰੂ ਨਿਥਾਵੇਂ ਨੂੰ ਦੇਕੇ ਨਿਥਾਵਿਆਂ ਦਾ ਥਾਉਂ ਗੁਰੂ ਅਮਰਦੇਵ ਬਣਾਇਆ ਸੀ। ਓਹੀ ਜੋਤ ਏ ਉਹਾ ਹੀ ਜੁਗਤ ਏ ਸਿਰਫ ਕਾਯਾਂ ਹਾਂ ਜੀ 'ਕਾਯਾ ਫੇਰ ਪਲਟੀਐ' ਆਓ ਆਪ ਨੂੰ ਅਜ 'ਸਾਰ ਚਾਰ ਵੇਦਨ ਕੋ ਭ੍ਰਮ ਭੇਦ ਛੇਦਨ' ਵਾਲਾ ਨਾਮ ਅੰਮ੍ਰਿਤ ਪ੍ਰਦਾਨ ਕਰੀਏ ਏਹ ਨਾਮ ਹੈ-ਕਲੂ ਕਾਲ ਦੀ ਕਾਲਤਾ, ਕਰਾਲਤਾ ਨੂੰ ਟਾਲਕੇ ਚੁਰਾਸੀ ਜੂਨ ਨੂੰ ਗਾਲਦਾ ਏ ਰਾਇ ਸਿੰਘ ਦੇ ਮਸਤਕ ਤੇ ਹਥ ਧਰਕੇ ਸਤਿਗੁਰੂ ਨੇ

'ਗੁਰ ਮੰਤ੍ਰ ਦੀਨੋ ਕਾਂਨ'

ਬਸ! ਪਤਾ ਨਹੀਂ ਜੋ ਇਸ ਮੰਤ੍ਰ ਵਿਚ ਕੀ ਜਾਦੂ ਸੀ ਰੋਮ ਰੋਮ ਵਿਚੋਂ ਏਹੀ ਅਵਾਜ਼ ਨਿਕਲ ਟੁਰੀ, 'ਮਨਹ ਪ੍ਰਗਾਸ ਭਇਆ ਭ੍ਰਮ ਨਾਸਿਆ' ਹਾਂ ਜੀ, ਫੂਕ ਕੰਨ ਦੇ ਵਿੱਚ ਅਜੇਹੀ ਮਾਰੀ ਝਟ ਗਿਦੜੋਂ ਸ਼ੇਰ ਬਣਾ ਦਿਤਾ ਮਨ ਹਲਕਾ ਫੁਲ ਜੇਹਾ ਹੋ ਗਿਆ ਇਵ ਪਿਆ ਜਾਪੇ ਜਿਵੇਂ ਸੁੱਤੇ ਜਾਗ ਪਏ। ਭ੍ਰਮ ਦੇ ਛੌੜ ਕਟੇ ਗਏ ਗਯਾਨ ਭਾਨ ਉਦਯ ਹੋ ਗਿਆ ਦੇਵ ਬੁਧੀ ਪ੍ਰਾਪਤ ਹੋ ਗਈ। ਮਾਣਸ ਤੋਂ ਦੇਵਤਾ ਬਣਨ ਨੂੰ ਕੁਝ ਵੀ ਬਾਰ ਦੇਰ ਨਾ ਲਗੀ। ਓਹ ਵਿਦਯਾ ਪੜ੍ਹਕੇ ਸੜ ਕੁੜਕੇ ਸੁਕੇ ਤਿਲ ਬੁਆੜ ਜਿਉਂ ਹੋਯਾ ੨ ਖ਼ੁਸ਼ਕ ਫਿਲਸਫੇ ਦਾ ਲੂਸਿਆ ਰਾਇ ਸਿੰਘ 'ਨਾਨਕ ਨਦਰੀ ਨਦਰ ਨਿਹਾਲ' ਹੋ ਗਿਆ ਬ੍ਰਹਮ ਦਾ ਅਭਾਸ ਹੋ ਆਇਆ। ਅਜ ਪਤਾ ਲਗਾ ਕਿ ਬ੍ਰਹਮ ਹੋਰ ਏ ਤੇ ਮੈਂ ਹੋਰ ਹਾਂ ਪਰ ਹਾਂ ਮੈਂ ਵੀ ਜੋਤ ਸਰੂਪ ਓਸ ਮੂਲ ਵਿਚੋਂ ਹੀ ਬੰਦੇ ਦੀ ਕੀ ਤਾਕਤ ਏ ਕਿ ਓਹ ਖੁਦਾਈ ਦਾ ਦਾਹਵਾ ਕਰੇ ਜਦੋਂ ਰਬੀ ਸ਼ਕਤੀ ਦਾ ਕੋਈ ਕ੍ਰਿਸਮਾਂ ਅੰਦ੍ਰ ਫੇਰਾ ਪਾਂਦਾ ਏ ਮਨੁਖ ਹਕ ਹੋ ਉਠਦਾ ਏ। ਮਨਸੂਰ ਜੇਹੇ ਮਹਾਂ ਪੁਰਖ ਵੀ ਓਦੋਂ ਹੀ 'ਮੈ ਹਕ ਹਾਂ' ਦਾ ਹੋਕਾ ਦਿੰਦੇ ਜਦੋਂ ਓਹ ਬੁਲਾਂਦਾ, ਆਪ ਫੇਰਾ ਪਾਂਦਾ ਹਾਂ ਜੀ ਆਪ ਬੋਲਦਾ। ਜਿਤਨਾ ਚਿਰ ਉਸ ਅਲਾਹੀ ਜੋਤ ਦਾ ਕ੍ਰਿਸਮਾਂ, ਓਸ ਰੱਬੀ ਨੂਰ ਦਾ

Sri Satguru Jagjit Singh Ji Elibrary NamdhariElibrary@gmail.com

ਜਲਵਾ, ਸਰੂਰ, ਮਸਤੀ ਵੱਜਦ ਨਾ ਆਵੇ ਓਨਾ ਚਿਰ :—

ਆਦਮੀ ਕੀ ਚੁਰਤ ਕਿਆ ਦਾਹਵਾ ਖੁਦਾਈ ਕਾ ਕਰੇ। ਬੋਲਤੇ ਥੇ ਆਪ ਹਜ਼ਰਤ ਨਾਮ ਥਾ ਮਨਸੂਰ ਕਾ।

ਜੋ ਕੰਮ ਵੇਦ ਸ਼ਾਸਤ੍ਰ ਜਪ, ਤਪ, ਸੰਜਮ, ਹਠ, ਨਿਗ੍ਰਹ ਆਦਿ ਸਾਧਨ ਨਾ ਕਰ ਸਕੇ, ਓਹ ਏਸ ਮੰਤ੍ਰ ਨੇ ਏਡੀ ਛੇਤੀ ਕਰ ਦਖਾਯਾ ਜਿਸਦੀ ਕਲਪਨਾ ਹੋਣੀ ਵੀ ਮੁਸ਼ਕਲ ਹੈ। ਸਚ ਹੈ, ਏਸ ਅਨਹਦ ਬਾਣੀ ਦੀ ਪੂੰਜੀ ਦੇ ਖਜਾਨੇ ਜ ਕੁੰਜੀ ਸੰਤਾਂ ਦੇ ਹੀ ਹਥ ਰਖੀ ਏ। ਇਸ ਮਨ ਦਾ ਤਾਕ ਗੁਰੂ ਬਿਨਾਂ ਨਹੀ ਖੁਲ੍ਹ ਸਕਦਾ। ਹੋਰ ਤਾਂ ਕਿਸੇ ਕੋਲ ਏਹ ਕੁੰਜੀ ਹੈ ਹੀ ਨਹੀ। ਐਵੇਂ ਅਹਿਮਕ ਬੇ ਸਮਝੀ ਵਿਚ ਹੀ ਲੜਾਈਆਂ ਕਰਦੇ ਹਨ :—

ਭਰੀਆਂ ਸੁਰਾਹੀਆਂ ਇਸ਼ਕ ਸ਼ਰਾਬੋਂ, ਮੁਰਸ਼ਦ ਘੋਲ ਪਲਾਈਆਂ। ਪੜ੍ਹ ਪੜ੍ਹ ਆਲਿਮ ਫਾਜ਼ਿਲ ਹੁੰਦੇ ਪਰ ਨਾਂ ਸਮਝਾਂ ਆਈਆਂ। ਮਨ ਹਰਫਾਂ ਦੀ ਸਮਝ ਨਾ ਆਈ ਐਵੇਂ ਦੇਣ ਦੁਹਾਈਆਂ। ਜਾਂ ਜਾਂ ਅਲਫ਼ ਅਕੱਲਾ ਅਹਾਂ ਨਾਹੀਂ ਵਸਲ ਜੁਦਾਈਆਂ। ਕੁੰਨ ਤੋ ਕੰਜ਼ਨ ਵਾਲੀਆਂ ਰਮਜ਼ਾਂ ਡਾਢਾ ਮਖ਼ਫ਼ੀ ਆਹੀਆਂ। ਪਰ ਮੁਰਸ਼ਦ ਬਾਝੋਂ ਏਸ ਰਮਜ਼ ਦੀਆਂ ਕਿਸੇ ਨਾਂ ਖਬਰਾਂ ਪਾਈਆਂ। ਇਸ਼ਕ ਸਗਾਤ ਸੁਗਾਤ ਅਲਾਹੀ ਖਬਰ ਨਾਂ ਟੁਕੜ ਗੁਦਾਈਆਂ। ਸੁਤੀਆਂ ਕਲਾਂ ਅਚਾਨਕ ਆਕੇ ਹਜ਼ਰਤ ਇਸ਼ਕ ਜਗਾਈਆਂ। ਅੱਵਲ ਆਖ਼ਰ ਜ਼ਾਹਰ ਬਾਤਨ ਇਸ਼ਕੇ ਧੁੰਮਾਂ ਪਾਈਆਂ। ਸਚ ਆਖਣ ਦੀ ਵਾਹ ਨਾ ਕੋਈ ਅਹਿਮਕ ਕਰਨ ਲੜਾਈਆਂ।

ਪਯਾਰ ਚੀਨੀ ਵਾਲੇ ਸਤਿਗੁਰੂ ਜੀ ਨੇ ਨਾਮ ਦੀ ਦਾਤ ਭਾਈ ਰਾਇ ਸਿੰਘ ਜੀ ਨੂੰ ਬਖਸ਼ਕੇ ਜੀਵਨ ਪ੍ਰਦਾਨ ਕਰਕੇ ਸਿੱਖੀ ਮੰਡਲ ਵਿਚ ਲੈ ਆਂਦਾ:—

ਅਤੇ ਆਪ ਨੇ ਸ੍ਰੀ ਮੁਖ ਤੋਂ ਇਉਂ ਭਾਈ ਰਾਇ ਸਿੰਘ ਨੂੰ ਸਿਖ੍ਯਾ ਦਿਤੀ:—

ਗੁਰੂ ਦਸਮ ਕੀ ਰੀਤ ਸੰਭਾਲੇ।
ਲੋਕ ਦੋਹਨ ਕੇ ਜੋ ਰਖਵਾਲੇ।
ਪਾਂਚ ਕੱਕਾ ਵਾ ਨਾਮ ਸਨਾਨ।
ਦਾਨ ਕ੍ਰਿਆ ਸਤਿਗੁਰ ਸੁਖਦਾਨ।
ਮਾਂਸ ਸ਼ਰਾਬ ਵਿਕ੍ਰਮ ਦੁਹੇਲਾ।
ਤਰਕ ਕਰੋ ਤੁਰਕਨ ਕਾ ਮੇਲਾ।
ਨੜੀਮਾਰ ਕਾ ਸੰਗ ਨਾ ਕਰਹੋ।
ਜੂਠ ਝੂਠ ਸੇ ਹਰ-ਦਮ ਡਰਹੋ।
ਹਰ ਦ੍ਰਗਹ ਕਾ ਖੌਫ ਘਨੇਰਾ।
ਬਾਰ ਬਾਰ ਨਹਿ ਮਾਣਸ ਫੇਰਾ।
ਲਾਲ ਜਨਮ ਹੈ ਏਹ ਪਯਾਰੋ।
ਕੌਡੀ ਬਦਲੇ ਮਤ ਤੁਮ ਹਾਰੋ।
ਗੁਰੂ ਗ੍ਰੰਥ ਮੇ ਜੋ ਦੀ ਲਿਖਿਆ।
ਸੋਈ ਧਾਰੋ ਮਨ ਮੇ ਸਿਖਿਆ।
ਤਾਤੇ ਹੇਤ ਤੁਮਾਰੇ ਆਖੋਂ।
ਮੇਰੀ ਸਿਖਿਆ ਮਨ ਮੇਂ ਰਾਖੋ।
ਆਠ ਜਾਮ ਜਪ ਨਾਮ ਅਕਾਲੇ।
ਦਰਗਹ ਜਾਵੇਂ ਮੁਖ ਉਜਾਲੇ।

ਭਾਈ ਰਾਏ ਸਿੰਘ ਜੀ ਏਹ ਸਿਖਯਾ ਨੂੰ ਸੁਣਕੇ ਨਿਹਾਲ ਹੋਕੇ ਇਉਂ ਸਤਿਗੁਰੂ ਦੀ ਉਪਮਾ ਕਰਨ ਲਗੇ।

ਤੂੰ ਪ੍ਰਭ ਆਦਿ ਜੁਗਾਦੀ ਸਾਂਈ।
ਰੋਮ ਰੋਮ ਰਵਿਓ ਸਭ ਜਾਈ।
ਸਤਿਜੁਗ ਬਾਵਨ ਮੂਰਤ ਧਾਰੀ।
ਬਲ ਧਰ ਢਾਈ ਕਰਮਾਂ ਸਾਰੀ।
ਦ੍ਵਾਰਪਾਲ ਕੀਨੋਂ ਬਚ ਸਾਚਾ।
ਉਸਨੇ ਜੋ ਮਨ ਤਨ ਤੇ ਬਾਚਾ।
ਤ੍ਰੇਤੇ ਤੋਰਨ ਸੁਰਗਨ ਫਾਸੀ।
ਰਾਮ ਰੂਪ ਉਤ੍ਰੇ ਸੁਖ ਰਾਸੀ।

Sri Satguru Jagjit Singh Ji Elibrary NamdhariElibrary@gmail.com

ਸਾਗਰ ਸੇਤ ਲੰਕੇਸ ਹਨੰਯਾ।
ਔਧ ਮਿਲੇ ਭਰਥਰ ਕੋ ਭੁੱਜਾ।
ਦ੍ਵਾਪਰ ਕ੍ਰਿਸਨ ਕ੍ਰਿਸਨ ਪ੍ਰਕਾਸੇ।
ਦਾਈ ਕਾਲੀ ਕੰਸ ਬਿਨਾਸੇ।
ਅਬ ਕਲ ਸ੍ਰੀ ਨਾਨਕ ਅਵੇਤਾਰਾ।
ਗੇ ਗ੍ਰੀਬ ਭਰਤਨ ਨਿਸਤਾਰਾ।
ਪਾਲ ਧਰਮ ਮੂਰਤਿ ਦਸ ਸੋਈ।
ਉਪਕਾਰੀ ਸਮ ਅਵੇਰ ਨ ਕੋਈ।
ਸ੍ਰੀ ਗੁਰੂ ਗੋਬਿੰਦ ਸਿੰਘ ਕੀ ਮਇਆ।
ਪੰਥ ਖਾਲਸਾ ਪ੍ਰਗਟ ਭਇਆ।
ਅੰਬ ਕਰਨੇ ਹਿਤ ਪੰਥ ਸੰਭਾਲਾ।
ਆਪ ਪ੍ਰਗਟ ਭਏ ਦੀਨ ਦਇਆਲਾ।
ਵਾਹੁ ਵਾਹੁ ਗੁਰੂ ਰੂਪ ਸੁਆਮੀ।
ਸਰਬ ਘਟਾਂ ਕੇ ਅੰਤਰ-ਯਾਮੀ।
ਤੇਜ ਭਾਨ ਸਮ ਆਹਿ ਤੁਮਾਰਾ।
ਤਮ ਅਬੋਧ ਰਜਨੀ ਮਮ ਟਾਰਾ।
ਦੋਖ ਮਿਟ ਦੁਇ ਲੋਕਨ ਕੇਰੇ।
ਸਤਿਗੁਰ ਕੇ ਜਬ ਕੇ ਪਗ ਹੇਰੇ।
ਕੀਰਤ ਰਾਵਰ ਸਿੰਧ ਅਪਾਰੇ।
ਮੀਨ ਬੁਧ ਕਿਆ ਬੋਲ ਵਿਚਾਰੇ।
(ਸ੍ਰੀ ਸਤਿਗੁਰੂ ਬਿਲਾਸ)

ਇਉਂ ਭਾਈ ਰਾਏ ਸਿੰਘ ਜੀ ਚਰਨ ਕਮਲਾਂ ਦੇ ਭੌਰੇ ਹੋਕੇ ਸਤਿਗੁਰੂ ਚਰਨ ਰਜ (ਪਰਾਗ) ਮਕਰੰਦ ਦਾ ਰਸ ਮਾਨਣ ਲੱਗੇ।

(੩)

ਹੁਣ ਭਾਈ ਰਾਏ ਸਿੰਘ ਜੀ ਸਤਿਗੁਰਾਂ ਦੇ ਹਜ਼ੂਰ ਸ੍ਰੀ ਭੈਣੀ ਸਾਹਿਬ ਹੀ ਰਹਿੰਦੇ ਹਨ। ਫੁਰਨੇ ਸਭ ਮੁਕ ਚੁਕੇ ਹਨ। ਸੰਕਲਪ ਸਭ ਟੁਟ ਚੁਕੇ ਹਨ॥ ਚਿਰ-ਇਛਤ-ਆਸ ਪੂਰੀ ਹੋ ਚੁਕੀ ਏ। "ਸਤਿਗੁਰ ਦਰਸ਼ਨ ਅਗਨ ਨਿਵਾਰੀ। ਸਤਿਗੁਰ ਦਰਸਨ ਹਉਮੈ ਮਾਰੀ। ਸਤਿਗੁਰ ਸੰਗ ਨਹੀ ਮਨ ਡੋਲੇ" ਦੇ ਵਾਕ ਅਨੁਸਾਰ ਚਿਤ ਬ੍ਰਿਤੀ ਸ਼ਾਂਤ ਹੋ ਚੁਕੀ ਏ। ਨਾਮ-ਅੰਮ੍ਰਿਤ-ਨਾਮ ਨਿਧਾਨ ਦੇ ਸਿਮਰਨ ਨੇ, ਦਾਵਾ ਅਗਨ ਦਾ ਲੂਸਿਆ ਹੋਇਆ ਦਿਲ, ਸੁਖ ਸਰਤਾ ਸਤਸੰਗ ਵਿਚ ਚੁਭੀਆਂ ਲਾਂਦਾ ਹੋਇਆ ਦਿਲ, ਮੁੜ ਤਰੋ ਤਾਜ਼ਾ ਕਰ ਦਿਤਾ ਏ। ਜੋ ਸਦੀਵ ਜੀਵਨ ਰਸ ਦੇ ਲਾਹੇ ਲੈਂਦਾ ਹੋਯਾ, ਪ੍ਰਦੇਸੀ ਮਨ, ਬਾਂਸੇ ਜਿਉਂ ਭੌਂਦਾ ਹੋਯਾ ਚੰਚਲ ਮਨ, ਮੁੜ ਆਪਣੇ ਘਰ, ਹਾਂਜੀ ਸਤਿਗੁਰੂ ਮਿਲਾਪ ਰੂਪ ਘਰ ਆਕੇ ਸਥਿਰ ਹੋ ਚੁਕਾ ਏ। ਹੁਣ ਬਾਣੀ ਪੜ੍ਹਨ ਦਾ ਵੀ ਅਜੇਹਾ ਰਸ ਔਂਦਾ ਏ ਜੋ ਅਜ ਤੀਕ ਕਦੀ ਵੀ ਪ੍ਰਾਪਤ ਨਹੀ-ਸੀ ਹੋਇਆ। ਸਿਮਰਨ ਦਾ ਅਜੇਹਾ ਰੌਂ ਵਹਿ ਟੁਰਿਆ ਕਿ ਦਿਨੇ-ਰਾਤ ਅਠ ਪਹਿਰ-ਚੌਸਠ ਘੜੀ 'ਜੋ ਦਮ ਗਾਫਲ-ਸੋ ਦਮ ਕਾਫਰ' ਅਨੁਸਾਰ ਕੋਈ ਸਾਸ ਵੀ ਖਾਲੀ ਨਹੀਂ ਜਾਂਦਾ। 'ਗੁਰਮੁਖ ਰੋਮ ਰੋਮ ਹਰਿ ਧਿਆਵੈ' ਦਾ ਪ੍ਰਵਾਹ ਪ੍ਰਵਾਹਤ ਹੋ ਟੁਰਿਆ। ਭੈਣੀ ਸਾਹਿਬ ਰੋਜ ਸੰਗਤਾਂ ਔਂਦੀਆਂ ਹਨ, ਦੀਵਾਨ ਲਗਦੇ ਹਨ, ਕੀਰਤਨ ਹੁੰਦਾ ਏ। ਸਤਿਗੁਰੂ ਹਾਂਜੀ-ਸਰਗੁਨ-ਸਰੂਪ ਸਤਿਗੁਰੂ ਰਾਮਸਿੰਘ ਜੀ ਅਨੇਕ ਜੀਆਂ ਦਾ ਭੁਲੀਆਂ ਭਟਕੀਆਂ ਨਾਮ ਵਿਹੂਨ ਦੇਹਾਂ ਦਾ ਉਧਾਰ ਕਰਕੇ ਨਦਰੀ ਨਦਰ ਨਿਹਾਲ ਕਰ ਰਹੇ ਹਨ।

ਆਸਾ ਦੀ ਵਾਰ ਦੇ ਦੀਵਾਨ ਦੀ ਸਮਾਪਤੀ ਹੋ ਚੁਕੀ ਏ। ਸਤਿਗੁਰੂ ਜੀ ਪੋਥੀ ਉਤੋਂ ਨਿਤਨੇਮ ਦੀ ਬਾਣੀ ਪੜ੍ਹਦੇ ਗੁਰਸਿਖਾਂ ਨੂੰ ਕਰਮ ਯੋਗ ਦੀ ਜਾਚ ਦੇ ਪੂਰਨੇ ਪਾਕੇ ਦਸ ਰਹੇ ਹਨ। ਸੰਗਤਾਂ ਅਤੇ

Sri Satguru Jagjit Singh Ji Elibrary NamdhariElibrary@gmail.com

ਸੂਬੇ ਆਪਣੇ ਆਪਣੇ ਨਿਤਨੇਮ ਵਿਚ ਮਗਨ ਹਨ । ਨਿਤਨੇਮ ਦੀ ਸਮਾਪਤੀ ਮਗਰੋਂ ਬਾਹਰੋਂ ਆਏ ਸਿੰਘਾਂ ਦੀਆਂ ਅਰਜਾਂ ਸੁਣੀਆਂ ਜਾਂਦੀਆਂ ਅਤੇ ਸਿਖੀ ਦੀ ਵਰਤ-ਮਾਨ ਪਤਨ ਦੀ ਦਸ਼ਾ ਤੇ ਵੀਚਾਰ ਹੁੰਦੀ। ਏਹ ਓਹ ਸਮਾ ਸੀ ਜਦ ਕਿ ਪੂਰਨ ਤੌਰ ਤੇ ਭਾਰਤ ਅੰਗ੍ਰੇਜ਼ਾਂ ਦੇ ਕਾਬੂ ਆ ਚੁਕਾ ਸੀ। ਪੰਜਾਬ ਅੰਦ੍ਰ ਸਿਖ ਰਾਜ ਦੇ ਰਹਿੰਦੇ ਖੂੰਹਦੇ ਨਿਸ਼ਾਨ ਵੀ ਪੁਟੇ ਜਾ ਚੁਕੇ ਸਨ । ਸਿਖ ਰਾਜ ਨਸ਼ਟ ਹੋ ਚੁਕਾ ਸੀ। ਅਤੇ ਹੋ ਚੁਕਾ ਸੀ ਅੰਗ੍ਰੇਜ਼ੀ ਹਕੂਮਤ ਦਾ ਪੰਜਾਬ ਤੇ ਦਬ-ਦਬਾ ਕਾਇਮ। ਚੰਗੇ, ਚੰਗੇ, ਅਣਖੀਲੇ ਸੂਰਬੀਰ, ਬਹਾਦ੍ਰ ਆਨ-ਸ਼ਾਨ ਤੋਂ ਮਰ ਮਿਟਨ ਵਾਲੇ ਅਣਖੀਲੇ ਸਿਖ ਅਜ਼ਾਦੀ ਦੀ ਜਗ ਵੇਦੀ ਉਤੇ-ਮੁਦਕੀ ਆਦ ਦੀਆਂ ਲੜਾਈਆਂ ਵਿਚ ਆਪਣੇ ਪ੍ਰਾਨ ਵਿਸਰਜਨ ਕਰ ਚੁਕੇ ਸਨ । ਸ਼ਹੀਦ ਹੋ ਚੁਕੇ ਸਨ ਆਪਣੇ ਪ੍ਰਾਨ ਪਯਾਰੇ ਪ੍ਰਾਨਾਂ ਦੀ ਅਹੂਤੀ, ਪੰਜਾਬ ਦੀ ਅਜ਼ਾਦੀ ਲਈ ਅਤੇ ਸਿਖ ਰਾਜ ਦੇ ਉਥਾਨ ਦੀ, ਹਵਨ ਕੁੰਡ ਵਿਚ ਸ੍ਵਾਹਾ ਕਰ ਚੁਕੇ ਸਨ। ਜੋ ਕਿਤੇ ਨਾ ਕਿਤੇ ਕੋਈ ਟਾਵਾਂ ਟਾਵਾਂ ਬਚ ਰਿਹਾ ਸੀ ਓਹ ਦੇਸ ਨਿਰਵਾਸਤ ਅਰਥਾਤ ਜਲਾਵਤਨ ਕੀਤਾ ਗਿਆ ਸੀ। ਬਾਕੀ ਜੋ ਬਚੇ ਓਹ ਨਾ ਹੋਯਾਂ ਵਰਗੇ. 'ਸੇਰ ਸੇਰ ਆਟੇ ਕੇ ਪਾਗੇ । ਭਾਗੇ ਫਿਰੇਂ ਮਲੇਛ ਕੇ ਆਗੇ' ਸਾਹਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਏਸ ਵਾਕ ਅਨੁਸਾਰ ਵਿਜਯੀ ਅੰਗ੍ਰੇਜ਼ਾਂ ਨੂੰ ਆਤਮ ਸਮੁਪਨ ਕਰ ਚੁਕੇ ਸਨ। ਅਜ਼ਾਦ ਭਾਰਤ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਜਾ ਚੁਕਾ ਸੀ। ਜਿਸਦੇ ਛੁਟਕਾਰੇ ਦੀ ਕਲਪਨਾ ਕਰਨੀ ਵੀ ਵਹਿਮ ਵਿਚ ਸ਼ੁਮਾਰ ਹੋ ਚੁਕੀ ਸੀ।

ਅੰਗ੍ਰੇਜ਼ਾਂ ਨੇ ਸਾਇੰਸਦਾਨ-ਅੰਗ੍ਰੇਜ਼ਾਂ ਨੇ, ਅੰਗ੍ਰੇਜ਼ੀ ਤਾਲੀਮ, ਅੰਗ੍ਰੇਜ਼ੀ ਪਾਲਿਸੀ ਨੇ ਭਾਰਤੀਆਂ ਨੂੰ ਅਜੇਹੀ ਸ਼ੂਗਰ ਕੋਟਿਡ ਕੁਨੈਨ-ਖੁਆਈ-ਈਸਾਯਤ ਦਾ ਬੀਜ ਬੋਯਾ- ਜੋ ਦਿਨੇ ਰਾਤ ਲੋਕੀ ਏਨ੍ਹਾਂ ਦੇ ਸੋਹਲੇ ਗਾਂਦੇ ਹੋਏ ਰਾਜ ਪੁਰਾਨੇ ਦੇ ਚਾਰਣ ਤੇ ਭਟਾਂ ਨੂੰ ਮਾਤ ਕਰਨ ਲਗ ਪਏ । ਸਭ ਤੋਂ ਅਧਿਕ ਪਤਨ ਸਿਖਾਂ ਦੇ ਅੰਤਿਮ ਗੌਰਵ ਅਤੇ ਸ੍ਵੈ ਅਭਿਮਾਨ ਦਾ ਹੋਯਾ । ਓਨ੍ਹਾ ਨੇ ਅਰਥਾਤ ਸਿਖਾਂ ਨੇ ਓਸ ਵੇਲੇ ਅੰਗ੍ਰੇਜ਼ਾਂ ਨੂੰ **'ਟੋਪੀ ਵਾਲਾ ਸਿਖ'** ਦੀ ਉਪਾਧੀ ਨਾਲ ਜਿਨ੍ਹਾਂ ਨੂੰ ਈ ਸ੍ਰੀ ਗੁਰੂ ਗੋਬਿੰਦ ਸਿੰਘ 'ਭਾਗੇ ਫਿਰੇਂ ਮਲੇਛ ਕੇ ਆਗੇ' ਪੇਸ਼ੀਨ ਗੋਈ ਕਰਦੇ ਹਨ, ਭੂਸ਼ਤ ਕੀਤਾ । ਕਿਥੋਂ ਤੀਕ ਦਸੀਏ ਓਦੋਂ ਤੋਂ ਲੈਕੇ ਸੰਨ ੧੯੨੦ ਤੀਕ ਬੜੇ ਬੜੇ ਸਿਖ ਸਰਦਾਰਾਂ ਦੇ ਘਰ ਅਤੇ ਅੰਮ੍ਰਤਸਰ ਆਦਿ ਸਿਖ ਧਰਮ ਮੰਦ੍ਰਾਂ ਵਿਚ ਅੰਗ੍ਰੇਜ਼ਾਂ ਦੇ ਰਾਜ ਦੀ ਅਚਲਤਾ ਲਈ ਅਰਦਾਸੇ ਕੀਤੇ ਜਾਣ ਲਗ ਪਏ। **'ਜੁਗ ਜੁਗ ਰਾਜ ਸਵਾਯਾ ਟੋਪੀ ਵਾਲੇ ਦਾ'** ਸਿਖਾਂ ਦਾ ਇਕ ਮਸ਼ਹੂਰ ਗੀਤ ਹੋ ਚੁਕਾ ਸੀ। ਕਈ ਚਤਰ ਸਿਖ ਲਖਾਰੀਆਂ ਨੇ ਅੰਗ੍ਰੇਜ਼ਾਂ ਦਾ ਔਣਾ ਸ੍ਰੀ ਗੁਰੂ ਤੇਗ ਬਹਾਦ੍ਰ ਦੀ ਪੇਸ਼ੀਨ ਗੋਈ ਨਾਲ ਸਿਧ ਕਰਕੇ ਅੰਗ੍ਰੇਜ਼ਾਂ ਨੂੰ 'ਟੋਪੀ ਵਾਲਾ' ਸਿਖ ਪੁਸਤਕਾਂ ਵਿਚ ਲਿਖਕੇ ਅਪਣੀ ਵਫਾਦਾਰੀ-ਗੁਲਾਮੀ-ਦਾ ਪਕਾ ਸਬੂਤ ਪੇਸ਼ ਕੀਤਾ। ਆਹ ! ਏਸਤੋਂ ਅਧਿਕ ਕਿਸੇ ਕੌਮ ਦਾ ਪਤਨ ਹੋਰ ਕੀ ਹੋ ਸਕਦਾ ਏ । ਜਿਨ੍ਹਾਂ ਸਿਖਾਂ ਨੂੰ ਭਾਈ ਸਾਹਬ ਭਾਈ ਗੁਰਦਾਸ ਜੇਹੇ ਸਿਦਕੀ ਸਿਖਾਂ ਨੇ 'ਸਤਿਗੁਰੂ ਸਾਹਬ

ਛਡਕੇ ਮਨ ਮੁਖ ਹੋਇ ਬੰਦੇ ਦਾ ਬੰਦਾ' ਸਿਖੀ ਦਾ ਆਦਸ਼ ਸਮਝਾਯਾ ਸੀ । ਓਹੀ ਨਾਮਧਾਰੀਕ ਸਿਖ ਅਜ ੧੦) ਦਮੜਿਆਂ ਦੀ ਤੁਛ ਨੌਕਰੀ ਬਦਲੇ ਆਪਣੇ ਸਿਰ ਵੇਚਕੇ ਹੋਰ ਅਨੇਕਾਂ ਸੁਤੰਤ੍ਰ ਰਾਸ਼ਟ੍ਰਾਂ ਜੀਵਨ ਦੇਸਾਂ ਦੀ ਅਜ਼ਾਦੀ ਦੀ ਸੁਨੈਹਰੀ ਧਜਾ ਨੂੰ 'ਯੂਨੀਯਨ ਜ਼ਕ' ਦੇ ਪੈਰਾਂ ਹੇਠ ਲਤ ਛੜ (ਪਦ-ਦਲਤ) ਹੁੰਦਾ ਦੇਖਕੇ ਖੁਸ਼ ਹੋਏ। ਹਾਇ ! ਓਨ੍ਹਾਂ ਦਿਨਾਂ ਵਿਚ ਸਿਖਾਂ ਦੀ ਕੌਮੀਯਤ ਨਸ਼ਟ ਹੋ ਚੁਕੀ ਸੀ। ਜਾਤੀਯਤਾ ਦਾ ਅਭਾਵ ਹੋ ਚੁਕਾ ਸੀ 'ਕਿਸੇ ਨੂੰ ਵੀ ਹੌਂਸਲਾ ਨਹੀ ਸੀ ਪੈਂਦਾ ਜੋ ਮਾਤ; ਭਾਰਤ, ਜਨਨੀ ਜਨਮ ਭੂਮੀ ਮਾਤ 'ਸੁਜਲਾਮ ਸੁਫਲਾਮ-ਮਲਜਜ-ਸੀਤਲਾਮ' ਵਸੁੰਧਰਾ ਦੀ ਏਸ ਦੀਨਾ ਦੀਨ ਪ੍ਰਾਧੀਨਤਾ ਤਕ ਭਾਰਤ ਦੀ ਦਸ਼ਾ ਤੇ ਚਾਰ ਅਫਸੋਸ ਦੇ ਅਥਰੂ ਕੇਰੇ । ਥਾਂ ਥਾਂ ਬੁਚੜ-ਖਾਨੇ ਖੁਲ ਗਏ। ਗਊ ਗ੍ਰੀਬ ਤੇ ਸ਼ਰਾ-ਆਮ ਛੁਰੀ ਚਲਨ ਲਗ ਪਈ । ਹੋਰ ਤੇ ਕਿਤੇ ਰਿਹਾ, ਇਸ ਬਜਰ ਪਾਪ ਤੋਂ ਸ੍ਰੀ ਗੁਰੂ ਰਾਮਦਾਸ ਜੀ ਦੀ ਪਵਿਤ੍ਰ ਨਗਰੀ ਰਾਮਦਾਸ ਪੁਰ, ਸ੍ਰੀ ਅੰਮ੍ਰਿਤ ਸਰ ਦੀ ਛਾਤੀ ਵੀ ਇਸ ਬਜਰ ਪਾਪ ਤੋਂ (ਗਊ-ਬਧ) ਸਖਣੀ ਨਾਂ ਰਹਿ ਸਕੀ। ਏਹ ਸਭ ਕੁਝ ਸਿਖਾਂ ਦੇ ਸੌਹੇਂ ਹੋ ਰਿਹਾ ਸੀ । ਸਗੋਂ ਅਜੇਹੇ ਥਾਂ ਹੋ ਰਿਹਾ ਸੀ ਜਿਥੇ ਅਜ ਕਲ ਘੰਟਾ ਘਰ ਦਾ ਮੈਦਾਨ ਹੈ ਪਰ ਓਨ੍ਹਾਂ ਦਿਨਾਂ ਵਿਚ ਨਾਂਉ ਲੈਣ ਨੂੰ ਵੀ ਇਕ ਸਿਖ ਨਾ ਨਿਕਲਿਆ ਜੋ ਅੰਗ੍ਰੇਜ਼ਾਂ ਦੇ ਇਸ ਧਰਮ ਘਾਤਕ ਕਾਰਜ ਦੀ ਕੜੀ ਅਲੋਚਨਾ ਕਰਦਾ । ਓਨ੍ਹਾਂ ਨੂੰ ਅਜੇਹਾ ਕਰਨੋਂ ਰੋਕਦਾ। ਦੁਖੀ ਹੁੰਦਾ ਅਤੇ ਜੇ ਲੋੜ ਪੈਂਦੀ ਤਾਂ ਪ੍ਰਾਣਾਂ ਤੇ ਖੇਲ ਰਣ ਵਿਚ, ਜੂਝ-ਗੁਰਦੁਆਰੇ ਦੀ ਪਵਿਤ੍ਰਤਾ ਨੂੰ ਬਟਾ ਨ ਲਗਣ ਦਿੰਦਾ । ਪਰ ਸਿਖਾਂ ਨੂੰ ਗੁਲਾਮੀ ਦੇ ਨਸ਼ੇ ਨੇ ਅਜੇਹਾ ਗੁਟ ਕਰਕੇ ਸੁਲਾਯਾ ਜੋ ਸਿਖ ਧਰਮ ਓਨ੍ਹਾਂ ਨੂੰ ਇਕ ਵਹਿਮ ਅਤੇ ਪ੍ਰਨ ਪਯਾਰੇ ਖਾਲਸਾ ਨਿਸ਼ਾਨ ਕੇਸ ਫਜ਼ੂਲ ਜੇਹੇ ਜਾਪਣ ਲਗ ਪਏ। ਸਿਖ, ਗੁਰਬਾਣੀ ਦੇ ਸੱਚੇ ਨੂੰ ਛਡ ਪੱਛਮੀ ਤਹਿਜੀਬ ਦੀ ਈਸਾਈਯਤ ਦੀ ਕੁਠਾਲੀ ਵਿਚ ਢਲਨ ਨੂੰ ਅਤੇ ਅੰਗ੍ਰੇਜ਼ੀ ਰਾਜ ਦੀ ਮਸ਼ੀਨਰੀ ਦਾ ਇਕ ਛੋਟੇ ਤੋਂ ਛੋਟਾ ਪੁਰਜਾ ਬਨਣ ਲਈ ਆਪਣਾ ਗੌਰਵ ਸਮਝਨ ਲਗ ਪਏ।

ਅਜੇਹੇ ਅੰਧ ਧੁੰਦ ਅਤੇ ਗੁਲਾਮੀ ਦੇ ਜ਼ਮਾਨੇ ਵਿਚ ਫੈਸ਼ਨ ਅਤੇ ਮਾਦਾ ਪ੍ਰਸਤੀ ਦੇ ਜ਼ਮਾਨੇ ਵਿਚ, ਭਾਰਤ ਦੀ ਗੁਲਾਮੀ ਅਤੇ ਸਿਖ ਕੌਮ ਦੀ ਦਰਦ-ਨਾਕ ਦਸ਼ਾ ਤੇ ਚਾਰ ਅਥਰੂ ਕੇਰਦੀ ਹੋਈ ਨਾ ਚੁਪ ਹੋ ਜਾਂਦੀ ਸਗੋਂ ਭਾਰਤ ਦੀ ਅਜ਼ਾਦੀ ਅਤੇ ਸਿਖ ਕੌਮ ਦਾ ਪੁਨਰ ਉਥਾਨ ਕਰਨ ਦੇ ਸਾਧਨ ਸੋਚਦੀ ਮੁਰਦਾ-ਰੂਹਾਂ ਅੰਦ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਪ੍ਰਿਟ ਕੰਮ ਕਰਦੀ ਹਾਂ ਜੀ ੩੨ ਕ੍ਰੋੜ ਭਾਰਤੀਆਂ ਵਿਚੋਂ ਇਕੋ ਇਕ ਸਤਿਗੁਰੂ ਰਾਮਸਿੰਘ ਜੀ ਦੀ ਹੀ ਜ਼ਿੰਦ ਸੀ, ਜੋ ਦੇਸ਼ ਦੇ ਗੁਲਮੀ ਅਤੇ ਵਿਦੇਸ਼ੀ ਰਾਜ ਦੀ ਜ਼ੁਲਮ-ਤਸ਼ੱਦਦ ਅੱਤਿਆਚਾਰ ਦੀ ਪੌਲਿਸੀ ਗਊ ਗ੍ਰੀਬ ਦੇ ਗਲੋਂ ਛੁਰੀ ਦੂਰ ਕਰਨ ਦੇ ਸਾਧਨ-ਪੰਜਾਬ ਦੇ ਇਕਲ ਵਾਂਜੇ ਭੈਣੀ ਨਾਮੇ ਪਿੰਡ ਵਿਚ ਸੋਚਦੀ। ਵਿਉਂਤਾਂ ਕਰਦੀ ਸਕੀਮਾਂ ਬਣਾਂਦੀ।

ਪਾਠਕ ! ਪੜ੍ਹ ਹੀ ਚੁਕੇ ਹਨ ਕਿ ਸ੍ਰੀ ਭੈਣੀ ਸਾਹਿਬ ਆਸਾ ਜੀ ਦੀ ਵਾਰ ਦੇ ਦੀਵਾਨ ਮਗਰੋਂ ਦੇਸ ਦੀ ਹਾਲਤ ਤੇ ਵਿਚਾਰ ਹੁੰਦੀ, ਅਤੇ ਬਾਹਰੋਂ ਆਏ ਸਿਖਾਂ

ਦੀਆਂ ਅਰਜ਼ਾਂ ਸਤਿਗੁਰੂ ਦੀਵਾਨ ਵਿਚ ਹੀ ਸੁਣਦੇ ਅਤੇ ਯਥਾ ਯੋਗ ਸਭਦੀ ਸ਼ੰਕਾ ਸਮਾਧਾਨ ਕੀਤੀ ਜਾਂਦੀ ਅਤੇ ਉਸਤੇ ਹਰ ਤਰਾਂ ਦੀ ਵੀਚਾਰ, 'ਖਾਲਸਾ ਦੁਬਾਰ' ਵਿਚ ਹੋਕੇ ਫੈਸਲਾ ਹੁੰਦਾ।

ਇਕ ਸਿੰਘ ਅੰਮ੍ਰਿਤਸਰ ਦੇ ਜਿਲੇ ਦਾ ਦੀਵਾਨ ਵਿਚ ਹਾਜ਼ਰ ਹੋਯਾ ਅਤੇ ਸਤਿਗੁਰਾਂ ਦੇ ਚਰਨਾਂ ਤੇ ਨਿਮਸ਼ਕਾਰ ਕਰਕੇ ਸੰਗਤਾਂ ਨੂੰ ਫਤਹ ਗਜਾਕੇ ਹਥ ਜੋੜਕੇ ਇੰਞ ਬੇਨਤੀ ਕਰਨ ਲਗਾ:—

' ਸਚੇ ਪਾਤਸ਼ਾਹ! ਮੈ ਸ੍ਰੀ ਅੰਮ੍ਰਿਤਸਰ ਜੀ ਤੋਂ ਆਯਾ ਹਾਂ। ਹਾਇ! ਏਹ ਕਹਿੰਦਿਆਂ ਮੇਰੀ ਛਾਤੀ ਪਾਟਦੀ ਏ। ਕਲੇਜਾ ਮੂੰਹ ਨੂੰ ਔਂਦਾ ਏ ਪਿਆ। ਹਾਇ! ਮੈ ਅਭਾਗਾ ਓਥੇ ਹੀ ਕਿਉਂ ਨਾ ਮਰ ਗਿਆ। ਪਾਪੀ ਪ੍ਰਾਨ ਰਖਕੇ ਮੈਂ ਕੀ ਕਰਨੇ ਸਨ ਐਵੇਂ ਵਾਧੂ ਅੰਨ ਹੀ ਗੰਦਾ ਕਰਨਾ ਸੀ। ਮਰ ਤੇ ਇਕ ਦਿਨ ਜਾਣਾ ਹੀ ਹੈ—ਮੌਤ ਤੋਂ ਬਚਾ ਤਾਂ ਹੈ ਹੀ ਨਹੀਂ। ਅਤੇ ਏਹ ਵੀ ਕੀ ਪਤਾ ਏ ਜੋ ਖਬਰੇ ਕੇਹੜੀ ਭੈੜੀ ਤੋਂ ਭੈੜੀ ਮੌਤੇ ਮੰਜੇ ਤੇ ਹਡੀਆਂ ਰਗੜਾਕੇ ਮਰੀਏ। ਫੇਰ ਕੀ ਹਰਜ ਸੀ ਜੋ ਮੈਂ ਸੂਰ-ਬੀਰਾਂ ਵਾਲੀ ਮੌਤੇ ਹਾਂਜੀ-ਸ਼ਹੀਦਾਂ ਦੀ ਮੌਤੇ ਮਰਦਾ। ਆਹ! ਮੇਰੇ ਵਰਗਾ ਕੌਣ ਪਾਪੀ ਹੋਵੇਗਾ। ਮੈਂ ਏਨ੍ਹਾਂ ਪਾਪੀ ਪ੍ਰਾਣਾਂ ਦੇ ਮੋਹ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਦੀ ਪਵਿਤ੍ਰ ਨਗਰੀ ਸ੍ਰੀ ਹਰਿ ਮੰਦਰ ਸਾਹਬ ਤੇ ਸਰੋਵਰ ਦੀ ਬੇਅਦਬੀ ਹੁੰਦੀ ਆਪਣੀਆਂ ਅਖਾਂ ਨਾਲ ਤਕ ਬਚਕੇ ਆ ਗਿਆ। ਹੇ ਨਾਥ! ਕਰ ਮੇਹਰ ਹੁਣ ਹੋਰ ਦੁਖ ਡਿਠੇ ਨਹੀ ਜਾਂਦੇ ਬਖਸ਼ਲੈ, ਜਗਤ ਜਲੰਦੇ ਨੂੰ ਆਪਣੀ ਕਿਰਪਾ ਧਾਰ ਕੇ ਰਖਲੈ।"

ਸਿੰਘ ਜੀ ਦੀ ਇਸ ਦਰਦ-ਨਾਕ ਬੁਝਾਰਤ ਦੀ ਵੇਦਨ ਦੀ ਪੀੜਾ ਨੇ ਸਭਨਾਂ ਦਿਲਾਂ ਤੇ ਅਲੇ ਜਖਮ ਤੇ ਲੂਣ ਦਾ ਕੰਮ ਕੀਤਾ ਸਤਿਗੁਰੂ ਜੀ ਸੁਣਕੇ ਆਖਣ ਲਗੇ:-

"ਭਾਈ! ਸਿੰਘ ਦਾ ਕੰਮ ਜ਼ੁਲਮ ਅਤੇ ਗੁਰ ਸਥਾਨ ਦੀ ਬੇਅਦਬੀ ਹੁੰਦੀ ਤਕਕੇ ਰੋਣਾਂ ਨਹੀਂ ਸਗੋਂ ਉਸਨੂੰ ਦੂਰ ਕਰਨ ਦਾ ਯਤਨ ਕਰਨਾ ਹੈ। ਰੋਣਾ ਬਚਿਆਂ ਇਸਤਰੀਆਂ ਅਤੇ ਕਾਇਰਾਂ ਦਾ ਕੰਮ ਹੈ ਬਹਾਦ੍ਰਾਂ ਦਾ ਕੰਮ ਹਰ ਔਣ ਵਾਲੀ ਬਲਾ ਦਾ ਖਿੜੇ ਮਥੇ ਟਾਕਰਾ ਕਰਨਾ ਅਤੇ ਰਜ਼ਾ ਵਿਚ ਰਾਜ਼ੀ ਰਹਿਣਾ ਧਰਮ ਹੈ 'ਤੇਰਾ ਭਾਣਾ ਮੀਠਾ ਲਾਗੇ' ਪਯਾਰੇ ਤਤੀਆਂ ਲੋਹਾਂ ਤੇ ਬੈਠਣ ਵਾਲੇ ਗੁਰੂ ਅਰਜਨ ਦੇਵ ਜੀ ਦਾ ਹੁਕਮ ਹੈ, ਰੋਵੋਂ ਨਾਂ, ਦੱਸੋ ਅਤੇ ਗਜ ਵਜ ਕੇ ਦੱਸੋ ਕਿ ਅੰਮ੍ਰਿਤਸਰ ਜੀ ਵਿਚ ਕੀ ਵਰਤ ਰਿਹਾ ਏ ਅਤੇ ਕਿਸੇ ਪਾਮਰ ਮਸੇ ਰੰਘੜ ਦੀ ਮੁੜ ਸ਼ਾਮਤ ਆਈਏ ਜੋ ਸਤਿਗੁਰੂ ਦੇ ਧਾਮ ਦੀ ਬੇਅਦਬੀ ਕਰਨ ਤੇ ਅਮਾਦਾ ਹੋ ਬੈਠਾ॥"

ਸਿੰਘ—

--:oo:--

ਸਚੇ ਪਾਤਸ਼ਾਹਾ! ਮੈਂ ਕੀ ਦਸਾਂ ਮੈ ਸਚ ਮੁਚ ਬਚਿਆਂ ਅਤੇ ਇਸਤ੍ਰੀਆਂ ਨਾਲੋਂ ਵੀ ਨਕਾਰਾਂ ਹਾਂ। ਅਤੇ ਸ਼ਰਮ ਨਾਲ ਮੇਰੀਆਂ ਅਖੀਆਂ ਉਚੀਆਂ ਨਹੀਂ ਹੁੰਦੀਆਂ ਅਤੇ ਜ਼ਬਾਨ ਵਿਚੋਂ ਗਲ ਨਹੀਂ ਨਿਕਲ ਦੀ। ਮੈ ਤਦ ਆਪਦੇ ਹਜ਼ੂਰ ਅਰਜ ਕਰਨ ਦੇ ਕਾਬਲ ਹੁੰਦਾ ਜੋ ਮੇਰੇ ਏਹ ਪਾਪੀ ਪ੍ਰਾਨ ਓਥੇ ਲਗ ਜਾਂਦੇ ਅੰਤੇ ਮੇਰੀ ਰੂਹ ਆਪ ਜੀ ਦੇ ਚਰਨਾਂ ਵਿਚ ਸ੍ਰੀ ਅੰਮ੍ਰਿਤਸਰ ਦਾ ਹਾਲ

Sri Satguru Jagjit Singh Ji Elibrary NamdhariElibrary@gmail.com

ਖਿਲੇ ਮਥੇ ਦਸਦੀ ਪਤ ਮੇਰੇ, ਅਜੇਹੇ ਸ੍ਰੇਸ਼ਟ ਭਾਗ ਕਿਥੋਂ।''

ਸਤਿਗੁਰੂ ਜੀਃ—

''ਭਾਈ! ਆਖਿਰ ਕੁਝ ਪਤਾ ਤਾਂ ਲਗੇ ਜੋ ਕੀ ਗਲ ਏਅਤੇਆਪਅਜੇਹਾ ਕੀ ਦ੍ਰਿਸ਼ਜ ਦੇਖ ਆਏ ਹੋ ਜੋ ਆਪਨੂੰ ਇੰਞ ਅਧੀਰ ਕਰ ਰਿਹਾ ਹੈ। ਸਿਆਣੇ ਪੁਰਸ਼ ਹਰ ਸਮੇ ਹਰ ਅਪਦਾ ਦਾ ਸ਼ਾਂਤੀ ਨਾਲ ਮੁਕਾਬਲਾ ਕਰਦੇ ਹਨ।''

ਸਿੰਘਃ-

''ਸਚੇ ਪਾਤਸ਼ਾਹ! ਆਪਨੂੰ ਕੀ ਦਸਾਂ ਘਟ ਘਟ ਕੇ ਪਟ ਪਟ ਕੀ ਜਾਨਤ। ਆਪ ਤੋਂ ਕੀ ਭੁਲਾ ਹੋਯਾ ਏ ਆਪ ਸਭ ਕੁਛ ਜਾਣਦੇ ਹੋ। ਪਰ ਅਰਜ ਕਰਨੀ ਆਪਣਾ ਧਰਮ ਸਮਝਦਾ ਹੋਯਾ ਬੇਨਤੀ ਕਰਦਾ ਹਾਂ ਆਪ ਤੋਂ ਕੀ ਭੁਲਾ ਹੋਯਾ ਏ। ਜ਼ੁਲਮ ਦਾ ਰਾਜ ਸਾਰੇ ਭਾਰਤ ਅੰਦਰ ਧੁੰਮ ਚੁਕਾ ਏ, । ਜਬਰ ਜ਼ੁਲਮ ਅਤੇ ਤਸ਼ੱਦਦ ਦੇ ਰੌਆਂ ਦੇ ਰੌਂ ਏਸ ਦੇਵ ਭੂਮੀ ਭਾਰਤ ਤੇ ਉਮਡਦੇ ਹੋਏ ਚਲੇ ਆ ਰਹੇ ਹਨ । ਚਾਲਿਜ ਚਰਵਾਣਿਆਂ ਨੇ ਥਾਂ ਥਾਂ ਬੁਚੜਖਾਨੇ ਖੋਹਲ ਕੇ ਦਿਨ ਦੀਵੀਂ ਗਊ ਬਧ ਸ਼ੁਰੂ ਕਰ ਦਿਤੀ ਏ। ਹਜ਼ਾਰਾਂ ਦੀ ਗਿਨਤੀ ਵਿਚ ਗਊਆਂ-ਏਸ ਕ੍ਰਿਸ਼ੀ ਪ੍ਰਧਾਨ ਭਾਰਤ ਨੂੰ ਦਾਣੇ ਦਾਣੇ ਲਈ ਮੁਹਤਾਜ ਕਰਨ ਲਈ ਅਤੇ ਭਾਰਤ ਸਪੂਤਾਂ ਦੀ ਮਾਨਸਿਕ ਅਤੇ ਆਤਮਕ ਸ਼ਕਤੀ ਪ੍ਰਾਯ ਨਸ਼ਟ ਕਰਨ ਲਈ ਕਤਲ ਕੀਤੀਆਂ ਜਾਂਦੀਆਂ ਹਨ। ਪਰ ਹੁਨ ਤੇ ਹੋਰ ਵੀ ਹਦ ਹੋ ਗਈ ਏ। ਜੋ ਸ੍ਰੀ ਅੰਮ੍ਰਿਤਸਰ ਦੀ ਚੜ੍ਹਦੀ ਬਾਹੀ ਦੇ ਨਾਲ ਜੇਹੜਾ ਮੈਦਾਨ ਪਿਆ ਏ (ਜਿਥੇ ਅਜ ਕਲ ਘੰਟਾ ਘਰ ਹੈ, ਲੇਖਕ) ਓਥੇ ਅੰਗ੍ਰੇਜ਼ਾਂ ਨੇ ਐਨ ਸ੍ਰੀ ਦਰਬਾਰ ਸਾਹਬ ਦੇ ਸੌਂਹੇ ਬੁਚੜ ਖਾਨਾ ਖੋਹਲ ਦਿਤਾ ਏ ਅਤੇ ਗਊ-ਬਧ ਅਰੰਭ ਕਰ ਦਿਤਾ ਨੇ। ਇਲਾਂ ਤੇ ਕਾਂਉਂ ਹੱਡੀਆਂ ਚੁਕ ਚੁਕ ਕੇ ਸ੍ਰੀ ਅੰਮ੍ਰਿਤਸਰ ਦੀ ਪਵਿਤ੍ਰਤਾ ਨਸ਼ਟ ਕਰ ਰਹੇ ਹਨ। ਏਹ ਸਭ ਕੁਝ ਸਿਖ, ਸ੍ਰਦਾਰਾਂ, ਜਾਗੀਰਦਾਰਾਂ, ਸਰਦਾਰ ਬਹਾਦਰਾਂ, ਰਾਜਿਆਂ ਮਹਾ—ਰਾਜਿਆਂ, ਨਿਹੰਗ ਸਿੰਘਾਂ ਪੁਜਾਰੀਆਂ ਦੇ ਸੌਹੇਂ ਹੀ ਹੋ ਰਿਹਾ ਏ। ਪਰ ਕੀ ਮਜਾਲ ਜੋ ਕਿਸੇ ਦੇ ਕੰਨ ਤੇ ਤਾਂ ਜੂੰ ਸਰਕੀ ਹੋਵੇ ? ਕੋਈ ਨਹੀਂ ਕੁਸਕਦਾ। ਉਫ ਨਹੀਂ ਕਰਦਾ ਆਹ! ਕਿਥੇ ਗਿਆ ਓਹ ਖਾਲਸਈ ਜੋਸ਼ ਅਤੇ ਕਿਥੇ ਗਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਹਾਦ੍ਰਾਨਾਂ ਸਿਪ੍ਰਿਟ ? ਦੀਨ ਦਯਾਲ, ਮੈਂ ਵੀ ਤੇ ਓਨ੍ਹਾਂ ਮੁਜੀਆਂ ਵਿਚੋਂ ਹੀ ਹਾਂ ਜੇਹੜਾ ਸਭ ਕੁਝ ਆਪਣੀ ਅਖੀਂ ਦੇਖਕੇ ਕਾਇਰਾਂ ਵਾਂਗੂੰ ਜਾਨ ਦੇ ਤ੍ਰਾਸ ਦਾ ਮਾਰਿਆ ਭਜ ਆਯਾ ਹਾਂ। ਮਰਿਆ ਨਹੀਂ । ਜ਼ੁਲਮ ਨੂੰ ਦੂਰ ਕਰਨ ਲਈ ਅਤੇ ਗਊ ਗ੍ਰੀਬ ਦੇ ਭਲੇ ਲਈ ਹਾਂ ਜੀ ਗੁਰੂ ਧਾਮ ਦੀ ਪਵਿਤ੍ਰਤਾ ਕਾਇਮ ਰਖਣ ਲਈ ਚਾਹੀਦਾ ਸੀ ਨਾ ਮੈਨੂੰ ਮਰ ਜਾਣਾਂ, ਪਰ ਮੈਂ ਮਰਿਆ ਨਹੀਂ

'ਦੁਸ਼ਟ ਸਭਨ ਕੋ ਮੂਲ ਉਖਾਰਨ'

ਦਾ ਆਦ੍ਰਸ਼ ਮੈਂ ਛਡ ਦਿਤਾ ਏ ਨਾ। ਤਦੇ ਤਾਂ ਮੈਂ ਰੋ ਰਿਹਾ ਹਾਂ, ਕਲਪ ਰਿਹਾ ਹਾਂ। ਗੁਰ ਧਾਮ ਦੀ ਬੇਅਦਬੀ ਹੋਵੇ ਤੇ ਮੈਂ ਅਖੀਂ ਤਕਕੇ ਅਣਡਿੱਠ ਕਰ ਛੱਡਾਂ। ਕਾਹਦਾ ਮੈਂ ਸਿੱਖ ਤੇ ਕਾਹਦੀ ਮੇਰੀ ਸਿੱਖੀ ? ਮੇਰੀਆਂ ਰਗਾਂ ਅੰਦਰ ਸਾਹਬ ਗੁਰੂ ਗੋਬਿੰਦ ਸਿੰਘ ਜੀ ਦੇ ਖ਼ੂਨ ਨੇ ਗੇੜਾ ਨਾ ਖਾਧਾ। ਧਿਕਾਰ ਹੈ ਮੇਰੇ ਸਿੰਘ ਨਾਉਂ ਨੂੰ। ਧ੍ਰਿਗ ਹੈ ਮੇਰੇ ਪਾਪੀ ਜੀਵਨ ਨੂੰ। ਪਰ ਨਹੀਂ

Sri Satguru Jagjit Singh Ji Elibrary NamdhariElibrary@gmail.com

ਸਚੇ ਪਾਤਸ਼ਾਹ ! ਮੈਂ ਆਗਯਾ ਲੈਣ ਆਯਾ ਹਾਂ। ਹਾਂ ! ਹਾਂ !! ਏਹੀ ਤੇ ਮੇਰੀ ਕਾਇਰਤਾ ਦੀ ਨਸ਼ਾਨੀ ਹੈ ਪ੍ਰਵਾਨੇ ਸ਼ਮਾਂ ਜਲੇ ਤੇ ਕਦੀ ਆਗਯਾ ਮੰਗਦੇ ਡਿਠੇ ਹਨ ? ਏਹ ਸਭ ਆਪਣੀ ਸਫਾਈ ਅਤੇ ਬਚਾਉ ਦੀਆਂ ਗਲਾਂ ਹਨ। ਤਦ ਕੀ ਹੁਣ ਜਾਵਾਂ। ਬੁਚੜਾਂ ਨੂੰ ਤਲਵਾਰ ਦੀ ਧਾਰ ਦੀ ਧਾਰ ਉਤਾਰਕੇ ਗਊ ਗਰੀਬ ਅਤੇ ਗੁਰ-ਧਾਮ ਲਈ ਪ੍ਰਾਨ ਨਛਾਵਰ ਕਰ ਦਿਆਂ। ਦਸੋ ਨਾ ਜੀ ! ਛੇਤੀ ਦਸੋ। ਦਿਓ ਨਾ ਆਗਯਾ ਹੁਨ ਤੇ ਜ਼ੁਲਮ ਦੀ ਹਦ ਹੋ ਚੁਕੀ ਏ। ਪਾਪਾਂ ਦਾ ਪਯਾਲਾ ਲਬਾ-ਲਬ ਭਰਪੂਰ ਹੋ ਚੁਕਾ ਏ। ਜ਼ੁਲਮ ਦਾ ਬੇੜਾ ਭਰ ਚੁਕਾ ਏ ਦਸੋ ਨਾਥ ! ਛੇਤੀ ਦਸੋ ਜਾਈਏ ? ਕੀ ਹੁਕਮ ਹੈ ? ਦਿਓ ਨਾ ਜੀ ਆਗਯਾ।''

ਭਾਈ ਸਾਹਿਬ ਦੇ ਏਸ ਕਥਨ ਨੇ ਸੰਗਤਾਂ ਨੂੰ ਬੁਤ ਬਣਾ ਦਿਤਾ ਸਭ ਦੇ ਨੇਤ੍ਰਾਂ ਵਿਚੋਂ 'ਨੀਰ ਵਹੈ ਵਹਿ ਚਲੈ ਜੀਉ' ਦਾ ਦ੍ਰਿਸ਼ਯ ਦ੍ਰਿਸ਼ਟੀ ਗੋਚਰ ਹੋ ਰਿਹਾ ਏ। ਲੂੰ ਕੰਡੇ ਹੋ ਗਏ ਹਨ। 'ਬਖ਼ਸ਼ ਲੈ ਰਖ ਲੈ' ਦੇ ਅਵਾਜ਼ੇ ਦੀਵਾਨ ਵਿਚੋਂ ਔਣ ਲਗ ਪਏ ਹਨ, ਸਤਿਗੁਰੂ ਜੀ ਚੁਪ ਹਨ ਨੇਤ੍ਰ ਮੀਟੇ ਹੋਏ ਹਨ ਸਮਾਧੀ ਲਗੀ ਹੋਈ ਏ। ਚਾਰੇ ਪਾਸੇ ਚੁਪ ਵਰਤ ਗਈ। ਪਲਕ ਮਗਰੋਂ ਸਤਿਗੁਰ ਸਚੇ ਪਾਤਸ਼ਾਹ ਨੇ,

'ਭਲੇ ਬੁਰੇ ਕੀ ਪੀਰ ਪਛਾਨਤ'

ਵਾਲੇ ਸਾਂਈ ਨੇ ਇਕ ਲੰਮਾਂ ਤੇ ਠੰਢਾ ਹੌਕਾ ਭਰਿਆ ਨਾਲ ਹੀ ਦੋ ਚਾਰ ਟੇਪੇ ਨੇਤ੍ਰਾਂ ਵਿੱਚੋਂ ਨੀਰ ਦੇ ਕਿਰੇ ਅਤੇ ਸਿੰਘ ਵਲ ਨਿਗਾਹ ਕਰਕੇ ਭਰਾਈ ਅਵਾਜ ਨਾਲ ਬਚਨ ਕੀਤਾ:-

'ਭਾਈ, ਸਾਨੂੰ ਤੁਹਾਡੇ ਤੋਂ ਪਹਿਲਾਂ ਇਸ ਗਲ ਦੀ ਖਬਰ ਮਿਲ ਚੁੱਕੀ ਏ। ਅਸੀਂ ਓਦੋਂ ਤੋਂ ਹੀ ਅਕਾਲ ਪੁਰਖ ਦੀ ਦਰਗਾਹ ਵਿਚ ਅਰਜ਼ ਕਰ ਰਹੇ ਹਾਂ ਕਿ ਸਾਂਈ ਏਨ੍ਹਾਂ ਪਾਪੀਆਂ ਨੂੰ ਵੀ ਸਮੱਤੇ ਲਾ ਤੇਰਾ ਬਖਸ਼ਸ਼ ਦਾ ਦਰ ਹੈ, ਏਨ੍ਹਾਂ ਤੇ ਵੀ ਕੋਈ ਮੇਹਰ ਦਾ ਛੱਟਾ ਛਡ। ਆਹ ! ਦੇਸ ਤੇ ਕਹਿਰ ਦੇ ਝਖੜ ਝੁਲ ਰਹੇ ਹਨ। ਗਊ ਗਰੀਬ ਦੁਖੀ ਹਨ, ਰੋ ਰਹੇ ਹਨ। ਕੋਈ ਪੁਕਾਰ ਨਹੀਂ ਸੁਣਦਾ ਧੀਰਜ ਨਹੀਂ ਬਨ੍ਹਾਂਦਾ। ਹੇ ਨਾਥ ! ਏਨ੍ਹਾਂ ਪਿਛੇ ਮੈਨੂੰ ਜੋ ਦੁਖ ਦੇਣਾ ਹੈ ਦੇ ਲੈ ਮੇਰੇ ਸਰੀਰ ਦੀ ਬੋਟੀ ਬੋਟੀ ਕਰਦੇ। ਪਰ ਮੇਰੀਆਂ ਅਖਾਂ ਅਗੇ ਗਊ ਗਰੀਬ ਨੂੰ ਦੁਖ ਨ ਵਿਖਾਲ। ਭਾਈ ਜੇ ਸਤਿਗੁਰੂ ਨੇ ਮੇਰੀ ਬੇਨਤੀ ਸੁਣਕੇ ਗਊਆਂ ਦੀ ਰਖਿਆ ਕਰ ਦਿੱਤੀ ਤਾਂ ਤੇ ਬਚਾ ਹੋ ਜਾਇਗਾ ਨਹੀਂ ਸਾਰੀ ਪ੍ਰਿਥਵੀ ਬੜਾ ਦੁਖ ਪਾਇਗੀ। ਗਊਆਂ ਬਿਲੇ ਖਾ ਲੈਣਗੇ। ਇਸ ਅਧਰਮ ਕਾਰਨ ਬਰਖਾ ਓਦ ਬੰਦ ਹੋ ਜਾਇਗੀ ਜਿਮੀਂਦਾਰਾਂ ਨੂੰ ਬੈਲ ਮਿਲਨੋਂ ਰਹਿ ਜਾਣਗੇ। ਇਸ ਤਰਾਂ ਏਹ ਅੰਨ, ਜਨ ਧਨ ਪੂਰਤ ਭਾਰਤ ਤਬਾਹ ਹੋ ਜਾਇਗਾ। ਏਹ ਠੀਕ ਹੈ ਕਿ ਜ਼ੁਲਮ ਦੀ ਹੁਣ ਹਦ ਹੋ ਚੁਕੀ ਏ ! ਏਹ ਠੀਕ ਏ ਕਿ ਇਨਸਾਫ ਦਾ ਕਿਤੇ ਨਾਉਂ ਨਸ਼ਾਨ ਬਾਕੀ ਨਹੀਂ ਰਿਹਾ, ਪਰ ਕੀ ਸਿਰ ਦਾ ਬਦਲਾ ਸਿਰ ਹੈ ? ਨਹੀਂ ਮੈਂ ਏਸ ਨੀਤੀ ਦਾ ਵਿਰੋਧੀ ਹਾਂ ਮੈਂ ਜ਼ਾਲਿਮ ਆਤਮਾਂ ਤੇ ਵੀ ਵਾਰ ਕਰਨ ਦੀ ਆਗਯਾ ਨਹੀਂ ਦੇ ਸਕਦਾ ਮੈਂ ਤਲਵਾਰ ਦੇ ਕਬਜ਼ੇ ਤੇ ਹੱਥ ਰਖਣ ਦੇ ਸਖਤ ਖਿਲਾਫ ਹਾਂ ਮੈਂ ਤੇ ਸ਼ਸਤਰਾਂ ਦਾ ਖ਼ਾਤਮਾਂ ਕਰਕੇ ਏਨ੍ਹਾਂ ਹਿੰਸਕ ਪਦਾਰਥਾਂ ਦਾ ਬੀ

ਮਕੋਣ ਲਈ ਆਯਾ ਹਾਂ ਮੈਂ ਅਹਿੰਸਾ ਦਾ ਪ੍ਰਚਾਰ ਕਰਨ ਲਈ ਆਇਆ ਹਾਂ ਅਤੇ ਲੋਕਾਂ ਨੂੰ ਬੜੇ ਬੜੇ ਆਦਮ ਖੋਰ ਹਿੰਸਕ ਪਸ਼ੂਆਂ ਦਾ ਸ਼ਿਕਾਰ, ਪਯਾਰ ਦੀ ਤਲਵਾਰ ਨਾਲ ਕਰਨ ਦੀ ਜਾਚ ਦਸਣ ਆਇਆ ਹਾਂ। ਤਲਵਾਰ ਫੜਨ ਦਾ ਮੈਨੂੰ ਹੁਕਮ ਨਹੀਂ। ਨਹੀਂ! ਨਹੀਂ!

ਮੈਂ ਤਲਵਾਰ ਆਦਿ ਹਿੰਸਾ ਦੀ ਮੂਰਤੀ ਦੁਨੀਆਂ ਤੇ ਨਹੀਂ ਰਹਿਣ ਦੇਣੀ। ਮੈਂ ਦੇਹ ਨੂੰ ਨਹੀਂ ਮਾਰਨਾ ਆਤਮਾ ਨੂੰ ਮਾਰਨਾ ਹੈ, ਆਤਮਾਂ ਨੂੰ ਪਾਕ ਕਰਕੇ ਓਸ ਵਿਚੋਂ ਕਦੂਰਤ ਦੂਰ ਕਰਨੀ ਹੈ। ਮੈ ਮਾਲਾ ਨਾਲ ਸਭ ਕੁਝ ਠੀਕ ਕਰ ਲਵਾਂਗਾ ਜਰਾ ਸਬਰ ਕਰੋ। ਮੇਰੇ ਵਲ ਤਕਦੇ ਰਹੋ। ਸਭ ਤੋਂ ਪਹਿਲਾ ਕੰਮ ਮੇਰਾ ਪੰਥ ਨੂੰ ਜਥੇ-ਬੰਦ ਕਰਕੇ ਸਿਖ ਰੂਪ ਫੁਲਵਾੜੀ ਨੂੰ ਸਰ-ਸਬਜ ਕਰਨਾ ਹੈ। ਅਜੇ ਤਾਂ ਲੋਕੀ ਸਿਖ ਧਰਮ ਨੂੰ ਹੀ ਜਵਾਬ ਦੇ ਚੁਕੇ ਹਨ ਨਾਸਤਕਤਾ ਵਧ ਰਹੀ ਏ। ਸਿਖਾਂ ਦੇ ਪੁਤ੍ਰ ਫੈਸ਼ਨ ਪ੍ਰਸਤੀ ਦੇ ਰੋੜ੍ਹ ਵਿਚ ਰੁੜ੍ਹਕੇ ਸਿਖੀ ਨੂੰ ਜਵਾਬ ਦਈ ਜਾ ਰਹੇ ਹਨ। ਭਜਨ ਬਾਣੀ ਦਾ ਪ੍ਰਚਾਰ ਉਕਾ ਹੀ ਨਹੀ ਗੁਰੂ ਗ੍ਰੰਥ ਅਲਮਾਰੀ ਵਿਚ ਪਇਆਂ ਨੂੰ ਉਲੀ ਤੇ ਚੂਹੇ ਖਾ ਰਹੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੂਰ ਬੀਰ ਅਣਖੀਲੇ ਪੰਥ ਦੇ ਭੁਜੰਗੀ ਗੁਲਾਮੀ ਦੇ ਨਸ਼ੇ ਵਿਚ ਚੂਰ ਚੂਰ ਹੋਕੇ ਟਕੇ ਟਕੇ ਤੋਂ ਆਪਣਾ ਸਿਰ ਮਲੇਛਾਂ ਦੇ ਹਥ ਵੇਚ ਰਹੇ ਹਨ ਕੀ ਆਪ ਦੇਖ ਨਹੀਂ ਰਹੇ:-

"ਜਾਗ ਜਿਨਕੇ ਬਡੇਰੇ ਬਾਣੀ ਪੜ੍ਹਤੇ ਸਵੇਰੇ, ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨ ਕਰੇਂ! ਤਿਨਹੀ ਕੇ ਨਾਤੀ ਧੂਪ ਦੀਪ ਕੀ ਕਹਾਂ ਬਿਖ ਜਾਤੀ, ਪਾਇ ਹੈਂ ਨਾਂ ਝਾਤੀ ਮੂਸ ਖਾਤ ਗ੍ਰੰਥ ਕੋ ਪਰੇਂ। 'ਜਪੁਜੀ' ਨਾ ਰਹੁ-ਰਾਸ ਸੁਨੇ ਪੜ੍ਹੇਂ ਕਬੀ ਖਾਸ, ਔਰ ਜੇ ਪਵਿਤ ਪਾਸ ਹਾਸ ਤਿਨ ਯੌ ਕਰੇਂ! ਕਹਾਂ ਰਬ ਬਹਿਰਾ ਹੈ, ਗਹਿਰਾ ਪੁਕਾਰੇ ਜੋ ਤੂੰ, ਸਹਿਰਾ ਮੈ ਜਾਇ ਲੁਕਮੇ ਰਝਾਇ ਲੈ ਤਰੇਂ! ਔਰੇ ਰੀਤ ਔਰੇ ਮੀਤ ਔਰੇ ਪ੍ਰਤੀਤ ਪ੍ਰੀਤ, ਖਾਨ ਪਹਿਰਾਨ ਗਯਾਨ ਮਾਨ ਔਰੇ ਜਨਕੇ! ਡਾਰੇ ਦਸਤਾਰੇ ਸਾਫੇ ਧਾਰੇ ਹੈਂ ਸੰਭਾਰੇ ਅਛੇ, ਕਛੇ ਤਜ ਗਏ ਧੋਤੀ ਸੁਥੂ ਤੰਗ ਤਨਕੇ! ਧਾਰੇ ਹੈਂ ਗਰਾਰੇ ਤੰਬੇ ਤਹਿਮਤ ਅਧਕ ਲੰਬੇ, ਜਿਨੈ ਦੇਖ ਸਿਖੀ ਗਊ ਕੰਬੇ ਤੁਰਕ ਗਨ ਕੈ; ਸਿਖੀ ਦਸਮੇਸ ਕੀ ਸੁ ਕੀ ਅਪਰ ਦੇਸਕੀ ਅਸਿਖੀ ਪਰੀ ਪੇਸ਼ਗੀ ਛਿਨਾਰ ਬਨ ਠਨਕੇ! ਕੇਈ ਬਾਰ ਪਾਰੇਂ ਓਚੇਂ ਨਾਕ ਨੋਚੈਂ ਮੋਚਨੇ ਲੈ, ਕਈ ਖੋਚੈਂ ਲਤਨ ਕੋ ਸੋਚੈਂ ਨਾ ਲਖਾਇ ਹੈਂ! ਕੋਊ ਦਾੜ੍ਹੇਂ ਹੀ ਉਖਾੜੇਂ ਮੂਛੇਂ ਪਾੜੇਂ ਝਾੜਨ ਜਿਉਂ, ਪੂਛ ਸੇਤ ਛਾੜੇਂ, ਕੋਊ ਸਾੜੇਂ ਦਵਾ ਲਾਇ ਹੈਂ! ਬਗਲੇਂ ਉਪਾਰੈਂ ਕੋਊ ਤੋਰੈਂ ਸੌਹੇਂ ਕੀ ਉਖਾਰੇਂ, ਨਾਸਕਾਂ ਕੋ ਫਾਰੇਂ ਹਾਥ ਮਾਥ ਪੈ ਚਲਾਇ ਹੈਂ! ਸਿਖਨ ਕੇ ਪੂਤ ਮਜਬੂਤ ਸਿੰਘ ਨਾਮ ਵਾਰੇ, ਹਾਇ! ਵੇ ਕਸਾਈ ਰਹੇ ਸਿਖੀ ਗਊ ਘਾਇ ਹੈਂ!

(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ)

ਸਿਖੀ ਦੀ ਏਹ ਦਸ਼ਾ ਹੈ, ਸੋ ਸਭ ਤੋਂ ਪਹਿਲਾਂ ਮੇਰਾ ਫਰਜ਼ ਸਿਖ ਰੂਪ ਮੁਰਝਾਈ ਹੋਈ ਫੁਲਵਾੜੀ ਨੂੰ ਸਰ ਸਬਜ ਕਰਕੇ ਦਸਮ ਗੁਰੂ ਦੀ ਅਲੋਪ ਹੋਈ ੨ ਮਰਯਾਦਾ ਦਾ ਪ੍ਰਚਾਰ ਕਰਨਾ ਹੈ। ਫਿਰ ਹੋਰ ਕੁਝ ਕਰਾਂਗਾ ਆਪਨੂੰ ਬਹੁਤ ਫਿਕਰ ਕਰਨ ਦੀ

ਲੋੜ ਨਹੀਂ 'ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ ਹੈ'। ਏਨ੍ਹਾ ਦਾ ਪਾਪ ਏਨ੍ਹਾਂ ਦੇ ਮਾਰਨ ਲਈ ਕਾਫੀ ਹੈ। ਇਸ ਪਾਪ ਰਾਜ ਦਾ ਹੁਣ ਅੰਤ ਆ ਗਿਆ ਏ। ਏਹ ਬੇੜਾ ਹੁਣ ਜਰਜਰਾ ਹੋ ਚੁਕਾ ਏ। ਬਸ ਏਹ ਹੁਣ ਅਜ ਕਲ ਹੀ ਰਸਾਤਲ ਪੁਜ ਜਾਸੀ। ਮੈ ਸਿਖੀ ਦੇ ਪ੍ਰਚਾਰ ਲਈ ਤੇ ਭਾਰਤ ਦੀ ਅਜਾਦੀ ਲਈ, ਸੂਬਿਆਂ ਵਲ ਨਿਗਾਹ ਕਰਕੇ, ਆਪ ਨੂੰ ਭੇਜਦਾ ਹਾਂ। ਜਾਓ ਬਾਬਾ ਜਵਾਹਰ ਸਿੰਘ ਜੀ ਤਖਤੂ ਪੁਰੇ ਦਾ ਅਤੇ ਮੁਕਤ ਸਰ ਦਾ ਅਲਾਕਾ ਸੰਭਾਲੋ। ਜਾਓ ਬਾਬਾ ਸੁਧ ਸਿੰਘ ਜੀ ਮੈਨਦੁਆਬ ਦੇ ਸਰਦਾਰਾਂ ਨੂੰ ਜਿਖੀਓਂ ਪਤਤਿ ਹੋ ਚੁਕੇ ਜਗੀਰਦਾਰਾਂ ਨੂੰ ਨਾਮ ਦੀ ਦਾਤ ਦੇਕੇ ਸਿਖੀ ਮੰਡਲ ਵਿਚ ਦਾਖਲ ਕਰੋ। ਜਾਓ ਬਾਬਾ ਨਿਹੰਗ ਸਿੰਘ, ਕਾਨ੍ਹ ਸਿੰਘ ਜੀ ਨਾਭੇ, ਪਟਿਆਲੇ, ਸੰਗਰੂਰ ਦੀਆਂ ਸੰਗਤਾਂ ਨੂੰ ਗੁਰ ਸਿਖੀ ਦੀ ਜਾਚ ਦਸੋ। ਜਾਓ ਬਾਬਾ ਸਾਹਿਬ ਸਿੰਘ ਜੀ, ਤੇ ਬ੍ਰਹਮਾਂ ਸਿੰਘ ਜੀ ਬਿਆਸਾ ਤੋਂ ਪਾਰ ਮਾਝਾ, ਨੱਕਾ ਵਿਰਕ, ਆਦਿ ਅਲਾਕਿਆਂ ਵਿਚ ਸਤਿਨਾਮ ਦਾ ਝੰਡਾ ਗਡੋ।

ਇੰਵ 'ਜਹਾਂ ਤਹਾਂ ਤੇ ਧਰਮ ਚਲਾਇ, ਕਬੁਧਿ ਕਰਨ ਤੇ ਲੋਕ ਹਟਾਇ' ਦੀ ਆਗਜਾ ਮੰਨਣ ਵਾਲੇ ਸਚੇ ਪਾਤਸ਼ਾਹ ਨੇ ਸਭ ਮਹਾਂ-ਪੁਰਸ਼ ਧਰਮ ਪ੍ਰਚਾਰ ਅਤੇ ਅਧਰਮ ਪ੍ਰਹਾਰ ਲਈ ਸਭ ਅਲਾਕਿਆਂ ਵਿਚ ਭੇਜ ਦਿਤੇ ਅਤੇ ਆਪ ਵੀ ਆਪਣੇ ਪਾਵਨ ਚਰਨ ਪਾਕੇ ਬੇਅੰਤ ਨਗਰ ਅਤੇ ਅਨੇਕ ਸੰਗਤਾਂ ਦਾ ਉਧਾਰ ਕੀਤਾ। ਓਸ ਵੈਰਾਗੀਸਿੰਘ ਨੂੰ ਬਹੁਤ ਸਾਰੀ ਧੀਰਜ ਦਿਤੀ ਅਤੇ ਕਿਹਾ ਕਿ ਤੁਸੀ ਅਨੰਦ ਨਾਲ ਦੇਖੋਂ ਅਕਾਲ ਪੁਰਖ ਨੂ ਸਭ ਫਿਕਰ ਹੈ। ਓਹ ਗਊ ਗ੍ਰੀਬ ਦੀ ਪੁਕਾਰ ਆਪੇ ਹੀ ਸੁਣੇਗਾ ਅਤੇ ਆਪ ਹੀ ਗੁਰਦੁਆਰੇ ਦੀ ਪਵਿਤ੍ਰਤਾ ਕੈਮ ਰਖੇਗਾ। ਫਿਰ ਸਤਿਗੁਰੂ ਸਚੇ ਪਾਤਸ਼ਾਹ ਨੇ ਰਾਇ ਸਿੰਘ ਵਲ ਨਿਗਾਹ ਕੀਤੀ। ਅਤੇ ਕਿਹਾ:—

"ਭਾਈ ਰਾਇ ਸਿੰਘ ਜੀ! ਅਸਾਂ ਖਾਲਸਾ ਪੰਥ ਦੀ ਮੁੜ ਸਥਾਪਨਾ ਕਰਨੀ ਏ', ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਰਯਾਦਾ ਮੁੜ ਸੰਸਾਰ ਤੇ ਇਸਥਿਤ ਕਰਨੀ ਏਂ। ਇਸ ਲਈ ਆਪ ਹਜ਼ੂਰ ਸਾਹਿਬ ਜਾਓ ਅਤੇ ਕਲਗੀਆਂ ਵਾਲੇ ਪਾਤਸ਼ਾਹ ਦੇ ਹੁਕਮ ਅਤੇ ਖਾਲਸਾ ਪੰਥ ਦੀ ਰਹਿਤ ਸਭ ਲਿਖਕੇ ਲਿਆਓ।"

ਰਾਇ ਸਿੰਘ!—ਸਤਿ ਬਚਨ, ਦੀਨਾਂ ਨਾਥ, ਜੋ ਆਪ ਕਰਾਓਗੇ ਕਰਨ ਲਈ ਹਾਜਰ ਹਾਂ। ਮੇਰੀ ਕੀ ਤਾਕਤ ਹੈ ਜੋ ਇਕ ਕਦਮ ਵੀ ਪੁਟ ਸਕਾਂ 'ਉਦਮ ਮਤਿ ਪ੍ਰਭ ਅੰਤ੍ਰਜਾਮੀ ਜਿਉਂ ਪ੍ਰੇਰੇ ਤਿਉਂ ਕਰਨਾਂ' ਜਿਵੇਂ ਪ੍ਰੇਰੋਗੇ, ਜਿਵੇਂ ਖਿਲਾਓਗੇ ਖੇਲੀ ਜਾਵਾਂਗਾ, ਆਪ ਨੇ ਹੀ ਸਭ ਕੁਝ ਕਰਨਾ ਹੈ। ਮੇਰੀ ਅਜੇਹੀ ਤਾਕਤ ਕਿਥੋਂ ਅਤੇ ਮੇਰੇ ਅਜੇਹੇ ਭਾਗ ਕਿਥੋਂ ਜੋ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਸਚਖੰਡ ਦੁਬਾਰ ਸ੍ਰੀ ਅਬਚਲ ਨਗਰ, ਹਜੂਰ ਸਾਹਿਬ ਦੇ ਦ੍ਰਸਨ ਕਰਾਂ ਏਹ ਸਭ ਆਪ ਦੀ ਹੀ ਕ੍ਰਿਪਾ ਹੈ ਤੇ ਨਿਵਾਜਸ਼ ਹੈ।"

ਸਤਿਗੁਰੂ ਜੀ:—

"ਧੰਨ ਸਿਖੀ, ਧੰਨ ਪਯਾਰ, ਭਾਈ ਜਿਸ ਚੀਜ ਦੀ ਲੋੜ ਹੈ ਲਓ ਤੇ ਤਿਆਰੇ ਅਜ ਹੀ ਕਰੋ ਅਤੇ:—

"ਕਹਿਓ ਜਾਉ ਸ੍ਰੀ ਅਬਚਲ ਨਗਰੀ।
ਦਸਮੇਸੁਰ ਕੀ ਰੀਤੀ ਸਗਰੀ।

Sri Satguru Jagjit Singh Ji Elibrary NamdhariElibrary@gmail.com

ਕਛਕ ਰੋਜ ਰਹਿ ਕਰ ਤਹਿ ਭਾਈ।
ਲਿਖ ਲਿਆਵੋ ਰੀਤੀ ਸਮਦਾਈ।
ਗੁਰੂ ਗ੍ਰੰਥ ਕੇ ਸਹਿ ਅਰਥਾਊ।
ਊਹਾਂ ਰਹੋ ਭੋਗ ਸਭ ਪਾਊ।
ਸਿੰਘਨ ਰੀਤ ਨਿਤਾ ਪ੍ਰਤਿ ਜੇਤੀ।
ਲਿਖ ਕਰ ਲਿਆਉ ਦਿਖੋਂ ਮੈਂ ਤੇਤੀ।"

ਪਰ ਰਾਇ ਸਿੰਘ ਜੀ ਏਹ ਖਯਾਲ ਰਖਣਾ ਅਤੇ ਮੇਰਾ ਬਚਨ ਭੁਲਾਣਾ ਨਹੀਂ :—

"ਤੁਮ ਕਹਿ ਜੋ ਕੌਊ ਭੇਟ ਚੜ੍ਹਾਇ।
ਊਹਾਂ ਕੀ ਊਹਾਂ ਦਿਹੁ ਲਾਇ।
ਕੌਡੀ ਏਕ ਲਵੋ ਤੁਮ ਨਾਹੀ।
ਸ਼ਾਦੀ ਭੀ ਕਰਵਾਇਓ ਨਾਂਹੀ।
ਸਭ ਸੁਧ ਜਲਦ ਲਿਆਇ ਦੇਹੁ ਮੋਕੋ।
ਕਹੀ ਮੋਹੁ ਭੂਲੇ ਮਤ ਤੋ ਕੋ।"

ਰਾਇ ਸਿੰਘ ਜੀ ਨੇ ਹੁਕਮ ਸੁਣਕੇ ਬੇਨਤੀ ਕੀਤੀ, ਸਚੇ ਪਾਤਸ਼ਾਹਾ ਆਪਦਾ ਹੁਕਮ ਸਿਰ ਮਥੇ ਤੇ ਆਪਦੀ ਆਗਿਆ ਸਿਰੋ ਧਾਰਯ। ਮੈਨੂੰ ਕੋਈ ਉਜਰ ਨਹੀਂ ਪਰ ਇਕ ਬੇਨਤੀ ਹੈ :—

"ਸੁਣ ਕਰ ਰਾਇ ਸਿੰਘ ਸਤ ਮਾਨੀ।
ਇਵ ਕਰ ਜੋਰ ਬੇਨਤੀ ਠਾਨੀ।
ਪ੍ਰਭ ਜੀ ਜਾਉਂ ਅਬੀ ਸੁਰ ਸਾਰਾ।
ਦੇਖ ਆਵੋਂ ਦਸਮੇਂ ਗੁਰਦ੍ਵਾਰਾ।
ਮੋ ਮੈਂ ਕ੍ਰਿਪਾ ਦ੍ਰਿਸਟਿ ਪ੍ਰਭੁ ਕਰੀਯੇ।
ਦੀਨ ਦਾਸ ਕੇ ਕਰ ਸਿਰ ਧਰੀਯੇ।'

ਸਤਿਗੁਰੂ ਜੀ :—

"ਅੰਤ੍ਰ ਨਾ ਭੂਲੋ ਬਚ ਮੇਰੇ।
ਜਾਉ ਗੁਰੂ ਰਖਵਾਲੇ ਤੇਰੇ।"
ਸੀਸ ਹਾਥ ਧਰ ਕਹਿਓ ਗੁਸਾਂਈ।
ਊਹਾਂ ਬਿਆਹ ਕਰਾਣਾ ਨਾਂਹੀ।
ਕੋ ਵਾਂਕੀ ਭੇਟਾ ਨਹੀਂ ਲੇਣੀ।
ਪੂਜਾ ਊਹਾਂ ਚਾਹੀਏ ਦੇਣੀ।
ਸਤਿ ਬਚਨ ਕਹਿ ਰਾਇ ਸਿੰਘ ਚਲੇ।
ਸਿਦਕ ਵਾਨ ਗੁਰੁ ਕੇ ਸਿਖ ਭਲੇ।
ਗਾਡੀ ਰੇਲ ਨ ਯਕ੍ਰਾ ਕੋਈ।
ਤਾ ਦਿਨ ਨਾ ਥੇ ਚਾਲੇ ਸੋਈ।
ਪੰਥ ਕਠਨ ਭੀਲਨ ਕੋ ਬਾਸਾ।
ਸ਼ੇਰ ਬਘੇਲੇ ਕਰਤ ਬਿਨਾਸਾ।
ਮਿਲ ਕਰ ਜਾਤੇ ਬੀਸ ਪਚੀਸ।
ਜਾ ਦਿਨ ਗਏ ਰਾਏ ਮ੍ਰਿਗ-ਈਸ।
ਮੂਰਤਿ ਗੁਰ ਉਰ ਮੇ ਧਰ ਕਰਕੇ।
ਸੁੰਦਰ ਚਲਾ ਜਾਤ ਭੈ ਹਰਕੇ।"

(ਸ੍ਰੀ ਸਤਿਗੁਰੂ ਬਿਲਾਸ)

ਪਾਠਕ ! ਰਾਇ ਸਿੰਘ ਜੀ, ਸਤਿ ਬਚਨ ਕਹਿਕੇ ਨਮਸ਼ਕਾਰ ਕਰਕੇ, ਬੈਰਾਗ ਨਾਲ 'ਲੋਚਨ ਭਰੀ ਲੇ ਉਸਾਸਾ' ਤੁਰ ਪਏ। ਓਨ੍ਹਾਂ ਦਿਨਾਂ ਵਿੱਚ ਸ੍ਰੀ ਹਜ਼ੂਰ ਸਾਹਿਬ ਜਾਣਾ ਕੋਈ ਹਾਸਾ ਠਠਾ ਨਹੀਂ ਸੀ। ਸਫਰ ਖਾਲਾ ਜੀ ਦਾ ਘਰ ਨਹੀਂ ਸੀ। ਰਸਤੇ ਦੇ ਜਾਣੂ ਨਹੀਂ ਸਨ, ਜੰਗਲ ਵਿੱਚ ਹਿੰਸਕ ਪਸ਼ੂਆਂ ਦਾ ਤੇ ਚੋਰਾਂ ਦਾ ਡਰ ਸੀ ਪਰ ਕੀ ਹੋਯਾ :—

{"ਨਾਗਾਂਵਾੜਸਮੁੰਦਘਰਕੇਹਰਖੜੇ-ਬੁਕੰਨ}
{ਜੇ ਜਮ ਹੋਵੇ ਪਾਹਿਰੂ ਪ੍ਰੇਮੀ ਚਲ ਮਿਲੰਨ"}

ਭਾਈ ਰਾਇ ਸਿੰਘ ਜੀ ਨਮਸ਼ਕਾਰ ਕਰਕੇ ਖੁਸ਼ੀ ਖੁਸ਼ੀ ਸ੍ਰੀ ਅਬਚਲ ਦੇ ਦ੍ਰਸ਼ਨਾਂ ਨੂੰ ਚਲੇ, ਸਤਿਗੁਰਾਂ ਨੇ ਫੇਰ ਕੰਡ ਤੇ ਥਾਪੜਾ ਦੇਕੇ ਕਿਹਾ ਜਾਓ ਬੇਟਾ ! ਜਾਓ ਪੁਤ੍ਰ ! ਮੈ ਸਦਾ ਤੁਹਾਡੇ ਅੰਗ ਸੰਗ ਹਾਂ।

'ਅੰਤਰ ਨਾਂ ਭੂਲੋ ਬਚ ਮੇਰੇ।
ਜਾਓ ਗੁਰੂ ਰਖਵਾਲੇ ਤੇਰੇ।"

ਕਹਿੰਦਿਆਂ ਹੋਯਾਂ ਸਤਿਗੁਰੂ ਸਚੇ ਪਾਤ-ਸ਼ਾਹ ਨੇ ਭਾਈ ਰਾਇ ਸਿੰਘ ਨੂੰ ਤੋਰਿਆ।

(੪)

–:oo:–

ਸੁੰਨਸਾਨ ਨਿਰਜਨ ਬਨ, ਨਾ ਵਸਤੀ ਤੇ ਨਾਂ ਗਿਰਾਂ ਨਾਂ ਕੋਈ ਜਾਣ ਤੇ ਨਾਂ ਪਛਾਣ। ਰਸਤੇ ਦੀ ਨਾਂ-ਵਾਕਫੀ। ਪਰ ਭਾਈ ਰਾਇ ਸਿੰਘ ਜੀ, ਪਯਾਰੇ ਚੀਨੀ ਵਾਲੇ ਦਾਤਾਰ ਦੇ ਹੁਕਮ ਅਨੁਸਾਰ, ਦਸਮੇਸ਼ ਜੀ ਦੇ ਸਚ ਖੰਡੀ ਦ੍ਰਬਾਰ ਦੇ ਦ੍ਰਸ਼ਨ ਲਈ ਡਾਢੀ ਉਤਾਵਲਤਾ ਨਾਲ ਚਲੇ ਜਾ ਰਹੇ ਹਨ। ਅਤੇ ਦਿਲ ਵਿੱਚ, ਈਹੋ, ਹਾਂ ਜੀ ! ਇਕਾ-ਇਕ ਈਹੋ ਲਗਨ ਹੈ ਕਿ ਕਦੋਂ ਸ੍ਰੀ ਅਬਚਲ ਨਗਰ ਜੀ ਦੇ ਦੀਦਾਰ ਕਰਕੇ ਅਖੀਆਂ ਪਾਵਨ ਕਰਾਂ ਅਤੇ ਕਦੋਂ ਮੁੜ ਪਯਾਰੇ ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿਖੇ ਹਾਜਰ ਹੋਵਾਂ। ਸਤਿ ਗੁਰੂ ਜੀ ਮੇਰੇ ਤੇ ਪ੍ਰਸੰਨ ਹੋਣ। ਮੈਨੂ, ਥਾਪੜਾ ਦੇਣ। ਕਿਰਪਾ ਭਰੀ, ਪਯਾਰ ਭਰੀ, ਪ੍ਰੇਮ ਭਰੀ। ਹਾਂ ਜੀ ! ਮੇਹਰ ਭਰੀ ਨਿਗਾਹ ਨਾਲ ਮੇਰੇ ਵਲ ਤਕਣ ਅਤੇ ਖ਼ੁਸ਼ੀ ਨਾਲ ਆਖਣ 'ਨਿਹਾਲ ! ਭਾਈ ਰਾਇ ਸਿੰਘ, ਨਿਹਾਲ !!' ਬਸ ਮੇਰੇ ਪੈਂਡੇ ਦੇ ਉਸ ਦਿਨ ਸਭ ਦੁਖ ਭੁਲ ਜਾਣਗੇ, ਮੇਰੀ ਘਾਲ ਵਰ ਆ ਜਾਇਗੀ। ਮੇਰਾ ਜੀਵਨ ਸਫਲ ਹੋ ਜਾਇਗਾ। ਫੇਰ ਮੇਰਾਂ ਔਣਾ ਹਾਂਜੀ ਦੁਨੀਆਂ ਤੇ ਔਣਾ ਉਸੇ ਦਿਨ ਸਫਲ ਹੋ ਜਾਇਗਾ। ਸਚੀ ਮੁਚੀ ਉਸ ਦਿਨ ਮੈਂ ਜੇਹਾ ਵਡਭਾਗਾ ਹੋਰ ਕੌਣ ਹੋਵੇਗਾ। ਮੇਰੀ ਵਡਯਾਈ ਦੇਖਕੇ ਮੇਰੀ ਕਿਸਮਤ ਤਕਕੇ ਓਸ ਦਿਨ ਦੇਵਤੇ ਈਰਖਾ ਕਰਨਗੇ। ਦੀਨਾਂ ਨਾਥ ! ਪਯਾਰੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ, ਮੇਹਰ ਕਰ ਅਤੇ ਮੈਨੂ ਛੇਤੀ ਤੋਂ ਛੇਤੀ ਆਪਣੇ, ਅਰਸ਼ੀ ਦ੍ਰਬਾਰ, ਦੇ ਦੀਦਾਰ ਕਰਾ।

ਇਸਤ੍ਰਾਂ ਦੀ ਕਲਪਨਾਂ ਕਰਦੇ ਹੋਏ ਸ੍ਰੀ ਮਾਨ ਭਾਈ ਰਾਇ ਸਿੰਘ ਜੀ ਪੰਜਾਬੋਂ ੯ ਸੌ ਕੋਹਾਂ ਤੇ ਵਾਹੋ ਦਾਹੀ–ਵਗੋ-ਤਗੀ ਗੁਰ ਧਾਮ ਪਰਸਨ ਲਈ ਚਲੇ ਜਾ ਰਹੇ ਹਨ !

ਸੁੰਨਸਾਨ ਜੰਗਲ ਵਿਚ ਕਿਤੇ ੨ ਭੀਲਾਂ ਦੀਆਂ ਝੁੱਗੀਆਂ ਨਜਰ ਔਂਦੀਆਂ ਹਨ ਪਰ ਆਪ ਆਪਣੇ ਮਾਰਗ ਤੋਂ ਲਾਂਭੇ ਅਖ ਭਰਕੇ ਵੀ ਨਹੀ ਤਕਦੇ ਵਗੋ ਤਗੀ ਅਪਣੀ ਮੰਜ਼ਲ ਮਕਸੂਦ ਤੇ ਪੁਜਣ ਲਈ ਭੌਂਨੇ ਜਾ ਰਹੇ ਹਨ। ਹੁਣ ਸੂਰਜ ਅੰਤਲੇ ਸ੍ਵਾਸਾਂ ਤੇ ਪੁਜ ਚੁਕਾ ਸੀ। ਅਤੇ ਆਪਣਾ ਬਿਸਤ੍ਰਾ ਬੋਰੀਆ ਸੰਭਾਲ ਅਸਤਾ-ਚਲ-ਗਾਮੀ ਹੁੰਦਾ ਹੋਯਾ ਕਿਸੇ ਅਦ੍ਰਿਸ਼ਟ ਸਥਾਨ ਜਾ ਲੁਕਿਆ ਸੀ। ਇਸ ਵੇਲੇ ਆਪ ਨਾਲ ਇਕ ਸਾਥੀ ਹੋਰ ਰਲ ਗਿਆ ਪਰ ਏਹ ਸਿਖ ਨਹੀ ਸੀ। ਦੋਏ ਪ੍ਰਦੇਸ ਵਿਚ ਖਾਸ–ਕਰਕੇ ਇਕ ਨਿਰਜਨ ਬਨ ਵਿਚ, ਇਕ ਦੂਜੇ ਨੂ ਤਕਕੇ ਖੁਸ਼ ਹੋਏ ਅਤੇ ਓਸ ਨਵੇਂ ਰਲੇ ਸਾਥੀ ਨੇ ਇੰਵ ਗਲ ਬਾਤ ਸ਼ੁਰੂ ਕੀਤੀ :–

ਸਾਥੀ:–

"ਸਿੰਘ ਜੀ ਕਿਸ ਪਾਸੇ ਕਮਰ ਕਸੇ ਕੀਤੇ ਹਨ; ਅਤੇ ਕਿਧਰੋਂ ਆ ਰਹੇ ਹੋ ?"

ਸਿੰਘ:–

"ਮੈ ਸ੍ਰੀ ਦਸਮੇਸ ਪਿਤਾ ਜੀ ਦੇ ਸਚ ਖੰਡੀ ਦ੍ਰਬਾਰ ਸ੍ਰੀ ਅਬਚਲ ਨਗਰ ਦੇ ਦੀਦਾਰ ਕਰਨ ਲਈ ਪੰਜਾਬ ਧਰਤੀ ਤੋਂ ਲਗਾ ਆਯਾ ਹਾਂ"

Sri Satguru Jagjit Singh Ji Elibrary NamdhariElibrary@gmail.com

ਸਾਥੀ:—
"ਤਾਂਤੇ ਮੌਜ ਹੋ ਗਈ। ਤੀਰਥ ਯਾਤ੍ਰਾ ਨੂੰ ਹੀ ਘਰੋਂ ਨਿਕਲਿਆਂ ਸਾਂ, ਚਿਤ੍ਰਕੂਟ, ਪੰਚਬਟੀ ਗੁਦਾਵਰੀ ਆਦ ਅਸਨਾਨ ਅਤੇ ਦ੍ਰਸਨ ਕਰਨ ਲਈ ਜਾ ਰਿਹਾ ਹਾਂ"

ਸਿੰਘ:—
"ਵਾਹਵਾ ! ਸਤਿਗੁਰੂ ਜੀ ਦੀ ਮਹਾਨ ਕਿਰਪਾ ਹੈ ਜੋ ਓਸਨੇ ਮੇਹਰ ਕਰਕੇ ਇਸ ਸੁੰਨਸਾਨ ਡਰਾਵਣੇ ਜੰਗਲ ਵਿਚ ਇਕ ਸਾਥੀ ਭੇਜਕੇ ਮੰਗਲ ਬਨਾ ਦਿਤਾ। ਹੁਣ ਪੈਂਡਾ ਅਰਾਮ ਨਾਲ ਕਟ ਜਾਇਗਾ।"

ਸਾਥੀ:—
"ਸੂਰਜ ਛਪ ਚੁਕਾ ਏ ਅਤੇ ਅਨ੍ਹੇਰਾ ਆਪਣੇ ਰਾਜ ਦਾ ਵਿਸਤਾਰ ਤੇ ਪ੍ਰਸਤਾਰ ਕਰਦਾ ਹੋਯਾ ਭੰਨਾ ਆ ਰਿਹਾ ਏ ਇਸ ਲਈ ਆਪਦਾ ਵਿਚਾਰ ਅਜ ਰਾਤ ਕਿਥੇ ਗੁਜ਼ਾਰਨ ਦਾ ਏ।"

ਸਿੰਘ:—
"ਸਜਣਾਂ ! ਏਨ੍ਹਾਂ ਝੱਲਾਂ ਵਿਚ ਅਸਾਂ ਪ੍ਰਦੇਸੀਆਂ ਦਾ ਕੀ ਠਿਕਾਣਾਂ ਹੈ। ਨਾ ਕੋਈ ਜਾਣੂ ਹੈ। ਨਾ ਪਛਾਣੂ ਹੈ। ਜਿਥੇ ਰਾਤ ਪੈ ਗਈ ਕਟ ਲਵਾਂ ਗੇ। ਪਿਛਲੇ ਪੜਾਓ ਟੁਰਨ ਲਗਿਆਂ ਪਤਾ ਲਗਾ ਸੀ ਕਿ ਇਸ ਜੰਗਲ ਵਿਚ ਸ਼ੇਰ ਪੈਂਦਾ ਏ, ਇਸ ਕਰਕੇ ਅੰਗ੍ਰੇਜ਼ਾਂ ਨੇ ਭੁਲੇ ਭਟਕੇ ਮੁਸਾਫਰਾਂ ਦੀ ਰਖਵਾਲੀ ਲਈ ਜੰਗਲ ਦੇ ਕਿਨਾਰੇ ਉਤੇ ਪੁਲਿਸ ਦੀ ਚੌਕੀ ਬਣਾ ਦਿਤੀਏ, ਓਹ ਜੋ ਸੌਂਹੇ ਅੱਗ ਬਲ ਰਹੀ ਏ ਤੇ ਮਕਾਨ ਨਜ਼ਰ ਪੈ ਰਹੇ ਹਨ ਸਾਡੀ ਜਾਚੇ ਏਹੋ ਪੁਲਿਸ ਦੀ ਚੌਂਕੀਏ ਸੋ ਅਜ ਰਾਤ ਗੁਜ਼ਾਰਨ ਦਾ ਵਿਚਾਰ ਓਸ ਚੌਕੀ ਤੇ ਹੀ ਏ ਸ੍ਰੀ ਮਾਨ ਸੰਤ ਧਿਆਨ ਸਿੰਘ ਜੀ ਨੇ ਇਸ ਪ੍ਰਸੰਗ ਨੂੰ ਇੰਵ ਦਿਤਾਏ:—

"ਦੋ ਸੈ ਜੋਜਨ ਪੈਂਡਾ ਚੂਰਨ ॥
ਥੋਰੇ ਦਿਨ ਮਹਿ ਕੀਨਾ ਤੂਰਨ ॥
ਜੰਗਲ ਰਾਹ ਮਾਂਹਿ ਤਹ ਆਇਓ ॥
ਕੋਇ ਮਿਲਾ ਤਿਸ ਤਿਨੇ ਸੁਣਾਇਓ॥
ਇਸ ਬਨ ਵਿਚ ਹੈ ਕੇਹਰ ਭਾਰੀ ॥
ਗੋਰੇ ਤਾਂਹਿ ਕਰੇਂ ਰਖਵਾਰੀ ॥
ਆਈ ਤੁਮਕੋ ਰਾਤ ਨਜ਼ੀਕੇ ॥
ਚੌਕੀ ਪਰ ਰਹਿਣਾ ਤੁਮ ਨੀਕੇ।
ਦੋਨੋਂ ਜਬ ਐਸੀ ਸੁਣ ਪਾਈ।
ਸਾਥੀ ਸੋ ਭਾਖਿਓ ਮ੍ਰਿਗ ਰਾਈ।
ਅਬ ਭਈ ਰਾਤ ਪੜੀ ਸੋ ਰਹੀਏ।
ਚੌਂਕੀ ਬੀਚ ਤਬੈ ਸੁਖ ਪਈਏ।
ਕੇਹਰ ਭਾਰੀ ਹੈ ਇਸ ਜਾਇ।
ਸੋਇ ਪਰੇ ਲੈਹੈਂ ਮਤਿ ਘਾਇ।

ਰਾਇ ਸਿੰਘ ਜੀ ਦੇ ਬਚਨ ਸੁਣਕੇ ਨਾਲ ਦਾ ਸਾਥੀ ਬੇ ਪ੍ਰਵਾਹੀ ਨਾਲ ਹਸਕੇ ਬੋਲਿਆ:—

"ਕਛਾ ਵਾਲੇ ਹੋਣ ਡਰਾਕੁਲ।
ਸੁਣ ਦਿਖਕੇ ਭੈ ਹੋਣ ਵਿਆਕੁਲ।"

ਰਾਇ ਸਿੰਘ ਜੀ ਸਾਥੀ ਦੀ ਏਹ ਤਰਕ ਸੁਣਕੇ ਆਖਣ ਲਗੇ ਕਿ—ਭਾਈ ਜਿਵੇਂ ਤੇਰੀ ਮਰਜੀ ਪਰ ਬਦੋ ਬਦੀ ਮੌਤ ਦੇ ਮੂੰਹ ਵਿਚ ਪੈਣਾਂ ਚੰਗਾ ਨਹੀਂ ਜਿਥੋਂ ਤੀਕ ਹੋ ਸਕੇ ਵਕਤ ਵਿਚਾਰਨਾਂ ਚਾਹੀਏ ਜੇ ਚਾਰੇ ਬੰਨੇ ਸਿਰ ਤੇ ਹੀ ਆ ਬਣੇ ਫੇਰ ਤੇ ਕੋਈ ਵਾਹ ਨਹੀ ਪਰ ਹੁਣ ਜਦ ਕਿ ਕੁਝ ਕਦਮਾਂ ਉਤੇ ਚੌਕੀ ਨਜ਼ਰ ਪੈ ਰਹੀਏ ਅਤੇ ਜੋ ਰਾਹੀਆਂ ਦੇ ਬਚਾ ਲਈ ਅਰ ਅਰਾਮ ਲਈ ਹੀ ਬਨਾਈ ਗਈ ਏ ਤਾਂ ਕਿਉਂ ਨਾਂ ਚਲਕੇ

ਬੇ ਫ਼ਿਕਰ ਹੋ ਕੇ ਰਹੀਏ ਸਾਥੀ ਨੇ ਸੁਣਿਆ ਹੱਸਿਆ ਅਤੇ ਬੋਲਿਆ:——

"ਉਤਰ ਦੀਆ ਫੇਰ ਉਸ ਸਾਥੀ
ਕੱਦ ਬਲੰਦ ਤੋਹ ਸਮ ਹਾਥੀ:
ਪਰ ਕੀਰੀ ਕੋ ਧੀਰ ਨ ਤੋਸੇ।
ਆਹ ਬਹੁਤ ਸੁਣ ਸਾਚੀ ਮੋਸੇ।"

ਰਾਇ ਸਿੰਘ ਜੀ ਓਸਦੀ ਏਹ ਤਰਕ ਸੁਣਕੇ ਅਗਾਂਹ ਨਾਂ ਜਾ ਸਕੇ ਤੇ ਓਥੇ ਹੀ ਬੈਠ ਗਏ ਡੇਰੇ ਲਗ ਗਏ ਬਸਤ੍ਰ ਬਿਛ ਗਏ। ਭਾਈ ਜੀ ਨੇ ਪ੍ਰੇਮ ਨਾਲ ਆਰਤੀ ਸੋਹਲੇ ਦਾ ਪਾਠ ਕੀਤਾ ਅਤੇ ਅਰਦਾਸ ਕਰਕੇ ਬਰਾਜ ਗਏ ਸਾਥੀ ਨੇ ਕੁਝ ਵਿਥ ਤੇ ਬਿਸਤ੍ਰਾ ਕੀਤਾ ਅਤੇ ਸੌਂ ਗਿਆ:—

—:o:—

"ਏਕ ਪਹਿਰ ਜਬ ਰਾਤਰ ਗਈ।
ਸ਼ੇਰ ਤਾਹ ਗਰਦਨ ਫੜ ਲਈ।
ਸਿੰਘ ਛੋਰ ਘਾਇਲ ਤਹਿੰ ਕੀਆ।
ਮੈ ਮਰਿਆ ਕਹਿ ਦੀਆ ਜੀਆ"।

ਜਦੋਂ ਦੋ ਪਹਿਰ ਰਾਤ ਗੁਜਰੀ। ਅਚਾਨਕ ਸ਼ੇਰ ਦੀ ਗਰਜ ਨੇ ਭਾਈ ਹੋਰਾਂ ਦੀ ਜਾਗ ਖੋਲ੍ਹ ਦਿਤੀ। ਆਪ ਉਠ ਬੈਠੇ ਮੂਹੋਂ ਭਜਨ ਦਾ ਜਾਪ ਕਰਨ ਲਗੇ। ਕੀ ਦੇਖਦੇ ਹਨ ਕਿ ਆਪਦੇ ਨਾਲ ਦੇ ਸਾਥੀ ਉਤੇ ਸ਼ੇਰ ਖਲੋਤਾ ਏ, ਅਤੇ ਓਸਦਾ ਸ਼ਿਕਾਰ ਕਰ ਰਿਹਾ ਏ। 'ਹਾਇ ਮੈ ਮਰ ਗਿਆ' ਤੋਂ ਬਿਨਾਂ ਹੋਰ ਸਾਥੀ ਦੇ ਮੂਹੋਂ ਗਲ਼ ਤੀਕ ਨਹੀ ਨਿਕਲੀ ਅਤੇ ਸ਼ੇਰ ਦੀ ਪਹਿਲੀ ਝਪਟ ਨੇ ਹੀ ਓਸਤੇ ਪ੍ਰਾਨ ਪੰਖੇਰੂ ਉਡਾ ਘਤੇ। ਭਾਈ ਹੁਰੀ ਥੋੜ੍ਹੀ ਜੇਹੀ ਵਿਥ ਤੇ ਏਹ ਸਭ ਕੁਝ ਬੈਠੇ ਤਕ ਰਹੇ ਹਨ ਅਤੇ ਨਿਸਚੇ ਕਰ ਚੁਕੇ ਹਨ ਕਿ ਸਾਥੀ ਦੇ ਪਿਛੋਂ ਵਾਰੀ ਸਾਡੀ ਏ। ਕਰਨ ਤਾਂ ਕੀ ਕਰਨ। ਬਸ ਮੌਤ ਸੌਂਹੇ ਖਲੋਤੀ ਤਕ ਆਪ ਹੈਰਾਨ ਹੋ ਗਏ। ਖਾਲੀ ਹਥੀਂ, ਨਾ ਕੋਈ ਸ਼ਸਤ੍ਰ ਨਾ ਅਸਤ੍ਰ, ਬਸ ਇਸ ਸਮੇ ਜੇ ਕੋਈ ਆਸਰਾ ਹੈ ਤਾਂ ਓਹ 'ਟੂਟੀ ਗਾਢਨ ਹਾਰ ਗੁਪਾਲ। ਸਰਬ ਜੀਆ ਆਪੇ ਪ੍ਰਤਿਪਾਲ।' ਅਕਾਲ ਪੁਰਖ ਦਾ ਏ। ਆਪਦਾ ਦਿਲ ਦ੍ਰਵਿਆ ਤੇ ਸ੍ਰੀ ਚੀਨੀ ਵਾਲੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਤੇ ਬੇਨਤੀ ਕਰਨ ਲਈ ਜੁੜ ਗਿਆ—

† † † † † † †

ਗੁਰੂ ਰਾਮ ਸਿੰਘ ਬ੍ਰਿਦ ਸੰਮਾਰੋ।
ਔਗੁਣ ਮੇਰੇ ਰਿਦੈ ਨਾ ਧਾਰੋ।
ਸਿੰਘਹਿੰ ਤੇ ਨਿਜ ਸਿੰਘ ਬਚਾਵੋ।
ਸ੍ਰੀ ਅਬਚਲ ਨਗਰੀ ਪਹੁਚਾਵੋ।
ਮੋਕੋ ਭੀ ਜੇ ਇਸਨੇ ਘਾਇਆ।
ਕੈਸੀ ਖਬਰ ਦਿਹੁ ਰਘੁ-ਰਾਇਆ।
ਮੇਰੇ ਹਥੀਂ ਤੁਪਕ ਨਾਂ ਤੇਗ।
ਕੀਜੈ ਰਖਿਆ ਮੇਰੀ ਬੇਗ।
ਦਾਸ ਅਪਨ ਕੋ ਸਦ ਤੁਮ ਰਾਖੇ।
ਆਦਿ ਜੁਗਾਦਿ ਬੇਦ ਅਸ ਭਾਖੇ।
ਤੁਝ ਬਿਨ ਕੌਨ ਏਸ ਜਾ ਮੇਰਾ।
ਭਾਈ ਭੈਣ ਨਾ ਸੁਤ ਤਨ ਹੇਰਾ।
ਦੇਸ ਬਦੇਸੀਂ ਜੰਗਲ ਬੀਚ।
ਮਾਰਿਓ ਪ੍ਰਭੂ ਸਿੰਘ ਕਰ ਮੀਚ।
ਦੌਜ਼ਤ ਕੋ ਏਹ ਜਾਣ ਨਾ ਦੇਹੋ।
ਬੈਠੇ ਕੋ ਤਿਸ ਨਰ ਸਮ ਖੋਹੋ।
ਆਫਤ ਭਾਰੀ ਸ਼ੇਰ ਭਿਆਨਕ।
ਮੋਕੋ ਭੀ ਖਏ ਉਠ ਅਚਾਨਕ।

ਏਧਰ ਭਾਈ ਰਾਇ ਸਿੰਘ ਜੀ ਡਾਢੀ ਨਿੰਮ੍ਰਤਾ ਨਾਲ ਇੰਵ ਬੇਨਤੀ ਕਰ ਰਹੇ ਹਨ। ਓਧਰ ਸ਼ੇਰ, ਨਾਲ ਦੇ ਸਾਥੀ ਨੂੰ ਨਿਸਚਿੰਤ ਬੈਠਾ ਖਾ ਰਿਹਾ ਏ। ਅਤੇ ਏਨ੍ਹਾਂ ਵਲ ਵੀ ਕੈਰੀਆਂ ਅਖੀਂ ਕਰਕੇ ਘੂਰਦਾ ਏ ਮਾਨੋ ਸੂਚਿਤ ਕਰ ਰਿਹਾ ਏ ਕਿ ਤਕੜੇ ਹੋ ਜਾਵੋ। ਸ਼ੇਰ ਦੀ ਕੈਰੀ ਅਖ ਤਕ ਕੇ, ਭਾਈ ਹੋਰੀ ਫਿਰ ਬੇਨਤੀ ਕਰਨ ਲਗੇ:-

"ਦੀਨ ਦਯਾਲ ਮੈਂ ਟੁਰਨ ਲਗਿਆਂ ਬਿਨਤ ਕੀਤੀ ਸੀ ਕਿ ਦੇਸ ਬਦੇਸੀਂ ਭੇਜ ਰਹੇ ਹੋ, ਭੀਲਾਂ ਦਾ ਦੇਸ਼ ਏ, ਠਗਾਂ ਦੇ ਅਡੇ ਹਨ. ਲੁਟੇਰਿਆਂ ਦੀਆਂ ਵਸਤੀਆਂ ਹਨ। ਮੀਲਾਂ ਦੇ ਮੀਲ ਜੰਗਲ ਖਲੋਤੇ ਹਨ। ਜਿਨ੍ਹਾਂ ਵਿੱਚ ਸ਼ੇਰ, ਬਘੇਰੇ, ਚਿਤ੍ਰੇ, ਮਨੁਖ ਦੇ ਸ਼ਤੱਰੂ ਜਾਨਵਰ ਨਿਰਭੈ ਬਿਚਰਦੇ ਹਨ। ਖਾਲੀ ਹਥ ਹਾਂ, ਨਾਂ ਮੇਰੇ ਕੋਲ ਕੋਈ ਸ਼ਸਤ੍ਰ ਨਾਂ ਤੁਪਕ ਤੇ ਨਾਂ ਤੇਗ ਦੀਨਾ ਬੰਧੂ ਮੈਂ ਓਨ੍ਹਾਂ ਤੋਂ ਕਿਵੇਂ ਬਚ ਸਕਾਂਗਾ ਆਪ ਮੈਨੂੰ ਸ੍ਰੀ ਅਬਚਲ ਨਗਰ ਭੇਜ ਰਹੇ ਹੋ ਪਰ ਬ੍ਰਿਦ ਪਾਲਕ, ਮੇਰੀ ਰਖਿਆ ਕੌਣ ਕਰੇਗਾ? ਮੈਨੂੰ ਕੌਣ ਬਚਾਇਗਾ ਮੇਰੇ ਵਿੱਚ ਤਾਣ ਨਹੀਂ ਜੋ ਮੈਂ ਏਨ੍ਹਾਂ ਬਲਾਵਾਂ ਦਾ ਮੁਕਾਬਲਾ ਕਰ ਸਕਾਂ। ਏਨ੍ਹਾਂ ਬਿਪਦਾਂ ਦਾ ਟਾਕਰਾ ਕਰ ਸਕਾਂ ਪਤਿਤ ਪਾਵਨ ਜੀ! ਤਾਂ ਆਪਨੇ ਹੁਕਮ ਕੀਤਾ, ਸੀ ਕਿ:-

† † † † † †

'ਗੁਰ ਰਖਵਾਰੇ ਤੇਰੇ ਭਾਈ।
ਵਾਕ ਨਾ ਝੂਠ ਤੋਹ ਪ੍ਰਭ ਸਾਈ।'

ਨਾਥ! ਹੁਣ ਕਿਉਂ ਦੇਰ ਕਰ ਰਹੇ ਹੋ। ਕੀ ਆਪ ਦੇਖ ਨਹੀਂ ਰਹੇ ਜੋ ਸ਼ੇਰ ਮੇਰੇ ਸੌਹੇਂ ਮੇਰੇ ਸਾਥੀ ਨੂੰ ਖਾ ਰਿਹਾ ਏ? ਕੀ ਏਸ ਦੇ ਪਿਛੋਂ ਵਾਰੀ ਮੇਰੀ ਨਹੀਂ? ਨਹੀਂ ਕਿਉਂ ਨਹੀਂ! ਜਰੂਰ ਹੈ ਤੇ ਫਿਰ ਆਪ ਆਪਣਾ ਬਿਰਦ ਸੰਭਾਰੋ, ਬਚਨ ਪਾਲੋ, ਇਸ ਮੌਤ ਦੇ ਮੂਹੋਂ ਮੈਨੂੰ ਬਚਾਓ। ਅਜੇਹੀ ਕਠਨ ਸਜਾ ਮੈਨੂੰ ਕਿਉਂ? ਆਓ ਨਾਂ ਜੀ ਹੁਣ, ਦੀਨ ਦਿਆਲ ਛੇਤੀ ਆਓ ਨਾਂ, ਪਤਿਤ ਪਾਵਨ, ਕਰੋ ਨਾਂ ਮੇਹਰ, ਬਚਾਓ ਨਾ, ਮੌਤੋਂ ਛੁਡਾਓ ਨਾਂ ਮੈਨੂੰ। ਆਪਦਾ ਵਾਕ ਤਾਂ ਕਦੀ ਝੂਠਾ ਹੋਇਆ ਨਹੀਂ, ਮੇਰੇ ਰਖਵਾਲੇ ਗੁਰੂ ਜੀ, ਤਾਂ ਹੁਣ ਤੀਕ ਦੇਰ ਕਿਉਂ ਹੋ ਰਹੀਏ ਓਦੋਂ ਹੀ ਆਓਗੇ ਜਦੋਂ ਮੈਨੂੰ ਏਹ ਹੰਕਾਰੀ ਸ਼ੇਰ ਇਕ ਹੀ ਝਪਟ ਨਾਲ ਝਫ ਜਾਇਗਾ ਫਿਰ ਭਾਵੇਂ ਔਣਾਂ ਨਾਂ ਔਣਾਂ,

ਕ੍ਰਿਪਾ ਸਾਗਰ!
ਅਬ ਕਿਉਂ ਏਡੀ ਦੇਰ ਲਗਾਈ।
ਬਿਨ ਅਵਾਰ ਹੋਹੁ ਦਾਸ ਸਹਾਈ।

ਰਾਇ ਸਿੰਘ ਜੀ ਦੀ ਏਹ ਬੇਨਤੀ ਸੁਣਕੇ 'ਕਰ ਧਰ ਚਕ੍ਰ ਬੈਕੁੰਠ ਤੋਂ' ਔਣ ਵਾਲੇ ਦੀਨਾ ਨਾਥ ਕਰੂਖੇਤ੍ਰ ਦੇ ਮੈਦਾਨ ਵਿੱਚ. ਬੀਰ ਵਰ ਆਪਣੇ ਪਯਾਰ ਭਗਤ ਅਰਜਨ ਦੇ ਸੌਹੇ ਏਹ ਪ੍ਰਤੱਗਿਆ ਕਰਨ ਵਾਲੇ ਭਗਵਾਨ:-

† † † † † †

'ਹਮ ਭਗਤਨ ਕੇ ਭਗਤ ਹਮਾਰੇ।
ਸੁਨ ਅਰਜਨ ਪ੍ਰਤੱਗਯਾ ਹਮਾਰੀ,
ਏਹ ਬ੍ਰਤ ਟਰਤ ਨਾ ਟਾਰੇ।
ਭਗਤਹਿ ਕਾਜ ਲਾਜ ਹੀਏ ਧਰਕੇ,
ਪਾਉਂ ਪਯਾਦੇ ਧਾਊਂ।
ਜਹਿ ਜਹਿ ਭੀਰ ਪਰੇ ਭਗਤਨ ਕੋ,
ਤਹਿ ਤਹਿ ਜਾਇ ਛਡਾਊਂ।

ਜੋ ਮਮ ਭਗਤਨ ਸੋ ਵੈਰ ਕਰਤ ਹੈ,
ਸੋ ਵੈਰੀ ਨਿਜ ਮੇਰੇ।
ਭਗਤੀ ਹੇਤ ਦੇਖ ਹੇ ਅਰਜਨ,
ਹਾਂਕਤ ਹੋਂ ਰਥ ਤੇਰੋ।
ਜੀਤੇ ਜੀਤ ਭਗਤ ਅਪਨੇ ਕੀ,
ਹਾਰੇ ਹਾਰ ਬਚਾਰੋਂ।
ਸੂਰਦਾਸ ਪ੍ਰਭੁ ਭਗਤ ਵਿਰੋਧੀ,
ਚਕ੍ਰ ਸੁਦਸ਼ਨ ਮਾਰੋਂ।'

ਅਪਣੇ ਭਗਤ ਭਾਈ ਰਾਇ ਸਿੰਘ ਜੀ ਦੀ ਰਖਿਆ ਲਈ ਅਤੇ ਆਪਣੀ ਇਸ ਦ੍ਵਾਪੁਰ ਦੀ ਕੀਤੀ ਪ੍ਰਤੱਗਯਾ ਨੂੰ ਪੂਰੀ ਕਰਨ ਲਈ ਕਲਜੁਗ ਦੇ ਅਵਿਤਾਰ :—

"ਗੁਰੂ ਰਾਮ ਸਿੰਘ ਨਿਜ ਨਗਰੀ ਸੋ।
ਸੁਣੀ ਅਰਜ ਸਿੱਖ ਕੀ ਸਗਰੀ ਸੋ।
ਚੀਨੀ ਕੀ ਕੀਨੀ ਅਸਵਾਰੀ।
ਮੂਰਤਿ ਜੋ ਸਭ ਸਿੰਘਨ ਪਯਾਰੀ।
ਦਾਸ ਅਪਨੇ ਕੀ ਪੀਰ ਨਾ ਦੇਖੈ।
ਐਨ ਸਿਦਕ ਪਰ ਤਾਹਿ ਪਰੇਖੈ।
ਸੰਕਟ ਭਗਤਨ ਕੋ ਸਹਿ ਨਾਂਹੀ।
ਹੋਇ ਸਹਾਇਕ ਨਿਜ ਬਲ ਬਾਹੀਂ।
ਦੇਖੋਂ ਧਰਮ ਖਾਲਸੇ ਹੇਤ।
ਟਾਪੂ ਗਏ ਤਿਆਗ ਨਿਕੇਤ।
ਗੋ ਗ੍ਰੀਬ ਕੋ ਜੋ ਰਖਵਾਰਾ।
ਕਿਉਂ ਤਿਆਗੇਂ ਐਸਾ ਗੁਰ ਪਿਆਰਾ।
ਤੂਰਨ ਹੀ ਪਹੁੰਚੇ ਤਹਿ ਜਾਈ।
ਬੈਠੇ ਜਹਾਂ ਦੋਇ ਮ੍ਰਿਗ ਰਾਈ।
ਬੀਚ ਦੁਹਿਨ ਕੇ ਜਾ ਕਰ ਖਰੇ।
ਬੋਲੇ ਵਾਕ ਅਮੀ ਕੇ ਭਰੇ।
ਕਿਉਂ ਭਈ ਰਾਇ ਸਿੰਘ ਗੁਰ ਪਯਾਰਾ।
ਡਰ ਕਰ ਕਿਉਂ ਅਪਨਾ ਬਲ ਹਾਰਾ।
ਰਿਦੇ ਧੀਰ ਧਰ ਹੋਇ ਸੁਚੇਤ।
ਗੁਰ ਰਖਵਾਲੇ ਹੈਂ ਜਿਤ ਕੇਤ।
ਵਾਲ ਨਾਂ ਵਿੰਗਾ ਹੋਵਨ ਦੇਤ।
ਵੇਦ ਪੁਕਾਰੇ ਗੁਰ ਕੋ ਨੇਤ।"

† † † † † †

ਇੰਵ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਜੀ ਨੂੰ ਦ੍ਰਸਨ ਦੇਕੇ 'ਗੁਰ ਰਖ-ਵਾਲੇ ਤੇਰੇ ਭਾਈ' ਤੁਰਨ ਲਗੇ ਰਾਇ ਸਿੰਘ ਨਾਲ ਕੀਤੀ ਪ੍ਰਤੱਗਿਆ ਪੂਰੀ ਕਰਨ ਲਈ ਚੀਨੀ ਤੇ ਅਸਵਾਰ ਹੋਕੇ ਸ਼ੇਰ ਤੇ ਸਿੰਘ ਦੇ ਵਿਚਕਾਰ ਖਲੋਕੇ, ਸ਼ੇਰ ਤੋਂ ਜਾ ਬਚਾਯਾ।

ਜਦੋਂ ਰਾਇ ਸਿੰਘ ਜੀ ਨੇ ਨੇਤ੍ਰ ਪੁੱਟੇ ਤਾਂ ਆਪ ਨੇ ਆਪਣੇ ਸੋਹੇਂ ਬ੍ਰਿਦ ਪਾਲਕ ਪਤਿਤ ਉਧਾਰਕ, ਦੀਨਾ ਨਾਥ, ਬਾਵੀ ਬੰਸ ਅਵਤੰਸ ਨੂੰ ਖੜਾ ਤਕਿਆ ਭਾਈ ਜੀ ਉਠੇ ਅਤੇ ਰਕਾਬ ਦੇ ਵਿੱਚ ਪਏ ਹੀ ਪਾਵਨ ਚਰਨਾਂ ਤੇ ਸਿਰ ਜਾ ਧਰਿਆ ਅਤੇ ਰੋ ਰੋ ਕੇ ਚਰਨ ਧੋਤੇ। ਦੀਨਾ ਨਾਥ ਨੇ ਭਾਈ ਜੀ ਦੇ ਸਿਰ ਉਤੇ ਪਯਾਰ ਨਾਲ ਹਥ ਫੇਰ ਕੇ ਕਿਹਾ :—

† † † † † †

ਸੀਸ ਹਾਥ ਧਰ ਕੇ ਗੁਰ ਗਾਈ।
ਤੂੰ ਕਿਉਂ ਡਰੇਂ ਰਾਇ ਮ੍ਰਿਗਰਾਈ।
ਏਹ ਭੀ ਕੇਹਰ ਤੂ ਭੀ ਕੇਹਰ।
ਡਰੋ ਨਾ ਯਾਦ ਕਰੋ ਹਰਿ ਮੇਹਰ।

ਹੁਣ ਡਰ ਕੇਹਾ, ਆਪਦੇ ਦੀਦਾਰ ਕਰਕੇ ਡਰ, ਸਿੰਘ ਦੀ ਸਰਨ ਪਿਆਂ ਗਿਦੜ ਦਾ ਡਰ, ਪਾਤਸ਼ਾਹ! ਹੁਣ ਤੇ ਜੇ ਹੁਕਮ ਕਰੋਂ ਮੈਂ ਸ਼ੇਰਦੀਆਂ ਬਾਚੀਆਂ ਹਥਾਂ ਨਾਲ ਫੜਕੇ ਚੀਰ ਸਟਾਂ ਟੋਟੇ ੨ ਕਰ ਦਿਆਂ। ਪਾੜ ਦਿਆਂ ਪਰ ਤੇਰੀ ਮੇਹਰ ਨਾਲ ਮੇਰੇ ਵਿਚ ਏਹ ਬਲ ਨਹੀਂ ਏਹੀ ਤੇਰੀ ਬਖਸ਼ਿਸ਼ ਹੈ, ਬਚਿਤ੍ਰ ਸਿੰਘ ਦੀ ਕੀ

ਤਾਕਿਤ ਸੀ ਕਿ ਓਹ ਪਹਾੜੀ ਰਾਜਿਆਂ ਦੇ ਮਤਵਾਲੇ ਹਾਥੀ ਨਾਲ ਟੱਕਰ ਲੈਂਦਾ ਪਰ ਜਦ ਤੈਂ ਸਿਰ ਤੇ ਹਥ ਰਖ ਕੇ ਕੰਡ ਥਾਪੀ ਦਿਤੀ ਤਾਂ ਓਹ ਬਚਿਤ੍ਰ ਸਿੰਘ ਨੇ ਪਹਿਲੇ ਵਾਰ ਨਾਲ ਹੀ ਉਸ ਮਸਤ ਮਤੰਗ ਦਾ ਮਸਤਕ ਚੂਰ ੨ ਕਰ ਦਿਤਾ। ਤੂ ਓਹੀ ਤੇ ਹੈਂ ਤਾਂ ਫੇਰ ਮੈਨੂੰ ਹੁਣ ਕਿਸ ਦਾ ਡਰ ਪਰ ਕ੍ਰਿਪਾ ਸਾਗਰ ! ਆਪ ਨੇ ਮੇਰੇ ਲਈ ਕਿੰਨਾ ਦੁਖ ਪਾਯਾ ਕਿੰਨੀ ਤਕਲੀਫ ਝੱਲੀ, ਤੇਰੀ ਏਹ ਪਿਆਰੀ ਚੀਨੀ ਔਖੀ ਤੇ ਨਹੀ ਹੋ ਗਈ ਹੋਵੇਗੀ ਥਕ ਤੇ ਨਹੀ ਗਈ ਨਹੀ ! ਨਹੀ !! ਸਚੇ ਪਾਤਸ਼ਾਹ ਚੀਨੀ ਵਾਲੇ ਪਾਤਸ਼ਾਹਾ ਤੇਰਾ ਬਿਰਦ ਹੀ ਏਹ ਹੈ। ਤੂੰ ਤੇ ਤੇਰੀ ਚੀਨੀ ਆਏ ਹੀ ਦੁਨੀਆਂ ਵਿਚ ਮੇਰੇ ਜੇਹਿਆਂ ਦੀ ਰਖਿਆ ਵਾਸਤੇ ਹੀ ਹੋ। ਧੰਨ ਤੂੰ ਤੇ ਧੰਨ ਤੇਰੀ ਚੀਨੀ, ਧੰਨ ਮੈਂ ਤੇ ਧੰਨ ਸ਼ੇਰ ਜਿਸਦੀ ਕ੍ਰਿਪਾ ਨਾਲ ਆਪ ਨੇ ਮੈਨੂੰ ਇਸ ਡਰਾਵਣੇ ਬਣ ਵਿਚ ਦ੍ਰਸਨ ਦੇਕੇ ਤਾਰਿਆ ਜੇ, ਵਾਹਵਾ ! ਹੁਣ ਮੈਨੂੰ ਮੌਤ ਦਾ ਕੋਈ ਡਰ ਨਹੀਂ । ਹੁਣ ਮੈਨੂੰ ਬੇਸ਼ਕ ਸ਼ੇਰ ਖਾ ਲਵੇ। ਮੈ ਹੁਣ ਜੀਉਕੇ ਕੀ ਕਰਾਂਗਾ। ਹਾਇ ਮੈਂ ਜੀਉਂਦਾ ਰਿਹਾ ਤਾਂ ਮੇਰੀਆਂ ਅਖੀਆਂ ਵਿਚੋਂ ਆਪ ਜੀ ਦੀ ਅਜ ਵਾਲੀ ਤਸਵੀਰ ਨਾ ਨਿਕਲ ਜਾਵੇ ਫੇਰ ਵੀ ਮੈਂ ਕੀ ਕਰਾਂਗਾ। ਫੇਰ ਨੀਰਸ ਜੀਵਨ ਦਾ ਕੀ ਲਾਭ। ਇਸ ਲਈ ਇਸ ਜੀਵਨ ਨਾਲੋਂ ਮੌਤ ਹਾਂ ਜੀ ! ਤੇਰੇ ਸੌਹੇਂ ਤੇਰੇ ਵੇਂਹਦਿਆਂ ਤੇਰੇ ਹੱਥਾਂ ਵਿਚ ਜੇ ਮੌਤ ਆਵੇ ਤਾਂ ਇਸ ਨਾਲੋਂ ਹੋਰ ਕੀ ਚੰਗਾ ਏ। ਨਹੀਂ ! ਨਹੀ !! ਮੈਂ ਮਰਾਂਗਾ ਨਹੀਂ। ਜੀਵਾਂਗਾ ਤੇ ਸਦੀਵ ਜੀਵਾਂਗਾ ਅਤੇ ਆਪ ਜੀ ਦੀ ਅਜ ਵਾਲੀ ਏਹ ਪਾਵਨ ਮੂਰਤੀ ਨਿਰਜਨ ਬਨ ਵਿਚ ਸ਼ੇਰ ਦੇ ਤੇ ਮੇਰੇ ਵਿਚਾਲੇ ਆਪ ਖਲੋਤੇ ਹੋਏ ਸ਼ੇਰ ਵਲ ਹਥ ਕਰਦੇ ਹੋਯਾਂ ਦੀ-ਏਹੀ ਮੂਰਤੀ ਸਦੀਵ ਅਖੀਆਂ ਵਿਚ ਬਸਾਵਾਂਗਾ ਅਤੇ ਆਪ ਜੀ ਦੀ ਏਹ ਪਯਾਰੀ ਚੀਨੀ ਦੀ ਦਿਲੋਂ ਅਰਾਧਨਾਂ ਕਰਾਂਗਾ ਅਤੇ ਆਪ ਤੋਂ ਏਹ ਵਰ ਮੰਗਾਂਗਾ ਕਿ:-

* * * * * * *

ਸ਼ੇਰ ਹੋਵੇ ਵਿਚ ਜੰਗਲੀਂ ਆਈ ਹੋਵੇ ਰਾਤ।
ਚੀਨੀ ਦੇ ਅਸਵਾਰ ਹੋ ਪਾਵੇਂ ਮੈਂ ਵਲ ਝਾਤ।
ਏਹੀ ਝਾਕੀ ਅੱਜ ਦੀ ਮੇਰੇ ਦਿਲਦੇ ਵਿੱਚ !
ਵਸੀ ਰਵੇ ਦਿਨ ਰਾਤ ਹੀ ਪਾਂਦੀ ਰਵੇ ਖਿਚ।
ਇਸ ਤੋਂ ਬਿਨਾ ਅਖੀਆਂ ਜਿਤ ਵਲ ਤਕਣ ਹੋਰ। ਫੁਟ ਜਾਣ ਗਲ ਜਾਣ ਏਹ ਮੈਥੀਂ ਜੋਰੋ ਜੋਰ।

* * * * * * *

ਆਖੋ ਨਾਂ ਜੀ ਤਥਾ ਅਸਤੂ। ਹੈਂ ਜੀ ਤੁਹਾਨੂੰ ਤਕਕੇ ਤੁਹਾਡੀ ਇਸ ਪਯਾਰੀ ਮੂਰਤੀ ਦੇ ਦੀਦਾਰ ਕਰਕੇ ਹੁਣ ਅਖੀਆਂ ਗੈਰਾਂ ਵਲ ਨਾਂ ਤਕਣ ਜੇ ਤਕਣ ਤਾਂ ਬਸ ਮੁੜ ਤਕਣ ਜੋਗੀਆਂ ਰਹਿਣ ਹੀ ਨਾਂ ਦਿਓ। ਠੀਕ ਹੈ ਨਾਂ ਜੀ। ਦਿਓ ਨਾਂ ਜੀ ਏਹ ਵਰ ਮੈਨੂੰ। ਜੇ ਨਹੀਂ ਤਾਂ ਮੈਂ ਚਲਿਆ ਜੇ ਸ਼ੇਰ ਵਲ ਆ ! ਆ !! ਭਾਈ ਸ਼ੇਰ ਮੈਨੂੰ ਖਾ ਲੈ ਤੇ ਮੇਰੇ ਸਾਥੀ ਵਾਂਗੂ ਮੈਨੂੰ ਵੀ ਭੇਜ ਦੇ ਅਜੇਹੇ ਥਾਂ ਜਿਥੋਂ ਮੁੜ ਨਾਂ ਪਰਤਾਂ, ਲਿਟਾ ਦੇ ਅਜੇਹੀ ਜਗ੍ਹਾ ਸੁਆ ਦੇ ਅਜੇਹੇ ਥਾਂ ਜਿਥੋਂ ਮੁੜ ਨਾਂ ਉਠਾਂ। ਮੈਂ ਸੱਚ ਆਖਦਾ ਹਾਂ ਮੇਰੀ ਮੌਤ ਦਾ ਤੈਨੂੰ ਕੋਈ ਵੀ ਪਾਪ ਨਹੀ ਲਗੇਗਾ ਸਗੋਂ ਪੁੰਨ ਹੋਵੇ ਗਾ ਮੈਂ ਤੇਰੇ ਬਦਲੇ ਆਪ ਧਰਮਰਾਇ

ਨਾਲ ਲੜਾਂਗਾ ਅਤੇ ਤੈਨੂੰ ਬਰੀ ਕਰਾਵਾਂਗਾ ਪਰ ਨਹੀਂ ਨਹੀਂ ਹੁਣ ਧਰਮਰਾਇ ਦੀ ਕੀ ਤਾਕਤ ਕੀ ਮਜਾਲ ਜੋ ਓਹ ਤੇਰੇ ਤੇ ਮੇਰੇ ਵਲ ਤਕ ਵੀ ਸਕੇ ਓਸ ਦੇ ਦੂਤਾਂ ਦੀ ਸ਼ਕਤੀ ਕਿਥੇ ਜੋ ਓਹ ਸਾਡੇ ਕੋਲ ਫੜਕ ਵੀ ਸਕਣ ਜਾਹ ਤੇਰਾ ਜਨਮ ਸਫਲ ਅਜ ਤੂ ਵੀ ਇਸ ਪਾਵਨ ਮੂਰਤੀ ਦੇ ਦੀਦਾਰ ਕਰਕੇ ਬਖਸ਼ਿਆ ਗਿਆ ਨਿਹਾਲ ਹੋਇਆ। ਇੰਵ ਭਾਈ ਰਾਇ ਸਿੰਘ ਜੀ ਵੈਰਾਗ ਕਰਦੇ ਹੋਏਃ—

* * * * * * *

ਚਰਨ ਫੜੇ ਨੈਨਨ ਜਲ ਢਰਿਓ।
ਚੀਨੀ ਕੇ ਪਾਸੇ ਲਗ ਖਰਿਓ।

ਸਤਿਗੁਰਾਂ ਕਿਹਾ ਨਿਹਾਲ ! ਭਾਈ ਰਾਇ ਸਿੰਘ ਜੀ ! ਨਿਹਾਲ !! ਜਾਓ ਤੁਹਾਡਾ ਗੁਰੂ ਰਾਖਾ। ਦਸਮੇਸ਼ ਰਾਖਾ ਕਲਗੀਆਂ ਵਾਲਾ ਸਹਾਇਕ ਜਾਓ ! ਸ੍ਰੀ ਅਬਚਲ ਨਗਰ ਦੇ ਦਰਸ਼ਨ ਕਰਕੇ ਛੇਤੀ ਆਵੋ ! ਪਯਾਰੇ ਦਸਮੇਸ਼ ਜੀ ਦੀ ਭੁਲੀ ਹੋਈ ਰਹਿਤ ਮੁੜ ਪ੍ਰਚਾਰੋ ਸਿਖੀ ਰੂਪ ਫੁਲਵਾੜੀ ਨੂੰ ਸਰਸਸਬਜ਼ ਕਰਨ ਲਈ ਜਾਓ ਤੇ ਦਸਮੇਸ਼ ਜੀ ਦੀ ਰਹਿਤ ਸਿਖ ਕੇ ਜਲਦੀ ਮੁੜੋ। ਅਤੇ ਸਾਡੇ ਏਥੇ ਖਲੋਤਿਆਂ ਦੇਖਦਿਆਂ ਚੌਕੀ ਵਿਚ ਚਲੇ ਜਾਓ :—

† † † † †

ਕਹੇ ਰਾਮ ਪ੍ਰਭੁ ਦੇਖਤ ਮੇਰੇ।
ਚੌਕੀ ਵੀਚ ਸਿਪਾਹਯੋਂਨ ਡੇਰੇ।
ਚਲੇ ਜਾਓ ਨਿਰਭੈ ਹੋ ਕਰਕੇ।
ਯਾਦ ਕਰੋ ਕਰਤਾ ਰੁਜ ਹਰਿਕੇ।
ਏਤੀ ਬਾਣੀ ਪ੍ਰਭੂ ਸੁਣਾਈ।
ਰਾਇ ਸਿੰਘ ਬੰਦੇ ਗੁਰ ਪਾਈ।
ਚੌਕੀ ਕੇ ਦਰ ਪਰ ਜਬ ਆਯੋ।
ਕਾਂਪੀ ਧਰਤ ਬਡੋ ਭੁੰਚਾਯੋ।
ਦੇਖ ਸਿਪਾਹੀ ਹੋਇ ਹੈਰਾਨ।
ਸਤਿਗੁਰ ਖੈਂਚੀ ਧਰਤ ਤਨਾਨ।

† † † † †

ਭਾਈ ਰਾਇ ਸਿੰਘ ਜੀ ਨੇ ਬਾਕੀ ਰਾਤ ਚੌਕੀ ਤੇ ਬਤਾਈ ਦਿਨ ਚੜੇ ਫਿਰ ਟੁਰ ਪਏ ਤੇ ਟੁਰ ਦੇ ਟੁਰਾਂਦੇ ਸ੍ਰੀ ਅਬਚਲ ਨਗਰ ਪੁਜ ਗਏ।

ਏਧਰ ਪਯਾਰਾ ਸਤਿਗੁਰੂ ਰਾਤੋ ਰਾਤ ਆਪਣੇ ਸਿਦਕੀ ਸਿਖ ਦੀ ਸ਼ੇਰ ਤੋਂ ਰਖਿਆ ਕਰਕੇ ਸਿੰਘ ਨੂੰ ਅਭੈ ਦਾਨ ਦੇਕੇ :—

† † † † †

ਤਤ ਛਿਨ ਭੈਣੀ ਸਾਹਿਬ ਆਏ।
ਮਾਯਾ ਪਰੀ ਸਭੈ ਸੁਪਤਾਏ।
ਸੇ ਕੇਸਾਂ ਤੇ ਸਿੰਘ ਛੁਡਾਇ।
ਸਤਿਗੁਰੂ ਥਿਰੇ ਪਲੰਘ ਪੁਰ ਆਇ।

(੫)

ਸਵੇਰੇ ਉਠਕੇ ਜਦੋਂ ਸ੍ਰੀ ਮਾਨ ਭਾਈ ਸਾਵਨ ਸਿੰਘ, ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਸਤਬਲ ਦੇ ਦਰੋਗੇ ਸਨ, ਜੀ ਨੇ ਚੀਨੀ ਘੋੜੀ ਡਿਠੀ ਤਾ ਆਪ ਜੀ ਦੀ ਹੈਰਾਨੀ ਦੀ ਕੋਈ ਹਦ ਨਾ ਰਹੀ ਕਿਉਂਕਿ ਘੋੜੀ ਮੁੜ੍ਹਕੋ ਮੁੜ੍ਹਕਾ ਹੋਈ ੨ ਪਈ ਸੀ ਅਤੇ ਪਿੰਡੇ ਉਤੇ ਕਾਠੀ ਦੇ ਨਿਸ਼ਾਨ ਦਿਸ ਰਹੇ ਸਨ ਸੁੰਬ ਸਟੇ ਨਾਲ ਭਰੇ ਪਏ ਸਨ ਅਤੇ ਇੰਵ ਪਿਆ ਭਾਸਦਾ ਸੀ ਜੋ ਚੀਨੀ ਬਹੁਤ ਸਾਰੀ ਮੰਜਲ ਕਰਕੇ ਆਈ ਏ ਪਰ ਜਦੋਂ ਸਾਵਨ ਸਿੰਘ ਜੀ ਨੇ ਹੋਰ ਘੋੜਿਆਂ ਵਾਲਿਆਂ ਸਿੱਖਾਂ ਨੂੰ ਤੇ ਪਹਿਰੇਦਾਰ ਨੂੰ ਸੱਦਕੇ ਪੁਛਿਆ ਕਿ ਦੱਸੋ ਚੀਨੀ ਤੇ ਰਾਤੀਂ ਕੌਣ ਚੜ੍ਹਿਆ ਏ ਤੇ ਕਿਸ ਦੁੜਾਈ ਏ ਤਾਂ

ਸਾਰੇ ਕੰਨਾਂ ਤੇ ਹਥ ਧਰ ਗਏ ਕਿਸੇ ਦੀ ਕੀ ਤਾਕਤ ਸੀ ਜੋ ਚੀਨੀ ਤੇ ਅਸਵਾਰੀ ਕਰ ਸਕੇ ਕਿਉਂਕਿ ਚੀਨੀ ਸਤਿਗੁਰੂ ਜੀ ਦੀ ਅਪਣੀ ਅਸਵਾਰੀ ਦੀ ਘੋੜੀ ਸੀ ਅਤੇ ਇਸ ਨਾਲ ਸਤਿਗੁਰੂ ਸਚੇ ਪਾਤਸ਼ਾਹ ਜੀ ਦਾ ਸਭਨਾਂ ਘੋੜਿਆਂ ਨਾਲੋਂ ਜਿਆਦਾ ਪਿਆਰ ਸੀ। ਫਿਰ ਕਿਸੇ ਦੀ ਕੀ ਮਜਾਲ ਸੀ ਜੋ ਚੀਨੀ ਦੀ ਸਵਾਰੀ ਕਰੇ। ਪਰ ਜਦੋਂ ਪਹਿਰੂ ਨੂੰ ਪੁਛਿਆ ਗਿਆ ਤਾਂ ਓਸ ਕਿਹਾ ਕਿ ਮੈਂ ਸਾਰੀ ਰਾਤ ਜਾਗਕੇ ਗੁਜਾਰੀ ਏ ਕਿਸੇ ਨੂੰ ਔਂਦਿਆ ਜਾਂਦਿਆਂ ਨਹੀਂ ਡਿਠਾ ਫੇਰ ਚੀਨੀ ਨੂੰ ਕਿਸ ਦੌੜਾਯਾ ਏ। ਸਿੰਘਾਂ ਦੀ ਇਹ ਵਿਸਮਾਦਤਾ ਦੇਖ ਭਾਈ ਸਾਵਨ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ:—

† † † † †

ਹੇ ਪ੍ਰਭ ਘੋਰੀ ਚੀਨੀ ਹੂੰ ਕੋ।
ਦੌੜਾ ਨਿਸ ਲੈ ਗਿਆ ਕਹੂੰ ਕੋ।
ਆਵਤ ਜਾਤ ਨ ਦੀਸਾ ਕੋਈ।
ਥਕੀ ਸ੍ਵੇਤ ਕਾਠੀ ਚਿੰਨ੍ਹ ਹੋਈ।
ਬਡੋ ਅਚੰਭ ਨਿਰੰਜਨ ਕਰਤੇ।
ਚਿੰਤਾ ਸਹਿਤ ਪ੍ਰਭੂ ਕੇ ਡਰਤੇ।
ਬਹੁ ਸੁਚੇਤ ਹਮ ਰਾਤ ਗੁਜਾਰੀ।
ਏ ਪ੍ਰਭ ਦੇਖਾ ਅਚਰਜ ਭਾਰੀ।
ਸਤਿਗੁਰ ਬੋਲੇ ਚੁਪ ਹੋ ਭਾਈ।
ਚੀਨੀ ਕਹਾਂ ਕਿਨੇ ਦੌੜਾਈ।
ਬੋਲੇ ਸਿਖ ਪ੍ਰਭੂ ਗਲ ਸਾਚੀ।
ਕੂੜੀ ਬਾਤ ਨ ਤੁਮ ਢਿਗ ਬਾਚੀ।
ਗੁਰ ਬੋਲੇ ਸਿਖੋ ਓਹ ਜਾਣੇ।
ਵਰਤੇ ਸਭ ਗੁਰ ਨਾਨਕ ਭਾਣੇ।
ਡਰ ਕਰ ਸਿਖ ਚੁਪ ਹੋ ਗਏ।
ਸੋਚ ਫਿਕਰ ਮਨ ਤੇ ਨਾ ਗਏ।

ਸਿੰਘ ਭਾਵੇਂ ਸਤਿਗੁਰੂ ਜੀ ਦੇ ਬਚਨ ਸੁਣਕੇ ਤਾਂ ਚੁਪ ਤਾਂ ਕਰ ਰਹੇ ਪਰ ਦਿਲ ਵਿਚ ਏਹ ਖ਼ਯਾਲ ਜਰੂਰ ਰਿਹਾ ਕਿ ਕੋਈ ਨਾ ਕੋਈ ਕਾਰਨ ਜਰੂਰ ਹੈ ਸਤਿਗੁਰ ਸਚੇ ਪਾਤਸ਼ਾਹ ਸਿਖਾਂ ਦੀ ਦਸ਼ਾ ਤਕ ਹੱਸੇ ਅਤੇ ਫੁਰਮਾਯਾ:—

ਹੰਸੇ ਗੁਰ ਰਾ ਸਿੰਘ ਜੋ ਆਵੇ।
ਸੋ ਆਛੀ ਬਿਧ ਹਾਲ ਬਤਾਵੇ।
ਤਾਕੋ ਸਭ ਕੁਛ ਹੋਤ ਮਲੂਮ।
ਆਵੇ ਗੋ ਜਬ ਈਹਾਂ ਘੂਮ।

ਬਸ ਏਹ ਬਚਨ ਸੁਣਕੇ ਸਿੰਘ ਸਮਝ ਗਏ ਕਿ ਏਹ ਕੋਈ ਸਤਿਗੁਰ ਸਚੇ ਪਾਤਸ਼ਾਹ ਦਾ ਆਪਣਾ ਹੀ ਖੇਲ ਏ। ਭਾਈ ਰਾਇ ਸਿੰਘ ਜੀ ਦੀ ਰਖਿਆ ਲਈ ਸਚੇ ਪਾਤਸ਼ਾਹ ਆਪਹੀ ਚੀਨੀ ਤੇ ਅਸਵਾਰ ਹੋ ਕੇ ਗਏ ਹਨ ਤੇ ਆਪਣੇ ਸੇਵਕ ਦੀ ਰਖਯਾ ਕਰਕੇ ਮੁੜ ਆਏ ਹਨ। ਪਰ ਏਸ ਖੇਲ ਨੂੰ ਜਾਨਣ ਲਈ ਦਿਲ ਸਭਨਾਂ ਦੇ ਉਤਾਵਲੇ ਹੋ ਰਹੇ ਹਨ ਸਤਿਗੁਰੂ ਸਚੇ ਪਾਤਸ਼ਾਹ ਤਾਂ ਕੁਝ ਦਸਦੇ ਹੀ ਨਹੀਂ ਹੁਣ ਭਾਈ ਰਾਇ ਸਿੰਘ ਜੀ ਆਕੇ ਹੀ ਜੋ ਕੁਝ ਓਨ੍ਹਾਂ ਨਾਲ ਵਰਤਿਆ ਏ ਭਾਵੇਂ ਦਸਣ ਇਸ ਲਈ ਸ੍ਰੀ ਭੈਣੀ ਸਾਹਿਬ ਜੀ ਦੀਆਂ ਸੰਗਤਾਂ ਨੂੰ ਭਾਈ ਰਾਇ ਸਿੰਘ ਜੀ ਦੀ ਅੰਵ ਉਡੀਕ ਲਗ ਗਈ ਜਿਉਂ ਚਾਤ੍ਰਿਕ ਬੂੰਦ ਨੂੰ ਪਿਆ ਤਰਸਦਾ ਏ। ਜਿਉਂ ਚੰਨ ਦੀ ਚਕੋਰ ਉਡੀਕ ਕਰਦਾ ਏ ਪਿਆ।

(੬)

ਭਾਈ ਰਾਇ ਸਿੰਘ ਜੀ ਮੰਜਲੋ ਮੰਜਲੀ ਸ੍ਰੀ ਅਬਚਲ ਨਗਰ ਪੁਜ ਗਏ ਦਰਬਾਰ

ਸਾਹਿਬ ਦਾ ਦਰਸ਼ਨ ਕੀਤਾ ਨਮਸ਼ਕਾਰ ਕੀਤੀ। ਕੜਾਹ ਪ੍ਰਸਾਦ ਦੀ ਦੇਗ ਕਰਾਈ ਸਿੰਘਾਂ ਨਾਲ ਚੰਗੀ ਤਰਾਂ ਮੇਲ ਜੋਲ ਪੈਦਾ ਕਰ ਲਿਆ ਵਿਦਯਾਵਾਨ ਤੇ ਹੈ ਹੀ ਸਨ। ਆਪਣਾ ਗੁਣ ਪ੍ਰਗਟ ਕੀਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਅਰੰਭ ਕਰ ਦਿਤੀ ਸਾਢੇ ਤ੍ਰੈ ਮਹੀਨੇ ਰਹਿਕੇ ਕਥਾ ਸਮਾਪਤ ਕੀਤੀ ਅਤੇ ਗੁਰੂ ਘਰ ਦੀ ਸਾਰੀ ਮਰਯਾਦਾ ਲਿਖੀ ਜਿਸ ਦਿਨ ਕਥਾ ਦਿਨ ਭੋਗ ਪਿਆ ੩੦੦) ਰੁਪਯਾ ਭੇਟਾ ਚੜ੍ਹੀ ਪਰ ਸਚੇ ਪਾਤਸ਼ਾਹ ਦਾ ਹੁਕਮ ਸੀ ਕਿ ਪੂਜਾ ਨਹੀ ਲੈਣੀ ਇਸ ਲਈ ਆਪ ਨੇ ਓਹ ਸਭ ਭੇਟਾ ਤਖਤ ਸਾਹਿਬ ਦੀ ਅਰਪਨ ਕਰ ਦਿਤੀ ਜਦੋਂ ਸਿੰਘਾਂ ਨੇ ਜੋਰ ਪਾਇਆ ਕਿ ਆਪ ਕੁਝ ਅੰਗੀ ਕਾਰ ਕਰੋ ਤਾਂ ਆਪ ਕਹਿਆ ਕਿ ਸਾਨੂੰ ਸਾਡੇ ਪਯਾਰੇ ਦਾ ਹੁਕਮ ਨਹੀ।:–

† † † † † † † †

ਮੋਕੋ ਅਹੋ ਹੁਕਮ ਗੁਰ ਪੂਰੇ।
ਸੇਵਾ ਕਰੌ ਤਾਹਿ ਬਿਧ ਰੂਰੇ।
ਕੌਡੀ ਏਕ ਨਾ ਵਾਂਸੇ ਲਿਆਵੋ।
ਜੋ ਅਕੋਰ ਸੋ ਦੇਗ ਚਲਾਵੋ।
ਸਾਚੇ ਗੁਰ–ਕੀ ਆਗਯਾ ਐਸੇ।
ਮੈਂ ਏਹ ਦਮੜੇ ਲੈਹੋਂ ਕੈਸੇ।
ਸਾਚੋ ਗੁਰ-ਦ੍ਵਾਰਾ ਦਸ-ਮੇਸੂ।
ਉਤਮ ਏਹ ਬਿਲੰਦ ਵਿਸੇਸੂ।
ਸੇਵਾ ਕਰੇ ਜੋਇ ਅਨੁਰਾਗੇ।
ਤਾਂਕੇ ਉਤਮ ਲਖ ਵਡ ਭਾਗੇ।
ਭਾਗੇ ਦੌਇ ਲੋਕਨ ਡਰ ਤਾਂਕੇ।
ਦੀਦ ਕਰੇ ਇਕ ਬਾਰ ਜੁ ਯਾਂਕੇ।
ਆਗਯਾ ਤਿਸ ਪ੍ਰਭੁ ਕ੍ਰਿਪਾ ਨਿਧਾਨੇ।
ਸ੍ਰੀ ਕਲਗੀ ਧਰ ਪੁਰਖ ਮਹਾਨੇ।
ਤਾਂ ਹਿਤ ਸੌਤ ਕਰੋ ਗੁਰ ਭਾਈ।
ਮੈਂ ਨਹਿ ਲੇਹੁੰ ਯਹਾਂ ਸੇ ਰਾਈ।
ਬੋਲੇ ਸਭ ਖੁਸ਼ ਹੋਇ ਪੁਜਾਰੀ।
ਸਾਧ ਸਾਧ ਆਹ ਮ੍ਰਿਗਾਰੀ।
ਐਸੇ ਸਰਧਾ ਵਾਨ ਪਯਾਰੇ।
ਮਾਤ ਪਿਤਾ ਸਗਲੇ ਕੁਲ ਤਾਰੇ।

† † † † † † † †

ਇਸ ਤਰਾਂ ਭਾਈ ਜੀ ਨੇ ਸ੍ਰੀ ਅਬਚਲ ਨਗਰ ਦੇ ਦ੍ਰਸ਼ਨ ਦੀਦਾਰ ਕਰਕੇ ਗੁਰੂ ਵਾਕ ਸਫਲਾ ਕੀਤਾ। ਏਧਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਮ, ਦਾਨ, ਅਸਨਾਨ, ਆਦਿ ਗੁਰ ਸਿਖੀ ਦੀ ਪਾਵਨ ਮਰਯਾਦਾ ਦਾ ਪ੍ਰਚਾਰ ਕਰਕੇ ਗੁਰ ਸਿਖੀ ਦਾ ਪੁਨਰ ਉਥਾਨ ਕਰ ਰਹੇ ਸਨ। ਇਕ ਦਿਨ ਸਿੰਘਾਂ ਨੇ ਅਰਜ਼ ਕੀਤੀ ਅਤੇ ਸਾਰੇ ਸੂਬਿਆਂ ਨੇ ਕਹਿਆ ਕਿ ਸਚੇ ਪਾਤਸ਼ਾਹ ਆਪ ਇਕ ਅਜੇਹਾ ਹੁਕਮਨਾਮਾ ਸੰਗਤ ਦੇ ਨਾਉਂ ਲਿਖੋ ਜਿਸ ਵਿਚ ਰਹਿਤ ਮਰਯਾਦਾ ਜੋ ਆਪ ਜੀ ਨੇ ਖਾਲਸਾ ਜੀ ਵਿਚ ਪ੍ਰਚਲਤ ਕਰਨੀ ਏ ਚੰਗੀ ਤਰਾਂ ਖੋਲਕੇ ਦਸੋ। ਸਤਿਗੁਰਾਂ ਕਹਿਆ ਕਿ ਭਾਈ ਰਹਿਤਨਾਮਾਂ ਅਸੀਂ ਓਨਾਂ ਚਿਰ ਕੋਈ ਨਹੀ ਦਸਦੇ ਜਿਨਾ ਚਿਰ ਭਾਈ ਰਾਇ ਸਿੰਘ ਜੀ ਸ੍ਰੀ ਅਬਚਲ ਨਗਰ ਤੋਂ ਨਹੀ ਆ ਜਾਂਦੇ।

ਇਕ ਦਿਨ ਭਾਈ ਰਾਇ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ ਬਰਾਜੇ ਹੋਏ ਸਨ। ਸਤਿਗੁਰੂ ਸਚੇ ਪਾਤਸ਼ਾਹ ਨੇ ਸੁਪਨੇ ਵਿਚ ਦ੍ਰਸ਼ਨ ਦੇਕੇ ਹੁਕਮ ਕੀਤਾ:–

–:o:–

''ਕਾਰਜ ਤੈਂ ਅਬ ਸਾਰਿਓ ਸਾਰਾ।
ਮੋ ਢਿਗ ਆਵੋ ਬਿਨਾ ਅਵਾਰਾ।''

ਬਸ ਏਸ ਹੁਕਮ ਨੂੰ ਸੁਣ-ਦਿਆਂ ਹੀ ਭਾਈ ਰਾਇ ਸਿੰਘ ਜੀ ਉਠ ਬੈਠੇ ਅੰਮ੍ਰਿਤ ਵੇਲੇ ਅਸ਼ਨਾਨ ਪਾਣੀ ਨਿਤ ਕਰਮ ਕਰਕੇ ਖਾਲਸਾ ਜੀ ਤੋਂ ਪਿਛੇ ਮੁੜਨ ਦੀ ਆਗਿਆ ਮੰਗੀ ਜਦੋਂ ਹਜ਼ੂਰ ਸਾਹਿਬ ਜੀ ਦੇ ਖਾਲਸੇ ਨੇਂ ਭਾਈ ਜੀ ਦੇ ਪਿਛਾਹਾਂ ਮੁੜਨ ਦੀ ਗਲ ਸੁਣੀ ਤਾਂ ਸਭ ਸਿੰਘ ਆਖਨ ਲਗੇ:—

ਆਪ ਕਹੋਂ ਮੈਂ ਜਾਵੋਂ ਪੀਛੇ।
ਤੁਮਰੇ ਬੋਲ ਲਗਤ ਸਰ ਤੀਛੇ।

ਪਰ ਭਾਈ ਰਾਇ ਸਿੰਘ ਜੀ ਨੇ ਕਹਿਆ ਕਿ ਨਹੀ ਸਾਨੂੰ ਹੁਕਮ ਹੀ ਇਤਨਾ ਸੀ ਹੁਣ ਅਸੀਂ ਜਰੂਰ ਹੀ ਪੰਜਾਬ ਜਾਵਾਂਗੇ:—

ਸੁਣੀ ਖਾਲਸੇ ਕੀਨੋ ਬਿਦਾ।
ਚਕ੍ਰ ਕੜੇ ਕ੍ਰਿਪਾਨ ਲੈ ਤਦਾ।
ਸੋਧ ਅਰਦਾਸਾ ਕੀਨੀ ਬੰਦਨ।
ਧਾਰ ਧਿਆਨ ਨੌਮੇ ਗੁਰ ਨੰਦਨ।
ਸਿਰੋ ਪਾਉ ਪ੍ਰਸ਼ਾਦਿ ਦੇ,
ਸੁਖ ਨਿਧਾਨ ਕੇ ਬੀਉ।
ਕੀਨਾ ਬਿਦਾ ਪੁਜਾਰੀਆਂ,
ਮਿਲੇ ਗਿਲੇ ਬਿਰ-ਹੀਉ।
ਚਲਾ ਰਾਇ ਸਿੰਘ ਗੁਰੂ ਧਿਆਈ।
ਵਾਹਿਗੁਰੂ ਕੀ ਫਤਹ ਗਜਾਈ।
ਦੁਹਿ ਦਿਸ ਨੈਨੀ ਨੀਰ ਢਰਾਇਆ।
ਸਿੰਘਨ ਸਿੰਘ ਨ ਚਾਹ ਜੁਦਾਇਆ।
ਬੋਲੇ ਖੁਸ਼ੀ ਸੁ ਚਤ੍ਰ ਸੁਜਾਨਾ।
ਗੁਰੂ ਰਾਮ ਸਿੰਘ ਕੋ ਧਰ ਧਿਆਨਾ।
ਗੋਰਨ ਕੀ ਤਬ ਰੇਲ ਨ ਬਨੀ।
ਪਯਾਦੇ ਮਗੁ ਲਿਆ ਗੁਨਧਨੀ।
ਪੈਂਡਾ ਪੂਰਾ ਪੰਜ ਸੈ ਕੋਸਾ।
ਗਿਆ ਖੂਟ ਮਗ ਖਰਚ ਵ ਤੋਸਾ।
ਤੋ ਮਨ ਅਪਨੇ ਚਿਤਵਨ ਕਰੇ।
ਬਿਨਾ ਦਾਮ ਕਿਛ ਕਾਮ ਨ ਸਰੇ।

—:o:—

ਜਦੋਂ ਆਪ ਪੰਜ ਸੈ ਕੋਹ ਆ ਗਏ ਤਾਂ ਰਸਤੇ ਵਿਚ ਖਰਚ ਮੁਕ ਗਿਆ ਪੂਜਾ ਗੁਰੂ ਜੀ ਨੇ ਲੈਣ ਦੀ ਆਗਿਆ ਨਹੀ ਸੀ ਦਿਤੀ। ਆਪਨੂ ਬੜੀ ਚਿੰਤਾ ਹੋਈ ਕਿ 'ਹੁਣ ਕੀ ਕਰੀਏ:-

—:o:—

ਕੋਈ ਪਛਾਣੂ ਭੈਣ ਨ ਭਾਈ।
ਮਾਤ ਨ ਪਿਤਾ ਨ ਮਿਤ ਇਸ ਥਾਈ।
ਪੈਸਾ ਏਕ ਖਰਚ ਨਾ ਪਾਸੂ।
ਰਾਇ ਸਿੰਘ ਮਨ ਭਇਆ ਉਦਾਸੂ।

—:o:—

ਭਾਈ ਸਾਹਿਬ ਜੀ ਦੇ ਪਾਸ ਕੁਝ ਰਿਹਾ ਨਾ। ਮੰਗਨ ਦਾ ਖ਼ਾਲਸੇ ਨੂੰ ਹੁਕਮ ਨਹੀ ਕਿਸੇ ਦੇ ਹਥੋਂ ਛਕਣਾਂ ਨਹੀਂ ਦਿਉਂ ਬਾਰਾਂ ਪਹਿਰ ਭੁਖਿਆਂ ਨੂੰ ਲੰਘ ਗਏ ਪੈਂਡੇ ਦੀ ਥਕਾਨ ਅਤੇ ਭੁਖ ਦੇ ਦੁਖ ਨੇ ਆਪ ਜੀ ਦੇ ਪ੍ਰਾਨ ਥਕਾ ਦਿਤੇ। ਪਰ ਆਪ ਜੀ ਉਸੇ ਤਰਾਂ ਹੀ ਭਾਣੇ ਵਿਚ ਖੁਸ਼ ਚਲੇ ਜਾ ਰਹੇ ਹਨ ਰਸਤੇ ਵਿਚ ਇਕ ਖੂਹ ਨਿਗਾਹ ਪਿਆ। ਆਪ ਜਲ ਛਕਣ ਲਈ ਖੂਹ ਤੇ ਗਏ ਜਲ ਛਕਿਆ ਟੁਰਨ ਲਗਿਆਂ ਖੂਹ ਦੀ ਮਨ ਤੇ ਇਕ ਥੈਲੀ ਪਈ ਡਿਠੀ ਜਿਸ ਦੇ ਵਿਚ ਮਾਯਾ ਸੀ। ਆਪ ਨੇ ਕਹਿਆ ਕਿ ਕੋਈ ਰਾਹੀ ਭੁਲ ਗਿਆ। ਆਪ ਨੇ ਥੈਲੀ ਚਕ ਲਈ ਅਤੇ ਦੋ ਤ੍ਰੈ ਕੋਹ ਹਥ ਵਿਚ ਫੜੀ ਆਏ ਕਿ ਕੋਈ ਮੰਗੇਗਾ ਤਾਂ ਦੇ ਦਿਆਂਗੇ। ਪਰ ਜਦੋਂ ਕਿਸੇ ਨੇ ਪੁਛਿਆ ਹੀ ਨਾਂ!—

ਤਬ ਗੁਰ ਸਾਚੇ ਦਿਯੋ ਗਯਾਨ।
ਸੁਣ ਸਿਖ ਪਯਾਰੇ ਗੁਨੀ ਨਿਧਾਨ।
ਤੋਸੇ ਮਗ ਹਿਤ ਵਿਤ-ਵਤ ਜੋਈ।
ਤੋਂ ਹਿਤ ਭੇਜੀ ਬਾਤੀ ਸੋਟੀ।

ਫਿਰ ਆਪਨੇ ਉਸ ਥੈਲੀ ਵਿਚ ਮਾਯਾ ਕਢੀ ਤੇ ਅੰਨ ਮੁਲ ਲੈਕੇ ਪ੍ਰਸ਼ਾਦ ਤਿਆਰ ਕੀਤਾ ਅਰਦਾਸ ਕਰਕੇ ਭੋਗ ਲੁਆਕੇ ਸੋਲ੍ਹਾਂ ਪਹਿਰ ਮਗਰੋਂ ਪ੍ਰਸ਼ਾਦ ਛਕਕੇ ਅਕਾਲ ਪੁਰਖ ਦਾ ਸ਼ੁਕਰ ਕਰਦੇ ਹੋਏ ਸ੍ਰੀ ਚੀਨੀ ਵਾਲੇ ਸਤਿਗੁਰੂ ਜੀ ਦੇ ਦਰਸ਼ਨ ਲਈ ਭੈਣੀ ਸਾਹਿਬ ਨੂੰ ਟੁਰ ਪਏ।

(੭)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰਾਮਸਰ ਬੈਠੇ ਹਨ, ਅਜ ਸੰਗਤਾਂ ਦੀ ਬਹੁਤ ਭੀੜ ਹੈ। ਸੈਂਕੜੇ ਸਿੰਘ ਦਰਸ਼ਨ ਕਰਨ ਲਈ ਆਏ ਹੋਏ ਹਨ। ਸ੍ਰੀ ਭੈਣੀ ਸਾਹਿਬ ਡਾਢੀ ਚਹਿਲ ਪਹਿਲ ਲਗ ਰਹੀ ਏ। ਕੀਰਤਨ ਹੋ ਰਿਹਾ ਏ ਰਾਗੀਆਂ ਨੇ ਦੀਵਾਨ ਦੀ ਸਮਾਪਤੀ ਕੀਤੀ। ਸ਼ਬਦ ਦਾ ਭੋਗ ਪਾਯਾ ਅਰਦਾਸ ਕੀਤੀ ਸਭ ਸਿੰਘ ਸਤਿਗੁਰੂ ਦੇ ਦਰਸ਼ਨ ਲਈ ਥਾਂਓਂ ਥਾਈਂ ਸਜ ਗਏ। ਸਤਿਗੁਰੂ ਜੀ ਉਠੇ ਹਥ ਵਿਚ ਗੜਵਾ ਫੜਿਆ ਅਤੇ ਏਹ ਕਹਿੰਦੇ ਹੋਏ 'ਮੇਰੇ ਪਿਛੇ ਕੋਈ ਨਾਂ ਆਵੇ' ਰਾਮਪੁਰ ਵਲ ਨੂੰ ਟੁਰ ਪਏ ਜਦੋਂ ਇਕ ਮੀਲ ਗਏ ਤਾਂ ਅਗੇ ਸ੍ਰੀ ਮਾਨ ਭਾਈ ਰਾਇ ਸਿੰਘ ਜੀ ਸ੍ਰੀ ਅਬਚਲ ਨਗਰ ਦੇ ਦਰਸ਼ਨ ਕਰਕੇ, ਔਂਦੇ ਮਿਲ ਪਏ। ਆਹ! ਪਾਠਿਕ, ਇਸ ਮਿਲਾਪ ਦਾ ਵਰਨਨ ਇਸ ਗੁਰ ਸਿਖ ਸੰਗਮ ਦਾ ਵਰਨਨ ਮੈਂ ਕਿਵੇਂ ਕਰਾਂ! ਮੇਰੀ ਤੁਛ, ਲੇਖਨੀ ਵਿਚ ਏਹ ਤਾਕਤ ਕਿਥੇ। ਇਸ ਲਈ ਮੈਂ ਪੂਜਯ ਸੰਤ ਧਿਆਨ ਸਿੰਘ ਜੀ ਦੀ ਜ਼ਬਾਨੀ ਹੀ ਪਾਠਕਾਂ ਦੇ ਰਹਸ ਲਈ ਇਸ ਗੁਰ ਸਿਖ ਸੰਗਮ ਦਾ ਹਾਲ ਲਿਖਦਾ ਹਾਂ। ਜਦੋਂ ਰਾਇ ਸਿੰਘ ਜੀ ਨੇ ਆਪਣੇ ਸੋਹੇਂ ਪਯਾਰੇ ਚੀਨੀ ਵਾਲੇ ਨੂੰ ਤਕਿਆ ਹਾਂ ਜੀ 'ਤਿਸ ਨਾਨਕ ਪਰਸਣ ਆਵੇ' ਦੇ ਵਾਕ ਨੂੰ ਪੂਰਾ ਕਰਨ ਵਾਲੇ ਸਤਿਗੁਰੂ ਦੇ ਦੀਦਾਰ ਕੀਤੇ:—

* * * * * *

ਦੌਰ ਤਬੈ ਪਗ ਪਰ ਲਪਟਾਇਆ।
ਪਕਰ ਭੁਜਾ ਲੈ ਅੰਗ ਲਗਾਇਆ।
ਪੂਛਾ ਕੁਸਲ ਪ੍ਰਭੂ ਜੀ ਤਾਸੋਂ।
ਆਯੋ ਅਨੰਦ ਸਹਿਤ ਭਾਈ ਵਾਂਸੋ।
ਰਾਇ ਸਿੰਘ ਕਰ ਜੋਰ ਉਚਾਰੇ।
ਮੈਂ ਜਾਵੋਂ ਸਤਿਗੁਰ ਬਲਿਹਾਰੇ।
ਕ੍ਰਿਪਾ ਆਪਕੀ ਰਹਿਓ ਅਨੰਦ।
ਬੋਲੇ ਤਬ ਮੁਸਕਾਇ ਮੁਕੰਦ।
ਮੈਂ ਸੁਣਿਓ ਮਗ ਮੇ ਇਕ ਸ਼ੇਰ।
ਮਾਰਤ ਹੈ ਪਾਂਧੀ ਬਿਨ ਦੇਰ।
ਪਰ ਰਖ ਵਾਲੇ ਗੁਰ, ਸਿਖ ਕੇਰੇ।
ਦੁਸ਼ਮਨ ਦੂਤ ਛੁਵੇ ਨਹਿ ਨੇਰੇ।
ਦੇ ਕਰ ਕਰ ਵਹਿ ਆਪ ਬਚਾਵੇ।
ਲੋਕ ਦੁਹਿਨ ਸੁਖ ਸਹਿਤ ਬਤਾਵੇ।
ਯੋ ਜਬ ਰਾਇ ਸਿੰਘ ਸੁਣ ਪਾਈ।
ਨੈਨਨ ਨੀਰ ਮਨੋ ਬਿਕਸਾਈ।
ਮਨੋਂ ਚਰਨ ਸਸਿ ਮਿਲੇ ਚਕੋਰ।
ਦਾਦਰ ਬੈਨ ਮਿਲੇ ਜਿਉਂ ਮੋਰ।
ਮਛੀ ਸਿੰਧ ਮਿਲੇ ਖੁਸ਼ ਹੋਈ।
ਤਾਂ ਸੁਖ ਕੋ ਬਰਨੈ ਕਹਾਂ ਕੋਈ।

ਇੰਞ ਪ੍ਰੀਤਮ, ਅਤੇ ਪ੍ਰੇਮ ਮਗਨ ਹੁੰਦੇ ਹੋਏ ਸ੍ਰੀ

ਭੈਣੀ ਸਾਹਿਬ ਪੁਜ ਗਏ। ਜਦੋਂ ਭਾਈ ਰਾਇ ਸਿੰਘ ਜੀ ਦੇ ਔਣ ਦਾ ਪਤਾ ਲਗਾ ਤਾਂ ਸਭ ਸੰਗਤ ਹੁਮ ਹੁਮਾ ਕੇ ਦ੍ਰਸਨ ਕਰਨ ਆ ਗਈ, ਕਿਉਂ ਕਿ ਭਾਈ ਹੋਰਾਂ ਦੇ ਦ੍ਰਸਨ ਦੀ ਉਡੀਕ ਬਹੁਤ ਸੀ। ਆਪ ਜੀ ਦੇ ਔਣ ਤੇ ਹੀ, ਉਸ ਦਿਨ ਚੀਨੀ ਦਾ ਮੁੜ੍ਹਕੋ ਮੁੜ੍ਹਕਾ ਹੋਣਾ, ਕਠੀ ਦੇ ਚਿੰਨ੍ਹ ਦਿਸਣੇ, ਆਦਿ ਭੇਦ ਦਾ ਪਤਾ ਲਗਣਾ ਸੀ। ਇਸ ਲਈ ਸਭ ਸੰਗਤ ਭਾਈ ਹੋਰਾਂ ਦੇ ਦ੍ਰਸਨ ਕਰਨ ਆ ਗਈ। ਸਤਿਗੁਰੂ ਨਿਜ ਆਸਣ ਤੇ ਸਜ ਗਏ ਨਿਕਟ ਰਾਇ ਸਿੰਘ ਜੀ ਨੂੰ ਬੈਠਾਯਾ। ਜਥਾ ਜੋਗ, ਸੂਬੇ ਸੰਤ, ਮਹੰਤ, ਆਪੋ ਆਪਣੇ ਆਸਥਨ ਬੈਠ ਗਏ। ਭਾਈ ਰਾਇ ਸਿੰਘ ਜੀ ਨੇ ਮਾਰਗ ਦਾ ਸਾਰਾ ਹਾਲ ਦਸਿਆ:—

ਗਾਥਾ ਸਭ ਤਿਨ ਆਖ ਸੁਣਾਈ।
ਸ਼ੇਰ ਪਰਾ ਮਗ ਮੈਂ ਜਿਮ ਆਈ।
ਸਤਿਗੁਰ ਜਿਸ ਬਿਧਿ ਤਾਹਿ ਬਚਾਯੋ।
ਰਾਗ ਬਿਲਾਵਲ ਸਬਦ ਸੁਣਾਯੋ।
ਤੋਸੇ ਹਿਤ ਭੇਜੀ ਜਿਵ ਬਾਤੀ।
ਕਹੀ ਸਰਬ ਸਾਖੀ ਬਖਯਾਤੀ।
ਗੁਰ ਦੁਆਰੇ ਕੀ ਰੀਤੀ ਸਾਰੀ।
ਸਭ ਸਿਘਨ ਪ੍ਰਤਿ ਲਿਖੀ ਦਖਾਰੀ।
ਧਾਰੀ ਸਿੰਘਨ ਹਿਤ ਚਿਤ ਸਾਥ।
ਟੇਕਿਓ ਰਾਇ ਸਿੰਘ ਕੋ ਮਾਥ।
ਧੰਨ ਭਾਗ ਭਾਈ ਜੀ ਤੇਰੇ।
ਸੇਵ ਕਰੀ ਗੁਰ-ਦੁਆਰੇ ਹੇਰ।
ਰਾਇ ਸਿੰਘ ਤਬ ਅਰਜ ਗੁਜਾਰੀ।
ਕਿਰਪਾ ਗੁਰ ਸਿੰਘਨ ਕੀ ਸਾਰੀ।
ਮੋਕੋ ਰਖਿਓ ਦੇ ਕਰ ਹਾਥ।
ਰਾਮ ਸਿੰਘ ਮੂਰਤ ਰਘੁਨਾਥ।
ਮਤ ਕੋਈ ਭੂਲੋ ਰੇ ਗੁਰ ਭਾਈ।
ਇਹ ਗੁਰ ਸਾਚੋ ਸਦਾ ਸਹਾਈ।
ਯੁਗ ਯੁਗ ਵਿਖੇ ਧਰਤ ਅਵਤਾਰੇ।
ਦਾਸਨ ਹਿਤ ਭੂ ਭਾਰ ਉਤਾਰੇ।

* * † * * * *

ਸਤਿਗੁਰੂ ਸਚੇ ਪਤਸ਼ਾਹ ਨੇ ਸ੍ਰੀ ਅਬਚਲ ਨਗਰ ਦੀ ਰਹਿਤ ਡਿਠੀ ਅਤੇ ਫਿਰ ਨਾਮਧਾਰੀ ਸੰਗਤ ਦੇ ਨਾਉਂ ਏਹ ਹੁਕਮ-ਨਾਮਾ, ਰਹਿਤਨਾਮਾ, ਲਿਖਯਾ :—

* * * * * * *

ਰਹਿਤ—ਨਾਮਾ

ਪਾਤਸ਼ਾਹੀ ੧੨

੧ ਓ ਸਤਿਗੁਰਪ੍ਰਸਾਦਿ

ਲਿਖਤੁਮ ਰਾਮ ਸਿੰਘ ਹੋਰ ਸੰਬੂਹ ਖਾਲਸਾ ਜੀ ਭੈਣੀ ਦਾ ਸੰਬੂਹ ਖਾਲਸੇ ਜੀ ਕੋ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਵਾਨ ਕਰਨੀ ਜੀ।

ਹੋਰ ਰਹਿਤਨਾਮਾ ਸੰਬੂਹ ਸੰਗਤ ਕੇ ਵਾਸਤੇ ਲਿਖਿਆ ਭੈਣੀ ਤੇ।

Sri Satguru Jagjit Singh Ji Elibrary NamdhariElibrary@gmail.com

ਪਿਛਲੀ ਰਾਤ ਉਠਕੇ ਗੜਵਾ ਲੈਜਾਇ ਕਰ ਮਦਾਨੇ ਹੋਇ ਔਣਾ ਦੋ ਵਾਰੀ ਗੜਵਾ ਮਾਜਨਾ ਮਦਾਨ ਬਸਤ੍ਰ ਲਾਹਿ ਕੇ ਜਾਵਣਾ ਦਾਤਣ ਕਰਨੀ ਫੇਰ ਅਸਨਾਨ ਕਰਨਾ ਬਾਣੀ ਪੜਨੀ ਜੇ ਕੰਠ ਨਾ ਹੋਵੇ ਤਾਂ ਕੰਠ ਕਰ ਲੈਣੀ ਸਰਬ ਮਾਈ ਬੀਬੀ ਸਰਬ ਬੁਢੇ ਬਾਲੇ ਨੇ ਜਪ ਜਾਪ ਦੋਹਾਂ ਦੇ ਹਜਾਰੇ ਸਬਦ ਕੰਠ ਕਰਨੇ ਰਹਿਰਾਸ ਆਰਤੀ ਸੋਹਿਲਾ ਏਤਨੀ ਬਾਣੀ ਕੰਠ ਕਰਨੀ ਜਰੂਰ ਤੇ ਇਸਨਾਨ ਕਰੇ ਥੋਂ ਬਿਨਾ ਪ੍ਰਸਾਦ ਨਹੀ ਛਕਣਾ ਸੀਲ ਸੰਤੋਖ ਸਭਨੇ ਰਖਣਾ ਭਜਨ ਅਠੋ ਪਹਰ ਕਰਨਾ, ਗੁਰੂ ਸਚੇ ਦਾ ਹੋਰ ਪਰਾਈ ਧੀਅ ਭੈਣ ਆਪਣੀ ਜਾਨਣੀ। ਪਰਾਇਆ ਹਕ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ। 'ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।" ਜੇ ਕੋਈ ਭਜਨ ਪੁਛ ਕੇ ਨਾ ਕਰੂਗਾ ਉਸਦਾ ਮੂੰਹ ਦੁਹੀ ਜਹਾਨੀ ਕਾਲਾ ਹੋਊਗਾ। ਹੋਰ ਕਿਸੇ ਦਾ ਬੋਲ ਕਬੋਲ ਸਹਿ ਜਾਣਾ ਸਭਦਾ ਜੇ ਕੋਈ ਮਾਰੇ ਕੁਛ ਤਾਂ ਭੀ ਖਿਮਾਂ ਕਰਨੀ ਤੁਸਾਂ ਦਾ ਰਛਕ ਗੁਰੂ ਹੈ ਹਰ ਬਖਤ ਤੁਸੀ ਬਹੁਤ ਆਪਨੀ ਭਲਾਈ ਛਪਾਉਣ ਦੀ ਕਰਨੀ ਹਰ ਬਖਤ ਦੀਵਾਨ ਲਾਉਨਾ ਹਰਿ ਕੀਰਤਨ ਸਬਦ ਕਰਨਾ ਜੇਕਰ ਜਗ ਕਰਨਾ ਚੌਕੇ ਬਿਚ ਚਰਨ ਧੋਇ ਬੜਨਾ। ਅਰ ਹੋਮ ਦੀ ਜਗਾ ਲਕੜੀ ਹੋਮ ਵਿਚ ਪਲਾਸ ਦੀ ਪਾਉਣੀ ਜਾਂ ਬੇਰੀ ਦੀ ਪਾਉਣੀ ਫੂਕ ਨਹੀ ਮਾਰਨੀ, ਹੋਮ ਦੀ ਅਗ ਨੂੰ ਪਖੀ ਨਾਲ ਝਲਨਾ ਪੰਜ ਆਦਮੀ ਹੋਮ ਵਿਚ ਪੋਥੀਆਂ ਉਤੇ ਬਾਣੀ ਪੜਨੀ ਚੌਪਈ ਜਪ ਜਾਪ ਚੰਡੀ ਦੀ ਵਾਰ ਉਗ੍ਰਦੰਤੀ ਚੰਡੀ ਚਰਿਤ੍ਰ ਅਕਾਲ ਉਸਤਤ ਛੇਵਾਂ ਆਦਮੀ ਅਹੂਤੀ ਪਾਵੇ ਸਤਵਾਂ ਮਗਰੋਂ ਜਲ ਦਾ ਛਿਟਾ ਦੇਵੇ ਥੋੜਾ ਥੋੜਾ ਜੋ ਕੋਈ ਮੰਦਾ ਕਰਮ ਕਰੇ ਜਾਰੀ ਚੋਰੀ ਕਾ ਕਿਸੇ ਥਾਂ ਦਿਵਾਨ ਬਿਚ ਨਹੀਂ ਬੜਨ ਦੇਣਾ। ਜੇਕਰ ਜੋਰਾਵਰ ਹੋਵੇ ਤਾਂ ਸਭਨਾਂ ਨੇ ਏਹ ਅਰਦਾਸ ਕਰਨੀ ਜੀ ਏਹ ਆਦਮੀ ਏਥੇ ਔਣ ਜੋਗਾ ਹੀ ਨਾਂ ਰਹੇ। ਹੋਰ ਜੀ ਮੇਰੀ ਮਤ ਥੋੜੀ ਹੈ। ਤੁਸੀ ਆਪ ਹੀ ਸਭ ਕੁਝ ਸਮਝ ਲੈਣਾ। ਹੋਰੀ ਜੀ ਸਭ ਨੇ ਹਥ ਜੋੜਨੇ ਪ੍ਰਮੇਸਰ ਅਗੇ। ਜੋ ਹੇ ਮਹਾਰਾਜ ! ਸਾਡਾ ਧਰਮ ਬਣਿਆ ਰਹੇ ਜੀ। ਹੋਰ ਕਛਾਂ ਰਖਣੀਆਂ ਪਾਉਚਾ ਪਾਇਕੇ ਲਾਹੁਣਾ ਹੋਰ ਕਿਸੇ ਦਾ ਮੰਦਾ ਕਰਮ ਛਪਾਉਣਾ ਨਹੀਂ ਹੋਰ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀ ਲੈਣਾ ਬਟਾ ਨਹੀ ਕਰਨਾ ਸਦਾ ਗੁਰੂ ਗੁਰੂ ਜਪਦੇ ਰਹਿਣਾ। ਸਾਰੇ ਬਹਿਰ ਨੂੰ ਏਹ ਹੁਕਮ ਸੁਣਾ ਦੇਣਾ ਜੋ ਪੰਦਰਾਂ ਸੋਲਾਂ ਬਰਸ ਤੋਂ ਘਟ ਕੋਈ ਨਾ ਕੁੜੀ ਬਿਆਹੇ। ਦਾਰੂ ਮਾਸ ਨਹੀ ਖਾਣਾ ਪੀਣਾ। ਖੌਫ ਰਖਣਾ ਗੁਰੂ ਦਾ ਹਰਦਮ।

Sri Satguru Jagjit Singh Ji Elibrary NamdhariElibrary@gmail.com

ਚੀਨੀ ਵਾਲੇ ਸਤਿਗੁਰ ਦਾ ਦਰਬਾਰ

(ਵਲੋਂ ਸ੍ਰੀ ਮਾਨ ਲਾਲਾ ਧਨੀ ਰਾਮ ਜੀ "ਚਾਤ੍ਰਿਕ." ਪ੍ਰਧਾਨ ਪੰਜਾਬੀ ਸਭਾ ਅੰਮ੍ਰਿਤਸਰ)

ਆ ਜੀਆ ! ਨੂਰ-ਇਲਾਹੀ ਦਾ, ਤੈਨੂ ਝਲਕਾਰਾ ਪਾ ਦੇਵਾਂ,
ਇਕ ਧਰਮ-ਸ਼ਮਾ-ਪਰਵਾਨੇ ਦੇ ਹਿਰਦੇ ਦੀ ਲੋ ਲਿਸ਼ਕਾ ਦੇਵਾਂ,
ਇਕ ਰੱਬੀ ਰਾਹ ਵਿਚ ਵਿਕੀ ਹੋਈ ਜਿੰਦੜੀ ਤ੍ਰੋਂ ਘੋਲ ਘੁਮਾ ਦੇਵਾਂ,
ਆਕਾਸ਼ੀ ਉਡਦੇ ਪੰਛੀ ਦੇ ਪਿੰਜਰੇ ਦਾ ਰਾਗ ਸੁਣਾ ਦੇਵਾਂ।
ਪਿੰਜਰੇ ਵਿਚ ਪੈਕੇ ਆਜ਼ਾਦੀ ਦੀ ਤੜਪ ਨਾਲ ਤੜਪਾ ਦੇਵਾਂ,
ਜਿਉਂਦੀ ਜਿੰਦ ਮਰਨ ਵਿਖਾ ਦੇਵਾਂ ਤੇ ਮਰਕੇ ਜੀਉਣ ਸਿਖਾ ਦੇਵਾਂ।
ਇਕ ਨਿਰਮਲ ਤੇ ਨਿਰਵੈਰ ਰੂਹ, ਦੁਨੀਆਂ ਜਿਸ ਨੂੰ ਦਰਕਾਰ ਨਹੀਂ,
ਐਸ਼੍ਵਰਜ ਰੋਲ ਕੇ ਪੈਰਾਂ ਵਿਚ, ਭੋਗਾਂ ਨੂੰ ਕਰਦੀ ਪਜ਼ਾਰ ਨਹੀਂ,
ਕੋਈ ਰਾਜ ਨਹੀਂ, ਕੋਈ ਸਾਜ ਨਹੀਂ, ਕੋਈ ਦੌਲਤ ਦੇ ਅੰਬਾਰ ਨਹੀਂ,
ਕੋਈ ਮੋਢੇ ਤੇ ਬੰਦੂਕ ਨਹੀਂ ਕੋਈ ਹੱਥਾਂ ਵਿਚ ਤਲਵਾਰ ਨਹੀਂ।
ਦੁਖੀਆਂ ਦੇ ਦੁਖ ਵਿਚ ਘੁਲ ਘੁਲ ਕੇ, ਉਹ ਸ਼ਮਾਂ ਛਮਾ-ਛਮ ਰੋਂਦੀ ਹੈ,
ਮੋਂਈਆਂ ਲੋਥਾਂ ਹੂਣ ਹੂਣ ਕੇ, ਮੂੰਹ ਵਿਚ ਪਾਣੀ ਚੋਂਦੀ ਹੈ,
ਬੇਜਾਨ ਤੰਬੂਰਾ ਗਲ ਲਾ ਕੇ, ਗੁਰ-ਮੰਤ੍ਰ ਨਾਲ ਗਰਮਾਂਦੀ ਹੈ,
ਸ੍ਵੈਮਾਨ ਅਣਖ ਦੀਆਂ ਤਰਬਾਂ ਨੂੰ, ਹਰਕਤ ਦੇਕੇ ਤੜਪਾਂਦੀ ਹੈ,
ਇਕ ਰਾਗ ਇਲਾਹੀ ਛਿੜਦਾ ਹੈ ਤੇ ਸੁਰਤ ਵਜਦ ਵਿਚ ਆਂਦੀ ਹੈ,
ਮੁਰਦਾ ਰੂਹਾਂ ਦੇ ਸੀਨੇ ਵਿਚ, ਇਕ ਜੋਤ ਜਿਹੀ ਜਗ ਜਾਂਦੀ ਹੈ,
ਅਰਸ਼ਾਂ ਦੇ ਬੂਹੇ ਖੁਲਦੇ ਨੇ, ਦਰਬਾਰ ਸਰੂਰ ਲਗਾਂਦਾ ਹੈ,
ਚੀਨੀ ਤੇ ਚੜ੍ਹ ਕੇ ਚਾਰ ਚੱਕ, ਸੰਸਾਰ ਜਗਾਯਾ ਜਾਂਦਾ ਹੈ।
ਇਸ ਖਿੜੀ ਪ੍ਰੇਮ ਫੁਲਵਾੜੀ ਤੋਂ, ਆ ਦਿਲ ! ਕੁਝ ਮਹਿਕ ਉਠਾ ਲਈਏ,
ਇਸ ਗੂੜ੍ਹੇ ਰੰਗ ਮਜੀਠੀ ਚੋਂ, ਚੋਲੇ ਨੂੰ ਡੱਬਾ ਲਾ ਲਈਏ,
ਇਸ ਮੁਫਤੀ ਨਾਮ ਖਜ਼ਾਨੇ ਚੋਂ, ਕੁਝ ਅਪਣਾ ਆਪ ਬਣਾ ਲਈਏ,
ਦੁਨੀਆਂ ਦੀ ਮਾਰਾ ਮਾਰੀ ਤੋਂ, ਲਾਂਭੇ ਕੰਨੀ ਖਿਸਕਾ ਲਈਏ।
ਜਿਸ ਸ੍ਵਾਂਤ ਬੂੰਦ ਦਾ "ਚਤ੍ਰਿਕ" ਤੂੰ, ਉਹ ਪ੍ਰੇਮ ਵਹਿਣ ਵਿਚ ਵਸਦੀ ਹੈ,
ਜੋ ਦੁੱਖਾਂ ਵਿਚ ਭੀ ਹਸਦੀ ਹੈ, ਜੋ ਮਰਕੇ ਜੀਉਣਾ ਦਸਦੀ ਹੈ।

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ–ਸ਼ਹੀਦਾਂ ਦਾ ਖੂਨੀ-ਸਾਕਾ

(ਵਲੋਂ ਪ੍ਰਸਿੱਧ ਲੇਖਕ ਸ: ਅਵਤਾਰ ਸਿੰਘ ਜੀ "ਅਜ਼ਾਦ")

ਹਤਿਆਰੇ ਡਾਇਰ ਨੇ ਜੋ ਅੱਤਿਆਚਾਰ, ਜਲ੍ਹਿਆਂ ਵਾਲੇ ਬਾਗ਼ ਵਿੱਚ ਸ਼ਾਂਤਮਈ ਰਹਿੰਦੇ ਹੋਏ ਹਜ਼ਾਰਾਂ ਹਿੰਦੁਸਤਾਨੀਆਂ ਨੂੰ ਗੋਲੀਆਂ ਨਾਲ ਭੁੰਨ ਕੇ ਕੀਤਾ ਉਹ ਇਕ ਅਜੇਹੀ ਘਟਨਾ ਬਣ ਚੁਕੀ ਹੈ ਜਿਸ ਦੀ ਯਾਦ ਹਿੰਦੁਸਤਾਨੀ ਨੌ ਜਵਾਨਾਂ ਅੰਦਰ ਹਮੇਸ਼ਾਂ ਬੀਰਤਾ ਦਾ ਜੋਸ਼ ਪੈਦਾ ਕਰਿਆ ਕਰੇਗੀ ਅਤੇ ਜਦ ਤਕ ਦੁਨੀਆਂ ਅਸਤੀ-ਰੂਪ ਵਿੱਚ ਕਾਇਮ ਹੈ ਏਸ ਖੂਨੀ ਸਾਕੇ ਦੀ ਯਾਦਗਰ ਤਾਜਾ ਤੇ ਸਦਾ ਸਜਰੇ ਰੂਪ ਵਿਚ ਕਾਇਮ ਰਹੇਗੀ। ਇਹ ਉਹ ਘੋਰ ਜ਼ੁਲਮ ਦਾ ਚੇਤਾ ਕਰਾਉਣ ਵਾਲਾ ਭਿਆਨਕ ਫ਼ੂਗੀ ਕਹਿਰ ਹੈ ਕਿ ਜੋ ਫ਼ੂਗੀ ਸਾਊ-ਪਣੇ ਨੂੰ ਨਸ਼ਰ ਕਰਨ ਲਈ ਦੁਨੀਆਂ ਦੇ ਇਤਿਹਾਸ ਵਿਚ ਖੂਨੀ ਸਿਆਹੀ ਨਾਲ ਅੰਕਤ ਕੀਤਾ ਜਾ ਚੁਕਾ ਹੈ ਅਤੇ ਇਤਿਹਾਸ ਦੇ ਭਵਿਖਤ ਦੇ ਪ੍ਰੋਫੈਸਰ- ਜਦ ਇਹ ਖੂਨੀ ਪੱਤਰੇ ਪੜ੍ਹਿਆ ਕਰਨਗੇ ਤਾਂ ਸਣੇ ਆਪਣੇ ਵਿਦਿਆਰਥੀਆਂ ਦੇ ਇਨ੍ਹਾਂ ਸਭਯਤਾ ਦੇ ਆਪੋਂ ਬਣੇ ਠੇਕੇਦਾਰਾਂ ਨੂੰ ਹਜ਼ਾਰ ਹਜ਼ਾਰ ਫਿਟਕਾਰ ਪਾਇਆ ਕਰਨਗੇ। ਜਦ ਇਹ ਘਟਨਾ ਹੋਈ ਸਾਰਾ ਹਿੰਦੁਸਤਾਨ ਜਾਗ ਰਿਹਾ ਸੀ ਅਤੇ ਜਿਸ ਕਰਕੇ ਉਸਨੇ ਆਪਣੀਆਂ ਬਲਦੀਆਂ ਸੜਦੀਆਂ ਆਹਾਂ ਦੇ ਅਲੰਬਿਆਂ ਨਾਲ, ਨਾ ਸਿਰਫ ਸਾਰੀ ਦੁਨੀਆਂ ਨੂੰ ਹੀ ਝਲੂਹ ਕੇ ਰਖ ਦਿੱਤਾ ਬਲਕਿ ਨਾਲ ਲਗਦੇ ਅਸਮਾਨੀ ਸਰਕਾਰ ਦੇ ਢੁਕੇ ਹੋਏ ਦਰਵਾਜਿਆਂ ਦੇ ਪਹਿਰੇਦਾਰਾਂ ਨੂੰ ਵੀ ਸੇਕ ਅਨਭਵ ਕਰਾਕੇ ਮਜਬੂਰ ਕਰ ਦਿਤਾ ਕਿ ਉਹ ਹਿੰਦੁਸਤਾਨ ਦੀ ਫਰਯਾਦ ਧੁਰ ਦਰਗਾਹੇ ਪਹੁੰਚਾਣ ਵਿਚ ਸਹਾਇਕ ਬਣਨ। ਦੇਸ ਦਸ਼ਾਂਤਰਾਂ ਵਿੱਚ ਹਾ ਹਾ ਕਰ ਮਚ ਗਈ ਅਤੇ ਡਾਇਰ ਦੀ ਏਸ ਵਹਿਸ਼ੀਆਨਾ ਕਰਤੂਤ ਨੇ ਸਾਰੀ ਅੰਗ੍ਰੇਜ਼ੀ ਕੌਮ ਨੂੰ ਭੰਡ ਕੇ ਰਖ ਦਿਤਾ।

ਜਲਿਆਂ ਵਾਲੇ ਬਾਗ਼ ਦਾ ਸਾਕਾ ਇਕ ਕਲ ਦੀ ਸਜਰੀ ਯਾਦਗਾਰ ਹੈ ਅਤੇ ਜੋ ਲੋਕ ਜਲਸੇ ਵਿੱਚ ਸ਼ਹੀਦ ਕੀਤੇ ਗਏ ਉਹਨ੍ਹਾਂ ਦਾ ਜੀਅ–ਭਿਆਣੇ ਹੀ ਸ਼ਹੀਦ ਹੋ ਜਾਣਾ ਕਈਆਂ ਲੋਕਾਂ ਦਾ ਅਖੀਂ ਵੇਖਿਆ ਨਜ਼ਾਰਾ ਹੈ। ਇਤਿਹਾਸਕਾਰ ਦੀ ਕਲਮ ਉਹਨਾਂ ਨੂੰ ਕੌਮ ਦੇ 'ਅਦੁਤੀ ਸ਼ਹੀਦ' ਲਿਖੇਗੀ, ਪਰ ਜਦ ਸਾਡੇ ਸਾਹਮਣੇ ਮਾਲੇਰਕੋਟਲੇ ਵਿਚ ਸ੍ਰਦਾਰ ਹੀਰਾ ਸਿੰਘ ਜੀ ਅਤੇ ਉਹਨ੍ਹਾਂ ਦੇ ੭੯ ਦੇ ਕਰੀਬ ਬਾਕੀ ਦੇ ਨਾਮ–ਧਾਰੀ ਸੂਰ ਬੀਰਾਂ ਦੇ ਹਸਦਿਆਂ ਹਸਦਿਆਂ ਤੋਪਾਂ ਦੇ ਅਗੇ ਉਡਣ ਦਾ ਸਾਕਾ ਔਂਦਾ ਹੈ ਤਾਂ ਅਸੀਂ ਬਿਨਾਂ ਕਿਸੇ ਹਿਚ ਕਚਾਹਟ ਦੇ ਕਹਿ ਦਿੰਦੇ ਹਾਂ ਕਿ ਜੱਲਿਆਂ ਵਾਲੇ ਬਾਗ਼ ਦੇ ਜੀਅ-ਭਿਆਣੇ ਸ਼ਹੀਦਾਂ ਅਤੇ ਨਾਮਧਾਰੀ ਬੀਰਾਂ ਦੀਆਂ ਸ਼ਹੀਦੀਆਂ ਵਿਚ ਧਰਤ ਅਸਮਾਨ ਦਾ ਫਰਕ ਹੈ। ਇਹ ਸ਼ਹੀਦ ਹੋਣ ਲਈ ਤਿਆਰ ਨਹੀਂ ਸਨ ਪਰ ਡਾਇਰ ਨੇ ਗੋਲੀ ਚਲਾਕੇ ਇਹਨਾਂ ਨੂੰ ਸ਼ਹੀਦ ਬਣਨ

Sri Satguru Jagjit Singh Ji Elibrary NamdhariElibrary@gmail.com

ਦਾ ਅਵਸਰ ਦਿੱਤਾ ਪਰ ਸ੍ਰਦਾਰ ਹੀਰਾ ਸਿੰਘ ਅਤੇ ਉਹਨਾਂ ਦੇ ਸਾਥੀ ਗਿਣ ਮਿਥ ਕੇ ਤੇ ਸ਼ਹੀਦ ਹੋਣ ਲਈ ਹੀ ਘਰੋਂ ਨਿਕਲੇ ਸਨ। ਉਹ ਸ਼ਹੀਦ ਹੋਏ ਤੇ ਏਸਤਰ੍ਹਾਂ ਸ਼ਹੀਦ ਹੋਏ ਕਿ ਅਜ਼ਾਦੀ ਦੇ ਸਚੇ ਆਸ਼ਕ ਹੋਕੇ ਤੋਪ ਦੀਆਂ ਗੋਲਿਆਂ ਅੱਗੇ ਛਾਤੀਆਂ ਤਾਣਕੇ ਆਪਣੇ ਸਰੀਰ ਸਦਕੇ ਕਰ ਗਏ। ਨਾਮ-ਧਾਰੀ ਸ਼ਹੀਦਾਂ ਦਾ ਉਹ ਸਾਕਾ ਹਿੰਦੁਸਤਾਨੀ ਜੁਗ-ਪਲਟਾਊ ਇਤਿਹਾਸ ਦਾ ਸਚ ਮੁਚ ਦਾ ਮਾਸਟਰ-ਪੀਸ ਹੈ ਦਲੇਰੀ ਦੀ ਹਦ ਹੋ ਗਈ ਸਮਝਨੀ ਚਾਹੀਦੀ ਹੈ ਕਿ ਜਦ ਇਕ ਮਸ-ਫੁਟਦਾ ਨੌਜਵਾਨ ਭੁਜੰਗੀ, ਫ਼ਰੰਗੀ ਹਾਕਮ ਦੇ ਏਨੇ ਕਹਿਣ ਤੇ ਜੰਜੀਰਾਂ ਨਾਲ ਜਕੜਿਆ ਹੋਇਆ ਵੀ ਉਸਦਾ ਗਲਾ ਘੁਟਣ ਤਕ ਜਾਂਦਾ ਹੈ ਕਿ ਉਸਨੂੰ ਕਿਹਾ ਗਿਆ ਸੀ ਜੋ ਉਹ ਇਹ ਕਹਿਕੇ ਰਿਹਾ ਹੋ ਸਕਦਾ ਹੈ ਕਿ ਮੈਂ ਜੁਗ ਪਲਟਾਊਆਂ ਦੇ ਗੁਰੂ ਸਤਿਗੁਰੂ ਰਾਮ ਸਿੰਘ ਨੂੰ ਮੰਨਣ ਵਾਲਾ ਨਹੀਂ। 'ਸਰ-ਹੈਨਰੀ ਕਾਟਨ' ਜਿਸਦੇ ਸਾਹਮਣੇ ਕਿ ਨਾਮ-ਧਾਰੀ ਸੂਰਮੇਂ ਆਪਣੀਆਂ ਜਾਨਾ ਤੇ ਖੇਡੇ ਸਨ ਉਹ ਅਪਣੀ ਕਲਮ ਨਾਲ ਆਪ ਲਿਖਦਾ ਹੈ ਕਿ "ਅੱਜ ਮੈਂ ਸੱਚ ਮੁਚ ਦੇ ਮਹਾਂ-ਪਵਿਤ੍ਰ ਧਰਮੀ ਅੱਸੀ ਈਸਾ ਹਸੂੰ ਹਸੂੰ ਕਰਦੇ ਸ਼ਹੀਦ ਹੁੰਦੇ ਵੇਖੇ ਹਨ।"

ਇਹ ਜੋਗੀ-ਰਾਜ ਸੂਰਮੇ ਕੌਣ ਸਨ? ਅਨਿਆਈ ਤੇ ਅਵੇਸਲੇ ਇਤਿਹਾਸ-ਕਾਰਾਂ ਨੇ ਇਹਨ੍ਹਾਂ ਦਾ ਜ਼ਿਕਰ ਤਕ ਵੀ ਹਾਲਾਂ ਤੀਕ ਨਹੀਂ ਕੀਤਾ ਅਤੇ ਇਹਨਾਂ ਦਾ ਇਹ ਸੂਰਜ ਵਾਂਗ ਸਦਾ ਰੋਸ਼ਨ ਰਹਿਣ ਵਾਲਾ ਕਾਰਨਾਮਾ ਅਜੇ ਤਕ ਗ਼ਫ਼ਲਤ ਦੀਆਂ ਘਟਾਂ ਅੱਗੇ ਆਇਆ ਹੋਇਆ ਹੈ। ਇਸਦਾ ਕਾਰਨ ਕੀ ਹੈ? ਕੇਵਲ ਇਹ ਕਿ ਬਾਬਾ ਰਾਮ ਸਿੰਘ ਅਤੇ ਉਹਨਾਂ ਦੀ ਚਲਾਈ ਹੋਈ ਨਾਮਧਾਰੀ ਲਹਿਰ ਨੂੰ ਗ਼ਲਤ ਸਮਝਿਆ ਗਿਆ ਹੈ ਅਤੇ ਸਿੱਖ ਇਤਹਾਸ ਦੀ ਬਦ ਕਿਸਮਤੀ ਸਮਝੋ ਕਿ ਕੌਮ ਨੂੰ ਸਦਾ ਚਮਕਾਈ ਰਖਣ ਵਾਲੇ ਇਹ ਨਾਮ-ਧਾਰੀ ਹੀਰੇ ਵੀ ਤਅੱਸਬ ਦਾ ਸ਼ਿਕਾਰ ਹੋਕੇ ਨਹੀਂ ਅਪਣਾਏ ਜਾ ਰਹੇ। ਮਹਾਂ-ਪੁਰਸ਼ ਗੋਬਿੰਦ ਰੂਪ ਬਾਬਾ ਜੀ ਨੂੰ ਇਕ ਸੰਪਰਦਾਇਕ ਗੁਰੂ ਦਾ ਦਰਜਾ ਦਿੱਤਾ ਜਾ ਰਿਹਾ ਹੈ ਅਤੇ ਉਹਨਾਂ ਦੀ ਸਾਰੀ ਘਾਲੀ ਘਾਲ ਨੂੰ ਬਜਾਏ ਇਸਦੇ ਕਿ ਬਾਹਲਾ ਨਾ ਸਹੀ ਓਨਾਂ ਹੀ ਜ਼ਾਹਰ ਕਰਕੇ ਵਿਖਾਇਆ ਜਾਵੇ ਉਲਟੇ ਜਤਨ ਇਹ ਹੋ ਰਹੇ ਹਨ ਕਿ ਉਸ ਦਾ ਨਾਮ ਤਕ ਵੀ ਨਾ ਲਿਆ ਜਾਵੇ। ਇਹ ਉਹ ਮਹਾਨ ਭੁਲ ਹੈ ਕਿ ਜਿਸਦੇ ਨਾਲ ਇਕ ਤਾਂ ਇਤਿਹਾਸ ਨਾਲ ਬੇਇਨਸਾਫੀ ਕੀਤੀ ਗਈ ਹੈ ਅਤੇ ਦੂਸਰੇ ਆਪਣੇ ਮਹਾਂ ਸ਼ਹੀਦਾਂ ਦੀ ਕਦਰ ਨਾ ਕਰਕੇ ਆਪਣੇ ਕੌਮੀ ਮਾਣ ਦਾ ਮੁਲ ਘਟਾਇਆ ਜਾ ਰਿਹਾ ਹੈ।

ਮਾਲੇਰ ਕੋਟਲੇ ਦਾ ਸਾਕਾ ਜਿੱਥੇ ਇੱਕ ਕੌਮੀ ਤਅੱਸਬ ਦਾ ਸ਼ਿਕਾਰ ਹੋਣ ਕਰਕੇ ਅਪਣੀ ਸ਼ਾਨ ਵਿੱਚ ਨਹੀਂ ਜ਼ਾਹਰ ਹੋ ਰਿਹਾ ਓਥੇ ਨਾਲ ਲਗਦੇ ਇਕ ਕਾਰਨ ਇਹ ਵੀ ਹੈ ਕਿ ਜਿਸ ਸਮੇਂ ਵਿਚ ਇਹ ਘਟਨਾਂ ਹੋਈ ਦੇਸ ਬਿਲਕੁਲ ਸੁੱਤਾ ਪਿਆ ਸੀ। ਪੰਜਾਬ ਦਾ ਆਪਣਾ ਓਦੋਂ ਇਕ ਅਖਬਾਰ ਵੀ ਨਹੀਂ ਸੀ ਅਤੇ ਸਾਡੇ ਪਲੇਟ-ਫਾਰਮ ਤੇ ਤਾਂ ਸਵਾਏ ਮਜ਼ਹਬੀ ਭੇੜਾਂ ਦੇ ਦੂਜੀ ਗੱਲ ਹੀ ਕੋਈ ਨਹੀਂ

ਸੀ। ਪੰਜਾਬ ਤਾਂ ਰਾਜਸੀ ਜਾਗ੍ਰਤਿ ਤੋਂ ਏਥੋਂ ਤਕ ਸੁੱਤਾ ਰਿਹਾ ਹੈ ਕਿ ੧੯੧੪ ਵਿਚ ਜਦ ਅਮ੍ਰੀਕਨ ਦੇਸ਼ ਭਗਤਾਂ ਨੇ ਗ਼ਦਰ ਦੀ ਆਰਭ ਕਰਨੀ ਚਾਹੀ ਤਾਂ ਉਹਨਾਂ ਨੂੰ ਉੱਕੀ ਹੀ ਸਫਲਤਾ ਨਾ ਹੋਈ ਅਤੇ ਉਲਟ ਨਤੀਜਾ ਇਹ ਨਿਕ-ਲਿਆ ਕਿ ਸੈਂਕੜਿਆਂ ਨੂੰ ਫਾਸੀਆਂ ਤੇ ਚੜ੍ਹਨਾ ਪਿਆ ਅਤੇ ਸੈਂਕੜੇ ਹੁਣ ਤੀਕ ਜੇਲ੍ਹਾਂ ਦੇ ਤਸੀਹੇ ਝਲ ਰਹੇ ਹਨ। ਜਦ ੧੯੧੪ ਤਕ ਜਾਗ੍ਰਤਾ ਦਾ ਇਹ ਹਾਲ ਸੀ ਤਾਂ ੧੮੭੨ ਵਿਚ ਜਦ ਕਿ ਮਾਲੇਰ-ਕੋਟਲੇ ਦਾ ਸਾਕਾ ਵਰਤਿਆ ਕੌਣ ਕਹਿ ਸਕਦਾ ਹੈ ਕਿ ਓਦੋਂ ਕਿਸੇ ਨੂੰ ਉਸਦੀ ਕੰਨੋਂ ਕੰਨ ਵੀ ਖਬਰ ਹੋਈ ਹੋਵੇਗੀ? ਉਹ ਸ਼ਹੀਦ ਕਰ ਦਿੱਤੇ ਗਏ ਅਤੇ ਪੰਜਾਬ ਇਸ ਤਰ੍ਹਾਂ ਸੁੱਤਾ ਰਿਹਾ ਕਿ ਮਾਨੋ ਇਸ ਵਿੱਚ ਕੋਈ ਬੰਦਾ ਵਸਦਾ ਹੀ ਨਹੀਂ ਸੀ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਇਹ ਗੱਲ ਹੋਵੇ ਤਾਂ ਪੰਜਾਬ ਅੰਦਰ ਤੇ ਜਿਸਦਾ ਜ਼ਿਕਰ ਗੁਨ-ਹਾਗਾਰ ਸ੍ਰੇਣੀ ਦੇ ਲੋਕਾਂ ਵਿੱਚ ਕਈ ਆਦਮੀ ਤਾਂ ਕਰਨ ਪਰ ਪੰਜਾਬ ਦਾ ਇਕ ਬੰਤ ਵੀ ਉਹਨਾਂ ਦੇ ਬਾਰੇ ਇਕ ਉੱਚਾ ਸਾਹ ਵੀ ਨਹੀਂ ਲੈਂਦਾ। ਪੰਜਾਬ ਦੀ ਓਸ ਵੇਲੇ ਦੀ ਮੁਜਰਮਾਨਾਂ ਚੁਪ ਤੋਂ ਅੰਦਾਜ਼ਾ ਲਾਕੇ ਅਸੀਂ ਕਹਿ ਸਕਦੇ ਹਾਂ ਕਿ ਓਸ ਵੇਲੇ ਦਾ ਪੰਜਾਬ ਸੱਤਾ-ਹੀਣ ਹੋ ਚੁਕਿਆ ਮੁਰਦਾ ਪੰਜਾਬ ਸੀ ਅਤੇ ਏਸਦੇ ਵਸਨੀਕਾਂ ਦੀ ਆਣ ਅਣਖ ਅਰ ਗ਼ੈਰਤ ਏਥੋਂ ਤੀਕ ਉਹਨਾਂ ਨੂੰ ਜਵਾਬ ਦੇ ਚੁਕੀ ਸੀ ਕਿ ਉਹ ਆਪ-ਣੀਆਂ ਅੱਖਾਂ ਦੇ ਸਾਹਮਣੇ ਅਜੇਹਾ ਮਹਾਂ ਭਿਆਨਕ ਸਾਕਾ ਹੁੰਦਾ ਵੇਖਕੇ ਵੀ ਪਥਰਾਂ ਵਾਂਗੂ ਚੁਪ ਰਹੇ ਸਨ।

ਕੌਮਾਂ ਨੂੰ ਆਪਣਾ ਇਤਿਹਾਸ ਬੜਾ ਪਿਆਰਾ ਹੁੰਦਾ ਹੈ ਅਤੇ ਖਾਸ ਕਰਕੇ ਸ਼ਹੀਦਾਂ ਦੇ ਕਾਰਨਾਮੇ ਤਾਂ ਉਹਨਾਂ ਦੀ ਜੀਵਨ ਸੱਤਾ ਹੁੰਦੇ ਹਨ। ਉਹ ਆਪਣੇ ਸੂਰਮਿਆਂ ਦੀਆਂ ਯਾਦਗਾਰਾਂ ਸਥਾਪਤ ਕਰਨ ਲਈ ਲੱਖਾਂ ਕ੍ਰੋੜਾਂ ਰੁਪਏ ਪਾਣੀ ਵਾਂਗੂ ਰੋਹੜ ਦਿੰਦੀਆਂ ਹਨ ਅਤੇ ਖਾਸ ਕਰਕੇ ਉਹਨਾਂ ਪਰ ਉਪਕਾਰੀਆਂ ਦੇ ਕਾਰਨਾਮੇ ਔਣ ਵਾਲੀਆਂ ਨਸਲਾਂ ਨੂੰ ਉੱਚਿਆਂ ਰਖਣ ਲਈ ਬੜੇ ਗੌਰਵ ਅਰ ਮਾਣ ਨਾਲ ਲਿਖਵਾਂਦੀਆਂ ਹਨ। ਪਰ ਉਹ ਕੌਮ ਕਿੰਨੀ ਮੰਦ ਭਾਗ ਅਤੇ ਮੂਰਖ ਹੈ ਜੋ ਕਿ ਸ੍ਰਦਾਰ ਹੀਰਾ ਸਿੰਘ ਜਹੇ ਸ਼ਹੀਦਾਂ ਦੀਆਂ ਯਾਦਗਾਰਾਂ ਸਥਾਪਤ ਕਰਨੀਆਂ ਤਾਂ ਇਕ ਪਾਸੇ ਰਹੀਆਂ—ਕੇਵਲ ਉਹਨਾਂ ਦੇ ਇਤਹਾਸਕ ਸਾਕੇ ਤਕ ਅੰਕਤ ਕਰਵਾਉਣੋਂ ਵੀ ਸੰਕੋਚ ਕਰਦੀ ਹੋਈ ਸੰਪਰਦਾਇਕ ਵਖੇਵਿਆਂ ਦਾ ਸ਼ਿਕਾਰ ਹੋ ਰਹੀ ਹੈ?

ਅਜ ਡਾਇਰ ਦੀ ਕਰਤੂਤ ਸਾਰੇ ਜਗ ਵਿਚ ਰੋਸ਼ਨ ਹੋ ਰਹੀ ਹੈ ਪਰ ਇਸਤੋਂ ਕਈ ਹਿਸੇ ਵਧੀਕ ਸ਼ੈਤਾਨ ਦੇ ਅਹਿਮਕ ਕਾਵਨ ਜਿਸਨੇ ਕਿ ਸ਼ਰਾਬ ਵਿਚ ਅੰਨ੍ਹੇ ਹੋਕੇ; ਮਾਲੇਰ ਕੋਟਲੇ ਦਾ ਭਿਆਨਕ ਸਾਕਾ ਵਰਤਾਇਆ, ਉਸਨੂੰ ਕੋਈ ਪੁਛਦਾ ਤਕ ਵੀ ਨਹੀਂ! ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਦੀ ਯਾਦਗਾਰ ਵੀ ਕਾਇਮ ਕਰ ਦਿੱਤੀ ਗਈ ਹੈ ਅਤੇ ਅਜ ਵੀ ਸਾਰੇ ਹਿੰਦੁ-ਸਤਾਨ ਵਿਚ ਡਾਇਰ ਦੀ ਨਰਕਾਂ ਵਿਚ ਪਹੁੰਚ ਚੁਕੀ ਰੂਹ ਨੂੰ ਫਿਟਕਾਰਾਂ ਦਾ ਤੋਸ਼ਾ ਘੱਲਣ ਲਈ ਇਕ ਲੋਕਚਰਾਰ

ਦੂਜੇ ਤੋਂ ਵਧ ਚੜ੍ਹਕੇ ਹਿੱਸਾ ਲੈਂਦਾ ਹੈ। ਪਰ ਅਸੀਂ ਪੁਛਦੇ ਹਾਂ ਕਿ ਉਹ ਕਾਵਨ ਜਿਸਨੇ ਕਿ ਕਮਿਸ਼ਨਰ ਅਤੇ ਸਰਕਾਰ ਪੰਜਾਬ ਦੇ ਹੁਕਮਾਂ ਦੀ ਵੀ ਕਖ ਪ੍ਰਵਾਹ ਨਾ ਕਰਕੇ, ਅੱਸੀ ਮਹਾਂ-ਤਿਆਗੀ ਦੇਸ਼ ਭਗਤ ਤੋਪਾਂ ਅੱਗੇ ਰਖਕੇ ਉਡਾ ਦਿੱਤੇ ਸਨ, ਉਸਦੇ ਮੁਤਅਲਕ ਅਸੀਂ ਆਪਣਾ ਕਿਹੜਾ ਫਰਜ਼ ਪੂਰਾ ਕਰ ਰਹੇ ਹਾਂ ?

ਨਾਮਧਾਰੀ ਲਹਿਰ ਇਕ ਪਰਜਾ-ਭਗਤ ਲਹਿਰ ਸੀ ਅਤੇ ਜਿਸਦਾ ਮੁਖ ਮਨੋਰਥ ਗੁਰਦਵਾਰਿਆਂ ਦੇ ਸੁਧਾਰ ਕਰਨ ਦੀ ਥਾਂ ਦੇਸ਼ ਦੀ ਬਦੇਸ਼ੀ ਹਕੂਮਤ ਦਾ ਸੁਧਾਰ ਕਰਨਾ ਸੀ। ਉਸ ਦਾ ਪ੍ਰੋਗ੍ਰਾਮ ਧਾਰਮਕ ਜਾਗ੍ਰਤਿ ਦੇ ਪਰਦੇ ਵਿਚ ਰਾਜਸੀ ਜਾਗ੍ਰਤਿ ਲਿਔਣਾ ਸੀ ਅਤੇ ਜੇ ਉਹ ਦੇਸ਼ ਦੀ ਬਹੁ ਸੰਮਤੀ ਨੂੰ ਆਪਣੇ ਨਾਲ ਕਰ ਲੈਣ ਦਾ ਅਵਸਰ ਪ੍ਰਾਪਤ ਕਰ ਲੈਂਦੀ ਤਾਂ ਇਹ ਗੱਲ ਯਕੀਨ ਵਾਲੀ ਹੈ ਕਿ ਜਿਸ ਜੁਗ-ਗਰਦੀ ਨੂੰ ਲਿਔਣ ਲਈ ਉਸਨੂੰ ਜਨਮ ਦਿੱਤਾ ਗਿਆ ਸੀ ਉਸਨੂੰ ਸਿਰੇ ਚਾੜ੍ਹਨ ਵਿਚ ਉਹ ਜਰੂਰ ਸਫਲ ਹੋ ਜਾਂਦੀ। ਪਰ ਸਾਡਾ ਦੇਸ਼ ਜੋ ਧਾਰ-ਮਕ ਤੌਰ ਤੇ ਸਦੀਆਂ ਤੋਂ ਗੁਲਾਮ ਹੋ ਚੁਕਿਆ ਹੈ ਇਹ ਜਿਸ ਗੱਲ ਨੂੰ ਵੇਖਦਾ ਹੈ ਧਾਰਮਕ ਅੱਖ ਨਾਲ ਹੀ ਵੇਖਦਾ ਹੈ ਅਤੇ ਇਸਦੀ ਪਰਖ ਅਗੇ ਓਹੋ ਚੀਜ਼ ਠਹਿਰ ਸਕਦੀ ਹੈ ਜਿਸਦਾ ਵਿਸ਼ਵਾਸੀ ਕਿ ਇਹ ਆਪ ਹੋਵੇ। ਨਾਮ-ਧਾਰੀ ਲਹਿਰ ਨੂੰ ਇਕ ਧਾਰਮਕ ਲਹਿਰ ਸਮਝਿਆ ਗਿਆ ਅਤੇ ਉਹ ਲੋਕ ਜੋ ਉਸਦੇ ਪਿਛਲੱਗਾਂ ਨਾਲ ਜਿੰਨਾ ਵੀ ਧਾਰਮਕ ਵਖੇਵਾਂ ਰਖਦੇ ਸਨ ਉਹਨਾ ਏਹ ਉਸਦੀ ਖੁਲ੍ਹੀ ਵਿਰੋਧਤਾ ਕੀਤੀ! ਏਥੋਂ ਤਕ ਕਿ ਅੰਮ੍ਰਿਤਸਰ ਦੇ ਆਕੀ ਹੋਏ ਪੁਜਾਰੀਆਂ ਨੇ ਤਾਂ ਬਾਬਾ ਜੀ ਦੀ ਅਰਦਾਸ ਤਕ ਕਬੂਲ ਨਹੀਂ ਸੀ ਕੀਤੀ। ਬਦੇਸ਼ੀ ਹਾਕਮਾਂ ਨੂੰ ਉਸ ਦੇ ਦਬਾਉਣ ਲਈ ਵਧੇਰੇ ਪਸ਼ੇਮਾਨ ਨਾ ਹੋਣਾ ਪਿਆ ਅਤੇ ਉਹ ਛੇਤੀ ਹੀ ਤਾੜ ਗਏ ਕਿ ਪੰਜਾਬ ਦੀ ਆਮ ਬੁੱਧੂ ਜਨਤਾ ਤਾਂ ਉਹਨਾਂ ਦੇਸ਼ ਭਗਤਾਂ ਦੀ ਪਿਠ ਪਿੱਛੇ ਹੋਣ ਦੀ ਥਾਂ ਉਲਟੀ ਉਹਨਾ ਨੂੰ ਮਲੀਆ-ਮੇਟ ਕਰਨ ਲਈ ਤਿਆਰ ਬਰ ਤਿਆਰ ਹੈ। ਜਦ ਮਾਲੇਰ-ਕੋਟਲੇ ਦੀ ਦੁਰਘਟਨਾ ਵਰਤ ਚੁੱਕੀ ਅਤੇ ਮਹਾਰਾਜ ਰਾਮ ਸਿੰਘ ਜੀ ਨੂੰ ਪਕੜਕੇ ਨਜ਼ਰਬੰਦ ਕਰ ਦਿੱਤਾ ਗਿਆ ਤਾਂ ਸਰਕਾਰ ਨੇ ਆਮ ਸਿਖ-ਰਾਜਿਆਂ ਮਹੰਤਾਂ ਅਤੇ ਜਗੀਰਦਾਰਾਂ ਪਾਸੋਂ ਆਪਣੀ ਉਸ ਪਾਲਿਸੀ ਸਬੰਧੀ ਪੁਛ ਕੀਤੀ ਸੀ। ਇਹਨਾਂ ਗੱਦਾਰ ਪੂੰਜੀਦਾਰ ਬੇ-ਵਕੂਫਾਂ ਨੇ ਬਜਾਇ ਇਸਦੇ ਕਿ ਸਰਕਾਰ ਦੇ ਵਿਰੁਧ ਕੋਈ ਰੋਸ ਪਰਗਟ ਕਰਦੇ, ਉਲਟੀ ਇਹ ਪਾਜੀਆਨਾ ਸਲਾਹ ਦਿੱਤੀ ਕਿ ਜੋ ਕੁਛ ਕੀਤਾ ਗਿਆ ਹੈ ਠੀਕ ਕੀਤਾ ਗਿਆ ਹੈ ਅਤੇ ਅੱਗੇ ਨੂੰ ਏਸ ਬਾਗ਼ੀ ਟੋਲੇ ਦਾ ਸਾਹ ਬੰਦ ਕਰਨ ਲਈ ਸਖ਼ਤ ਪਾਬੰਦੀਆਂ ਲਾ ਦਿਤੀਆਂ ਜਾਣ ! ਪਟਿਆਲੇ ਦਾ ਸਿਖ ਮਹਾਰਾਜਾ ਜੋ ਓਦੋਂ ਵੀ ਕੌਮ ਦਾ ਜੱਥੇਦਾਰ ਹੀ ਹੋਵੇਗਾ ਜਿਹੜੀ ਸਲਾਹ ਉਸਨੇ ਸਰਕਾਰ ਨੂੰ ਦਿੱਤੀ ਉਹ ਇਹ ਹੈ:—

ਪਟਿਆਲਾ

੧੫ ਫਰਵਰੀ ੧੮੭੨

"ਪਿਆਰੇ ਮਿਤ੍ਰ ਜੀ, ।

ਤੁਹਾਡੀ ਤਾਰ ਦੇ ਉੱਤ੍ਰ ਵਿਚ ਜੋ ਚਿੱਠੀ

ਮੈਂ ਪਿਛਲੇ ਮਹੀਨੇ ਦੀ ੨੦ ਤਾਰੀਖ ਨੂੰ ਭੇਜੀ ਸੀ ਉਸ ਵਿਚ ਇਕਰਾਰ ਕੀਤੀ ਸੀ ਕਿ ਲਾਟ ਸਾਹਿਬ ਦੇ ਕਹਿਣ ਅਨੁਸਾਰ, ਮੈਂ ਕੂਕਿਆਂ ਦੇ ਫਸਾਦ ਦੀ ਸਾਰੀ ਕਾਰਰਵਾਈ ਦੀ ਪੜਚੋਲ ਕਰਕੇ ਲਿਖਾਂਗਾ। ਇਸ ਲਈ ਬੇਨਤੀ ਕਰਦਾ ਹਾਂ ਕਿ-ਬਹੁਤ ਸਾਰੇ ਸਬੂਤਾਂ ਤੋਂ ਇਹ ਗੱਲ ਸਾਬਤ ਹੋ ਚੁਕੀ ਹੈ ਕਿ (ਗੁਰੂ) ਰਾਮ ਸਿੰਘ ਜੀ ਦਾ ਅਸਲ ਮਨਸ਼ਾ ਧਰਮ ਦੇ ਬਹਾਨੇ ਹਕੂਮਤ ਕਰਨਾ ਤੇ ਰਾਜ ਪ੍ਰਾਪਤ ਕਰਨਾ ਸੀ। ਓਸਨੇ ਆਪਣੇ ਅਨ-ਪੜ੍ਹ ਤੇ ਵਹਿਮੀ ਸਿੱਖਾਂ ਦੇ ਦਿਲਾਂ ਵਿੱਚ ਇਹ ਝੂਠਾ ਖਿਆਲ ਧੋਖੇ ਨਾਲ ਭਰ ਦਿੱਤਾ ਸੀ ਕਿ ਸਾਡਾ ਧਰਮ ਸਾਰੇ ਸੀ ਫੈਲ ਜਾਵੇਗਾ ਤੇ ਸਾਰੇ ਦੇਸ ਦੇ ਮਾਲਕ ਬਹੁਤ ਛੇਤੀ ਅਸੀਂ ਹੀ ਹੋ ਜਾਵਾਂਗੇ। ਕਿਉਂਕਿ ਕਈਆਂ ਨੂੰ ਏਸ ਬੇਹੂਦਾ ਗੱਲ ਉਤੇ ਪੂਰਾ ਪੂਰਾ ਭਰੋਸਾ ਸੀ ਏਸ ਲਈ ਉਸ ਨੂੰ, ਉਹਨਾ ਨੂੰ ਉਕਸਾਕੇ ਭੜਕਾਣ ਅਤੇ ਅਪਨੇ ਮਨਤਵ ਦੀ ਪੂਰਤੀ ਦੀ ਆਸ ਵਿਚ ਲਾਈ ਰਖਣ ਵਿਚ ਕਦੇ ਵੀ ਅਸਫਲਤਾ ਨਾ ਹੋਈ, ਅਰ ਕਿਉਂਕਿ ਉਸ ਦੇ ਸਿਖਾਂ ਦੀ ਗਲਤੀ-ਜੋ ਜੋਸ਼ ਅਤੇ ਹਠ-ਧਰਮੀ ਨਾਲ ਅੰਨ੍ਹੇ ਸਨ-ਬਹੁਤ-ਵਧ ਗਈ ਸੀ ਤੇ ਜਿਸ ਕਰਕੇ ਓਸਨੂੰ ਆਪਣੀ ਸਫਲਤਾ ਦੀ ਪੂਰਨ ਆਸ ਸੀ ਅਤੇ ਓਸਨੇ ਉਹਨਾ ਨੂੰ ਗਊ-ਬਧ ਦੀ ਹੋ ਰਹੀ ਗੱਲ ਦਸਕੇ ਬਹੁਤ ਕੁਛ ਪ੍ਰੇਰ ਰਖਿਆ ਸੀ। ਇਸ ਤਅਸਬ ਦੇ ਉਠਾਣ ਵਿਚ ਉਸਦਾ ਮਨੋਰਥ ਇਹ ਸੀ ਕਿ ਜਿਸਤਰ੍ਹਾਂ, ੧੮੫੭ ਵਿਚ ਕਾਰਤੂਸਾਂ ਦੇ ਝਗੜੇ ਨੇ ਹਿੰਦ ਵਿਚ ਹੇਠਲੀ ਉੱਤੇ ਕਰ ਦਿੱਤੀ ਸੀ ਓਸੇ ਤਰ੍ਹਾਂ ਏਸ ਚੰਗਿਆੜੇ ਨਾਲ ਸਾਰੇ ਹਿੰਦੂਆਂ ਨੂੰ ਜੋਸ਼ ਦਵਾਕੇ ਸਰਕਾਰ ਦੇ ਵਿਰੁਧ ਖੜਾ ਕਰ ਲਿਆ ਜਾਵੇ ਅਤੇ ਉਸਨੂੰ ਆਸ ਸੀ ਕਿ ਬਹੁਤ ਸਾਰੇ ਰਾਜੇ ਮਹਾਰਾਜੇ ਉਸ ਨਾਲ ਮਿਲ ਜਾਣਗੇ ਅਰ ਏਸ ਗੜਬੜ ਦਾ ਸਿੱਟਾ ਇਹ ਨਿਕਲੇਗਾ ਕਿ ਕੌਮ ਦੇ ਹਰ ਹਿਸੇ ਵਿੱਚ ਉਸਦਾ ਮਾਣ ਹੋ ਜਾਵੇਗਾ ਤੇ ਇਸਤਰ੍ਹਾਂ ਨਾਲ ਅਜੇਹੀ ਹਕੂਮਤ ਕਾਇਮ ਕਰ ਲਵੇਗਾ ਜਿਸਦਾ ਚਾਹਵਾਨ ਕਿ ਉਹ ਦੇਰ ਚਿਰ ਤੋਂ ਸੀ।

ਜੇ ਇਹ ਸਜ਼ਾ ਇਨੀ ਜਲਦੀ ਨਾ ਦੇ ਦਿੱਤੀ ਜਾਂਦੀ ਅਤੇ (ਗੁਰੂ) ਰਾਮ ਸਿੰਘ ਤੇ ਉਸਦੇ ਸੂਬੇ ਦੇਸ਼ ਵਿੱਚੋਂ ਜਲਾਵਤਨ ਨਾ ਕਰ ਦਿੱਤੇ ਜਾਂਦੇ ਤਾਂ ਫਸਾਦ ਦੇ ਦਬਾਏ ਜਾਣ ਦੀ ਕੋਈ ਆਸ ਨਹੀਂ ਸੀ ਅਤੇ ਏਸ ਗੱਲ ਵਿਚ ਰੰਚਕ ਸੰਦੇਹ ਨਹੀਂ ਕਿ ਸ਼ਾਂਤੀ ਕਾਇਮ ਕਰਨ ਤੋਂ ਪਹਿਲਾਂ ਬਹੁਤ ਸਾਰੇ ਰੁਪਏ ਅਰ ਜਾਨਾਂ ਦਾ ਨੁਕਸਾਨ ਹੁੰਦਾ। ਅਤੇ ਜੇ ਉਹਨਾਂ ਫਸਾਦੀ ਕੂਕਿਆਂ ਨੂੰ ਥੋੜੀ ਜਿਹੀ ਸਫਲਤਾ ਵੀ ਹੋ ਜਾਂਦੀ ਤਾਂ ਸਾਰੇ ਫਿਰਕੇ ਨੇ ਜੋ ਏਸ ਹਮਲੇ ਦੇ ਸਿਟੇ ਨੂੰ ਵੇਖ ਰਿਹਾ ਸੀ, ਅੱਗ ਵਾਂਗ ਭੜਕ ਉਠਣਾ ਸੀ। ਮੈਂ ਜੋ ਪੜਚੋਲ ਕੀਤੀ ਹੈ ਉਸਦਾ ਸੰਖੇਪਕ ਭਾਵ ਇਹ ਹੈ। ਇਕ ਹੋਰ ਗੱਲ ਜਿਸ ਵਲ ਧਿਆਨ ਦਵਾਉਣਾ ਕਿ ਮੈਂ ਜਰੂਰੀ ਸਮਝਦਾ ਹਾਂ ਇਹ ਹੈ ਕਿ ਮੈਨੂੰ ਅਖਬਾਰਾਂ ਵੇਖਣ ਤੋਂ ਪਤਾ ਲਗਦਾ ਹੈ ਕਿ ਸਥਾਨਕ ਅਫਸਰਾਂ ਨੇ ਜੋ ਸਜ਼ਾਵਾਂ ਦਿਤੀਆਂ ਹਨ ਇਹਨਾਂ ਨੂੰ ਸਰਕਾਰ ਹਿੰਦ ਨੇ ਪਸੰਦ ਨਹੀ ਕੀਤਾ। ਮੇਰਾ ਵਿਸ਼ਵਾਸ ਹੈ ਕਿ ਲੋਕੀ ਸਰਕਾਰ ਦੇ ਮਨਤਵ ਦਾ ਭਾਵ ਗਲਤ ਸਮਝ ਲੈਣਗੇ

ਅਰ ਵਿਸ਼ੇਸ਼ ਕਰਕੇ ਇਹ ਅੰਨ੍ਹਾਂ ਫਿਰਕਾ ਤਾਂ ਏਹੋ ਹੀ ਸਮਝ ਲਵੇਗਾ ਕਿ ਇਹ ਸਭ ਕੁਝ ਸਾਡੇ ਗੁਰੂ ਦੀ ਕਰਮਾਤ ਨੇ ਹੀ ਕੀਤਾ ਹੈ ਤੇ ਇਸ ਨਾਲ ਜਿਲੇ ਦੇ ਅਫਸਰਾਂ ਤੇ ਦੇਸੀ ਰਾਜਿਆਂ ਜਿਨ੍ਹਾਂ ਨੇ ਉਸ ਖਰਾਬੀ ਦੇ ਹਟੌਣ ਅਤੇ ਦਬੌਣ ਲਈ ਕਾਰਰਵਾਈ ਕੀਤੀ–ਉਸਦਾ ਸਾਰਾ ਅਸਰ ਨਿਰਾਰਥਕ ਹੀ ਜਾਵੇਗਾ। ਮੇਰੀ ਰਾਏ ਹੈ ਕਿ ਸਰਕਾਰ ਦੇ ਭਾਵ ਗਲਤ ਸਮਝਣ ਨਾਲ ਲੋਕ ਹਮੇਸ਼ਾਂ ਹੀ ਗ਼ਲਤ ਸਿੱਟੇ ਕਢਿਆ ਕਰਦੇ ਹਨ ਅਤੇ ਏਸੇ ਕਰਕੇ ਮੈਂ ਮੁਨਾਸਬ ਸਮਝਿਆ ਹੈ ਕਿ ਆਪਣੇ ਭਾਵ ਆਪਨੂੰ ਦੱਸ ਦਿਆਂ।"

ਮੇਹਾਂ ਆਪਦਾ ਦਿਲੀ ਮਿੱਤ੍ਰ–
(ਸਹੀ) ਮਹਿੰਦਰ ਸਿੰਘ ਮਹਾਰਾਜਾ-ਪਟਿਆਲਾ

ਇਹ ਹਨ ਉਹ ਲੋਕ ਜਿਨ੍ਹਾਂ ਨੇ ਕਿ ਦੇਸ਼ ਭਗਤ ਨਾਮਧਾਰੀ ਲਹਿਰ ਨੂੰ ਦਬਾਉਣ ਲਈ ਸਰਕਾਰ ਤੋਂ ਵੀ ਚਾਰ ਕਦਮ ਅੱਗੇ ਰੱਖੇ ਹਨ, ਜਦ ਆਪਣਿਆਂ ਦਾ ਇਹ ਹਾਲ ਸੀ ਤਾਂ ਬਿਗਾਨੇ ਭਲਾ ਕੀ ਰਿਆਇਤ ਕਰ ਸਕਦੇ ਸਨ? ਉਹਨਾ ਨੇ ਕਹਿਰ ਕੀਤਾ ਅਤੇ ਉਠਦੀ ਹੋਈ ਨਾਮ-ਧਾਰੀ ਲਹਿਰ ਤੇ ਹੱਲਾ ਕਰਕੇ ਉਸਨੂੰ ਇੱਨਾ ਕਮਜ਼ੋਰ ਕਰ ਦਿੱਤਾ ਕਿ ਉਹ ਅਜੇ ਤਕ ਅਪਣੀ ਸੰਭਾਲ ਕਰਨ ਜੋਗੀ ਨਹੀਂ ਹੋਈ। ਪਰ ਨਾਮਧਾਰੀ ਦੀਵਾਨਾਂ ਵਿਚ ਅਜ ਵੀ ਜਦ ਉਹਨਾਂ ਸ਼ਹੀਦਾਂ ਦੀ ਕੌਮੀ ਯਾਦ ਨੂੰ ਤਾਜਾ ਕਰ ਦਿੱਤਾ ਜਾਂਦਾ ਹੈ, ਤਾਂ ਨਾਮਧਾਰੀਆਂ ਦਾ ਬੱਚਾ ਬੱਚਾ ਬਦੇਸੀ ਸਰਕਾਰ ਦੇ ਵਿਰੁਧ ਜਹਾਦ ਖੜਾ ਕਰਨ ਲਈ ਤਿਆਰ ਹੋ ਜਾਂਦਾ ਹੈ।

ਅਜ ਅਸੀਂ ਜੱਲਿਆਂ–ਵਾਲੇ ਬਾਗ ਦੇ ਸ਼ਹੀਦਾਂ ਦੀ ਯਾਦਗਾਰ ਮਨਾ ਰਹੇ ਹਾਂ, ਪਰ ਨਾਮ-ਧਾਰੀ ਸ਼ਹੀਦ ਜੋ ਹਰ ਕੌਮ ਲਈ ਫਖਰ ਹੋ ਸਕਦੇ ਹਨ ਉਹਨਾ ਵਲ ਕੌਮ ਨੇ ਕਦੇ ਧਿਆਨ ਵੀ ਨਹੀਂ ਦਿੱਤਾ, ਕੀ ਅਸੀ ਅਪਣੇ ਕੌਮੀ ਸ਼ਹੀਦਾਂ ਨੂੰ ਇਸੇ ਤਰ੍ਹਾਂ ਭੁਲਾਈ ਰਖਾਂਗੇ ? ਕੀ ਉਹ ਜੱਲਿਆਂ ਵਾਲੇ ਦੇ ਸ਼ਹੀਦਾਂ ਨਾਲੋਂ ਘਟ ਸਤਿਕਾਰ ਜੋਗ ਹਨ ? ਜੇ ਨਹੀਂ ! ਤਾਂ ਉਹਨਾ ਸਚੇ ਦੇਸ਼ ਭਗਤਾਂ ਦੀ ਯਾਦ ਨੂੰ ਵੀ ਤਾਜ਼ਾ ਕਰੋ ਅਤੇ ਰੱਬ ਦੇ ਨਾਮ ਤੇ ਉਹਨਾਂ ਨੂੰ ਧਾਰਮਕ ਤਅਸਬ ਦੇ ਸ਼ਿਕਾਰ ਹੋਣ ਤੋਂ ਬਚਾ ਲਵੋ !

Sri Satguru Jagjit Singh Ji Elibrary NamdhariElibrary@gmail.com

ਸ਼ਹੀਦੀ ਗੂੰਜ

(ਵਲੋਂ ਸ੍ਰੀਮਾਨ ਸ੍ਰ: ਸੁਹੇਲ ਸਿੰਘ ਜੀ "ਧੀਰ")

—:oo:—

ਨਾਮਧਾਰੀ ਸ਼ਹੀਦਾਂ ਨੇ ਅੰਮਰਤਸਰ ਬੁਚੜ-ਬਧ ਕਰ ਸ੍ਰੀ ਭੈਣੀ ਸਾਹਿਬ ਵਿਚ ਚੀਨੀ-ਵਾਲੇ ਪ੍ਰੀਤਮ ਅਗੇ ਅਰਜ ਕਰਨੀ।

ਜਾਬਰ ਮਾਨ ਖਾਲੇ ਹੈਂਕੜ ਤਾਨ ਵਾਲੇ ਅਸੁਰ ਮਾਰਕੇ ਗਊਆਂ ਬਚਾ ਲਈਆਂ।
ਦੀਨ ਦੁਖੀ ਦਾ ਦੁਖ ਸਹਾਰਿਆ ਨਾ ਜਾਨਾਂ ਸੋਹਣੀਆਂ ਦੁਖਾਂ ਵਿਚ ਪਾ ਲਈਆਂ।
ਇਸ ਜਾਨ, ਜਹਾਨ ਦਾ ਵਾਸਤਾ ਨਹੀਂ, ਆਸਾਂ ਕੁਲ ਨੇ ਅਸਾਂ ਮੁਕਾ ਲਈਆਂ।
ਜਿਵੇਂ ਹੁਕਮ ਹੋਵੇ ਹਾਂ ਤਯਾਰ ਓਂਵੇਂ ਅਗੇ ਗਰਦਨਾਂ ਤੁਹਾਡੇ ਝੁਕਾ ਲਈਆਂ।
ਕਰੋ ਰੋਸ ਨਾ ਰਤੀ ਵੀ ਮਨ ਅੰਦਰ ਪਏ ਔਝੜ ਕੁਰਾਹੇ ਕਵਲੜੇ ਨਹੀਂ।
ਅੰਗ ਸੰਗ ਸਾਡੇ ਤੁਸੀ ਸਤਿਗੁਰੂ ਜੀ ਸਾਨੂੰ ਡਰ ਕਾਹਦਾ, ਅਸੀ ਕਲੜੇ ਨਹੀਂ।
ਸਾਡੀ ਰੂਹ ਨੇ ਅਸਤ ਨ ਹੋਵਨਾਂ ਏ ਹਾਂ ਸਰੀਰ ਸਾਡੇ ਏਹ ਹਨ ਫੁੱਟ ਜਾਣੇ।
ਸੁੰਦਰ ਦੇਹ ਜਵਾਨੀ ਦੇ ਬੰਦ ਸਾਰੇ ਮੋਹਲਤ ਪਾ ਅਖੀਰ ਫਿਰ ਟੁੱਟ ਜਾਣੇ।
ਜੇਹੜਾ ਜੰਮਿਆ ਏਸ ਜਹਾਨ ਉਤੇ ਅੰਤ ਮੌਤ ਨੇ ਮਾਰ ਕੇ ਸੁੱਟ ਜਾਣੇ।
ਰਤਾ ਰੋਸ ਨਾ ਏਸ ਦਾ ਕਿਸੇ ਉਤੇ ਸਾਡਾ ਗਿਆ ਏ ਨੀਰ ਨਖੁੱਟ ਦਾਣੇ।
ਜੋ ਹੈ ਕਾਰ ਕੀਤੀ ਸੋ ਵਿਚਾਰ ਕੀਤੀ ਤੇਰੇ ਦਰਸ ਭੌਰੇ ਕੋਈ ਝਲੜੇ ਨਹੀਂ।
ਅੰਗ ਸੰਗ ਸਾਡੇ ਤੁਸੀ ਸਤਿਗੁਰੂ ਜੀ ਸਾਨੂੰ ਡਰ ਕਾਹਦਾ ਅਸੀ ਕਲੜੇ ਨਹੀਂ।
ਬਿਣਸਣ-ਹਾਰ ਦੇਹੀ ਅੰਤ ਬਿਣਸ ਜਾਣਾਂ ਕਿਉਂ ਨਾ ਫਿਰ ਹੈਸਾਨ ਝੜਾ ਜਾਈਏ।
ਮਾਨ ਮਤੀ ਸਰਕਾਰ ਦੇ ਮੂੰਹ ਉਤੇ ਟਿੱਕਾ ਸ਼ਾਹੀ ਕਲੰਕ ਦਾ ਲਾ......ਜਾਈਏ।
ਰੋਸ਼ਨ ਨਾਮ ਜਹਾਨ ਕਰਾ ਜਾਈਏ ਹਸ ਹਸ ਸ਼ਹੀਦੀਆਂ......ਪਾ—ਜਾਈਏ।
ਬੂਟਾ ਸੁਕਿਆ ਰੁਕਿਆ ਫੂਲਣੇ ਤੋਂ ਖ਼ੂਨ ਸਿੰਚ ਕੇ ਹਰਾ ਕਰਾ ਜਾਈਏ।
ਮੌਤ ਨਾਲ ਮਜਾਖਾਂ ਵੀ ਕਰਨੀਆਂ ਨੇ ਤੇਰੇ ਹੁਕਮ ਬਧੇ ਜਰਾ ਹਲੜੇ ਨਹੀਂ।
ਅੰਗ ਸੰਗ ਸਾਡੇ ਤੁਸੀ ਸਤਿਗੁਰੂ ਜੀ "ਧੀਰ" ਡਰ ਕਾਹਦਾ ਅਸੀ ਕਲੜੇ ਨਹੀਂ।

ਬਸੰਤ ਦਾ ਚਾ

(ਵਲੋਂ—ਮਸਤ ਭੌਰਾ)

ਦੇਖਦੇਖ ਹੱਸਾਂਮੇਂ ਪਹਾੜਾਂ ਦੀਆ ਚੋਟੀਆਂ ਤੋਂ, ਕਾਂਗੜੇ ਕੁਲੂ ਚਿ ਰੁਸ਼ਨਾਈ ਹੈ ਬਸੰਤ ਦੀ।
ਝੁਕ ਝੁਕ ਟ੍ਹਾਣੀਆਂ ਨੇ ਫੁਲਾਂ ਨੂੰ ਪਿਆਰ ਦਿੱਤਾ, ਆਖਿਆ ਕਰੂਮਲਾਂ ਵਧਾਈ ਹੈ ਬਸੰਤ ਦੀ।
ਸੀਤ ਦੇ ਸਤਾਇਆਂ ਹੋਇਆਂ ਟਾਹਣੂਆਂ ਤੇ ਬੈਠ ੨, ਪੰਛੀਆਂ ਨੇ ਗਾਈਏ ਵਡਾਈ ਹੈ ਬਸੰਤ ਦੀ।
ਏਸੇ ਹੀ ਪਿਆਰ ਵਿਚ "ਭੌਰ" ਨੇ ਲਹੌਰ ਵਿਚ, ਛੋਟੀ ਜੇਹੀ ਪਗੜੀ ਰੰਗਾਈ ਹੈ ਬਸੰਤ ਦੀ।

Sri Satguru Jagjit Singh Ji Elibrary NamdhariElibrary@gmail.com

ਗੁਰ-ਪਦਵੀ ਤੇ ਸਤਿਗੁਰ ਰਾਮ ਸਿੰਘ ਜੀ

(ਵਲੋਂ ਸ੍ਰੀ ਮਾਨ ਸਰਦਾਰ ਕਰਮ ਸਿੰਘ ਜੀ 'ਆਸੀ')

—:oo:—

ਮਜ਼ਹਬਾਂ ਦੀ ਪੈਰੋਕਾਰੀ ਅਜ ਕਲ ਪਿਤਾ ਪੁਰਖੀ ਚਾਲ ਵਾਂਗੂ ਹੀ ਹੋ ਰਹੀ ਹੈ। ਕੋਈ ਕਿਸੇ ਮਜ਼ਹਬ ਦੀ ਵਾਕਫੀ ਹਾਸਲ ਕਰਕੇ ਉਸ ਵਿਚ ਪ੍ਰਵੇਸ਼ ਨਹੀਂ ਹੁੰਦਾ ਬਲਕਿ ਜਾਂ ਘਰਾਨੇ ਦੀ ਚਾਲ-ਜਾਂ ਦੇਖਾ ਦੇਖੀ ਦਾ ਹੀ ਰਿਵਾਜ਼ ਹੈ। ਭਾਵੇਂ ਹੁਣ ਸਿੱਖ ਧਰਮ ਨੂੰ ਮੇਰੀ ਨਿਗਾਹ ਵਿਚ ਸਭ ਧਰਮਾਂ ਨਾਲੋਂ ਵਸ਼ੇਸ਼ਤਾ ਹਾਸਲ ਹੈ ਪਰ ਫੇਰ ਭੀ ਮੈਂ ਇਸ ਧਰਮ ਦੀ (ਸਟੱਡੀ) ਕਰਕੇ ਸਿੱਖ ਨਹੀਂ ਹੋਯਾ ਤੇ ਹੋਰ ਭੀ ੯੯੯ ਫ਼ੀ ਹਜ਼ਾਰ ਇਸੇ ਪ੍ਰਕਾਰ ਹੀ ਹਰ ਮਜ਼ਹਬ ਵਿੱਚ ਹੋਂਦੇ ਦੇਖੇ ਗਏ ਹਨ।

ਕੇਵਲ ਨਾਮ ਮਾਤ੍ਰ ਭੇਦ ਦੇ ਕਾਰਨ ਅਜ ਕਲ ਆਮ ਸਿੱਖ ਤੇ ਨਾਮਧਾਰੀ ਸਿਖ ਸੰਪ੍ਰਦਾ ਵਿਚ ਕੱਟਰ ਵਿਰੋਧ ਚਲਿਆ ਆਂਦਾ ਹੈ, ਇਥੋਂ ਤੀਕ ਕਿ "ਨਾਮਧਾਰੀ" ਸ਼ਬਦ ਤੋਂ ਹੀ ੧੦ ਗੁਰੂ ਮੰਨਣ ਵਾਲਿਆਂ ਨੂੰ ਅਤੀ ਘਿਨਾ ਹੈ ਤੇ ਬਜਾਇ ਕਿਸੇ ਖੋਜ ਜਾਂ ਵਾਕਫੀ ਦੇ ਨਾਮਧਾਰੀ ਪੰਥ ਪੁਰ ਬੇਮੁਖਤਾ ਦਾ ਫਤਵਾ ਦਿੱਤਾ ਹੋਯਾ ਹੈ। ਇਨ੍ਹਾਂ ਦੋਹਾਂ ਸੰਪ੍ਰਦਾਵਾਂ ਵਿੱਚ ਇਤਨਾ ਭੇਦ ਕਿਸੇ ਨੇ ਪਾ ਦਿਤਾ ਹੈ ਕਿ—"ਕਰਤਾਰ-ਪੁਰ ਵਾਲੇ ਗੁਰੂ" "ਗੁਰੂ ਵਡਭਾਗ ਸਿੰਘ" "ਗੁਰੂ ਜਵਾਹਰ ਸਿੰਘ" ਆਦਿਕ ਅਨੇਕਾਂ-ਮਹਾਤਮਾਂ ਦੇ ਨਾਮ ਨਾਲ ੧੦ ਗੁਰੂ ਮੰਨਣ ਵਾਲੇ ਖੁਦ ਗੁਰੂ ਪਦ ਪੁਕਾਰਦੇ ਤੇ ਲਿਖਦੇ ਹਨ ਪਰ ਹਨੇਰ ਸਾਈਂ ਦਾ, ਜੇ ਸਮੇ ਦੇ ਰਹਿਬਰ, ਸਿੱਖੀ ਦੀ ਢੌਹਦੀ ਕਲਾ ਨੂੰ ਉਭਾਰਨ ਵਾਲੇ-ਗੁਰੂ-ਗੁਣ-ਸਪੰਨ (ਦੇਖੋ !-ਪੰਥ ਪ੍ਰਕਾਸ਼, ਗੁਰਿਡ ਨਾਮਾ, ਪੁਰਾਨੀ ਜਨਮ ਸਾਖੀ-ਤੇ "ਸਤਿਜੁਗ" ਦਾ ਬਸੰਤ ਨੰਬਰ ਜਿਸ ਵਿਚ ਸਭ ਸਿਖ ਗ੍ਰੰਥਾਂ ਦਾ ਨਿਚੋੜ ਤੇ ੧੦ ਗੁਰੂ ਮੰਨਣ ਵਾਲੇ ਸਿਖ ਲੀਡਰਾਂ ਦੇ ਲੇਖ ਦਰਜ ਹਨ) ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਨਾਮ ਨਾਲ ਗੁਰੂ ਪਦ ਵਰਤਿਆ ਜਾਵੇ ਤਾਂ ਸਾਡੇ ਦਿਲ, ਵਿਚਾਰ ਨਾਲ ਨਹੀਂ ਬਲਕਿ ਬੀਜੀ ਹੋਈ ਨਫਰਤ ਦੇ ਅਸਰ ਨਾਲ, ਆਪੇ ਤੋਂ ਬਾਹਰ ਹੋ ਜਾਂਦੇ ਹਨ-ਕਿ ਹੈਂ ੧੧ ਵਾਂ ੧੨ ਵਾਂ ਗੁਰੂ ? ਇਹ ਕੋਈ ਖਾਸ ਵੱਡੀ ਗਲ ਨਹੀਂ ਕਿਉਂਕਿ ਇਨ੍ਹਾਂ ਦੋਹਾਂ ਸੰਪ੍ਰਦਾਵਾਂ ਵਿਚ ਗਲਤ-ਫ਼ੈਹਮੀ ਵਿਰੋਧਤਾ ਤੇ ਇਕ ਦੂਜੇ ਦਾ ਪਰਛਾਵਾਂ ਤੱਕ ਨਾ ਲੈਣਾ ਇਸ ਹੱਦ ਤੀਕ ਭਰ ਦਿਤਾ ਗਿਆ ਹੈ ਕਿ ਮੈਂ ਖੁਦ ਭੀ ਕਈ ਵਾਰ ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਅਪਨੀ ਨਗਰੀ ਵਿਚ ਚਰਨ ਪਾਣ ਦੇ ਬਾਵਜੂਦ ਭੀ ਦਰਸ਼ਨ ਨਹੀਂ ਕੀਤੇ ਤੇ ਸਿਵਾਇ ਇਕ ਬੜੇ ਸਾਧਾਰਨ ਜਿਹੇ ਦੀਵਾਨ ਦੇ ਕਦੇ ਭੀ ਕਿਸ਼ੇ ਨਾਮਧਾਰੀ ਦੀਵਾਨ ਵਿਚ ਸ਼ਾਮਲ ਨਹੀਂ ਹੋਯਾ ਸੋ ਪਹਿਲੀ ਗਲ ਤਾਂ ਇਹ ਹੈ ਕਿ ੧੦ ਗੁਰੂ ਮੰਨਣ ਵਾਲਿਆਂ

Sri Satguru Jagjit Singh Ji Elibrary NamdhariElibrary@gmail.com

ਤੇ ੧੨ ਗੁਰੂ ਮੰਨਣ ਵਾਲਿਆਂ ਵਿਚ ਭੇਦ ਕੋਈ ਖਾਸ ਹੈ ਹੀ ਨਹੀਂ-ਹਾਂ ਸਾਡੇ ਸਵਾਰਥੀਆਂ ਦਾ ਪਾਯਾ ਹੋਯਾ ਭੇਦ ਹੀ ਇਸ ਕਦਰ ਕੰਮ ਕਰ ਰਿਹਾ ਹੈ ਕਿ ਅਸੀਂ ੧੨ ਵੇਂ ਗੁਰੂ ਦਾ ਨਾਮ ਸੁਣਦੇ ਹੀ, ਗੁੱਸੇ ਨਾਲ, ਅੱਗ ਬਗੋਲਾ ਹੋ ਜਾਂਦੇ ਹਾਂ। ਕੋਈ "ਨਾਮਧਾਰੀ" ਸੰਪ੍ਰਦਾ ਦੀ ਸਟੱਡੀ ਕਰੇ ਤਾ ਉਸਦੇ ਸਾਰੇ ਸ਼ੰਕੇ ਸੁਗਮ ਹੀ ਦੂਰ ਹੋ ਜਾਣਗੇ! ਗੋ ਮੈਂ ਅਜੇ ਭੀ ੧੦ ਗੁਰੂ ਹੀ ਮੰਨਣ ਵਾਲਾ ਹਾਂ ਪਰ ਸਤਿਗੁਰੂ ਰਾਮ ਸਿੰਘ ਜੀ ਨੂੰ "ਗੁਰੂ" ਮੰਨਣ ਤੋਂ ਮੁਨਕਰ ਨਹੀਂ ਕਿਉਂਕਿ ਉਨ੍ਹਾਂ ਵਿੱਚ ਗੁਰੂ ਪਦਵੀ ਦੇ ਸਾਰੇ ਗੁਣ ਦੀਖਦੇ ਹਨ।

"ਰਾਮਗੜ੍ਹੀਆ ਗਜ਼ਟ" ਵਿੱਚ ਭੀ ਇਕ ਵਾਰ "ਸੱਚ ਦੇ ਢੰਡੋਰਚੀ" ਵਲੋਂ ਇਕ ਲੜੀ ਪ੍ਰਕਾਸ਼ਤ ਹੋਈ ਸੀ "ਸਤਿਜੁਗ" ਦਾ ਬਸੰਤ ਨੰਬਰ ਭੀ ਕਾਫ਼ੀ ਇਤਹਾਸਕ ਪ੍ਰਮਾਣ ਪੇਸ਼ ਕਰਦਾ ਹੈ ਪਰ ਮੈਨੂੰ ਅਪਨੇ ਇਕ ਰਿਸ਼ਤੇਦਾਰਾਂ ਦੇ ਘਰੋਂ ਇਕ ਜਨਮਸਾਖੀ ਪ੍ਰਾਪਤ ਹੋਈ ਸੀ-ਜਿਸਦੀ ਜਿਲਦ ਠੀਕ ਕਰਦਿਆਂ ਅਚਾਨਕ ਹੀ ਮੈਨੂੰ ਉਸਦੇ ਸਫਾ ੫੯੮ ਪਰ (ਬਾਕੀ ਦੇ ਸਫੇ ਅਣਗੇਹਲੀ ਕਾਰਨ ਗੁੰਮ ਜਾਪਦੇ ਹਨ) ਹੇਠ ਲਿਖੀ ਲਿਖਤ ਦੇ ਦਰਸ਼ਨ ਹੋਏ ਸਨ। ਜੋ ਪੰਥਕ ਗਿਆਤ ਹਿਤ ਪ੍ਰਗਟ ਕਰਦਾ ਹਾਂ:—

"ਜਨਮਸਾਖੀ" ਛਾਪਾ ਬੰਬਈ-ਕ੍ਰਿਤ ਭਾਈ ਮਨੀ ਸਿੰਘ ਗਿਆਨੀ ਜਿਸਨੂੰ ਲਾਲਾ ਮੇਹਰਚੰਦ ਮੇਨੇਜਰ ਸੰਸਕ੍ਰਿਤ ਵਾ ਗੁਰਮੁਖੀ ਪੁਸਤਕਾਲਯ ਸੈਦ ਮਿੱਠਾ ਬਾਜ਼ਾਰ ਨੇ ਸੰਮਤ ਨਾਨਕ ਸ਼ਾਹੀ ੪੨੩ ਵਿਚ ਛਪਵਾਯਾ ਸਫਾ ੫੯੮:—

"ਤਾਂ ਸੰਮਤ ੧੭੦੬ ਚੇਤ ਸੁਦੀ ੫ ਪੰਜਮੀ ਪਾਤਸ਼ਾਹੀ ਜੋਤੀ ਜੋਤ ਸਮਾਏ ਤਾਂ ਫਿਰ ਛੇਵੇਂ ਸਤਿਗੁਰ ਥੀਂ ਸਿਖਾਂ ਪੁਛਿਆ ਕਿ ਸਤਿਗੁਰ ਜੋ ਅਵਤਾਰ ਧਾਰਣਗੇ ਸੋ ਕਿਸਦੇ ਘਰ ਧਾਰਣਗੇ ਤਾਂ ਅਗਮ ਅਗੋਚਰ ਜੋ ਸਤਿਗੁਰ ਹੈ ਸੋ ਬੋਲਿਆ ਕਿ ਕਲਿਜੁਗ ਵਿੱਚ ਸੋਢੀਆਂ ਦੇ ਘਰ ਅਵਤਾਰ ਹੋਵੇਗਾ ਅਰ **ਜੁਗ ਜੁਗ ਵਿੱਚ ਸਤਿਗੁਰਾਂ ਅਵਤਾਰ ਧਾਰਣੇ ਹਨ ਸੋ ਕਈ ਪ੍ਰਗਟ ਹੋਵਣਗੇ ਅਰ ਕਈ ਗੁਪਤ ਹੋਵਨਗੇ।"**

ਇਹ ਇਕ ਨਵਾਂ ਸਬੂਤ ਤੇ ਹੋਰ ਸਿੱਖ ਗ੍ਰੰਥਾਂ ਦੇ ਸਬੂਤ ਜੇ ਜ਼ਰਾ ਜਿੰਨੀ ਨਿਰਪੱਖਤਾ ਨਾਲ ਦੇਖੇ ਜਾਵਨ ਤਾਂ ਸਤਿਗੁਰੂ ਰਾਮ ਸਿੰਘ ਜੀ ਨੂੰ "ਗੁਰੂ" ਕਹਿਣ ਤੇ ਮੰਨਣ ਵਿਚ ਕਿਸੇ ਨੂੰ ਸੰਦੇਹ ਨਹੀਂ ਰਹੇਗਾ। ਨਾਲੇ ਜਦ ਇਕ ਸਾਧਾਰਨ ਤੋਂ ਸਾਧਾਰਨ ਗਿਆਤ ਲਈ ਗੁਰੂ ਦੀ ਲੋੜ ਪੈਂਦੀ ਹੈ ਤਾਂ ਇਹ "ਜਨਮ ਮਰਨ ਦੋਹੂੰ ਮਹਿ ਨਾਹੀ" ਬਣਨ ਲਈ ਗੁਰੂ ਦੀ ਕਿਕੂਰ ਲੋੜ ਨਾ ਪਵੇਗੀ? ਬਲਕਿ ਮੈਂ ਕਹਾਂਗਾ ਕਿ ਸਾਡਾ "ਗੁਰੂ ਗ੍ਰੰਥ ਸਾਹਿਬ" ਅੱਗੇ ਮੱਥਾ ਟੇਕਣਾ ਕੇਵਲ ਰਿਵਾਜ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਸੀਂ ਸੱਭੇ ਐਸੇ ੨ ਉਪਦਰਵ ਕਰਦੇ ਹਾਂ ਕਿ ਲਿਖਿਆ ਨਹੀਂ ਜਾ ਸਕਦਾ। ਜੇਕਰ ਅੱਜ ਸਿੱਖ ਸ਼ਰਧਾਲੂ ਕੱਚੇ ਤੇ ਪਤਿਤ ਹੋ ਜਾਂਦੇ ਹਨ ਤੇ ਬਾਕੀ ਭੀ ਮੇਰੇ ਵਾਂਗੂ ਸਿੱਖੀ ਨੂੰ ਨਾਮ ਮਾਤ੍ਰ ਪੁਗਾਈ ਜਾਂਦੇ ਹਨ ਤਾਂ ਦਿਸਦਾ ਕਾਰਨ "ਗੁਰੂ ਦੀ ਸ਼ਰਨ ਨਾ ਪੈਣਾ" ਹੈ ਤੇ "ਗੁਰੂ" ਪਾਸੋਂ ਸਾਡੇ ਸਵਾਰਥੀਆਂ

Sri Satguru Jagjit Singh Ji Elibrary NamdhariElibrary@gmail.com

ਸਾਨੂੰ ਚਿਰਾਂ ਦਾ ਦੂਰ ਰਖਿਆ ਹੋਯਾ ਹੈ।

ਧੌਲ ਅਜ ਕਲ ਹੋ ਰਹੇ ਇਤਨੇ ਪਾਪਾਂ ਦੇ ਬਾਵਜੂਦ ਭੀ ਕੈਮ ਹੈ। ਪਰ ਇਸ ਵਿੱਚ ਕਿਸੇ "ਦੈਵੀ ਸ਼ਕਤੀ" ਦਾ ਹਥ ਹੈ- ਜਿਸਨੂੰ ਲਭਣ ਲਈ ਅਸੀਂ ਉੱਦਮ ਤਾਂ ਇਕ ਪਾਸੇ, ਨਾਮ ਲੈਣਾ ਭੀ ਪਾਪ ਜਾਣਦੇ ਹਾਂ ਫਿਰ ਪੰਥ ਦੀ ਅਧੋਗਤੀ ਕਿਕੁਰ ਨਾ ਹੋਵੇ ? ਸਤਿਗੁਰੂ ਰਾਮ ਸਿੰਘ ਜੀ ਵਿੱਚ ਸੱਭੇ ਦੈਵੀ ਗੁਰੂ ਗੁਣ ਮੌਜੂਦ ਸਨ ਜਿਨ੍ਹਾਂ ਦੀ ਇਤਹਾਸ ਕੂਕ ਕੂਕ ਕੇ ਦੁਹਾਈ ਦੇਂਦਾ ਹੈ। ਚੂੰਕਿ ਗੁਣਾ ਨੂੰ ਹੀ ਪਦਵੀ ਹਾਸਲ ਹੋਂਦੀ ਹੈ-ਇਸ ਲਈ ਆਪਨੂੰ "ਗੁਰੂ" ਮੰਨਣਾ ਕੋਈ ਮੁਬਾਲਗ਼ਾ ਨਹੀਂ ਬਲਕਿ ਉਚਿਤ ਹੈ।

ਜੇੜ੍ਹ ਭੇਦਾ ੧੦ ਤੇ ੧੨ ਗੁਰੂ ਮੰਨਣ ਵਾਲਿਆਂ ਵਿੱਚ ਮੈਨੂੰ ਦਿਸਿਆ ਹੈ ਉਹ ਕੇਵਲ ਗੁਰੂਆਂ ਦੀ ਗਿਣਤੀ ਹੈ । ਭਾਵੇਂ ਇਸਦਾ ਗਿਆਨ ਪੜਤਾਲ ਨਾਲ ਸੁਖੈਨ ਭੀ ਹੋ ਜਾਵੇਗਾ ਪਰ ਜਿਹਾ ਕਿ "ਸਤਿਜੁਗ" ਦੇ ਬਸੰਤ ਨੰਬਰ ਵਿਚ "ਤਾਜਵਰ" ਜੀ ਨੇ ਲਿਖੇਆ ਹੈ ਹਾਲੀ ਇਹੀ ਲਿਖਨਾ ਕਾਫੀ ਹੋਵੇਗਾ ਕਿ ਜੇ ੧੦ ਗੁਰੂਆਂ ਨੇ ਅਪਨੀ ਗੁਰੂ—ਲੜੀ ਨੰ: ੧੦ ਪੁਰ ਖਤਮ ਕਰ ਦਿੱਤੀ ਸੀ ਤਾਂ ਭੀ ਸਤਿਗੁਰੂ ਰਾਮ ਸਿੰਘ ਜੀ "ਗੁਰੂ" ਸਨ ਤੇ ਹਨ ਕਿਉਂਕਿ ਉਨਾਂ ਵਿਚ ਗੁਰਿਆਈ ਦੇ ਸਭ ਗੁਣ ਦੀਖਦੇ ਹਨ। ਹਰ ਇਕ ਕੌਮ ਦਾ ਇਤਹਾਸ ਦਸਦਾ ਹੈ ਕਿ ਜਦ ਜਦ ਭੀ ਧਰਮ ਦੀ ਹਾਨੀ ਹੋਵੇਗੀ ਅਵਤਾਰ ਧਰਮ ਪ੍ਰਚਾਰਨ ਲਈ ਜ਼ਰੂਰ ਆਵੇਗਾ-ਜਦ ਇਕ ਅਵਤਾਰ ਰੱਬ ਦੇ ਬਰਾਬਰ ਹੈ (ਮੋਖ ਪਦਵੀ ਰੱਬ ਵਿਚ ਲੀਨ ਹੋਣ ਨੂੰ ਹੀ ਕਹਿੰਦੇ ਹਨ ਤੇ "ਮੇਰੀ ਬਾਂਧੀ ਭਗਤ ਛੁਡਾਵਹਿ । ਬਾਂਧੀ ਭਗਤ ਨ ਛੂਟਹਿ ਮੋਹਿ।" ਆਦਿ) ਤੇ ਦੂਜਾ ਭੀ ਰੱਬ ਦੇ ਬਰਾਬਰ ਤੇ ਤੀਜਾ ਭੀ ਰਬ ਦੇ ਬਰਾਬਰ ਤਾਂ ਉਹ ਅਵਤਾਰ ਪ੍ਰਸ ਪਰ ਭੀ ਤਾਂ ਇਕ ਦੂਜੇ ਦੇ ਬਰਾਬਰ ਹੀ ਹੋਏ ਨਾਂ? (ਪਰ ਜੇੜ੍ਹੇ ਰੱਬੀ ਅਵਤਾਰਾਂ ਨੂੰ ਵਡਾ ਛੋਟਾ ਦਸਕੇ ਦੁਨੀਆਂ ਵਿੱਚ ਅਸ਼ਾਂਤੀ-ਨਫ਼ਰਤ ਦਾ ਬੀਜ ਬੋਜਦੇ ਹਨ ਓਹ ਜੁਮੇਵਾਰ ਹਨ ਵਰਤਮਾਨ ਸੰਸਾਰਕ ਮਰ-ਯਾਦਾ ਦੀ ਦੁਖੀ ਅਵਸਥਾ ਦੇ, ਅਵਤਾਰਾਂ ਨੇਂ, ਹੁਕਮ ਬਮੂਜਬ ਜੋ ਭੀ ਕੰਮ ਉਨ੍ਹਾਂ ਦੇ ਸਪੁਰਦ ਰੱਬ ਵਲੋਂ ਹੋਯਾ, ਕੀਤਾ। ਸੋ ਜੇਕਰ ਦੁਨੀਆਂ ਵਿਚ ਅਵਤਾਰਾਂ ਜਾਂ ਮਹਾਂ ਪੁਰਖਾਂ ਦੀ ਵਡਾਈ ਛੁਟਾਈ ਦਾ ਸਵਾਲ ਦਿਲੋਂ ਬੰਦ ਕਰ ਦਿੱਤਾ ਜਾਵੇ ਤਾਂ ਅਟੱਲ ਸੁਖ ਤੇ ਦੁਨੀਆਂ ਸੁਰਗ ਬਣ ਸਕਦੀ ਹੈ।) ਕਲਕੀ ਅਵਾਤਾਰ ਦੇ ਸ੍ਵੈਯੇ ਪੜ੍ਹੋ ਤਾਂ ਮਾਮਲਾ ਹੋਰ ਭੀ ਸਪਸ਼ਟ ਹੈ "ਪਾਪ ਸੰਬੂਹ ਬਿਨਾਸਨ ਕਉ ਕਲਿਕੀ ਅਵਤਾਰ ਕਹਾਵਹਿਗੇ" ਦਾ ਗੁਰ-ਕਥਨ ਗੁਰਿਆਈ ਦੇ ਸੁਾਲ ਨੂੰ ਹੋਰ ਭੀ ਸਾਫ ਕਰ ਦੇਂਦਾ ਹੈ। ਸੋ ਮੈਂ ਚਾਹੁੰਦਾ ਹਾਂ ਕਿ ਆਮ ਸਿੱਖ ਤਅਸੱਬ ਤੇ ਨਫਰਤ ਨੂੰ ਛਡਕੇ ਜੇ 'ਨਾਮਧਾਰੀ" ਮਿਸ਼ਨ ਦੀ ਪੜਤਾਲ ਕਰਨ, ਤੇ ਪਏ ਹੋਏ ਵਖੇਵੇਂ ਨੂੰ ਕਤਈ ਦੂਰ ਕਰ ਦੇਣ ਜੋ ਕਿ ਕੇਵਲ ਗ਼ਲਤ-ਫੈਹਮੀ ਦੇ ਕਾਰਨ ਹੈ। ਮੈਂ ਕਹਿ ਸਕਦਾ ਹਾਂ ਕਿ ਨਾਮਧਾਰੀ ਪੰਥ ਵਲੋਂ ਕਦੇ ਭੀ ਸਿਖੀ ਦੀ ਮੁਖਾਲਫਤ ਨਹੀ ਹੋਈ ਬਲਕੇ ਉਹ ਖ਼ੁਦ ਸਿੰਘ ਹਨ ਬਾਣੀ ਦਾ ਇਥੋਂ ਤੀਕ ਅਦਬ ਕਰਦੇ ਹਨ ਕਿ ਇਸ਼ਨਾਨ ਕੀਤੇ ਬਿਨਾ ਦਰਬਾਰ ਸਾਹਿਬ ਦੀ ਹਜ਼ੂਰੀ ਵਿਚ ਨਹੀ ਜਾਂਦੇ। ਮੈਨੂੰ ਪਹਿਲੀ ਵੇਰੀ ਹੀ ਪ੍ਰਸਿੱਧ ਅਚਾਰਯ ਸੰਤ

ਇੰਦਰ ਸਿੰਘ ਜੀ "ਚਕ੍ਰਵਰਤੀ" ਦਾ ਲੈਕਚਰ ਸੁਣਨ ਦਾ ਅਵਸਰ ਮਿਲਿਆ ਹੈ-ਪਰ ਮੈਂ ਤਾ ਉਨ੍ਹਾਂ ਦੇ ਖਯਾਲਾਂ ਤੇ ਸਿੱਖੀ ਦੀ ਦਰ ਅਸਲ ਸਪਿਰਟ ਵਿੱਚ ਕੋਈ ਭੇਦ ਨਹੀਂ ਦੇਖਦਾ।

ਆਸ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਮਹਾਤਮ ਮਈ ਨਾਮ ਨਾਲ "ਗੁਰੂ" ਪਦ ਤੋਂ ਘਬਰਾਣ ਵਾਲੇ ਵੀਰ ਧੀਰਜ ਤੇ ਵਿਚਾਰ ਨਾਲ ਮੇਰੇ ਲੇਖ ਨੂੰ ਪੜ੍ਹਨਗੇ ਤੇ ਜੇ ਉਸ ੧੦ ਗੁਰੂ ਲੜੀ ਵਿਚ ਨਹੀਂ ਤਾਂ ਭੀ ਉਨ੍ਹਾਂ ਦੇ ਕਰਤੱਵਾਂ ਤੇ ਜੀਵਨ ਦੇ ਆਦਰਸ਼ਕ ਅੰਗਾਂ ਦਾ ਖਿਆਲ ਕਰਦੇ ਹੋਏ ਤੋਲਣਗੇ ਕਿ ਉਹ ਗੁਰੂ ਪਦਵੀ ਦੇ ਜੋਗ ਹਨ! ਨਾਮਧਾਰੀ ਤੇ ਆਮ ਸਿਖ ਖਿਆਲਾਂ ਵਿਚ ਵਿਤਕਰਾ ਕੇਵਲ ਗ਼ਲਤ-ਫ਼ਹਿਮੀਂ ਤੇ ਦੂਰ ਦੂਰ ਰਹਿਣ ਦੇ ਕਾਰਣ ਹੈ, ਵਰਨਾਂ ਭੇਦ ਕੋਈ ਭੀ ਨਹੀ! ਬਲਕੇ ਨਾਮਧਾਰੀ ਮਰਯਾਦਾ ਸ੍ਰੇਸ਼ਟ, ਉੱਤਮ ਤੇ ਪ੍ਰਭਾਵਸ਼ੀਲ ਹੈ!

ਸਤਿਗੁਰੂ ਰਾਮ ਸਿੰਘ ਧਰਾ ਅਵਤਾਰ ਹੈਂ

(ਵਲੋਂ:– ਸ੍ਰੀਮਾਨ ਸੰਤ ਜਸਾ ਸਿੰਘ ਜੀ "ਸੂਫੀ")

ਦੋਹਰਾ: {ਸਤ ਚਿਤ ਆਨੰਦ ਰੂਪ ਪ੍ਰਭ, ਭਗਤਿ ਵਛਲ ਦੁਖ ਹੰਦ।}
{ਸੁੰਦਰ ਸ੍ਰੀ ਅਰਬਿੰਦ ਪਦ, ਨਮੋਂ ਬੰਦ ਕਰ ਬੰਦ।}

ਜਾਸ ਕਾਲਧਰਾ ਪੈ ਵਿਥਾਰ ਭਯੋ ਕਲ ਮਲ, ਕਰਮਧਰਮ ਨਿਜ ਤਜੇ ਸੰਸਾਰ ਹੈਂ।
ਰਾਵ ਅਨਿਆਵ ਭਾਵ ਕੁਟਲ ਕਪਟ ਭੇਸ ਕੂੜ, ਭਰਪੂਰ ਕਰ ਹੋਇਓ ਹਰਿ ਸਜ਼ਾਰ ਹੈਂ।
ਆਰਤ ਹੈਂ ਧੇਨਰੰਕ, ਧਰਾ–ਪਾਲ ਕੰਕ ਬੰਕ, ਨੀਤ ਔ ਅਨੀਤ ਕਾ ਨ ਰਹੋ ਪ੍ਰਚਾਰ ਹੈਂ।
ਪਰ ਧਨ ਪਰ ਤੀਅ, ਜਾਨਤ ਨ ਆਨ ਸ਼ਾਨ, ਦੇਵਤ ਕਲੇਸ਼ ਦਿਨ ਰੈਨ ਭਰਮਾਰ ਹੈਂ।
ਖਾਲਸੇ ਨੇ ਲਾਲਸਾ ਹੋ, ਧਰਮ ਪ੍ਰਹਾਰ ਕੀਨਾ, ਅਸਨ ਬਸਨ ਮਨਮੱਤ ਅਨੁਸਾਰ ਹੈਂ।
ਗੋਬਿੰਦ ਮ੍ਰਿਗਿੰਦ ਗੁਰ ਕੀਨੇ ਉਪਕਾਰ ਬ੍ਰਿੰਦ, ਨਿਜ ਪ੍ਰਵਾਰ ਜਿਹ ਹੇਤ ਦੀਨੋਂ ਵਾਰ ਹੈਂ।
ਵਰਨ ਧਰਮ ਵੇਦ ਰੀਤ ਕੋ ਵਿਧਾਨ ਕੀਨੇ, ਸੰਤਨ ਕੋ ਮਾਨ ਉਪਦੇਸ਼ ਦੀਨੋ ਸਾਰ ਹੈਂ।
ਦੀਨੋ ਮੁਕਤਾਹਲ ਫਲ, ਘਨੇਜੋਊ ਰਾਵਰ ਨੇ, ਡਾਰ ਦੀਨੋਂ ਕੂਪ ਸਮ ਜੂਪ ਦੀਨੋ ਹਾਰ ਹੈਂ।
ਅਲਪ, ਅਲਪ, ਧਰ ਵਿਤਹੂੰ ਨਵਿਤ ਨਿਤ, ਕਰੇਂ ਸੰਗ੍ਰਾਮ ਆਠੋ ਜਾਮ ਨਿਰਾਧਾਰ ਹੈਂ।
ਕਰੇਂ ਉਤਪਾਤ ਮਾਤ ਕਰੇਂ ਅਸੁਰਾਤ ਤਾਤ, ਜੀਵਨ ਗ੍ਰੀਬਨ ਸੰਘਾਰਨਾ ਵਿਹਾਰ ਹੈਂ।
ਇਸ਼ਟਨ ਕੋ ਮਾਨ ਨਹੀਂ ਦਯਾ ਕੀ ਸੁਬਾਨ ਨਹੀਂ, ਕਹੈਂ ਜੱਗੀਸ਼ ਕੋਊ ਨਾਹਿ ਹਮ ਸਾਰ ਹੈਂ।
ਯੱਗ ਹੋਮ ਸੱਚ ਸੁੱਚ ਸੋਧ ਕੋ ਪ੍ਰਬੋਧ ਨਾਹਿ, ਚਾਰ ਦਿਸ ਅੰਧ ਧੁੰਧ ਰਹੇ ਵਿਸਥਾਰ ਹੈਂ।
ਧ੍ਰਾਬੱਰਰਾਨੀ, ਭੈਨਿਮਾਨੀ ਹੋ ਅਧੀਨ ਦੀਨ, ਬਿਨਾਂ ਅਵਲੰਭ ਤੋਹਿ ਮੋਹਿ ਦੁਖਿਆਰ ਹੈਂ।
ਅਛਲ ਅਛੇਦ ਭੇਦ ਨਾਹਿ ਉਪਵੇਦ ਵੇਦ, ਦੇਵ ਭੇਵ ਜਾਨਤ ਨ ਕੋਟ ਲਿਵ ਧਾਰ ਹੈਂ।
ਮੂਰਤ ਅਕਾਲ ਤੀਨ ਕਾਲ ਮਾਹਿ ਭਵਪਾਲ, ਧਿਆਵਤ ਮੁਨਿੰਦ ਇੰਦ ਆਵਤ ਨ ਪਾਰ ਹੈਂ।
ਪ੍ਰੂਰਮ ਅਗਾਧ ਔ ਅਨਾਦਿ ਕਰਤਾਰ 'ਸੂਫੀ' ਸਤਿਗੁਰੂ ਰਾਮ ਸਿੰਘ ਧਰਾ ਅਵਤਾਰ ਹੈ।

Sri Satguru Jagjit Singh Ji Elibrary NamdhariElibrary@gmail.com

ਚੀਨੀ ਵਾਲੇ ਸਤਿਗੁਰੂ ਦਾ ਗ਼ੈਬੀ ਸੁਨੇਹਾ

(ਵਲੋਂ ਗਿਆਨੀ ਸ੍ਰੀ ਮਾਨ ਊਧਮ ਸਿੰਘ ਜੀ 'ਮੁਸਾਫਰ')

ਚਿਟੀ ਚਾਨਣੀ ਚੌਧਵੀਂ ਰਾਤ ਦੀ ਸੀ, ਤਾਰੇ ਟਹਿਕਦੇ ਵਿਚ ਅਸਮਾਨ ਦੇ ਸਨ।
ਰੌਲਾ ਗੌਲਾ ਨ ਵਿਚ ਅਕਾਸ਼ ਕਿਧਰੇ, ਛਿਮੀਂ ਵਾਲੜੇ ਲੰਮੀਆਂ ਤਾਣਦੇ ਸਨ।
ਸੀਗਾ ਮੋਤੀਆ ਵਿਚ ਅਕਾਸ਼ ਖਿੜਿਆ, ਫੁਲ ਖਿਲਰੇ ਰਬੀ ਗੁਲਸਤਾਨ ਦੇ ਸਨ।
ਥਾਂ ਥਾਂ ਤੇ ਨੂਰ ਬਰਸਾਵਣੇ ਨੂੰ, ਟੋਟੇ ਹੋਏ ਕਈ ਚੰਦ ਭਗਵਾਨ ਦੇ ਸਨ।
ਲਗਾ ਹੋਇਆ ਦੀਵਾਨ ਸੀ ਦੇਉਤਿਆਂ ਦਾ ਵਾਲੀ ਬੈਠ ਰਹੇ ਵਿਚ ਜਹਾਨ ਦੇ ਸਨ।
ਮੈਂ ਭੀ ਉਡਕੇ ਵਿਚ ਅਕਾਸ਼ ਪੁਜਾ ਜਾਕੇ ਵੇਖਿਆ ਜਿਸ ਨੂੰ ਭਾਲਦਾ ਸੀ।
ਜਿਵੇਂ ਘੇਰਿਆ ਚਨ ਪ੍ਰਵਾਰ ਹੋਵੇ, ਤਿਵੇਂ ਮਾਹੀ ਦਾ ਰੂਪ ਕਮਾਲ ਦਾ ਸੀ।
ਰਹੀ ਹੋਸ਼ ਨ ਆਪਣੇ ਆਪ ਵਾਲੀ, ਚਰਨ ਪਕੜ ਮੈਂ ਗੁਲਸਤਾਨ ਓਥੇ।
ਗੁਰੂ ਲਾਧੋ ਰੇ ਲਾਧੋ ਰੇ ਕੂਕਿਆ ਮੈਂ, ਕੂਕਾ ਬਣ ਗਿਆ ਕੁਲ ਜਹਾਨ ਓਥੇ।
ਕੀਤਾ ਦਰਸ ਮੈਂ ਤਰਸਦੇ ਨੈਣ ਠੱਲੇ, ਕਹੀ ਖੋਲ੍ਹ ਸਾਰੀ ਦਾਸਤਾਨ ਓਥੇ।
ਤੇਰੇ ਬਾਝ ਨ ਆਸਰਾ ਹੋਰ ਕੋਈ, ਰਜ ਰਜ ਕੇ ਕਢੇ ਅਰਮਾਨ ਓਥੇ।
ਧੋਕੇ ਚਰਨ ਮੈਂ ਹੰਝੂਆਂ ਨਾਲ ਕਿਹਾ, ਲੜ ਲਗਿਆਂ ਦੀ ਲਾਜ ਪਾਲਣੀ ਸੀ।
ਸੋਹਣੀ ਨੂਰ ਦੇ ਨਾਲ ਭਰਪੂਰ ਹੋਈ, ਸੂਰਤ ਕਦੇ ਤਾਂ ਪੀਆ ਵਿਖਾਲਣੀ ਸੀ।
ਤੇਰੇ ਦਰਸ ਨੂੰ ਤਰਸਦੇ ਲੋਕ ਤਿਨੇ, ਦੇਵੀ ਦੇਵਤੇ ਰਿਸ਼ੀ ਅਵਤਾਰ ਸਾਰੇ।
ਵਰ੍ਹੇ ਗੰਢ ਦੀ ਖੁਸ਼ੀ ਮਨਾਵਣੇ ਨੂੰ, ਚੀਨੀ ਵਾਲਿਆ ਖੜੇ ਦੁਆਰ ਸਾਰੇ।
ਰੁਤ ਆਈ ਬਸੰਤ ਦੇ ਹਾਰ ਲੈਕੇ, ਤੇਰੇ ਨਾਮ ਦੀ ਪਵੇ ਫੁਹਾਰ ਸਾਰੇ।
ਦੇ ਕੇ ਦਰਸ ਹੁਣ ਕਰੋ ਨਿਹਾਲ ਸਾਨੂੰ, ਕਰਨ ਤੁਧ ਦੇ ਨਾਲ ਪਿਆਰ ਸਾਰੇ।
ਛਾਤੀ ਨਾਲ ਲਾ ਆਖਿਆ ਜਾਹ ਬਚਾ, ਸਾਰੇ ਪੰਥ ਨੂੰ ਖਬਰ ਸੁਣਾ ਦੇਵੀਂ।
ਕਰੋ ਫੁਟ ਨੂੰ ਦੂਰ ਮਨਜ਼ੂਰ ਹੈ ਜੇ, ਕੋਨੇ ਕੋਨੇ ਦੇ ਵਿਚ ਪੁਚਾ ਦੇਵੀਂ।
ਭੈੜੀ ਫੁਟ ਨੇ ਤੋੜਿਆ ਲਕ ਮੇਰਾ, ਮੋਤੀ ਖਿਲਰੇ ਸੁਚੜੇ ਹਾਰ ਵਿਚੋਂ।
ਨਹੀਂ ਵਜਦੀ ਕਦੇ ਉਹ ਤਾਰ ਅੰਦ੍ਰ, ਤੰਦ ਟੁਟਦੇ ਜਦੋਂ ਸਤਾਰ ਵਿਚੋਂ।
ਕੱਲੇ ਕੱਲੇ ਨੂੰ ਕੋਈ ਪਛਾਣਦਾ ਨਹੀਂ, ਭਾਵੇਂ ਹੋਵੇ ਉਹ ਲਖ ਹਜ਼ਾਰ ਵਿਚੋਂ।
ਤੰਦਾਂ ਕਚੀਆਂ ਦਾ ਰਸਾ ਬਣੇ ਜਦੋਂ, ਹਾਥੀ ਬੰਨ ਲਓ ਲੱਭ ਕੇ ਬਾਰ ਵਿਚੋਂ।
ਮੇਰੇ ਦਰਸ ਦੀ ਲੋੜ ਜੇ ਖਾਲਸਾ ਜੀ, ਦੂਈ ਕਢਕੇ ਜਫੀਆਂ ਪਾ ਵੇਖੋ।
ਮੁੜ ਪੰਥ ਦੀ ਵਾਗ ਸੰਭਾਲਣੇ ਨੂੰ, ਮੈਂ ਭੀ ਆਵਾਂ "ਮੁਸਾਫਰਾ" ਧਾ ਵੇਖੋ।

ਹੋਈ ਹਿੰਦ ਹੈ ਲਹੂ ਲੁਹਾਂਨ ਤੇਰੀ

(ਵਲੋਂ ਸ੍ਰੀਮਾਨ ਸ੍ਰਦਾਰ ਸੁੰਦਰ ਸਿੰਘ ਜੀ "ਮਸਤ ਭੌਰਾ" ਲੇਟ ਐਡੀਟਰ ਅਕਾਲੀ ਤੇ ਅਜਾਦ ਅਕਾਲੀ ਲਾਹੌਰ)

ਐ ਬਸੰਤ ਦੇ ਦਿਨ ਤੇ ਆਉਣ ਵਾਲੇ, ਲਿਖਾਂ ਸਿਫਤ ਕੀ ਮੈਂ ਅਨਜਾਂਨ ਤੇਰੀ।
ਪੜ੍ਹੇ ਕਿਤੇ ਨਾ ਅਜ ਤਕ ਹਾਲ ਤੇਰੇ, ਕਥਾ ਕਿਸਤ੍ਰਾਂ ਕਰਾਂ ਬਿਆਂਨ ਤੇਰੀ।
ਅੱਛਾ ਹੋਵੇ ਜੇ ਅੱਗੇ ਨੂੰ "ਚਕ੍ਰਵਰਤੀ" ਭੇਜ ਦੇਨ ਮੈਨੂੰ ਦਾਸਤਾਂਨ ਤੇਰੀ।
ਫਿਰ ਅਗਲੇ ਬਸੰਤ ਵਿਚ ਰੱਜ ਰੱਜ ਕੇ, ਭੌਰ ਹੋਰੀਂ ਵੀ ਕੀਰਤੀ ਗਾਂਨ ਤੇਰੀ।
ਲੈਕੇ ਅੱਜ ਤੋਂ ਇਕ ਸੋ ਸਾਲ ਪੰਦਰਾਂ......, ਪਹਿਲੇ ਆਈ ਸੀ ਜੋਤ੍ਰ ਭਗਵਾਂਨ ਤੇਰੀ।
ਕੋਈ ਗੁਰੂ ਆਖਨ ਕੋਈ ਭਗਤ ਆਖਨ, ਕੋਈ ਜਾਂਤ ਬਿਤਾਂਨ ਤ੍ਰਖਾਂਨ ਤੇਰੀ।
ਕੋਈ ਤੈਨੂੰ ਬੇ ਸਮਝੀ ਵਿਚ ਦੇਨ ਗਾਲੀਂ, ਚਰਨ ਧੂੜ ਕੋਈ ਮੱਥੇ ਤੇ ਲਾਂਨ ਤੇਰੀ।
ਮਿੱਠੇ ਨਾਂਮ ਦੇ ਬੋਹਰ ਚਲਾ ਦਿਤੇ, ਮੋਹਮਾਂ ਫੈਲ ਗਈ ਤਾਂਹੀਂਉਂ ਜਹਾਂਨ ਤੇਰੀ।
ਹੱਥ ਮਾਲਾ ਤੇ ਸਿੱਧੀ ਦਸਤਾਰ ਸਿਰ ਤੇ, ਚੀਨੀ ਘੋੜੀ ਸੀ ਓਦੋਂ ਸੁਲਤਾਂਨ ਤੇਰੀ।
ਸਾਰੇ ਦੇਸ਼ ਵਿਚ ਖੱਦਰ ਪ੍ਰਚਾਰ ਕੀਤਾ, ਚੜ੍ਹੀ ਰਾਜਸੀ ਲੋਹਰ ਜੁਬਾਂਨ ਤੇਰੀ।
ਏਸ ਪੱਛਮੀਂ ਕਾਂਗ ਦੇ ਰੋਕਣੇਂ ਲਈ, ਇਕੋ ਜਾਨ ਸੀ ਬੀਰ ਬਲਵਾਂਨ ਤੇਰੀ।
ਕੀਤਾ ਬੰਦ ਅੰਗਰੇਜ਼ਾਂ ਦੀ ਨੌਕਰੀ ਤੋਂ, ਇਹ ਭੀ ਗਲ ਸੀ ਖਾਸ ਮੇਹਰਬਾਂਨ ਤੇਰੀ।
ਇਸੇ ਕਾਰਨੇ ਅੱਖ ਸ੍ਰਕਾਰ ਦੀ ਵਿਚ..., ਪਈ ਰੜਕਦੀ ਸੀ ਆਹੇ ਜਾਂਨ ਤੇਰੀ।
ਪਏ ਢੂੰਡਦੇ ਸਨ ਬਹਾਨਿਆਂ ਨੂੰ...... ....., ਮਿਟੇ ਜਗ ਤੋਂ ਜਿਸਤ੍ਰਾਂ ਸ਼ਾਂਨ ਤੇਰੀ।
ਤੇਰੇ ਚੇਲਿਆਂ ਜਾਕੇ ਕੋਟਲੇ ਤੇ, ਦਿਤੀ ਹੋਰ ਵਧਾ ਸਗੋਂ ਆਂਨ ਤੇਰੀ।
ਭੱਜ ਭੱਜ ਕੇ ਤੋਪਾਂ ਦੇ ਮੂੰਹ ਅੱਗੇ, ਹੱਸ ਹੱਸ ਕੇ ਕੀਰਤੀ ਗ੍ਰਾਨ ਤੇਰੀ।
ਸੜਦੇ ਦੇਖਕੇ ਇਹਨਾ ਪਤੰਗਿਆਂ ਨੂੰ, ਖਲਕ ਆਖਦੀ ਸੀ. ਕੁਰਬਾਂਨ ਤੇਰੀ।
ਐ ਸੱਯਾਦਿ ਨਾ ਜੁਲਮ ਕਰ ਵੱਧ ਵਧਕੇ, ਟੁਟ ਜਾਸੀਆ ਝੱਬ ਕਮਾਂਨ ਤੇਰੀ।
ਇਹ ਸਿੱਖ ਇਤਿਹਾਸ ਦਿਆਂ ਵਰਕਿਆਂ ਤੇ, ਲਿਖੀ ਰਹੇਗੀ ਓ ਦਾਸਤਾਂਨ ਤੇਰੀ।
ਏਸ ਜ਼ੁਲ਼ਮ ਤੋਂ ਦੇਤ ਵੀ ਦੇਨ ਲਾਂਨਤ, ਦਾਦ ਦੇਨਗੇ ਕ੍ਰਿਥੋਂ ਇਨਸਾਂਨ ਤੇਰੀ।
ਅਸਾਂ ਸੁਣਿਆਂ ਕਿ ਬ੍ਰਮਾ ਦੇ ਏਸ ਅੰਦਰ, ਪਈ ਬੰਸਰੀ ਬੱਜਦੀ ਕਾਂਨ੍ਹ ਤੇਰੀ।
ਇੱਕ ਵੇਰ ਤਾਂ ਹਿੰਦ ਤੇ ਪਾ ਫੇਰੀ......, ਦੁਖੀ ਹੋਈ ਏ ਪਿਛੇ ਸਨਤਾਂਨ ਤੇਰੀ।
ਓਸੇ ਆਨ ਪਿੱਛੇ ਓਸੇ ਸ਼ਾਨ ਪਿੱਛੇ, ਹੋਈ ਹਿੰਦ ਹੈ ਲਹੂ ਲੁਹਾਂਨ ਤੇਰੀ।
ਲਹੂ ਭਿੰਨੜੇ ਫੁਲਾਂ ਦਾ ਹਾਰ ਲੈਕੇ, "ਭੌਰ ਮਸਤ" ਵੀ ਭੇਟ ਝੜਾਂਨ ਤੇਰੀ।

—ঃঃ০ঃঃ—

Sri Satguru Jagjit Singh Ji Elibrary NamdhariElibrary@gmail.com

ਅਜ਼ਾਦੀ ਦਾ ਦੇਵਤਾ

{ ਵਲੋਂ ਸ੍ਰੀਮਾਨ ਗਆਨੀ ਊਧਮ ਸਿੰਘ ਜੀ "ਮੁਸਾਫ਼ਰ" }

ਇਸ ਗਲ ਨੂੰ ਸਪਸ਼ਟ ਕਰਕੇ ਦਸਣ ਦੀ ਕੋਈ ਜ਼ਿਆਦਾ ਲੋੜ ਨਹੀਂ ਭਾਸਦੀ ਕਿ ਬਸੰਤ ਰੁਤ ਨੂੰ ਏਨਾ ਉਚਾ ਦਰਜਾ ਕਿਉਂ ਪ੍ਰਾਪਤ ਹੈ। ਭਾਵੇਂ ਸਮੇ ੨ ਸਿਰ ਹਰ ਇਕ ਰੁਤ ਫਲ ਫੁਲ ਤੇ ਅਨਾਜ ਪੈਦਾ ਕਰਦੀ ਹੈ, ਤੇ ਸ੍ਰਿਸ਼ਟੀ ਦੇ ਜੀਵਾਂ ਨੂੰ ਸੁਖ ਦਿੰਦੀ ਹੈ, ਫਿਰ ਭੀ ਕਵੀਆਂ ਤੇ ਲਿਖਾਰੀਆਂ ਨੇ ਅਪਨੀ ਰਚਨਾ ਦਵਾਰਾ ਬੜੇ ਬੜੇ ਗ੍ਰੰਥ ਭਰ ਛਡੇ ਹਨ, ਇਸ ਗਲ ਦੀ ਉਨਾ ਨੇ ਭੀ ਘਟ ਹੀ ਵਿਚਾਰ ਕੀਤੀ ਹੈ ਕਿ ਕਿਉਂ ਅਸੀਂ ਬਸੰਤ ਅਥਵਾ ਬਹਾਰ ਰੁਤ ਨੂੰ ਵਡਿਆ ਰਹੇ ਹਾਂ, ਉਹ ਕੇਵਲ ਇਸ ਮੌਸਮ ਦੀਆਂ ਖੂਬੀਆਂ ਨੂੰ ਲੈਕੇ ਹੀ ਅਪਨੀ ਰਚਨਾ ਵਿਚ ਮਸਤ ਹੋ ਜਾਂਦੇ ਹਨ ਕਿ ਸੱਤੇ ਸੁਧਾਂ ਭੁਲ ਜਾਂਦੀਆਂ ਹਨ। ਬਾਗਾਂ ਦੀ ਬਹਾਰ, ਸਰ੍ਹੋਂ ਦਾ ਫੁਲਣਾ, ਭਿਨੀ ੨ ਖੁਸ਼ਬੂ ਅਸਮਾਨ ਦੀ ਰੰਗਤ ਠੰਢੀ ੨ ਵਾਯੂ, ਨਿਰਮਲ ਜਲ, ਕੋਇਲਾਂ ਬੁਲਬੁਲਾਂ ਤੇ ਭੌਰਿਆਂ ਦੀ ਗੂੰਜ ਉਤੇ ਅਪਣੀ ਰਚਨਾ ਨੂੰ ਲਿਖ ੨ ਕੇ ਪਹਾੜ ਖੜੇ ਕਰ ਛਡਦੇ ਹਨ, ਗਹਿਰੀ ਨਜ਼ਰ ਨਾਲ ਜੇ ਤਕਿਆ ਜਾਵੇ ਤਾਂ ਸਮਝ ਵਿੱਚ ਆ ਜਾਵੇਗਾ ਕਿ ਜਿਵੇਂ ਈਸਾ ਦੇ ਅਵਤਾਰ ਧਾਰਨ ਪਿਛੇ ਬੜਿਆਂ ਦਿਨਾਂ ਨੂੰ ਮਾਣ ਪ੍ਰਾਪਤ ਹੈ, ਇਸੇ ਤਰ੍ਹਾਂ ਬਸੰਤ ਰੁਤ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ ਦਾ ਮਾਣ ਪ੍ਰਾਪਤ ਹੈ, ਜਿਵੇਂ ਕੰਤ ਬਿਨਾ ਨਾਰ ਤੇ ਚੰਦ੍ਰਮਾ ਬਿਨਾ ਰਾਤ ਨਹੀਂ ਸੋਭਾ ਪਾਉਂਦੀ ਇਸੇ ਤਰ੍ਹਾਂ ਪ੍ਰੀਤਮ ਤੋਂ ਬਿਨਾ ਬਸੰਤ ਬਿਨਾ ਕੰਤ ਹੈ। ਮੇਰਾ ਭਾਵ ਕੇਵਲ ਇਸ ਗਲ ਤੋਂ ਹੀ ਹੈ ਕਿ ਬਸੰਤ ਰੁਤ ਦੀ ਵਡਿਆਈ ਬਾਕੀ ਰੁਤਾਂ ਨਾਲੋਂ ਇਸੇ ਕਰਕੇ ਹੀ ਵਧੀਕ ਹੈ ਕਿ ਇਸ ਦੇ ਅਰੰਭ ਵਿਚ ਹੀ ਅਜ਼ਾਦੀ ਦੇ ਦੇਵਤੇ ਦਾ ਅਵਤਾਰੀ ਦਿਨ ਹੈ।

ਹੁਣ ਵਿਚਾਰ ਕੇਵਲ ਇਸ ਗਲ ਉਤੇ ਹੈ ਕਿ ਚੀਨੀ-ਵਾਲੇ ਨੇ ਇਸ ਰੁਤ ਨੂੰ ਕ੍ਰਿਉਂ ਏਡਾ ਮਾਣ ਬਖਸ਼ਿਆ ਹੈ? ਇਹ ਗਲ ਭੀ ਆਪ ਜੀ ਦਾ ਜੀਵਨ ਬ੍ਰਿਤਾਂਤ ਵਿਚਾਰਨ ਤੇ ਸਪਸ਼ਟ ਹੋ ਜਾਵੇਗੀ ਕਿ ਆਪ ਜੀ ਨੇ ਅਜ਼ਾਦੀ ਦਾ ਝੰਡਾ ਭੀ ਇਸੇ ਰੁਤ ਵਿਚ ਖੜਾ ਕੀਤਾ ਸੀ ਤੇ ਲੋਕਾਂ ਨੂੰ ਸਿਧੇ ਮਾਰਗ ਤੇ ਲਾਉਣ ਲਈ ਭਜਨ ਦਾ ਪ੍ਰਵਾਹ ਭੀ ਇਸੇ ਰੁਤ ਵਿਚ ਵਗਾ-ਇਆ ਸੀ, ਭਾਵੇਂ ਆਪ ਜੀ ਦਾ ਨਾਮ ਦਾਨ ਅਸ਼ਨਾਨ ਤੋਂ ਬਿਨਾ ਇਕ ਸਕਿੰਟ ਭੀ ਵੇਹਲਾ ਨਹੀਂ ਬਤੀਤ ਹੁੰਦਾ ਸੀ। ਫਿਰ ਭੀ ਇਸ ਰੁਤ ਦੀ ਜਲ ਪੌਣ ਅਵਸ਼ੋਂ ਸਤਿਗੁਰਾਂ ਨੂੰ ਸਰੂਰ ਵਿਚ ਲਿਆ ਦਿੰਦੀ ਸੀ। ਆਪ ਨੇ ਆਪਣੇ ਸਮੇਂ ਅੰਦਰ ਲੋਕਾਂ ਨੂੰ ਦਸਿਆ ਕਿ ਖਾਲਸੇ ਦਾ ਧਰਮ ਨਿਰਭਉ ਹੋਕੇ ਜੀਵਨ ਬਤੀਤ ਕਰਨਾ ਹੈ, ਗਊ ਗਰੀਬ ਦੀ ਪਾਲਣਾ ਕਰਨੀ, ਦੁਖੀਆਂ ਦੇ ਦੁਖ ਦੂਰ ਕਰਨੇ ਦੇਸ਼ ਨੂੰ ਜ਼ਾਲਮਾਂ ਦੇ ਹਥੋਂ ਛੁਡਾਕੇ ਅਜ਼ਾਦੀ ਦਾ ਬੂਟਾ ਦੁਔਣਾ ਖਾਲਸੇ ਦਾ ਪਹਿਲਾ ਫਰਜ਼ ਹੈ। ਆਪ ਜੀ ਨੇ ਬਰਾਬਰ ਦੀ ਹਕੂਮਤ ਪੈਦਾ ਕਰਕੇ ਸੂਬੇ ਥਾਪਕੇ

ਇਸ ਕਮ ਦਾ ਅਰੰਭ ਕਰ ਦਿੱਤਾ ਸੀ, ਆਪ ਜੀ ਦੇ ਸਿਖਾਂ ਨੇ ਗਊ–ਬਧ ਦਾ ਪ੍ਰਚਾਰ ਜੋ ਦਿਨੋ ਦਿਨ ਵਧ ਰਿਹਾ ਸੀ, ਹਟਾਉਣ ਦਾ ਹਦੋਂ ਵਧ ਜਤਨ ਕੀਤਾ ਆਪ ਤੋਪਾਂ ਦੇ ਮੂੰਹਾਂ ਅਗੇ ਆਏ ਆਪਣੇ ਆਪ ਨੂੰ ਤੂੰਬਾ ਤੂੰਬਾ ਕਰਵਾ ਲਿਆ ਪਰ ਚੀਨੀ ਵਾਲੇ ਦੇ ਦਸੇ ਹੋਏ ਮਿਸ਼ਨ ਨੂੰ ਦੇਸ ਵਿੱਚ ਪ੍ਰਚੱਲਤ ਕਰ ਦਿੱਤਾ।

ਅਜ ਜੋ ਪ੍ਰੋਗ੍ਰਾਮ ਆਲ ਇੰਡੀਆ ਕਾਂਗਰੇਸ ਕਮੇਟੀ ਜਾਰੀ ਕਰਨ ਦੀਆਂ ਕੋਸ਼ਸ਼ਾਂ ਵਿੱਚ ਹੈ, ਉਹ ਸਤਿਗੁਰਾਂ ਨੇ ਉਦੋਂ ਹੀ ਸੋਚ ਲਿਆ ਸੀ ਅਤੇ ਆਪਣੇ ਸਿਖਾਂ ਵਿੱਚ ਜਾਰੀ ਕਰ ਦਿੱਤਾ ਸੀ। ਆਪ ਜੀ ਦੇ ਨਾਮ ਲੇਵਾ ਅਜ ਤਕ ਅੰਗ੍ਰੇਜ਼ੀ ਫਾਰਸੀ ਆਦਿਕ ਦੀ ਵਿਦਯਾ ਨੂੰ ਘ੍ਰਿਣਾ ਦੀ ਨਜ਼ਰ ਨਾਲ ਵੇਖਦੇ ਹਨ, ਆਪਣੇ ਫੈਸਲੇ ਆਪ-ਣੀਆਂ ਪੰਚਾਇਤਾਂ ਵਿਚ ਆਪ ਕਰਦੇ ਹਨ, ਸ਼ੁਧ ਦੇਸੀ ਮਾਲ ਵਰਤ ਕੇ ਦੇਸ਼ ਦੀ ਉੱਨਤੀ ਦੇ ਚਾਹਵਾਨ ਹਨ। ਸਕੂਲਾਂ ਦਾ ਬਾਈਕਾਟ। ਸ਼ਰਾਬ ਦਾ ਬਦੇਸੀ ਮਾਲ ਦਾ ਬਾਈਕਾਟ ਜੋ ਅਜ ਜੋਰਾਂ ਤੇ ਪਿਆ ਨਜ਼ਰ ਆਉਂਦਾ ਹੈ ਇਹ ਸਾਰੇ ਦਾ ਸਾਰਾ ਸਤਿਗੁਰਾਂ ਨੇ ਕਾਂਗ੍ਰਸੀ ਖਿਆਲਾਂ ਤੋਂ ਪਹਿਲਾਂ ਹੀ ਜਾਰੀ ਕਰ ਦਿੱਤਾ ਸੀ, ਜਿਸਤੋਂ ਸਾਫ ਸਿੱਧ ਹੁੰਦਾ ਹੈ ਕਿ ਆਪ ਜੀ ਨੂੰ ਭਵਿਖਤ ਕਾਰਨਾਮਿਆਂ ਦੀ ਪੂਰੀ ਪੂਰੀ ਵਾਕਫੀਅਤ ਸੀ ਇਸੇ ਲਈ ਆਪ ਜੀ ਨੂੰ ਅੰਤਰਯਾਮੀ ਅਤੇ ਅਜ਼ਾਦੀ ਦਾ ਦੇਵਤਾ ਆਖਣਾ ਸਭ ਤੋਂ ਉਚੇ ਨਾਮ ਨਾਲ ਪੁਕਾਰਨਾਂ ਹੈ ਮੈਂ ਫਿਰ ਅਜ਼ਾਦੀ ਦੇ ਦੇਵਤੇ ਦੇ ਚਰਨਾਂ ਤੇ ਫੂਲ ਫੇਟਾ ਕਰਦਾ ਹੋਇਆ ਸਮੂਹ ਨਾਮਧਾਰੀ ਪੰਥ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਦੇ ਆਗੂ ਨੇ ਦੇਸ ਕੌਮ ਦੀ ਰਖਿਆ ਵਾਸਤੇ ਬਸੰਤ ਪੰਚਮੀ ਵਾਲੇ ਦਿਨ ਅਵਤਾਰ ਧਾਰਿਆ ਸੀ॥

–:o:–

ਉਤੇ ਜੀਭ ਦੇ ਰਾਮ ਦਾ ਨਾਮ ਹੋਵੇ

(ਵਲੋਂ ਸ੍ਰੀਮਾਨ ਗਯਾਨੀ ਊਧਮ ਸਿੰਘ ਜੀ "ਮੁਸਾਫਰ")

ਲੋਕੀਂ ਮੰਗਦੇ ਤਾਜ ਤੇ ਤਖਤ ਦੋਵੇਂ,
ਕੋਈ ਮੰਗਦਾ ਸੁਤ ਅਵਤਾਰ ਹੋਵੇ।
ਹਾਥੀ ਘੋੜੇ ਅਟਾਰੀਆਂ ਹੋਣ ਸੁੰਦਰ,
ਵਿਚ ਟਹਿਲ ਦੀ ਪਦਮਨੀ ਨਾਰ ਹੋਵੇ।
ਚਾਰ ਕੂੰਟ ਤੇ ਮੰਨਦੇ ਹੁਕਮ ਹੋਵਣ,
ਨੌ ਖੰਡ ਹੀ ਤਾਬਿਆ–ਦਾਰ ਹੋਵੇ।
ਸਾਨੀ ਹੋਵੇ ਨ ਵਿਚ ਜਹਾਨ ਦੂਜਾ,
ਮੇਰਾ ਮੰਗਤਾ ਆਪ ਦਾਤਾਰ ਹੋਵੇ।
ਮੇਰੀ ਮੰਗ ਨੂੰ ਹਸਦੇ ਲੋਕ ਸੁਣਕੇ,
ਲੇਖ ਲਿਖੋ ਚਾ ਵਿਚ ਤਕਦੀਰ ਮੇਰੀ।
ਉਤੇ ਜੀਭ ਦੇ 'ਰਾਮ' ਦਾ ਨਾਮ ਹੋਵੇ,
ਰਹੇ ਅਖੀਆਂ ਵਿਚ ਤਸਵੀਰ ਤੇਰੀ।
ਕੋਈ ਵਿਚ ਪ੍ਰਵਾਰ ਦੇ ਮਸਤ ਬੈਠਾ,
ਕੋਈ ਜੰਗਲੀਂ ਝਟ ਗੁਜਾਰਦਾ ਏ।
ਕੋਈ ਲੇਟਦਾ ਪਲੰਘ ਨਵਾਰੀਆਂ ਤੇ,
ਸੱਥਰ ਮੰਗਿਆ ਕਿਸੇ ਨੇ ਯਾਰਦਾ ਏ।
ਕੋਈ ਭੋਗਦਾ ਐਸ਼ ਅਰਾਮ ਸਾਰੇ,
ਕੋਈ ਬਰਫ ਅੰਦਰ ਜਿਲਦ ਗਾਰਦਾ ਏ।
ਬਿਨਾਂ ਗੁਰੂ ਤੋਂ ਘੋਰ ਅੰਧਾਰ ਅੰਦਰ,
ਰਾਹ ਲਭਦਾ ਫਿਰੇ ਕਰਤਾਰ ਦਾ ਏ।
ਦੋਵੇਂ ਜੋੜਕੇ ਹਥ ਮੈਂ ਈਹੋ ਮੰਗਾਂ,
ਚੀਨੀ ਵਾਲਿਆ ਬਖਸ਼ ਤਕਸੀਰ ਮੇਰੀ।
ਉਤੇ ਜੀਭ ਦੇ 'ਰਾਮ' ਦਾ ਨਾਮ ਹੋਵੇ,
ਰਹੇ ਅਖੀਆਂ ਵਿਚ ਤਸਵੀਰ ਤੇਰੀ।

Sri Satguru Jagjit Singh Ji Elibrary NamdhariElibrary@gmail.com

'ਰਾਮ ਸਿੰਘ ਜੀ ਰਾਮ ਰਮਾਇਆ ਫੈਲੀ ਚਰਚਾ ਦੇਸ ਮਝਾਰ ।'

(ਵਲੋਂ—ਦੇਸ਼ ਪ੍ਰਸਿਧ ਕਵੀਸ਼ਰ ਤੇ ਉਘੇ ਇਤਹਾਸਕਾਰ ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਏ
ਹੈਡ ਕੂੰਥੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ)

ਚਾਲ ਸਮੇ ਦੀ ਟੇਢੀ ਚਲਦਾਂ, ਰਹਿੰਦੀ ਨਹੀ ਸਦਾ ਇਕ ਸਾਰ ।
ਕਦੇ ਛਾਉਂ ਤੇ ਧੁੱਪ ਕਦੇ ਹੋਇ, ਗਰਮੀ ਸਰਦੀ ਰੁੱਤ ਅਨੁਸਾਰ ।
ਰਹਿੰਦਾ ਰੰਗ ਨ ਇੱਕੋ ਜਿਹਾ, ਕਰਕੇ ਡਿਠਾ ਖ਼ੂਬ ਵਿਚਾਰ ।
ਸ੍ਰੀ ਕਲਗੀਧਰ ਪੰਥ ਸਾਜਯਾ, ਸਭ ਮਜ਼੍ਹਬਾਂ ਦੇ ਸਿਰ ਸਰਦਾਰ ।
ਧਰਮ ਰੱਖਯਾ ਮੁਲਕੀ ਸੇਵਾ, ਪਾਪ ਦੂਰ ਕਰਨੇ ਦੀ ਕਾਰ ।
ਸੌਂਪੀ, ਸਿੰਘ ਸਜਾਇ ਸੱਜੀਲ, ਧਾਂਕ ਪਈ ਸਾਰੇ ਸੰਸਾਰ ।
ਨਾਮ, ਦਾਨ, ਇਸ਼ਨਾਨ ਦ੍ਰਿੜਤਾ, ਹੁਬੁਲਵਤਨੀ ਪਰ ਉਪਕਾਰ ।
ਏਹੋ ਜੇਹੇ ਸ਼ੁਭ ਗੁਣ ਸਾਰੇ, ਪੰਥ ਤਈਂ ਭਰ ਦਏ ਭੰਡਾਰ ।
ਦਸਮ ਪਿਤਾ ਦੀ ਸਿੱਖਯਾ ਉੱਪਰ, ਚਲਦੇ ਰਹੇ ਸਿੰਘ ਬਲ ਭਾਰ ।
ਤਦ ਤਕ ਰਹੀ ਪੰਥ ਦੀ ਦਿਨ ਦਿਨ, ਚੜ੍ਹਦੀ ਕਲਾ, ਨ ਆਈ ਹਾਰ ।
ਫਸਿਆ ਪੰਥ ਮਾਯਾ ਦੀ ਜਾਲੀਂ, ਗੁਰ ਸਿੱਖਯਾ ਦੇ ਤਈਂ ਵਿਸਾਰ ।
ਸਿੱਖ ਰਾਜ ਦਾ ਅੰਤ ਗਿਆ ਹੋ, ਖੋਹ ਬੈਠੇ ਪ੍ਰਤਾਪ ਗਵਾਰ ।
ਮਨ ਮੱਤ ਫੈੱਲੀ ਘਰ ਘਰ ਅੰਦਰ, ਗੁਰਮੱਤ ਉੱਕੀ ਹੋਈ ਉਡਾਰ ।
ਹਿੰਦੂ, ਮੁਸਲਮ ਅਤੇ ਈਸਾਈ, ਲੱਗੇ ਫਾਹੁਨ ਜਾਲ ਪਸਾਰ ।
ਰਾਜ ਤੇਜ਼ ਦਾ ਘਾਟਾ ਇਕ ਧਿਰ, ਤਰਫ਼ ਦੂਸਰੀ ਮਜ਼੍ਹਬੀ ਮਾਰ ।
ਜਾਂਦਾ ਪੰਥ ਰਸਾਤਲ ਵੱਲੇ, ਜੇ ਕਰ ਕੋਈ ਨ ਲੈਂਦਾ ਸਾਰ ।
ਐਨ ਸਮੇਂ ਸਿਰ ਭੈਣੀ ਅੰਦਰ, ਸੂਰਜ ਸਿੱਖੀ ਹੋ ਚਮਕਾਰ ।
ਚਾਰੋਂ ਤਰਫ਼ ਫੈਲਾਈਆਂ ਰਿਸ਼ਮਾਂ, ਲੱਗਾ ਦੂਰ ਹੋਣ ਅੰਧਕਾਰ ।
ਬਰਖਾ ਹੋਣ ਨਾਮ ਦੀ ਲੱਗੀ, ਹਰੀ ਭਰੀ ਦਿੱਸੀ ਗੁਲਜ਼ਾਰ ।
ਰਾਮ ਸਿੰਘ ਜੀ ਰਾਮ ਰਮਾਯਾ, ਫੈਲੀ ਚਰਚਾ ਦੇਸ ਮਝਾਰ
ਸਾਧ ਸੰਤ ਖੁਸ਼ ਥਾਂ ਥਾਂ ਹੋਏ, ਦੋਖੀ ਦੁਸ਼ਮਨ ਹੋਇ ਲਾਚਾਰ ।
ਦੇਸ ਪੰਜਾਬ ਵਿੱਚ ਕਰ ਦੌਰੇ, ਲਹਿਰ ਚਲਾਈ ਨਾਮ ਅਪਾਰ ।
ਚੋਰੀ ਡਾਕੇ ਠਾਕੇ ਕਰਨੋ, ਕੀਤਾ ਫਿਰ ਕੇ ਦੇਸ਼ ਸੁਧਾਰ ।
ਲਹਿਰ ਅਜ਼ਾਦੀ ਦੀ ਕਰ ਜਿੰਦਾ, ਸੁਦੇਸ਼ੀ ਦਾ ਕਰ ਪਰਚਾਰ ।
ਕਾਯਾਂ ਪਲਟੀ ਵਿੱਚ ਦਿਨ੍ਹਾਂ ਦੇ, ਗੁਰਮੱਤ ਫੈਲੀ ਘਰ ਘਰ ਬਾਰ ।
ਬੇੜਾ ਪੰਥ ਬਚਾਯਾ ਬਾਬੇ, ਡੁੱਬਨ ਦਿਤਾ ਨ ਮੰਝਧਾਰ ।
ਵਰਨਨ ਕੀਤੇ ਜਾਨ ਨ ਸਾਰੇ, ਬਾਬਾ ਜੀ ਦੇ ਸ਼ੁਭ ਉਪਕਾਰ ।

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਔਰ ਸਾਤ੍ਵਕ ਭੋਜਨ

(ਵਲੋਂ ਸੀ ਮਾਨ ਸਆਮੀ ਸੁਤੰਤ੍ਰਾ ਨਦ ਜੀ ਗੁਰੂ ਦੱਤ ਭਵਨ ਲਾਹੌਰ)

ਭਾਰਤ, ਧਰਮ ਪ੍ਰਧਾਨ ਦਸ਼ ਹੈ ਇਸ ਵਿਚ ਸਭ ਗਲਾਂ ਧਰਮ ਦੇ ਨਾਉਂ ਤੇ ਹੀ ਚਲ ਰਹੀਆਂ ਹਨ। ਖਾਣਾ ਪੀਣਾ, ਪਹਨਣਾ ਸਭ ਵਿਚ ਹੀ ਧਰਮ ਮਨਿਆ ਜਾਂਦਾ ਹੈ। ਇਹ ਠੀਕ ਹੈ ਜੋ ਮਨੂ ਜੀ ਨੇ ਲਿਖਿਆ ਹੈ ਕਿ ਬਾਹਰੀ ਚਿਨ੍ਹ ਧਰਮ ਦਾ ਕਾਰਣ ਨਹੀਂ ਹੁੰਦਾ ॥

ਪਹਿਨਣ ਦੀ ਗੱਲ ਛੱਡਕੇ ਇਸ ਲੇਖ ਵਿਚ ਮੈਂ ਖਾਣ ਦਾ ਜ਼ਿਕਰ ਕਰੂੰਗਾ। ਵੈਦਿਕ ਧਰਮ ਵਿਚੋਂ ਕਈ ਸੰਪ੍ਰਦਾਇ ਨਿਕਲੇ ਹਨ ਜੋ ਵੈਦਿਕ ਧਰਮ ਦੇ ਹੀ ਅਸੂਲਾਂ ਨੂੰ ਮੰਨਤੇ ਹਨ ਪਰ ਕੁਛਕ ਆਪਣੀ ਸੰਪ੍ਰਦਾਇ ਦਾ ਸਿਧਾਂਤ ਬਣਾਂਕੇ ਉਸ ਉਤੇ ਭੀ ਕਾਰਬੰਦ ਰਹਿੰਦੇ ਹਨ, ਔਰ ਕੋਈ ੨ ਬਾਤ ਸਮੇ ਦੇ ਪ੍ਰਭਾਵ ਨਾਲ ਮੰਨਣ ਲਗ ਪੈਂਦੇ ਹਨ।

ਮੇਰੇ ਵਿਚਾਰ ਵਿਚ ਹੀ ਨਹੀਂ, ਏਹ ਮੰਨੀ ਹੋਈ ਗਲ ਹੈ ਕਿ ਸਿਖ ਪੰਥ ਵੈਦਿਕ-ਧਰਮ ਵਿਚੋਂ ਹੀ ਇਕ ਪੰਥ ਹੈ ਤੇ ਸਿੱਖ ਪੰਥ ਦੇ ਵਿਚੋਂ ਇਕ ਕੂਕੇ ਜਾਂ ਨਾਮਧਾਰੀ ਨਾਮ ਵਾਲਾ ਦਲ ਹੈ। ਜੀਹਦੇ ਚਲੌਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਸਨ। ਓਨ੍ਹਾਂ ਨੇ ਆਪਣੇ ਅਨੁਆਈਆਂ ਨੂੰ ਰਹਿਤ ਤੇ ਖਾਣ ਪੀਣ ਦੇ ਆਦੇਸ਼ ਦਿਤੇ ਹਨ ਜੋ ਹੁਣ ਤਕ ਨਾਮਧਾਰੀਆਂ ਵਿਚ ਪ੍ਰਚਲਤ ਹਨ। ਓਨ੍ਹਾਂ ਵਿਚੋਂ ਖਾਣ ਪੀਣ ਦੀ ਬਾਬਤ ਸਤਿਗੁਰੂ ਜੀ ਦਾ ਨਾਮਧਾਰੀਆਂ ਨੂੰ ਹੁਕਮ ਹੈ।

ਕੋਈ ਨਸ਼ੇ ਵਾਲੀ ਚੀਜ਼ ਨ ਵਰਤੋ। ਤਮਾਕੂ, ਭੰਗ, ਅਫੀਮ, ਸ਼ਰਾਬ ਗਾਂਜਾਦਿ।

ਮਾਂਸ ਕਿਸੇ ਕਿਸਮ ਦਾ ਨ ਖਾਓ। ਨ ਝਟਕਾ, ਨ ਕੁੱਠਾ. ਸਿਖਾਂ ਵਿਚ ਏਨ੍ਹਾਂ ਦੁਹਾਂ ਦੀ ਬਾਬਤ ਏਹ ਪ੍ਰਚਾਰ ਹੈ. ਓਨ੍ਹਾਂ ਵਿਚ ਤਮਾਖੂ ਨੂੰ ਛੱਡਕੇ ਬਾਕੀ ਨਸ਼ੇ ਸ਼ਰਾਬ, ਭੰਗ ਖੁਲੇ ਵਰਤੇ ਜਾਂਦੇ ਹਨ। ਭੰਗ ਤਾਂ ਕਈ ਥਾਵਾਂ ਉਤੇ ਰਗੜਕੇ ਬਿਨਾ ਮੁਲ ਪਿਲਾਈ ਜਾਂਦੀ ਹੈ ਤੇ ਅਨੇਕ ਸਿਖ ਪੀਂਦੇ ਹਨ ਅਤੇ ਅਫੀਮ ਦਾ ਪ੍ਰਚਾਰ ਭੀ ਸਿਖਾਂ ਵਿਚ ਖਾਸ਼ਾ ਮਿਲਦਾ ਹੈ ਸਿਖਾਂ ਦੀਆਂ ਫੌਜਾਂ ਵਿਚ ਅਫੀਮ ਨਾਲ ਰਖੀ ਜਾਂਦੀ ਹੈ। ਸ਼ਰਾਬ ਤਾਂ ਏਦੂੰ ਭੀ ਵਧਕੇ ਪੀਤੀ ਜਾਂਦੀ ਹੈ ਏਹ ਤਾਂ ਰਹਿਆ ਰਵਾਜ, ਪਰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਿਚ ਏਹਦਾ ਖੰਡਨ ਭੀ ਮਿਲਦਾ ਹੈ "ਜਿਤ ਪੀਤੇ ਮਤ ਦੂਰ ਹੋਇ ਬਰਲ ਪਵੇ ਵਿਚ ਆਇ। ਐਸਾ ਮਦ ਮੂਲ ਨ ਪੀਚਈ ਜੇਕਾ ਪਾਰ ਵਸਾਇ"। "ਕੁਦਮ ਕਰੇ ਪਸੁ ਪੰਖੀਆਂ ਦਿਸੇ ਨਾਂਹੀ ਕਾਲ।" "ਅਠ ਸਠ ਤੀਰਥ ਸਗਲ ਪੁੰਨ ਜੀਅ ਦਇਆ ਪ੍ਰਵਾਨ।"

ਜੀਹਦਾ ਮਤਲਬ ਸਾਫ ਹੈ ਪਹਿਲਾ ਪਾਠ ਨਸ਼ਿਆਂ ਦਾ ਨਖੇਧਕ ਹੈ ਤੇ ਦੂਜੇ ਦੋਨੋਂ ਹਿੰਸਾ (ਪਸ਼ੂ ਮਾਰਨਾ) ਦਾ ਨਿਖੇਧ ਕਰਦੇ ਹਨ ਜਿਸਤੋਂ ਦੁਹਾਂ ਦਾ ਹੀ ਖੰਡਨ ਹੁੰਦਾ ਹੈ।

ਜੇ ਸਿਖਾਂ ਦੀਆਂ ਤਵਾਰੀਖਾਂ ਪੜ੍ਹਕੇ

ਦੇਖੀਏ ਤਾਂ ਉਹਨਾਂ ਦੇ ਲੇਖਕਾਂ ਨੇ ਏਹ ਲਿਖਕੇ ਆਪਣੇ ਮਤ ਦੀ ਪੁਸ਼ਟੀ ਕੀਤੀ ਏ ਕਿ ਗੁਰੂਆਂ ਨੇ ਭੀ ਏ ਚੀਜਾਂ ਵਰਤੀਆਂ ਹਨ ਏਹ ਲਿਖਿਆ ਹੋਇਆ ਮਿਲਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਹਾਲ ਵਿਚ ਔਂਦਾ ਹੈ ਆਨੰਦ ਪੁਰ ਦੀ ਲੜਾਈ ਵੇਲੇ ਇਕ ਦਿਨ ਪਤਾ ਲਗਿਆ ਕਿ ਕਲ ਨੂੰ ਪਹਾੜੀ ਰਾਜੇ ਕਿਲਾ ਤੋੜਨ ਵਾਸਤੇ ਹਾਥੀ ਘਲਣਗੇ। ਤਦ ਗੁਰੂ ਜੀ ਕਹਿਆ ਅਸੀਂ ਓਸ ਹਾਥੀ ਨਾਲ ਆਪਣੇ ਦੁਨੀ ਚੰਦ ਨੂੰ ਲੜਾਵਾਂਗੇ ਪਰ ਦੁਨੀਚੰਦ ਏਹ ਸੁਣਕੇ ਰਾਤ ਨੂੰ ਨਠ ਗਿਆ। ਸਵੇਰੇ ਪਤਾ ਲਗਾ ਤਦ ਗੁਰੂ ਜੀ ਨੇ ਬਿਚਿਤ੍ਰ ਸਿੰਘ ਰਜਪੂਤ ਨੂੰ ਲੜਾਇਆ ਤੇ ਜਦ ਬਿਚਿਤ੍ਰ ਸਿੰਘ ਨੂੰ ਹਾਥੀ ਵਲ ਭੇਜਿਆ ਤਾਂ ਲਿਖਿਆ ਹੈ ਕਿ ਅਪਣੇ ਡਬੇ ਵਿਚੋਂ ਫੀਮ ਦਿਤੀ। ਹੋਰ ਜਦ ਗੁਰੂ ਜੀ ਅਨੰਦ-ਪੁਰ ਛਡਕੇ ਚਮਕੌਰ ਆਕੇ ਲੜੇ ਤੇ ਰਾਤ ਨੂੰ ਓਥੋਂ ਨਿਕਲੇ ਓਸ ਵੇਲੇ ਫੀਮ ਦੀ ਡਬੀ ਡਿਗ ਪਈ ਸੀ ਤਦ ਗੁਰੂ ਜੀ ਨੇ ਅੱਕਾਂ ਦੇ ਲੌਂਗ ਖਾਧੇ, ਤੇ ਜਦ ਮਾਛੀਵਾੜੇ ਜਾਕੇ ਸਿਖ ਮਿਲੇ ਹਨ ਓਨ੍ਹਾਂ ਨੇ ਓਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੂੰ ਭੰਗ ਘੋਟਕੇ ਪਿਲਾਈ ਸੀ ਨਾਲੇ ਅਫੀਮ ਖਾਣ ਨੂੰ ਦਿਤੀ ਸੀ ਏਹ ਸਤ੍ਰਾਂ ਓਨਾਂ ਲਿਖਾਰੀਆਂ ਨੇ ਇਸ ਲਈ ਲਿਖੀਆਂ ਹਨ ਕਿ ਗੁਰੂ ਜੀ ਵੀ ਅਫੀਮ ਆਦੀ ਖਾਂਦੇ ਸਨ। ਏਸੇ ਕਰਕੇ ਸਿਖਾਂ ਵਿਚ ਇਸਦਾ ਰਵਾਜ ਹੈ ਓਹ ਭੀ ਖੁਲਾ ਖਾਂਦੇ ਪੀਂਦੇ ਹਨ ਮਾਸ ਦੀ ਬਾਬਤ ਗੁਰੂ ਅੰਗਦ ਸਾਹਿਬ ਦੇ ਲੰਗਰ ਵਿਚ ਮਾਸ ਦਾ ਪਕਣਾ ਲਿਖਿਆ ਹੈ।

ਸ਼ਰਾਬ ਕਿਸੇ ਗੁਰੂ ਨੇ ਪੀਤੀ ਹੋਵੇ ਏਹ ਕਿਤੇ ਨਹੀਂ ਮਿਲਦਾ ਹੈ ਪਰ ਸਿਖਾਂ ਵਿਚ ਓਹਦਾ ਭੀ ਰਵਾਜ ਹੈ। ਸਿਖਾਂ ਵਿਚ ਏਹ ਸਭ ਕੁਝ ਹੁੰਦਿਆਂ ਹੋਇਆਂ ਨਾਮਧਾਰੀਆਂ ਵਿਚ ਏਨ੍ਹਾਂ ਚੀਜਾਂ ਦਾ ਉਕਾ ਹੀ ਰਵਾਜ ਨਹੀਂ ਹੈ ਭੋਜਨ ਵਲੋਂ ਦੇਖਿਆ ਜਾਵੇ ਤਾਂ ਲਿਖਣਾ ਪਊਗਾ ਨਾਮਧਾਰੀ ਕਟਰ ਵੈਸ਼ਨਵ ਹਨ। ਓਹ ਨ ਨਸ਼ੀਲੀ ਚੀਜਾਂ ਵਰਤਦੇ ਹਨ ਤੇ ਨਾ ਹੀ ਮਾਸ ਨੂੰ ਛੂੰਦੇ ਹਨ ਇਹ ਦੇਖਕੇ ਏਹ ਆਖਣਾ ਪੈਂਦਾ ਹੈ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਤਾਪ ਹੈ ਜਿੰਨਾ ਨੇ ਓਸ ਪੰਥ ਵਿਚ ਜੀਹਦੇ ਵਿਚ ਏ ਚੀਜਾਂ ਆਮ ਹਨ ਤੇ ਵਰਤਣ ਵਾਲੇ ਦੀ ਕੋਈ ਨਿੰਦਾ ਨਹੀ ਕੀਤੀ ਜਾਂਦੀ ਤੇ ਨਾਂ ਹੀ ਬੁਰਾ ਮੰਨਿਆ ਜਾਂਦਾ ਹੈ ਏਹੋ ਨਹੀ ਤਾਰੀਖ ਵਾਲਿਆਂ ਨੇ ਗੁਰੂਆਂ ਨੂੰ ਭੀ ਨਾਲ ਰਲਾਇਆ ਹੈ ਓਸ ਪੰਥ ਵਿਚ ਨਾਮਧਾਰੀ ਭੋਜਨ ਵਲੋਂ ਸਾਤ੍ਵਕ ਭੋਜੀ ਬਣਾ ਦਿਤੇ ਹਨ। ਏਹ ਸਤਿਗੁਰੂ ਦਾ ਹੀ ਪ੍ਰਤਾਪ ਹੈ ਜਿਨਾਂ ਨੇ ਪਸੂਆਂ ਤੇ ਪੰਖੀਆਂ ਉਤੇ ਕ੍ਰਿਪਾ ਕਰਕੇ ਉਨਾਂ ਦੀ ਜਾਨ ਬਚਾਈ ਤੇ ਮਨੁਖਾਂ ਨੂੰ ਰਾਖਸ਼ਸ ਤੋਂ ਦੇਵਤੇ ਬਣਾ ਦਿੱਤਾ। ਗੁਰੂ ਮਹਿਮਾਂ ਵਿਚ ਪਾਠ ਹੈ "ਜਿਨ ਮਾਣਸ ਤੇ ਦੇਵਤੇ ਕੀਏ"

ਪਰ ਏਸ ਮਹਾਂ ਪੁਰਸ਼ ਨੂੰ ਦੇਖਕੇ ਆਖਣਾ ਪੈਂਦਾ ਹੈ "ਜਿਨ ਰਾਖਸ਼ਸ ਤੇ ਦੇਵਤੇ ਕੀਏ"

ਪ੍ਰਤੀਤ ਹੁੰਦਾ ਹੈ ਏਸੇ ਕਰਕੇ ਨਾਮਧਾਰੀ ਓਨਾਂ ਦੇ ਨਾਉਂ ਅਗੇ ਗੁਰੂ

Sri Satguru Jagjit Singh Ji Elibrary NamdhariElibrary@gmail.com

ਸਬਦ ਨ ਲਗਾ ਕੇ "ਸਤਿਗੁਰੂ" ਲਗੌਂਦੇ ਹਨ । ਏਸ ਹਾਲ ਵਿਚ ਸਤਿਗੁਰੂ ਰਾਮ ਸਿੰਘ ਜੀ ਅਤੇ ਸ੍ਵਾਮੀ ਦਯਾ ਨੰਦ ਜੀ ਇਕੇ ਵਿਚਾਰ ਦੇ ਹਨ ਸਤਯਾਰਥ ਪ੍ਰਕਾਸ਼ ਵਿਖ ਸ੍ਵਾਮੀ ਜੀ ਨੇ ਲਿਖਿਆ ਹੈ ਮਦਯ ਮਾਂਸਾਦਿ ਕੇ ਸੇਵਨ ਸੇ ਅਲਗ ਰਹੇਂ ॥ ਪੰਨਾ ੩੧ ਮਦਯ ਮਾਂਸਾਦਿ ਵਰਜਤ ਹੋ ਕਰ ਆਤਮਾਹੀ ਕੇ ਸਹਾਇ ਸੇ... ਉਪਦੇਸ ਕੇ ਲੀਏ ਸਦਾ ਬਿਚਰਤਾ ਰਹੇ ਪੰਨਾ ੧੩੪ ਜੋ ਲੋਗ ਮਾਂਸ ਭਛਣ ਔਰ ਮਦਯ ਪਾਨ ਕਰਤੇ ਹੈਂ ਉਨਕੇ ਸਰੀਰ ਔਰ ਵੀਰਯਾਦਿ ਧਾਤੂ ਭੀ ਦੁਰਗੰਧਾਦਿ ਸੇ ਦੂਸ਼ਤ ਹੋਤੇ ਹੈਂ ਮਦਯ ਮਾਂਸ ਕਾ ਗ੍ਰਹਣ ਕਦਾਪਿ ਭੂਲ ਕਰ ਭੀ ਨ ਕਰੇਂ ਪੰਨਾ ੧੭੨ ਏਸੇ ਤਰਾ ਅਨੇਕ ਜਗਹ ਤੇ ਲਿਖਿਆ ਹੈ ਜਿਸਤੋਂ ਪਤਾ ਲਗਦਾ ਹੈ ਏਯ ਖਾਣ ਪੀਣ ਦੀਆਂ ਚੀਜਾਂ ਦੇ ਮਾਮਲੇ ਵਿਚ ਏ ਦੋਨੋਂ ਮਹਾਂਪੁਰਖ ਇਕੇ ਵਿਚਾਰ ਦੇ ਸਨ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਓਸ ਵੇਲੇ ਉਪਦੇਸ ਕਰਕੇ ਸਿਖਾਂ ਨੂੰ ਸਾਤ੍ਵਕ ਭੋਜੀ ਬਣੌਣ ਦਾ ਯਤਨ ਕੀਤਾ ਸੀ ਏਸੇ ਕਰਕੇ ਨਾਮਧਾਰੀ ਬੜੇ ਕਟਰ ਸਾਤ੍ਵਕ ਭੋਜੀ ਹਨ

ਏਸ ਮਾਮਲੇ ਵਿਚ ਜੇ ਨਾਮਧਾਰੀ ਤੇ ਆਰਯਾ-ਸਮਾਜੀ ਇਕਠੇ ਹੋਕੇ ਕੰਮ ਕਰਨ ਤਾਂ ਏਹ ਕੰਮ ਛੇਤੀ ਹੋ ਸਕਦਾ ਹੈ ਜੋ ਲੋਗ ਸਾਤ੍ਵਕ ਭੋਜ ਹੋ ਜਾਣ।

—:o:—

"ਦੇਹ ਧਾਰੀ ਗੁਰੂ"

(ਵਲੋਂ ਸ੍ਰਦਾਰ ਸੁਹੇਲ ਸਿੰਘ ਜੀ "ਧੀਰ" ਸ਼ੇਖੂ ਪੁਰ ਬੇਦਾਦ)

ਕਲੂ ਕੀ ਕੁਟਾਲਤਾ ਕੁਚਾਲ ਸੇ ਬੇਹਾਲ ਹੋਕੇ ਧਮ ਗਿਆ ਉਡ ਰਹਿਓ ਕੂੜ ਹੀ ਉਮੰਡ ਹੈ।
ਜਹੀਂ ਕਹੀਂ ਪਾਪ ਤਾਪ ਦੁਖ ਸੰਤਾਪ ਹੂਦੇ, ਦਰਿਦ੍ਰ ਕਲੇਸ਼ ਧਰ ਲਏ ਭਈ ਦੰਡ ਹੈ।
ਉਚ ਸੁਚ ਸੋਧ ਕੋ ਕ੍ਰੋਧ ਨੇ ਸੀ ਨਸਟ ਕੀਆ, ਨੀਚ ਅਪਵਿਤ੍ਰ ਫਿਰੇ ਕਰਦੀ ਘੁਮੰਡ ਹੈ।
ਕਾਮ ਵਸ ਜੀਵ ਹੋਏ ਕੋਈ ਨਾ ਧਿਆਵੇ ਨਾਮ, ਬਲੇ ਲਟ ਲਟ ਜਦੋਂ ਬੜਵਾ ਪ੍ਰਚੰਡ ਹੈ।
"ਸੰਕਟ ਨਿਵਾਰ" ਨਿਰੰਕਾਰ ਕਰਤਾਰ ਤਾਂਈ, ਪਹੁੰਚ ਦੀ ਪੁਕਾਰ ਦੁਖੀਆਂ ਦੀ ਦਰਬਾਰ ਤਬ।
ਰਾਖਸ਼ ਸੰਘਾਰ ਕੇ ਉਧਾਰ ਕਰੇ ਸੰਤਨ ਕਾ ਆਪ ਅਵਤਾਰ ਧਰ ਕਰੇ ਉਪਕਾਰ ਤਬ।
ਆਦ ਅੰਤ ਆਵੇ ਓਹ ਬੇਅੰਤ ਨੂਰ ਸਾਂਈ ਸਚਾ ਜੁਗੋ ਜੁਗ ਚਲੀ-ਔਂਦੀ ਇਹੋ ਜਹੀ ਕਾਰ ਤਬ।
ਜਿਵੇਂ ਜਿਵੇਂ ਭਾਵੇ ਵਰਤਾਵੇ ਕਾਰ ਓਹੋ ਜਹੀ, ਕਾਨ ਰਖੇ ਕਾਹੂੰ ਕੀ ਨਾ 'ਧੀਰ' ਪ੍ਰਵਦ ਗਾਰ ਤਬ।
ਕਾਜ ਵਸ ਹੋਕੇ ਮਹਾਰਾਜ ਅਵਤਾਰ ਧਰੇ, ਸੇਵਕਾਂ ਨਿਵਾਜ ਪੂਰੀ ਕਰਦਾ ਮੁਰਾਦ ਹੈ।
ਜਦੋਂ ਜਦੋਂ ਭੀੜ ਪੀੜ ਔਂਦੀ ਹੈ ਪ੍ਰੇਮੀਆਂ ਤੇ, ਨਿਯਮ ਅਨੁਸਾਰ ਮਾਰ ਦੇਂਵਦਾ ਸਯਾਦ ਹੈ।
ਇਕੋ ਜਿਹਾ ਪਧਰਾ ਚਲਾਵੇ ਰਾਜ ਸੁਖ ਵਾਲਾ ਭ੍ਰਾਤ੍ਰੀ ਪ੍ਰੇਮ ਕਰ ਮੇਟਦਾ ਫਸਾਦ ਹੈ।
ਧਰ ਕੇ ਅਨੇਕ ਰੂਪ ਕੀਰਤੀ ਫਲਾਏ ਸਚੀ, ਕਰਿਆਂ ਮਰੋੜ ਤੋੜੇ ਕਰੇ ਬ੍ਰਬਾਦ ਹੈ।
ਨਿਯਮ ਨੂੰ ਪਾਲੇ ਕੀਤੇ ਸੁਖਨ ਸੰਭਾਲੇ ਸਦਾ, ਭੇਦ ਨਹੀ ਏਸ ਵਿਚ ਕਰਦਾ ਕਦੀ ਵੇਸ ਹੈ।
ਕਾਰ ਨੂੰ ਚਲਾਵੇ ਆਵੇ ਲਾਵੇ ਨਾਹੀ ਦੇਰ ਰਤਾ, ਸੁਖ ਵਰਤਾਵੇ ਮੇਟੇ ਦੁਖ ਤੇ ਕਲੇਸ਼ ਹੈ।
ਜ਼ਾਲਮਾਂ ਦੀ ਜੜ੍ਹਾਂ ਹੇਠੋਂ ਪਟ ਉਤਾਂ ਸੁਟ ਦੇਵੇ, ਪਾਲਦਾ ਗਰੀਬ ਦੇਵੇ ਸਿਖਯਾ ਵਸ਼ੇਸ਼ ਹੈ।
ਧੰਨ ਉਪਕਾਰੀ ਦੇਹਧਾਰੀ ਅਵਤਾਰ ਗੁਰੂ, ਮਾਰਗ ਦਖਾਲੇ ਕਰੇ ਰਖਿਆ ਹਮੇਸ਼ ਹੈ।

ਪ੍ਰੇਮ ਚੋਭ

(ਵਲੋਂ—ਸ੍ਰੀ ਮਾਨ ਸ: ਕਰਮ ਸਿੰਘ ਜੀ 'ਆਸੀ'

ਮੇਰੇ 'ਗੁਰੂ' ਪਿਆਰੇ ! ਅਚਰਜ ਕਲਾ ਵਖਾਈ,
ਲੂੰ ਲੂੰ ਚਿ ਵੱਸ ਗਈਏ, ਸੂਰਤ ਤਿਰੀ ਇਲਾਹੀ।
ਹਿਰਦੇ ਮਿਰੇ ਉਦਾਲੇ, ਪੈਂਦੇ ਪਏ ਉਛਾਲੇ,
ਨੂਰੀ ਤਿਰੇ ਵਖਾਲੇ, ਕਾਯਾਂ—ਕਲੀ ਖਿੜਾਈ।
ਜਦ ਦਿਲ ਚਿ ਤਕਦਾ ਹਾਂ, ਪ੍ਰਿਤੀ-ਬਿੰਬ ਦਰਸ ਤੇਰਾ,
ਕੁਈ ਖਿੱਚਦਾ ਉਤਾਹਾਂ, ਦੇ ਸਾਂਤ ਸ਼ਾਂਤ—ਤਾਈ।
ਆਵਨ ਅਜਬ ਹੁਲਾਰੇ, ਮਿਠੇ ਤੇ ਪਜ਼ਾਰੇ ਪਜ਼ਾਰੇ,
ਵਾਹਵਾ ਪਿਆਰ-ਸੋਮੇ ! ਕਜਾ ਪੀਂਘ ਏ ਝੁਟਾਈ।
ਮੈਂ ਸਦਕੜੇ ਮੈਂ ਵਾਰੀ, ਖੋਲ੍ਹੀ ਏ ਪ੍ਰੇਮ-ਬਾਰੀ,
ਕੁਛ ਮਲਕੜੇ ਜਹੇ ਹੀ ਤੈਂ "ਪ੍ਰੇਮ-ਚੋਭ" ਲਾਈ।
ਮੈਂ ਦੂਰ ਦੂਰ ਭੱਜਾ, ਤੈਂ ਭੱਜ ਭੱਜ ਫੜਿਆ,
ਆਤਮ ਆਨੰਦ ਦਾਤੇ ! ਪਾਕੇ ਪਰੇਮ ਫਾਹੀ।
ਲੋਕੀਂ ਕਢਾਂਵਦੇ ਨੇ, ਮੈਂ ਕੱਢਦਾ ਸਾਂ ਲੇਕਨ,
ਪੱਕੀ ਤਰਾਂ ਰਿਦੇ ਵਿਚ, ਪ੍ਰੀਤੀ ਤਿਰੀ ਸਮਾਈ।
ਇੱਕੋ ਹੁਲਾਸ ਅੰਦਰ, ਪਰਵਾਹ ਨਾਹਿੰ ਰਾਈ,
ਹੋਂਦੀ ਕਿਤੇ ਬੁਰਾਈ, ਬਉਰਾ ਕਹੇ ਲੁਕਾਈ।
ਬਿਜਲੀ ਸੁਭਾਵ ਵਾਂਗੂ, ਤੁਧ ਨਾਮ ਛੂੰਹਦਿਆਂ ਹੀ,
ਬਲਿਆ ਪ੍ਰੇਮ ਦੀਵਾ, ਸੁਧ ਬੁਧ ਰਹੀ ਨਾ ਕਾਈ।
ਇਸ ਪ੍ਰੇਮ ਛੋਹ ਤੋਂ ਸਦਕੇ, ਇਸ ਪ੍ਰੇਮ ਖੋਹ ਤੋਂ ਸਦਕੇ,
ਜਿਸ ਪਲ 'ਚ ਤੋੜ ਦਿੱਤੀ, ਚਿਰ ਦੀ ਪਈ ਜੁਦਾਈ।
ਅਜ ਬਾਗ਼ ਬਾਗ਼ ਹੋਏ, ਬਨ ਬਾਗ਼ ਮਉਲ ਉੱਠੇ,
ਸ੍ਵਾਗਤ ਲਈ ਹੋਈ ਏ, ਕੁਦਰਤ 'ਚ ਰੌਸ਼ਨਾਈ।
ਆਓ ! ਚਰਨ ਟਿਕਾਓ !! ਕੁਛ ਹੋਰ "ਚੋਭ" ਲਾਓ !!!
ਮੈਂ ਜਾਨ ਏ ਵਿਛਾਈ, ਮਿੱਠੇ ਰਸੀਲੇ ਮਾਹੀ !

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 'ਭਜਨ' ਤੇ ਉਹਨਾਂ ਦਾ ਉਪਦੇਸ਼।

(ਵਲੋਂ:- ਸ੍ਰੀਮਾਨ ਸ: ਨਿਰੰਜਨ ਸਿੰਘ ਜੀ 'ਦੁਗਲ' ਰੇਲਵੇ ਗਾਰਡ ਵਜ਼ੀਰਾਬਾਦ)।

ਇਕ ਮਾਮੂਲੀ ਅਖਬਾਰੀ ਲੇਖ ਵਿਚ **ਸ੍ਰੀ ਸਤਿਗੁਰੂ ਰਾਮ ਸਿੰਘ ਜੀ** ਦੇ ਜੀਵਨ ਦੇ ਕਿਸੇ ਪਹਿਲੂ ਪਰ ਪੂਰੀ ਰੋਸ਼ਨੀ ਪਾਉਣੀ ਨ ਕੇਵਲ ਕਠਨ ਹੈ, ਕਿੰਤੂ ਅਸੰਭਵ ਹੈ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਦਸਾਂ ਜਾਮਿਆਂ ਵਿਚੋਂ ਪਹਿਲੀ ਪਾਤਸ਼ਾਹੀ, ਦਸਵੀਂ ਪਾਤਸ਼ਾਹੀ, ਤੇ ਬਾਰਵੀਂ ਪਾਤਸ਼ਾਹੀ ਵਾਲੇ ਜਾਮਿਆਂ ਦਾ ਪ੍ਰਕਾਸ਼ ਸਿਧਾ ਹੀ ਸ੍ਰੀ ਕਰਤਾ ਪੁਰਖ ਵਲੋਂ ਹੋਇਆ, ਇਹੀ ਕਾਰਨ ਹੈ ਕਿ ਇਹਨਾਂ ਦੇ ਅਦਭੁਤ ਕਾਰਨਾਮੇ ਬਚਪਨ ਤੋਂ ਹੀ ਜ਼ਹੂਰ ਵਿਚ ਆਏ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਜੀ ਨੇ ਧਰਮ ਰੂਪੀ ਧੌਲ ਦੀ ਪੁਕਾਰ, ਪਰ ਕਿ "ਥੰਮੇ ਕੋਇ ਨ ਸਾਧ ਬਿਨੁ, ਸਾਧ ਨ ਦਿਸੈ ਜਗ ਵਿਚ ਕੋਆ" ਜਗਤ ਪਰ ਲੋੜੀ ਦੀ ਈਸ਼੍ਵਰੀ ਸ਼ਕਤੀ ਅਤੇ ਉਪਦੇਸ਼ ਦੀ ਦਾਤ ਬਖਸ਼ਕੇ ਬੋਲਿਆ:-"ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਇਆ"। ਇਹੋ ਹੀ ਕਾਰਨ ਹੈ ਕਿ ਸਤਿਗੁਰੂ ਜੀ ਨੇ ਬਾਲ ਅਵਸਥਾ ਤੋਂ ਹੀ ਉਪਦੇਸ਼ ਦਾ ਕੰਮ ਅਰੰਭਿਆ ਅਤੇ ਅਕਾਲ ਮਹਿਮਾਂ, ਵਡਿਆਈ, ਪ੍ਰੇਮਾ-ਭਗਤੀ ਅਤੇ ਪਰਮ ਸੁਧ ਖਾਲਿਸਾ ਧਰਮ ਦੇ ਆਦਰਸ਼ਾਂ ਨਾਲ ਲਬਾ ਲਬ, ਭਰਪੂਰ, ਇਲਾਹੀ ਕਲਾਮ, ਅਕਾਲੀ ਬਾਣੀ ਉਚਾਰਨ ਕੀਤੀ, ਜਿਸ ਬਾਣੀ ਦੀ ਸਚਿਆਈ, ਸਰਵੋਤਮਤਾ ਅਤੇ ਸਫਲਤਾ ਦੀ ਉਸਤਤਿ, ਸਦਾ ਹੀ ਸਮੂਹ ਧਰਮਾਂ ਦੇ ਲੋਕਾਂ ਦੇ ਮੂੰਹ ਪਰ ਰਹਿੰਦੀ ਹੈ।

ਇਕੁਰ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੀ ਕਰਤਾ ਪੁਰਖ ਦੇ ਹੁਕਮ ਨਾਲ ਇਸ ਸੰਸਾਰੀ ਜੀਵਾਂ ਦਾ ਭਲਾ ਕਰਨ ਵਾਸਤੇ ਆਏ। ਅਕਾਲ ਪੁਰਖ ਦੀ ਅਕਾਲੀ ਜੋਤ ਸ੍ਰੀ ਸਤਿਗੁਰੂ ਜੀ ਦੇ ਹਿਰਦੇ ਤੇ ਪ੍ਰਕਾਸ਼ਤ ਹੋਣ ਕਰਕੇ ਉਨ੍ਹਾਂ ਦੀ ਪੂਰਨ ਜੋਤ ਦੀ ਦਿਬ ਸ਼ਕਤੀ ਉਹਨਾਂ ਦੇ ਭਜਨ ਅਤੇ ਰਸਨਾਂ ਵਿੱਚ ਭਰੀ ਪਈ ਸੀ। ਇਸ ਸ਼ਕਤੀ ਦੀ ਲਹਿਰ ਦੇ ਮਨੁਖ ਹਿਰਦੇ ਵਿਚ ਪ੍ਰਵੇਸ਼ ਹੋਣ ਪਰ ਛਿਨ ਮਾਤ੍ਰ, ਅਖੀਂ ਦੇ ਫੁਰਕਣ ਵਿਚ ਹੀ ਮਨੁਖ ਮਹਾਨ ਪਤਿਤ ਤੋਂ ਪਰਮ ਪਾਵਨ, ਕਾਇਰ ਭੈ ਭੀਤ ਤੋਂ ਨਿਰਭੈ ਸੂਰ ਬੀਰ ਬਲੀ, ਅਤੇ ਮਹਾਨ ਸੁਤੰਤਰ ਬੇ ਪਰਵਾਹ ਅਡੋਲ ਸਥਿਰ ਚਿਤ ਬ੍ਰਹਮਾਂ ਨੰਦ ਦਾ ਰਸੀਆ, ਸੁਆਮੀ ਸੇਵਾ ਭਗਤੀ ਅਤੇ ਦਰਸ ਦਾ ਮੁਸ਼ਤਾਕ ਜੀਵ ਮਾਤਰ ਦਾ ਹਿਤਕਾਰੀ,

Sri Satguru Jagjit Singh Ji Elibrary NamdhariElibrary@gmail.com

ਪਰ ਉਪਕਾਰ ਦਾ ਪੁਤਲਾ ਬਣ ਜਾਂਦਾ ਹੈ॥ ਜਿਸ ਰੀਤੀ ਦਵਾਰਾ ਇਸ ਅਕਾਲੀ ਸ਼ਕਤੀ ਦੀ ਲਹਿਰ ਦਾ ਗੁਰੂ ਗੋਬਿੰਦ ਸਿੰਘ ਜੀ ਦੇ ਅਨਗਹਲੇ ਤੇ ਗੁਮਰਾਹ ਕੀਤੇ ਹੋਏ ਸਿੰਘਾਂ ਦੇ ਹਿਰਦੇ ਅੰਦਰ ਪ੍ਰਵੇਸ਼ ਕੀਤਾ ਜਾਂਦਾ ਹੈ, ਉਸ ਰਸਮ ਦਾ ਵਸ਼ੇਸ਼ਤਾ ਬੋਧਕ ਨਾਮ ਭਜਨ ਦਸਨਾਂ ਹੈ।

ਮਹਾਤਮਾ ਬੁਧ ਜੀ ਨੇ ਦੁਨੀਆਵੀ ਸਮੂਹ ਸੁਖ, ਰਾਜ ਭਾਗ, ਮਹਲਾਂ ਦਾ ਨਿਵਾਸ ਆਦਿ ਤਿਆਗੇ ਤੇ ਸਾਰੀ ਉਮਰਾ ਬਨਾਂ ਜੰਗਲਾਂ ਵਿਚ ਹੀ ਬਤੀਤ ਕੀਤੀ, ਪਰ ਨਿਰਵਾਣ ਤਕ ਹੀ ਪੁਜੇ। ਆਸਾ ਵਿਚ ਨਿਰਾਸ ਰਹਿਣਾਂ ਹੀ ਮਨੁਖ ਜਨਮ ਦਾ ਉਚਾ ਆਦਰਸ਼ ਜਾਣਿਆਂ। ਮਾਇਆ ਵਿਚ ਉਦਾਸੀ ਕਮਾਵਣੀ, ਖਾਂਦਿਆਂ ਪਹਿਨਦਿਆਂ, ਹਸਦਿਆਂ ਖੇਡਦਿਆਂ, ਗ੍ਰਹਸਥ ਵਿੱਚ ਹੀ ਮੁਕਤੀ, ਸੁਆਮੀ ਸਿਰਜਨਹਾਰ ਦੀ ਅਭੇਦਤਾ ਸਦਾ ਰੰਗ ਮਾਣਨ ਵਾਲੀ ਪਦਵੀ ਪਰ ਪੁਜਨਾਂ ਤਾਂ ਕਿਤੇ ਰਹਿਆ, ਉਸਦੀ ਗਿਆਤ ਅਤੇ ਪ੍ਰਾਪਤੀ ਦੀ ਜੁਗਤੀ ਵੀ ਨਹੀਂ ਹਥ ਆਈ। ਜੇਹੜੀ ਸਰਵੋਤਮ ਅਤੇ ਸਦਾ ਅਨੰਦ ਮਾਣਨ ਦੀ ਪਰਾਪਤੀ ਦੀ ਜੁਗਤੀ ਕੇਵਲ ਇਕ ਮਾਤ੍ਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਮਨੁਖ ਮਾਤ੍ਰ ਨੂੰ ਪ੍ਰਦਾਨ ਕੀਤੀ:- "ਨਾਨਕ ਸਤਿਗੁਰੁ ਭੇਟਿਐ ਪੂਰੀ ਹੋਵੈ ਜੁਗਤਿ। ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ" ਇਸੀ ਤਰਾਂ ਹੋਰ ਮਹਾਤਮਾਂ ਦਾ ਵੀ ਹਾਲ ਜਾਣ ਲਵੋ। ਮਾਇਆ ਵਿਚ ਉਦਾਸੀ ਰਾਜ ਵਿਚ ਜੋਗ ਨ ਹੋਰ ਕਿਸੇ ਨੇ ਕਮਾਇਆ, ਨ ਸਿਖਾਇਆ, ਸਭ ਨੇ ਹੀ ਸੰਸਾਰ ਦੇ ਸੁਖਾਂ ਨੂੰ ਹਊਆ ਵਿਖਾਵਣਾਂ, ਜੰਗਲਾਂ ਵਿਚ ਜਾ ਰਹਿਣਾਂ ਅਤੇ ਅਕਾਲ ਦੇ ਮਨੁਖਾਂ ਲਈ ਉਪਾਏ ਮਹਾਨ ਅਮੋਲਕ ਲਾਭਦਾਇਕ, ਸੁਖਦਾਇਕ ਪਦਾਰਥਾਂ ਤੋਂ ਬਿਨਾਂ ਕਿਸੀ ਮਨੋਰਥ-ਸਿਧੀ ਦੇ ਵਾਂਜੇ ਜਾਣਾ ਹੀ ਸਿਖਾਇਆ।

(੧) ਜੇ ਬਿਖ ਵਿਚ ਅੰਮ੍ਰਿਤ ਪ੍ਰਗਟਾਇਆ, ਤਾਂ ਕੇਵਲ ਸਤਿਗੁਰੂ ਰਾਮ ਸਿੰਘ ਜੀ ਨੇ।

(੨) ਜੇ ਮਹਾਨ ਪਤਤਾਂ ਨੂੰ ਛਿਨ ਮਾਤ੍ਰ ਵਿੱਚ ਮਹਾਨ ਪਾਵਨ ਬਣਾ ਵਖਾਇਆ ਤਾ ਕੇਵਲ ਸਤਿਗੁਰੂ ਜੀ ਨੇ ਹੀ।

(੩) ਜੇ ਮਹਾਨ ਕਾਇਰਾਂ ਤੋਂ ਭੈ ਭੀਤਾਂ ਤੋਂ ਨਿਰਭੈ ਸੂਰਬੀਰ ਬਲੀ ਬਣਾ ਵਖਾਏ ਤਾਂ ਕੇਵਲ ਸ੍ਰੀ ਸਤਿਗੁਰੂ ਜੀ ਨੇ।

(੪) ਜੇ ਅਕਾਲ ਦੇ ਹੁਕਮ, ਭਾਣੇ ਦੀ ਸ਼ਮਾਂ ਪਰ ਹਸ ਹਸਕੇ ਕੁਰਬਾਨ ਹੋਨ ਵਾਲੇ ਪਤੰਗੇ ਸਾਜੇ ਤਾਂ ਕੇਵਲ ਸ੍ਰੀ ਸਤਿਗੁਰੂ ਚੀਨੀ ਵਾਲੇ ਨੇ।

(੫) ਜੇ ਪੂਰਨ ਹੁਲਾਸ ਨਾਲ ਅਗੇ ਵਧ ਵਧਕੇ ਧਰਮ ਅਤੇ ਦੇਸ਼ ਦੀ ਖਾਤਰ ਜਾਨਾਂ ਦੇਣ ਵਾਲੇ ਬੱਚੇ ਬਚੀਆਂ ਇਸਤ੍ਰੀਆਂ ਪੁਰਖ ਪ੍ਰਗਟਾਏ ਤਾਂ ਸਤਿਗੁਰੂ ਜੀ ਨੇ।

(੬) ਜੇ ਪਰਉਪਕਾਰ, ਦੁਖੀਆਂ ਦੇ ਦੁਖੜੇ ਮਿਟਾ ਜ਼ੋਰ ਜ਼ੁਲਮ ਦਾ ਬੀੜਾ ਉਠਾ ਦੇਵਨ, ਅਤੇ ਕਸਾਈਆਂ ਦੇ ਸ਼ੇਰ ਪੰਜੇ ਵਿੱਚੋਂ ਹਜ਼ਾਰਾਂ ਗਊਆਂ ਨੂੰ ਛੁਡਾ, ਤੇ ਆਪ ਤੋਪਾਂ ਅਗੇ ਸ਼ਹੀਦ ਹੋਨ ਦੀ ਜਾਚ ਸਿਖਾਈ ਤਾਂ ਸਤਿਗੁਰੂ ਜੀ ਨੇ॥ ਮੁਕਦੀ ਗਲ ਉਸ ਮਹਾਨ ਅਮੋਲਕ ਤੇ ਸਫਲ ਅਮੱਰ ਕਰਨ ਵਾਲੇ ਭਜਨ ਨੂੰ ਜਿਸਨੂੰ ਖੋਜ ਦੇ ਖੋਜਦੇ ਸੁਰ ਨਰ ਹਾਰ ਥੱਕੇ ਪਰ ਪ੍ਰਾਪਤੀ

ਨ ਹੋਈ, ਜਿਸ ਭਜਨ ਦੀ ਆਸ ਵਿਚ ਹਿੰਦੂ ਧਰਮ ਦਾ ਸਭ ਤੋਂ ਵਡਾ ਮੰਨਿਆ ਦੇਵਤਾ, ਬ੍ਰਹਮਾਂ ਬੇਗਿਣਤ ਸਮਾਂ ਕਵਲ ਦੀ ਨਾਲ ਵਿੱਚ ਪਿਆ ਰਿਹਾ ਅਤੇ ਆਸ ਪੂਰੀ ਨ ਹੋਈ, ਜਿਸ ਭਜਨ ਦੇ ਅਪ੍ਰਾਪਤੀ ਨੇ ਹਜ਼ਰਤ ਮੁਹੰਮਦ ਸਾਹਿਬ ਨੂੰ ਮਾਇਕ ਮੰਡਲ ਦੇ ਬਹਿਸ਼ਤ ਤੋਂ ਉਤੇ ਪੁਜਨ ਨ ਦਿੱਤਾ-ਉਹੀ **ਭਜਨ** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਸਾਰ ਦੇ ਮਨੁਖ ਮਾਤ੍ਰ ਦੇ ਕੰਨ ਵਿਚ ਦੇਕੇ ਇਸ ਸੰਸਾਰ ਤੋਂ ਅਮਰ ਕੀਤਾ ॥

ਇਸ **ਭਜਨ** ਦੇ ਸੋਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੂੰ ਸੰਸਾਰਿਕ ਅੱਖਾਂ ਤੋਂ ਲੋਪ ਹੋਇਆਂ ਸੱਠ ਵਰ੍ਹੇ ਦੇ ਨਗ ਭਗ ਹੋਇਆ ਏ, ਪਰ ਉਹਨਾਂ ਦਾ ਆਤ-ਮਕ ਜੀਵਨ ਅਜੇ ਤੀਕ ਉਸੇ ਤਰਾਂ ਜ਼ਬਰ-ਦਸਤ, ਉਸੇ ਤਰਾਂ ਉਜਲ, ਬਿਜਲੀ ਤੋਂ ਵਧੇਰਾ ਚਮਕਦਾਰ, ਦਲਾਂ ਦਾ ਮੋਹਰੀ ਤੇ ਦਿਲਾਂ ਦਾ ਪ੍ਰੇਰਕ ਬਨ ਰਿਹਾ ਹੈ। ਪੰਜਾਬ ਦੀ ਕਿਸੇ ਨੁਕਰ- ਵਿੱਚ ਚਲੇ ਜਾਉ, ਏਸ ਆਤਮਾ ਦੀ ਝਲਕ ਕਿਸੇ ਸਿਧੀ ਦਸ-ਤਾਰ ਵਾਲੇ ਸਿਖ ਕਿਸੇ ਬਿਰਧ ਭਗਤ, ਜਾਂ ਕਿਸੇ ਨਾਮਧਾਰੀ ਕੁਟੰਬ ਦੀ ਸ਼ਕਲ ਵਿਚ ਜ਼ਰੂਰ ਨਜ਼ਰ ਆਵੇਗੀ। ਲਖਪਤੀ ਉਸ ਜੀਵਨ ਦਾ ਧੰਨਵਾਦੀ ਹੈ, ਕੰਗਾਲ ਉਸੇ ਵਲ ਟਿਕ ਟਿਕੀ ਲਾਈ ਜੀਵਨ ਦੀ ਆਸ ਰਖਦਾ ਹੈ. ਵਿਚਕਾਰਲੇ ਦਰਜੇ ਵਾਲੇ ਭੀ ਉਸੇ ਜੀਵਨ ਤੋਂ ਅਪਣੇ ਸੁਖ ਦੇ ਸਾਧਨ ਲਭਦੇ ਹਨ। ਗਲ ਕੀ ਏਸ ਆਦਰਸ਼ ਜੀਵਨ ਸੰਸਾਰ ਦੀ ਪ੍ਰੇਰਕ ਸ਼ਕਤੀ ਨਕੇ ਰੰਗ ਰੰਗ ਦੇ ਖੇਲ ਵਿਖਾ ਰਹੀ ਹੈ। ਮਲੇਰ ਕੋਟਲੇ ਦਾ ਸਾਕਾ ਅਜੇ ਕਲ ਦਾ ਹੀ ਹੈ। ਕੀਹ ਸਾਨੂੰ ਪਤਾ ਨਹੀਂ, ਕਿ ਏਸ ਮਹਾਨ ਆਤਮਕ ਜੀਵਨ ਤੋਂ ਪ੍ਰੇਰੇ ਹੋਏ ਬੁਢੇ, ਬਾਲਾਂ ਨੇ ਉਹ ਕੰਮ ਕੀਤੇ ਕਿ ਜੇਹੜੇ ਸੰਸਾਰਿਕ ਉਲਝਨਾਂ ਵਿੱਚ ਪਏ ਹੋਏ ਵਡੇ ਤੋਂ ਵਡੇ ਦਲੇਰ ਵੀ ਨਹੀਂ ਸਨ ਕਰ ਸਕਦੇ, ਤੇ ਕਰਨ ਵੀ ਕੀ ਕੁਛ? ਉਹਨਾਂ ਦੀ ਦਲੇਰੀ ਵਿੱਚ ਸ੍ਵਾਰਥ ਦਾ ਨਾਂ ਵੀ ਨਹੀਂ ਹੁੰਦਾ ॥

ਹੁਨ ਸਵਾਲ ਪੈਦਾ ਹੁੰਦਾ ਹੈ ਕਿ ਚੀਨੀ ਵਾਲਾ ਪ੍ਰੀਤਮ ਜੋਧਾ ਵੀ ਸੀ? ਕੀ ਉਹਨਾਂ ਕੇਵਲ ਭਗਤ ਰਤਨ ਲਈ ਹੀ ਏਸ ਪੰਜਾਂ ਦਰਿਆਂਵਾਂ ਦੀ ਧਰਤੀ ਉਤੇ ਅਪਨੇ ਪਵਿਤਰ ਚਰਨ ਪਾਏ ! ਕੀ ਚੀਨੀਵਾਲੇ ਨੂੰ ਮਾਲਾ, ਤੇ ਸਰਬਲੋਹ ਦਾ ਗੜਵਾ ਹੀ ਪਿਆਰਾ ਲਗਦਾ ਹੈ। ਇਹ ਤੇ ਹੋਰ ਕਈ ਏਹੋ ਜੇਹੇ ਸਵਾਲ ਹਨ, ਜਿਹੜੇ ਇਕ ਪੜ੍ਹੇ, ਲਿਖੇ ਸਿਖੀ ਨਾਲ ਜਾਣੂੰ ਹੁੰਦੇ ਸਿਖ ਦੇ ਹਿਰਦੇ ਵਿਚ ਉਠਦੇ ਹਨ ॥ ਮੇਰੇ ਕਈ ਭੁਲੇ ਹੋਏ ਵੀਰਾਂ ਦਾ ਖਿਆਲ ਹੈ, ਕਿ ਸ੍ਰੀ **ਚੀਨੀ ਵਾਲੇ** ਦੀ ਨੀਅਤ ਜੰਗ ਕਰਾਉਣ ਦੀ ਸੀ, ਉਹਨਾਂ ਦਾ ਮਿਸ਼ਨ ਹੀ ਸੀ ਹਕੂਮਤ ਤੇ ਕਬਜ਼ਾ ਕਰਨਾਂ ਤੇ ਉਹਨਾ ਸੰਤ ਖਾਲਸਾ ਸਜਾਇਆ ਸਿਰਫ ਹਕੂਮਤ ਨੂੰ ਦੂਰ ਕਰਨ ਲਈ। ਨਹੀ! ਨਹੀ!! ਉਨਾਂ ਦਾ ਇਹ ਖਿਆਲ ਨਹੀਂ ਸੀ, ਉਹਨਾਂ ਦੀ ਇਹ ਮਰਜ਼ੀ ਨਹੀ ਸੀ। ਮੇਰੇ ਪ੍ਰੀਤਮ ਦਾ ਆਦਰਸ਼ ਸੀ ਅਮਨ ਦਾ, ਮੇਰੇ ਚੋਜੀ ਦਾ ਮੰਤਵ ਸੀ ਪਿਆਰ ਦਾ। ਇਹ ਕਹਨਾ ਕਿ ਉਹਨਾ ਨੇ ਸੰਤ ਖਾਲਸੇ ਨੂੰ ਹੁਕਮ ਦਿਤਾ ਸੀ ਕਿ ਰਿਆਸਤਾਂ ਤੇ ਕਬਜ਼ਾ ਕਰ ਲਉ, ਇਹ ਭਾਰੀ ਭੁਲ

ਹੈ ਭੁਲ ਨਹੀ ਸਗੋਂ ਪਾਪ ਹੈ। ਉਹਨਾਂ ਦਾ ਜਗ ਵਿਚ ਪ੍ਰਗਟ ਹੋਣ ਦਾ ਕਾਰਨ ਵੀ ਏਹ ਸੀ, ਕਿ ਉਹ ਕੁਰੀਤੀਆਂ ਦੂਰ ਕਰਣ ਕਸ਼ਟ ਝਲਣ ਸਿਖਯਾ ਦੇਨ, ਤੇ ਜੇ ਲੋੜ ਪਵੇ ਤਾਂ ਬੇ-ਇਨਸਾਫੀ ਨੂੰ ਦੂਰ ਕਰਨ ਲਈ ਸੀਸ ਵੀ ਕੁਰਬਾਨ ਕਰ ਦੇਣ। ਉਹ ਦੇਸ ਹਿਤੈਸ਼ੀ ਪੂਰੇ ਸਨ ਤੇ ਉਹਨਾਂ ਨੀਂਹ ਰਖਣੀ ਸੀ ਪੰਜਾਬ ਵਿਚ, ਕਾਹਦੀ! ਰਾਜ ਦੀ। ਕਿਹੋ ਜੇਹੇ ਰਾਜ ਦੀ? ਅਮਨ ਦੇ ਰਾਜ ਦੀ ਉਨਾ ਆਪਾ ਵਾਰਿਆ ਸਿਰਫ ਇਕੋ ਨਿਸ਼ਾਨੇ ਨੂੰ ਮੁਖ ਰਖਕੇ-ਭਾਈ ਚਾਰਾ ਤੇ ਭਰਾਵਲੀ ਪਾਨ ਲਈ। ਪਰ ਉਸ ਵੇਲੇ ਦੀ ਹਕੂਮਤ ਨੇ ਮੇਰੇ ਅਰਸ਼ੀ ਪ੍ਰੀਤਮ ਦੇ ਇਰਾਦੇ ਪੂਰੇ ਨਾ ਹੋਣ ਦਿਤੇ ਉਸ ਚੋਜੀ ਦੇ ਪਿਆਰ ਪਾਲੇ ਬੂਟਿਆਂ ਨੂੰ ਫਲ ਨ ਲਗਣ ਦਿਤੇ। ਗੁਰੂ ਜੀ ਨੂੰ ਅਮਨ ਮੁਲ ਲੈਣਾ ਪਿਆ ਤੇ ਉਸ ਵੇਲੇ ਦੀ ਹਕੂਮਤ ਨੇ ਮੁਲ ਏਸ ਗਲ ਦਾ ਪਾਇਆ ਜਲਾ-ਵਤਨੀ! ਕੇਵਲ ਸ਼ਾਂਤੀ ਵਰਤਾਣ ਲਈ ਉਹਨਾਂ ਨੂੰ ਪ੍ਰਦੇਸ ਜਾਨਾ ਪਿਆ। ਉਂਵ ਉਨਾਂ ਨੂੰ ਹਕੂਮਤ ਨਾਲ ਕੋਈ ਵੈਰ ਵਿਰੋਧ ਨਹੀਂ ਸੀ, ਮੁਸਲਮਾਨਾਂ ਨਾਲ ਉਹਨਾਂ ਦਾ ਪਿਆਰ ਸੀ, ਗੋਰਿਆਂ ਨਾਲ ਉਹਨਾ ਦਾ ਹਿਤ ਸੀ। ਜੇ ਸੰਤ ਖਾਲਸੇ ਤੇ ਬੁਚੜਾਂ ਜਾਂ ਰਿਆਸਤਾਂ ਨਾਲ ਖਟ ਪਟੀ ਹੋਈ ਤਾਂ ਜੰਗ ਨਹੀਂ ਸੀ, ਉਹ ਤਾਂ ਨਿਸ਼ਾਨੀਆਂ ਸਨ ਪਿਆਰ ਦੀਆਂ ਤੇ ਚੋਰ ਦੀਆਂ, ਪ੍ਰੇਮ ਦੇ ਤੇ ਧਕੇ ਦੇ। ਉਹ ਤਾਂ ਨਿਮ੍ਰਤਾ ਤੇ ਹੈਂਕੜ ਦੀਆਂ ਲੜਾਈਆਂ ਸਨ। ਜੇ ਮੇਰੇ ਚੀਨੀ ਵਾਲੇ ਸਤਿਗੁਰੂ ਨਿਰੇ ਪੁਰੇ ਲੜਾਕੇ ਹੀ ਹੁੰਦੇ, ਜੇ ਉਨ੍ਹਾਂ ਅੰਗਰੇਜ਼ਾਂ ਨਾਲ ਵੈਰ ਵਿਰੋਧ ਹੀ ਕਢਣਾ ਤੇ ਵਧਾਣਾ ਸੀ ਤਾਂ ਆਪਣੇ ਸਿਖ ਸੇਵਕਾਂ ਨੂੰ (ਜਿਹੜੇ ਕਿ ਬੁਚੜਾਂ ਨੂੰ ਵਢਕੇ ਭੈਣੀ ਸਾਹਿਬ ਆ ਗਏ ਸਨ, ਤੇ ਜਿਹਨਾਂ ਤੇ ਕੋਈ ਸ਼ਕ ਵੀ ਨਹੀਂ ਸੀ) ਅਦਾਲਤ ਵਿੱਚ ਜ਼ਾਹਰ ਕਰਨ ਦੀ ਪ੍ਰੇਰਨਾਂ ਕਦੀ ਨ ਕਰਦੇ। ਲੜਾਈ ਕਰਨਾ ਜਾਂ ਕਰਾਨਾ ਉਨ੍ਹਾਂ ਦਾ ਆਦਰਸ਼ ਨਹੀਂ ਸੀ। ਜੇਹੜੇ ਮੇਰੇ ਵੀਰ ਗੁਰੂ ਜੀ ਦੀਆਂ ਸਿਫ਼ਤਾਂ ਏਸੇ ਕਰਕੇ ਗਾਂਵਦੇ ਹਨ ਕਿਉਂ ਜੁ ਉਹਨਾਂ ਗਊਆਂ ਦੀ ਰਾਖੀ ਕੀਤੀ, ਡਾਢੀ ਭੁਲ ਵਿਚ ਪਏ ਹਨ ਉਹ ਤਾਂ ਬਾਬਾ ਨਾਨਕ ਜੀ ਦਾ ਰੂਪ, ਸ਼ਾਂਤੀ ਦਾ ਸਰੂਪ ਸਨ। ਮੇਰੇ ਚੀਨੀ ਘੋੜੀ ਦੇ ਸਵਾਰ ਨੂੰ ਵੇਖਕੇ ਲੋਕਾਂ ਨੂੰ ਭੁਲਾਂ ਲਗੀਆਂ ਨੇ, ਉਨਾਂ ਦੇ ਭਾਣੇ ਇਹ ਫੌਜ ਸ਼ਾਹੀ ਦੇ ਚਿਨ ਹਨ। ਨਹੀਂ ਨਹੀਂ, ਇਹ ਤਾਂ ਉਸਦੇ ਉਸਦੀ ਅਰਜ਼ੀ ਲੀਲ੍ਹਾ ਸੀ। ਉਹ ਤਾਂ ਚੋਜੀ ਸਨ, ਸੁਲ੍ਹਹ ਦਾ ਸਨੇਹਾ ਲੈਕੇ ਭੈਣੀ ਸਾਹਿਬ ਆਏ ਸਨ। ਉਹ ਤਾਂ ਸਨ ਪਿਆਰ ਦੇ ਪੀਰ ਤੇ ਸਭਨਾਂ ਦੇ ਵੀਰ। ਜੰਗਜੂ ਪੁਣਾ ਉਹਨਾਂ ਦਾਂ ਨੇਮ ਨਹੀਂ ਸੀ। ਉਹ ਸਨੇਹ ਦੇ ਸੋਮੇਂ ਸਨ। ਬਾਰ੍ਹਾਂ ਪਾਤਸ਼ਾਹੀਆਂ ਦੀ ਜੋਤ ਇਕੋ ਸੀ, ਹਾਂ ਸਚੀਓਂ ਮੇਰਾ ਬਾਹਰਵਾਂ ਪਾਤਸ਼ਾਹ ਬਾਬੇ ਨਾਨਕ ਦਾ ਰੂਪ ਸੀ, ਮੇਰੇ ਬੇਦੀ ਬਾਬੇ ਨੂੰ ਦੇਸ਼ ਦੀ ਚਾਹ ਤਿਆਗ ਕੇ ਸੁਲਹ ਮੁਲ ਲੈਣੀ ਪਈ। ਉਸ ਵੇਲੇ ਦੀ ਹਕੂਮਤ ਨੇ ਮੁਲ ਈ ਇਹ ਪਾਇਆ ਸੀ ਤੇ ਗੁਰੂ ਜੀ ਕੋਲ ਕਿਹੜਾ ਘਾਟਾ ਸੀ, ਵਧ ਤੋਂ ਵਧ ਮੁਲ ਦੇਨ ਨੂੰ ਤਿਆਰ ਸਨ॥ ਧੰਨ ਸਤਿਗੁਰੂ ਰਾਮ ਸਿੰਘ ਜੀ॥

ਦੇਸ਼ ਭਗਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ

(ਵਲੋਂ ਪ੍ਰਸਿਧ ਲੇਖਕ ਮਹਾਸ਼ਾ ਕ੍ਰਿਸਨ ਜੀ ਬੀ. ਏ. ਐਡੀਟ੍ਰ "ਪ੍ਰਤਾਪ' ਲਾਹੌਰ)

ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਵਿਚ ਜੋ ਕਾਰਜ ਅਰੰਭ ਕੀਤਾ ਸੀ ਓਨਾਂ ਦਾ ਓਹ ਕੰਮ ਬਿਲਕੁਲ ਧਾਰਮਿਕ ਸੀ। ਅਤੇ ਓਹ ਆਪਣੇ ਪ੍ਰੋਗ੍ਰਾਮ ਵਿਚ ਧਰਮ ਦਾ ਅੰਸ਼ ਅਧਿਕ ਰਖਦੇ ਸਨ। ਓਸ ਵੇਲੇ ਜਦ ਕਿ ਸ੍ਵੈਦੇਸ਼ੀ ਪ੍ਰਚਾਰ ਉਕਾ ਹੀ ਨਹੀ ਸੀ ਓਨਾਂ ਨੇ ਸ੍ਵੈਦੇਸ਼ੀ ਪ੍ਰਚਾਰ ਦੀ ਨੀਹ ਰਖੀ ਅਤੇ ਅਸੈਹ ਯੋਗ (ਨਾ ਮਿਲਵਰਤਨ) ਦਾ ਮੁਕੱਮਲ ਪ੍ਰੋਗ੍ਰਾਮ ਦੇਸ ਦੇ ਅੱਗੇ ਰਖਿਆ। ਇਸ ਲਹਿਰ ਤੋਂ ਡਰਕੇ ਗੂਰਨਮੈਂਟ ਨੇ ਓਨਾਂ ਨੂ ਫੜਕੇ ਬ੍ਰਹਮਾ ਵਿਚ ਦੇਸ਼ ਨਿਰਵਾਸਤ ਕਰ ਦਿਤਾ। ਅਤੇ ਕੁਝ ਨਾਮਧਾਰੀਆਂ ਨੂੰ ਤੋਪਾ ਨਾਲ ਉਡਾ ਦਿਤਾ। ਜਿਨ੍ਹਾਂ ਦੀ ਬਾਬਤ ਸੁਣਿਆ ਜਾਂਦਾ ਏ ਕਿ ਓਹ ਬੜੀ ਬਹਾਦ੍ਰੀ ਨਾਲ ਸ਼ਹੀਦ ਹੋਏ। ਏਹ ਸਭ ਕੁਝ ਸਰਕਾਰ ਨੇ ਡਾਢੀ ਬੇ ਰਹਿਮੀ ਨਾਲ ਕੀਤਾ ਅਤੇ ਓਨ੍ਹਾਂ ਉਤੇ ਕੋਈ ਵੀ ਬਾ-ਕਾਇਦਾ ਮੁਕੱਦਮਾ ਨਹੀ ਸੀ ਚਲਾਇਆ ਗਿਆ। ਏਹ ਕੇਡਾ ਜ਼ੁਲਮ ਹੈ ਕਿ ਕਿਸੇ ਮਨੁਖ ਤੇ ਬਿਨਾ ਮੁਕੱਦਮਾ ਚਲ ਦੇ ਹੀ ਦੇਸ ਨਿਕਾਲਾ ਜਾਂ ਮੌਤ ਦੀ ਸਜਾ ਦਿਤੀ ਜਾਇ। ਅਤ ਕਿਸੇ ਦੇ ਕੰਨਾ ਤੇ ਜੂੰ ਤਕ ਨਾ ਸਰਕੇ। ਏਹ ਸਚ ਏ ਕਿ ਅੰਗ੍ਰੇਜ਼ੀ ਰਾਜ ਵਿਚ ਇਨਸਾਫ ਬਹੁਤ ਮਹਿੰਗਾ ਏ ਪਰ ਇਸ ਵਿਚ ਤੇ ਮੁਕੱਦਮਾ ਤਕ ਵੀ ਨਹੀ ਸੀ ਚਲਾਯਾਗਿਆ, ਫਿਰ ਇਨਸਾਫ ਦੀ ਉਮੀਦ ਕਿਵੇਂ ਹੋਸਕਦੀ ਏ। ਉਸ ਵੇਲੇ ਭਾਰਤ ਅੰਦ੍ਰ ਅਜੇਹੀ ਜਾਗ੍ਰਤੀ ਨਹੀ ਸੀ ਜੇਹੀ ਕਿ ਇਸ ਸਮੇ ਹੈ ਇਸ ਤੋਂ ਪਿਛੋਂ ਵੀ ਨਾਮਧਾਰੀਆਂ ਉਤੇ ਕਈ ਤਰਾਂ ਦੀਆਂ ਸਖਤੀਆਂ ਹੁੰਦੀਆਂ ਰਹੀਆਂ ਹੁਣ। ਏਹ ਉਸ ਵੇਲੇ ਤੋਂ ਲੈਕੇ ਅੱਜ ਤੀਕ ਦੇਸ ਦੇ ਨਾਲ ਰਹਿੰਦੇ ਰਹੇ ਹਨ। ਇਸ ਵੇਲੇ ਜੋ ਸੀਟਾਂ ਦੇ ਹੱਕਾਂ ਦਾ ਝਗੜਾ ਪਿਆ ਹੋਯਾ ਏ ਜਿਸ ਨੇ ਹਿੰਦੂਆਂ ਨੂ ਡਾਢਾ ਤੰਗ ਕਰ ਰਖਿਆ ਏ ਅਤੇ ਜਿਸ ਝਗੜੇ ਦਾ ਨਿਪਟਾਰਾ ਕੁਝ ਵੀ ਨਹੀਂ ਸੁਝਦਾ ਇਸ ਵਿਚ ਵੀ ਏਹ ਸਭਨਾ ਨਾਲੋਂ ਅੱਗੇ ਹਨ ਆਲ ਪਾਰਟੀਜ਼ ਕਾਨਫ੍ਰੰਸ ਵੇਲੇ ਵੀ ਏਨਾ ਨੇ ਸਾਫ ਆਖ ਦਿਤਾ ਸੀ ਕਿ ਅਸੀਂ ਤਾਂ ਭਾਰਤ ਨੂ ਸੁਤੰਤ੍ਰ ਦੇਖਣਾ ਚਾਹੰਦੇ ਹਾਂ ਸਾਨੂੰ ਨਾ ਤੇ ਸੀਟਾਂ ਦੀ ਲੋੜ ਏ ਅਤੇ ਨਾ ਹੀ ਕਿਸੇ ਹੋਰ ਚੀਜ ਦੀ, ਪਰ ਦੇਸ਼ ਹਿਤ ਲਈ ਸਾਡੀ ਜਿਥੇ ਲੋੜ ਹੋਵੇ ਹਰ ਸਮੇਂ ਹਾਜਰ ਹਾਂ ਕੇਹਾ ਉੱਚ ਭਾਵ ਏ ਇਸ ਤੋਂ ਪੱਤਾ ਗਲਦਾ ਏ ਕਿ ਸਤਿਗੁਰੂ ਜੀ ਦਾ ਆਤਮਾਂ ਕੇਡਾ ਮਹਾਨ ਸੀ ਜਿਸ ਨੇ ਆਪਣੇ ਸੇਵਕਾਂ ਵਿਚ ਅਜੇਹੇ ਭਾਵ ਭਰ ਦਿਤੇ ਸਨ ਜੋ ਅਜ ਤੀਕ ਏਨ੍ਹਾ ਵਿਚ ਕਾਇਮ ਹਨ।

—:੦੦:—

Sri Satguru Jagjit Singh Ji Elibrary NamdhariElibrary@gmail.com

ਸਿਹਰਾ

(ਵਲੋਂ-ਸ੍ਰੀ ਮਾਨ ਗਯਾਨੀ ਊਧਮ ਸਿੰਘ ਜੀ 'ਮੁਸਾਫਰ'

ਪਰ੍ਹਿਣ ਰਾਣੀਏਂ ਉਠ ਪ੍ਰਭਾਤ ਵੇਲੇ, ਜ਼ਰਾ ਬਾਗ਼ਾਂ ਦੀ ਅਜ ਬਹਾਰ ਤਕ ਲੈ।
ਬੇਲ ਬੂਟਿਆਂ ਤੇ ਨਵਾਂ ਰੂਪ ਆਇਆ, ਖਿੜੀ ਫੁਲਾਂ ਦੀ ਨਵੀਂ ਬਹਾਰ ਤਕ ਲੈ।
ਭੌਰ ਬੁਲਬਲਾਂ ਗਾਂਵਦੇ ਗੀਤ ਸੁਹਣੇ, ਸੋਹਣੀ ਸਰ੍ਹੋਂ ਦੀ ਪੀਲੀ ਨੁਹਾਰ ਤਕ ਲੈ।
ਐਸੇ ਸਮੇ ਸੁਹਾਵਣੀ ਰੁਤ ਅੰਦਰ, ਚੀਨੀ ਵਾਲੇ ਦਾ ਹੋਇਆ ਅਵਤਾਰ ਤਕ ਲੈ।
ਚੰਬਾ ਮੋਤੀਆ ਗੇਂਦਾ ਗੁਲਾਬ ਚੁਣਕੇ, ਅੜੀਏ ਗੁੰਦ ਲੈ ਪ੍ਰੇਮ ਦੇ ਨਾਲ ਸਿਹਰਾ।
ਮੇਰੇ ਮਾਹੀ ਦੇ ਸੀਸ ਲਟਕਾਵਣੇ ਨੂੰ ਸ਼ਹਿਨ ਸ਼ਾਹਾਂ ਤੋਂ ਹੋਵੇ ਕਮਾਲ ਸਿਹਰਾ।
ਫੁਲ ਤੋੜਕੇ ਕੁਲ ਬਗੀਚਿਆਂ ਦੇ ਸਾਰੀ ਜ਼ਿਮੀ ਤੇ ਫਰਸ਼ ਵਿਛਾ ਅੜੀਏ।
ਭਿਨੀ ੨ ਸੁਗੰਧ ਨੂੰ ਨਾਲ ਲੈਕੇ ਅਰਸ਼ ਫਰਸ਼ ਦੇ ਤਾਂਈਂ ਮਹਿਕਾ ਅੜੀਏ।
ਮਿਹਰਾਂ ਵਾਲੜੇ ਗੁਰੂ ਦੇ ਜਨਮ ਦਿਨ ਤੇ ਨਵਾ ਗੀਤ ਅਜ਼ਾਦੀ ਦਾ ਗਾ ਅੜੀਏ।
ਕਲੂ ਕਾਲ ਅੰਦਰ ਗੁਰੂ 'ਰਾਮ' ਆਏ ਚਾਰ ਕੂੰਟ ਨੂੰ ਦੇਵੀਂ ਸੁਣਾ ਅੜੀਏ।
ਭੇਟਾ ਮਾਹੀ ਦੀ ਕਰੀਂ ਨਿਮਾਨੜੀ ਹੋ ਸੁਹਲ ਹਥਾਂ ਨੇ ਗੁੰਦਿਆ ਆਨ ਸਿਹਰਾ।
ਸੁੰਦਰ ਪਹਿਨ ਪੁਸ਼ਾਕ ਬਸੰਤ ਵਾਲੀ ਆਖੀਂ ਕੰਤ ਨੂੰ ਕਰੋ ਪ੍ਰਵਾਨ ਸਿਹਰਾ।
ਫੁਲ ਫੁਲ ਦੇ ਨਾਲ ਇਹ ਗੰਢ ਅੰਦਰ ਰਖੀਂ ਗੁੰਦ ਕੇ ਅਸਾਂ ਦੇ ਹਾਲ ਸਾਰੇ।
ਤੇਰੇ ਦੀਦ ਨੂੰ ਤਰਸਦੇ ਈਦ ਵਾਂਗੂੰ ਮੱਛੀ ਵਾਂਗ ਹੋ ਰਹੇ ਬੇਹਾਲ ਸਾਰੇ।
ਗਿਉਂ ਛਡ ਨ ਪਰਤਕੇ ਸਾਰ ਲੀਤੀ ਗਲੀਂ ਲਟਕਦੇ ਅਸਾਂ ਦੇ ਵਾਲ ਸਾਰੇ।
ਚੰਨਾਂ ਇਕੋ ਦੀਦਾਰ ਦੀ ਸਿਕ ਸਾਨੂੰ ਆਸਾਂ ਵਿਚ ਹੀ ਲੰਘ ਗਏ ਸਾਲ ਸਾਰੇ।
ਐਸੇ ਗੁੰਦ ਕੇ ਰਖੀਂ ਨੀ ਹਾਲ ਅੜੀਏ ਵਿਚੋਂ ਮਹਿਕ ਕੇ ਕਹੇ ਪੁਕਾਰ ਸਿਹਰਾ।
ਚੀਨੀ ਵਾਲਿਆ ਆਣਕੇ ਸਾਰ ਲੈ ਲੈ ਹਾੜੇ ਕਢਦਾ ਏ ਵਾਰ ਵਾਰ ਸਿਹਰਾ।
ਮੇਰੇ ਫੁਲ ਨੇ ਦੁਖਾਂ ਦੇ ਤੁਲ ਸਾਰੇ ਸਚੇ ਆਸ਼ਕਾਂ ਵਾਲੀ ਪੁਕਾਰ ਹਾਂ ਮੈਂ।
ਤੇਰੇ ਨਾਮ ਤੋਂ ਹੋਣ ਕੁਰਬਾਨ ਜਿਹੜੇ ਬ੍ਰਿਹੋਂ ਕੁਠਿਆਂ ਦਾ ਬਣਿਆਂ ਹਾਰ ਹਾਂ ਮੈਂ।
ਸਦਾ ਵਾਂਗ ਮਸਤਾਨਿਆਂ ਫਿਰਨ ਭੌਂਦੇ ਉਨ੍ਹਾਂ ਵਾਂਗ ਹੀ ਹੋਇਆ ਖੁਆਰ ਹਾਂ ਮੈਂ।
ਰੂਪ ਫੁਲਾਂ ਦਾ ਧਾਰਕੇ ਹਾਰ ਬਣਿਆਂ ਹੋਣ ਅੰਤ ਨੂੰ ਆਇਆ ਨਸਾਰ ਹਾਂ ਮੈਂ।
ਏਸ ਰੁਤ ਬਸੰਤ ਦੀ ਪੰਚਮੀਂ ਨੂੰ ਦੁਖੀ ਦਿਲਾਂ ਦਾ ਕਰੋ ਕਬੂਲ ਸਿਹਰਾ।
ਸਿੱਖੀ ਸਿਦਕ ਨਿਭਾ 'ਮੁਸਾਫਰਾਂ' ਦਾ ਕਰਕੇ ਆਪਣੇ ਹਥੀਂ ਵਸੂਲ ਸਿਹਰਾ।

—-:—:- —

Sri Satguru Jagjit Singh Ji Elibrary NamdhariElibrary@gmail.com

ਸਤਿਨਾਮ ਕੇ ਦਾਤੇ!

(ਕਲੋਂਃ-ਵੈਦਜ ਸੁਰਤ ਸਿੰਘ ਜੀ ਖਾਲਸਾ ਸ੍ਰੀ ਭੈਣੀ ਸਾਹਿਬ)

ਬਾਢੀ ਬੰਸ ਰਾਮ-ਹਰੀ, ਨਾਮੇ ਵਾਲਾ ਬੇਢੀ ਆਯਾ,
ਕਲਿ ਵਿੱਚ ਸਤਿਜੁਗ ਲਾਯਾ ਪ੍ਰਭੁ ਆਨਕੇ ॥
ਮੋਯਾ ਜਿਵਾਯਾ ਪੰਥ, ਨਾਮ-ਅਮੀ ਰਿਦੇ ਸਿੰਚ,
ਬਾਣੀ ਗੁਰ-ਜਾਪ ਸੁਧ ਕੀਤੀ ਸਿੱਖੀ ਛਾਨਕੇ ॥
ਮਹਾਂ-ਪਾਪੀ ਭਾਰੇ ਭਾਰੇ, ਵੈਸ਼ਨੋ ਬਨਾਏ ਸਾਰੇ,
ਚੋਰ ਯਾਰ ਠੱਗ ਤਾਰੇ ਡੁਬਾ ਬੇੜਾ ਜਾਨਕੇ ॥
ਗਰੂ ਔ ਗਰੀਬ-ਪਾਲ, ਭਾਰਾ ਉਪਕਾਰ ਭਾਲ,
ਲੰਗਰ ਚਲਾਯਾ ਗੁਰੂ ਸਦਾ ਸਮ ਭਾਨ ਕੇ ॥
ਉਠੇ ਰਾਮ ਤੇਜ ਧਰ, ਨੀਚ ਦੇਖ ਡਰੇ ਖਰ,
ਸਰਕਾਰ ਜਾ ਡਰਾਈ, ਓਨਾ ਕੂਚਾ ਅੱਗ ਲਾਕੇ ॥
ਦੇਸ ਤੋਂ ਪ੍ਰਦੇਸ ਤੋਰੇ, ਝੱਟ ਹੀ ਫ੍ਰੰਗੀਆਂ ਨੇ,
ਭਾਣਾ ਮਿਠਾ ਮੰਨ ਗੁਰੂ ਲੋਪ ਹੋਏ ਸ੍ਰੀ ਜਾਕੇ ॥
ਜਾਂਣ ਲਗੇ ਵਾਕ ਕਹੇ, ਅਸੀਂ ਫਿਰ ਆਵਸਾਂਗੇ,
ਏਸ ਦੇਸ ਵਿੱਚ, ਸਾਰਾ ਸਿਆਪਾ ਹੀ ਮੁਕਾ ਕੇ ॥
ਬਚਨ ਅਟੱਲ ਮੰਨ ਹੁਣ ਆਏ ਅਜ ਆਏ,
ਕਈ ਕੂਚ ਹੋਏ ਏਥੋਂ ਸਰੀਰ ਨੂੰ ਤਜਾ ਕੇ ॥
ਹਜ਼ੂਰ ਕੀ ਸਪੁਤ੍ਰੀ ਜੋ ਦੇਵੀ ਜੋਤ ਨਾਮ ਮਾਹਿ,
ਰਾਤ ਦਿਨ ਲਗੀ ਲਿਵ ਆਪਕੇ ਦੀਦਾਰ ਦੀ ॥
ਆਏ ਗੁਰੂ ਆਏ ਪਿਤਾ ਪਰਮ ਪਵਿੱਤ੍ਰ ਪਿਤਾ,
ਗਈ ਕਰ ਕੂਚ ਏਥੋਂ ਕੂਕਦੀ ਪੁਕਾਰ ਦੀ ॥
ਹਰੀ ਸਿੰਘ ਮਹਾਰਾਜ, ਸ੍ਰੀ ਗੁਰਦਯਾਲ ਹਰਿ,
ਆਏ ! ਕੇਹ ਗਏ ਚੱਲ, ਗੱਲ ਇਕੋ ਤਾਰ ਦੀ ॥
ਹੇ ! ਸੁਆਮੀ ਅੰਤ੍ਰਯਾਮੀ, ਸਾਰੀ ਸਾਡੀ ਹੈ ਖੁਨਾਮੀ,
ਮਾਫ ਕਰੋ ਸਾਨੂ ਕੁਛ ਹੈ ਨਾ ਸੂਝ ਕਾਰ ਦੀ ॥

Sri Satguru Jagjit Singh Ji Elibrary NamdhariElibrary@gmail.com

ਬਸੰਤ ਉਦੈ

(ਵਲੋਂ ਬਾ: ਬੁਧ ਸਿੰਘ ਜੀ ਕਣਤਾ, 'ਕੋਇਲਕੂ' 'ਹੰਸਚੋਗ' ਆਦਿ)

ਬਸੰਤ ਉਹ ਰੁਤ ਹੈ ਜਦ ਸਾਰ ਰਚਨਾ ਵਿਚ ਸੁੱਤਾ ਹੋਇਆ ਜੀਵਨ ਰਸ ਜਾਗਦਾ ਹੈ। ਅੰਦਰ ਇਕ ਹਲੂਣੀ ਜਿਹੀ ਹੁੰਦੀ ਹੈ। ਕੁਝ ਖੋਹ ਜਿਹੀ ਪੈਂਦੀ ਹੈ। ਸੁੱਤਾ ਕਾਮ ਜਾਗਦਾ ਹੈ। ਪ੍ਰੇਮ ਉਭਰਦਾ ਹੈ। ਇਸਤ੍ਰੀ ਪੁਰਖ ਦੀ ਚਾਹ ਵਧ ਹੁੰਦੀ ਹੈ। ਇਹ ਚਮਤਕਾਰਾ ਸਾਰੀ ਰਚਨਾ ਵਿਚ ਨਜ਼ਰ ਆਉਂਦਾ, ਬਨਾਸਪਤੀ ਰਸ ਦੇ ਪੁੰਗਰਣ ਨਾਲ ਪੁੰਗਰਦੀਆਂ ਨੇ। ਅੱਖਾਂ ਖੋਲ ਰਚਨਾਂ ਦੇ ਰੰਗ ਵੇਖਦੀਆਂ ਤੇ ਅਪਨੇ ਅੰਦਰੂਨੀ ਭਾਉ ਵਖਾਂਦੀਆਂ ਨੇਂ ਹਾਂ ਜੀ ਇਸਤ੍ਰੀ ਮਰਦੋਂ ਦੇ ਪਦਾਂ ਤੋਂ ਤ੍ਰਿਬਕ ਨ ਜਾਨਾ ਜਗਤ ਏਨ੍ਹਾਂ ਦੋਵਾਂ ਸ਼ਕਤੀਆਂ ਦੇ ਆਧਾਰ ਹੈ। ਅਜਿਹੇ ਸ਼ੋਭਾ ਭਰੇ ਸੁਹਾਵਣੇ ਸਮੇ ਵਿੱਚ ਪੰਛੀ ਵੀ ਅਪਨੇ ਜੀਆਂ ਦੇ ਹੁਲਾਸ ਨੂੰ ਰੋਕ ਨਹੀ ਸਕਦੇ ਰਾਗ ਛੋਹ ਦਿੰਦੇਨੇ। ਫੁਲਾਂ ਦੀ ਭਿੰਨੀਰ ਸੁਗੰਧੀ ਮਨਾਂ ਨੂੰ ਮੁਹ ਲੈਂਦੀ ਹੈ। ਉਸ ਵੇਲੇ ਕਲੇਜੇ ਵਿਚ ਧੂਹ ਪੈਂਦੀ ਹੈ, ਜੀ ਵਿਚ ਖਿੱਚ ਤੇ ਖਿਚ ਤੋਂ ਦਰਦ ਉਠਦੀ ਹੈ। ਧੰਨ ਉਹ ਜਿਨਾਂ ਦੇ ਜੀ ਵਿਚ ਦਰਦ ਹੋਵੇ। ਇਹੀ ਦਰਦ ਇਸ਼ਕ ਦਾ ਮੁਢ ਇਹੀ ਦਰਦ ਭਗਤੀ ਦਾ ਕਾਰਨ।

ਅਜ ਤੋਂ ਦੂਰ ਸੰਮਤ ੧੮੭੨ ਬਿਃ ਦੇ ਬਸੰਤ ਦੇ ਦਿਹਾੜੇ ਸਾਡੇ ਦੇਸ਼ ਵਿਚ ਇਕ ਅਜਿਹੀ ਹਸਤੀ ਪੈਦਾ ਹੋਈ ਜਿਸਦੇ ਦਿਲ ਵਿਚ ਦਰਦ ਸੀ ਤੇ ਖਿੰਡੇ ਪੰਥ ਨੂੰ ਵੇਖ ਦੁਖੀ ਹੁੰਦਾ ਸੀ। ਇਸ ਨੇ ਖਿਲਰਵੀਂ ਸਿੱਖੀ ਨੂੰ ਮੋੜਾ ਪਾਇਆ। ਸਿਖਾਂ ਦੀ ਖਿੰਡੀ ਬਿਰ੍ਤੀ ਨੂੰ ਜਿਹੜੀ ਰਾਜ ਭਾਗ ਦੇ ਖੁਸ ਜਾਨ ਦੇ ਪਿਛੋਂ ਕੁਦਰਤੀ ਈ ਉਖੜੀ ਹੋਈ ਸੀ, ਨੂੰ ਇਕਾਗਰ ਕਰਕੇ, ਸਤਿਗੁਰਾਂ ਵਲ ਲਾਯਾ। ਝੂਠੇ ਰਾਜ ਦੇ ਗੁਵਾਚਨ ਦੇਅਫਸੋਸ ਨੂੰ ਦੂਰ ਕਰਨ ਲਈ ਮੁੜ ਖਾਲਸੇ ਦੇ ਰਾਜ ਲੈਣ ਦਾ ਸੁਨਿਹਾ ਦਿਤਾ। ਪਰ ਇਹ ਖਾਲਸੇ ਦਾ ਸਚਾ ਰਾਜ ਸੀ। ਧਾਰਮਕ ਅਸੂਲਾਂ ਦੀ ਜਿਤ ਸੀ। ਇਹ ਹਸਤੀ ਬਾਬਾ ਰਾਮ ਸਿੰਘ ਜੀ ਦੇ ਨਾਮਧਾਰੀ (ਕੂਕਾ) ਦੀ ਸੀ। ਜਿਨਾਂਨੇ ਮੁੜ ਨਾਮ ਦਾ ਪ੍ਰਵਾਹ ਚਲਾਇਆ, ਤੇ ਭਟਕਦੇ ਸਿਖਾਂ ਨੂੰ ਲੜੀ ਵਿਚ ਬਧਾ। ਉਹਨਾਂ ਦੇ ਰਾਜਸੀ ਖਿਆਲ ਕੀ ਸਨ। ਸਾਨੂੰ ਫੋਲਨ ਦੀ ਲੋੜ ਨਹੀਂ। ਪਰ ਇਤਹਾਸ ਦਸਦਾ ਹੈ ਕਿ ਉਹ ਵੀ ਹੋਰਨਾਂ ਮਹਾਤਮਾਂ ਵਾਂਗੂ (ਜੀਕਨ ਹਜ਼ਰਤ ਮਸੀਹ) ਭੁਲੇਖੇ ਦੇ ਸ਼ਕਾਰ ਹੋਏ। ਉਹਨਾਂ ਦੇ ਚਲਾਏ ਜਥੇ ਵਿਚ ਸਭ ਤੋਂ ਵਡੀ ਤੇ ਉਚੀ ਗਲ "ਪ੍ਰਭਾਤੇ ਉਠ ਨਾਮ ਜਪ" ਹੈ ਤੇ ਆਪਸ ਵਿਚ ਹਦ ਦਰਜੇ ਦਾ ਮੈਤ੍ਰੀ ਭਾਵ। ਬੇਸ਼ਕ ਹੁਣ ਪੰਥ ਅਜ ਕਲ ਦੇ ਖਾਲਸਾ—ਪੰਥ, ਤੇ ਨਾਮਧਾਰੀਆਂ ਦੇ ਪੰਥ ਵਿਚ ਕਈਕਾਰਨਾ ਕਰਕੇ ਮਿਲਉਨੀ ਨਹੀ ਪਰ ਖਿਆਲਾਤ ਦਾ ਟਾਕਰਾ ਇਕ ਕੌਮ ਵਿਚ ਜੀਵਨਦੀ ਨਿਸ਼ਾਨੀ ਹੁੰਦੀ ਹੈ ਚਾਹੇ ਖਿਆਲ ਕੁਝ ਹੀ ਹੋਣ ਭਿੰਨ ਭੇਦ ਹੋਣ ਤੇ ਹੋਨ, ਪਰ ਹੈਣ ਤੇ ਸਭ ਸਿਖ ਵੀਰ। ਇਸ ਕਰਕੇ ਸਿਖ ਕੌਮ ਦੀ ਹਸਤੀ ਕੋਮ ਰਖਨ ਲਈ ਜਰੂਰੀ ਹੈ ਕਿ ਖਾਲਸਾ ਪੰਥ ਸਭ ਸਿਖ ਸੰਪ੍ਰਦਾਈਆਂ ਨੂੰ ਅਪਨਾ ਜਾਨਕੇ ਵਰਤੇ ਚਾਹੇ ਓਹ ਕੂਕੇ ਹੈਨ ਚਾਹੇ ਨਿਰਮਲੇ ਤੇ ਉਦਾਸੀ ਚਾਹੇ ਸਹਿਜਧਾਰੀ ਸਿੱਖ ਚਾਹੇ ਅਕਾਲੀ। ਪਰ ਸਭ ਸਿਖ ਕੌਮ ਦੇ ਅੰਗ ਹੇਨ ਸਾਡੇ ਕੂਕੇ ਭਰਾਵਾਂ ਨੂੰ ਬਸੰਤ ਉਦੇ ਦੀ ਵਧਾਈ ਹੋਵੇ।

ਅਸਹਿ-ਯੋਗ ਵਾਲਾ ਬਾਬਾ

(ਵਲੋਂ–ਸ੍ਰੀ ਮਾਨ ਸੁਆਮੀ ਵੇਦਾ ਨੰਦ ਜੀ ਤੀਰਥ ਗੁਰੂਦੱਤ ਭਵਨ ਲਾਹੌਰ)

ਕਿਸੇ ਦੇਸ਼ ਦੇ ਇਤਿਹਾਸ ਤੇ ਨਿਗਾਹ ਮਾਰੀਏ, ਆਪਨੂੰ ਇਤਿਹਾਸ ਨਿਰਮਾਣ ਕਰਨ ਵਾਲੀ ਹਸਤੀਆਂ ਦੀ ਗਿਣਤੀ ਬਹੁਤ ਹੀ ਥੋੜੀ ਦਖਾਈ ਦੇਵੇਗੀ। ਸਾਧਾਰਨ ਸਮਝ ਵਾਲੇ ਲੋਕੀ ਸਮਝਦੇ ਹਨ ਕਿ ਏਹੀ ਹਸਤੀਆਂ ਇਤਹਾਸ ਦੀ ਜਾਨ ਹਨ। ਤ੍ਵਾਰੀਖ ਦੇ ਪ੍ਰਾਣ ਹਨ। ਕੁਝ ਹਦ ਤੀਕ ਏਹ ਗਲ ਹੈ ਵੀ ਠੀਕ, ਪਰ ਅਸਲ ਗਲ ਇਸਤੋਂ ਬਹੁਤ ਜਿਆਦਾ ਹੈ ਅਤੇ ਜਦ ਤੀਕ ਓਹੋ ਸਮਝ ਵਿਚ ਨਾ ਆਵੇ ਤਦ ਤੀਕ ਨਾ ਤੇ ਓਨ੍ਹਾਂ ਮਹਾਨ ਹਸਤੀਆਂ ਦੀ ਵਿਸ਼ੇਸ਼ਤਾ ਦਾ ਹੀ ਠੀਕ ਠੀਕ ਗਯਾਨ ਹੋ ਸਕਦਾ ਏ ਅਰ ਨਾ ਹੀ ਓਨ੍ਹਾਂ ਦੇ ਪ੍ਰਭਾਵ ਦਾ ਹੀ ਕਾਰਨ ਹੀ ਜਾਣਿਆਂ ਜਾ ਸਕਦਾ ਏ। ਓਹ ਤੱਤ ਗਲ ਥੋੜੇ ਜੇਹੇ ਸ਼ਬਦਾਂ ਵਿਚ ਕਹੀ ਜਾਇ ਤਾਂ ਇਸਤ੍ਰਾਂ ਆਖੀ ਜਾ ਸਕਦੀ ਏ ਕਿ "ਓਹ ਇਤਹਾਸ ਨਿਰਮਾਣ ਕਰਤਾ ਮਹਾਂ ਪੁਰਸ਼ ਓਸ ਸਮੇ ਦੇ ਜਨ ਸਾਧਾਰਨ ਦੇ ਹਾਰਦਿਕ ਭਾਵਾਂ ਦਾ, ਮਨੋ ਅਭਿਲਾਖਯਾਂ ਦਾ, ਮਸਤਕ ਦੇ ਉਦੀਪਨ ਵਿਚਾਰਾਂ ਦਾ ਮੂਰਤੀ ਸਰੂਪ ਹੁੰਦੇ ਹਨ। ਘਨੀ ਭੂਤ ਪ੍ਰਦ੍ਰਸ਼ਤ-ਹੁੰਦੇ ਹਨ। ਅਰਥਾਤ ਓਹ ਜਾਤੀ ਦਾ ਉਸ ਮਾਨਵ-ਸਮੁਦਾਇ ਦਾ, ਜਿਸ ਵਿਚ ਓਹ ਉਤਪੰਨ ਹੋਏ ਹਨ, ਪ੍ਰਤੀ-ਬਿੰਬ ਹੁੰਦੇ ਹਨ। ਦੂਜੇ ਸ਼ਬਦਾਂ ਵਿਚ ਜਾਤੀ ਦੇ ਮਾਨ ਸਰੋਵਰ ਵਿਚ ਉਠਣ ਵਾਲੀਆਂ ਤ੍ਰੰਗਾਂ ਓਨ੍ਹਾਂ ਰਾਹੀਂ ਪ੍ਰਗਟ ਹੁੰਦੀਆਂ ਹਨ।

ਇਸ ਭਾਰੀ ਗੂੜ੍ਹ ਦਾਰਸ਼ਨਿਕ ਤੱਤ ਨੂੰ ਜੇ ਸੌਹੇਂ ਰਖਕੇ ਵਿਚਾਰ ਕਰੀਏ, ਤਾਂ ਮਹਾਂ ਪੁਰਸ਼ਾਂ ਦੀ ਉਤਪਤੀ ਅਤੇ ਓਨਾਂ ਦਾ ਮਹਤੱਵ ਸਰਲਤਾ ਨਾਲ ਸਮਝ ਵਿਚ ਆ ਜਾਂਦਾ ਏ। ਵਖੋ ਵਖ ਹਾਲਤਾਂ ਅਤੇ ਅਵਸਥਾਂ ਅਰ ਵਿਵਿਧ ਘਟਨਾਵਾਂ ਜਿੰਨ੍ਹਾ ਵਿਚੋਂ ਕਿਸੇ ਕੌਮ ਨੂੰ ਗੁਜ਼ਰਨਾ ਪੈਂਦਾ ਏ ਆਪਣਾ ਇਕ ਅਮਿਟ ਸੰਸਕਾਰ ਓਸ ਕੌਮ ਉਤੇ ਪਾ ਜਾਂਦੀਆਂ ਹਨ। ਜਦ ਕੋਈ ਇਕ ਤਰਾਂ ਦਾ ਸੰਸਕਾਰ ਚਿਰ ਕਾਲ ਤੀਕ ਕਿਸੇ ਕੌਮ ਪਰ ਬਾਰ ਬਾਰ ਪੈਣ ਲਗ ਜਾਂਦਾ ਏ, ਤਾਂ ਜਾਂ ਤੇ ਓਸਦੇ ਪ੍ਰਤੀ ਕਾਰ ਦੇ ਲਈ, ਦੂਰ ਕਰਨ ਦੇ ਲਈ ਜਾਂ ਓਸਦੇ ਪ੍ਰਚੰਡ ਕਰਨ ਦੇ ਲਈ। ਜੋ ਹੀ ਜੇਹੀ ਵੀ ਅਵੱਸਥਾ ਅਰ ਜਰੂਰਤ ਹੁੰਦੀ ਏ ਕੌਮ ਦੇ ਮਨੋਭਾਵ ਮੂਰਤੀ ਧਾਰਨ ਕਰਦੇ ਹਨ। ਓਸ ਮੂਰਤੀ ਦਾ ਨਾਮ ਓਸ ਸਮੇ ਦਾ ਮਹਾਂ ਪੁਰਸ਼ ਹੁੰਦਾ ਹੈ।

ਆਰਯ ਜਾਤੀ ਉਤੇ ਚਿਰ ਕਾਲ ਤੋਂ ਵਿਪੱਤੀ ਪਰ ਵਿਪੱਤੀ ਆ ਰਹੀ ਏ। ਓਸ ਦੇ ਨਿਵਾਰਨ ਲਈ ਅਨੇਕ ਮਹਾਂਪੁਰਸ਼ ਆਏ। ਓਨਾ ਵਿਚੋਂ ਹਰ ਇਕ ਦੀ ਅਪਨੀ ਵਿਸ਼ੇਸ਼ਤਾ ਹੈ। ਹੁਣ, ਸੀਥਿਯਨ, ਸ਼ਕ, ਯਵਨ, ਕਿਰਾਤ, ਪੁਲਿੰਦ ਆਦਿ ਵਿਦੇਸ਼ੀ ਕੌਮਾਂ ਨੂੰ ਗ੍ਰਾਸ ਕਰਨ ਵਾਲੀ ਅਜਗਰ ਵਾਂਗ ਪ੍ਰਬਲ ਪ੍ਰਤਾਪੀ ਆਰਯ ਜਾਤੀ ਕਿਸੇ ਵਿਸ਼ੇਸ਼ ਕਾਰਨ ਤੋਂ ਪ੍ਰੇਰਤ ਹੋਕੇ ਮੁਸਲਮਾਨਾ ਨੂੰ ਨਾ ਨਿਗਲ ਸਕੀ।

ਅਤੇ ਓਨਾ ਨਾਲ ਅਸੰਹ-ਯੋਗ ਕੀਤਾ। ਨਾ-ਮਿਲ-ਵਰਤਨ ਕੀਤਾ ਹਿੰਦੂ ਜਾਤੀ ਦੇ ਪ੍ਰਮਾਦੀ ਸਭਾਵ ਨੇ ਓਸ ਵੇਲੇ ਦੇ ਓਸ ਮਹਾਂ ਪੁਰਸ਼ ਦਾ ਨਾਉਂ ਸਦਾ ਦੇ ਲਈ ਭੁਲਾ ਦਿਤਾ ਏ।

ਠੀਕ ਇਸੇ ਤ੍ਰਾਂ ਬਿਕ੍ਰਮੀਂ ੧੯ ਵੀਂ ਸਦੀ ਦੇ ਅਰੰਭ ਵਿਚ ਜਦ ਕਿ ਬੀਰ ਜਨਨੀ ਪੰਜਾਬ ਦੀ ਭੂਮੀ ਕਈ ਸ੍ਵਾਰਥਾਂਦ, ਦੇਸ਼ ਦ੍ਰੋਹੀ ਪਤਿਤ ਆਤਮਾ ਦੇ ਪਾਪਾਂ ਦੇ ਕਾਰਨ ਪ੍ਰਤੰਤ੍ਰਤਾ ਦੇ ਬੰਧਨਾਂ ਵਿਚ ਨਰੜੀ ਜਾ ਚੁਕੀ ਸੀ। ਨਰ ਕੇਸ਼ੀਆਂ ਦੀ ਸੰਤਾਨ ਪ੍ਰਾਧੀਨਤਾ ਦੇ ਪਿੰਜਰੇ ਵਿਚ ਕੈਦ ਕੀਤੀ ਜਾ ਚੁਕੀ ਸੀ। ਓਸਦੇ ਨਿਵਾਰਣ ਦਾ ਕਾਰਨ ਜਿਸਤ੍ਰਾਂ ਉਸ ਵੇਲੇ ਕੌਮ ਨੇ ਸੋਚਿਆ ਆਪਣੇ ਬਚਾ ਦਾ ਉਪਾਉ ਕਰਨਾ ਸੋਚਿਆ-ਓਸਦਾ ਮੂਰਤੀ ਸਰੂਪ ਸਤਿਗੁਰੂ ਸ੍ਰੀ ਰਾਮ ਸਿੰਘ ਜੀ ਮਹਾਰਾਜ ਦੇ ਰੂਪ ਵਿਚ ਪ੍ਰਗਟ ਹੋਯਾ।

ਭਾਰਤ ਵਰਸ਼ ਧ੍ਰਮ ਪ੍ਰਧਾਨ ਦੇਸ਼ ਹੈ ਇਸ ਵਿਚ ਕੋਈ ਕਾਰਜ ਸਫਲ ਨਹੀ ਹੋ ਸਕਦਾ ਜਦ ਤੀਕ ਧਰਮ ਦੀ ਪੁਠ ਓਸ ਵਿਚ ਨਾ ਹੋਵੇ. ਅਰਥਾਤ ਧਰਮ ਪ੍ਰਾਯਣ ਧ੍ਰਮ ਪ੍ਰਾਣ ਨੇਤਾ ਹੀ ਭਾਰਤੀ-ਯਤਾ ਦੇ ਅਸਲੀ ਨੇਤਾ ਬਨ ਸਕਦੇ ਹਨ ਪ੍ਰਮਾਣ ਦੇ ਲਈ ਕਾਂਗ੍ਰੇਸ ਦਾ ਇਤਹਾਸ ਹੀ ਦੇਖ ਲਓ ਜਦ ਤੀਕ ਧ੍ਰਮ ਤੋਂ ਉਦਾਸੀਨ ਮਹਾਂ ਪੁਰਸ਼ ਦੇ ਹਥ ਵਿਚ ਜਾਤੀ ਮਹਾ ਸਭਾ ਦੀ ਬਾਗ ਡੋਰ ਰਹੀ ਤਦ ਤੀਕ ਏਹ ਇਕ ਨਿਸ਼ਪ੍ਰਾਣ ਮ੍ਰਿਤਕ ਜੇਹੀ ਸੰਸਥਾ ਬਣੀ ਰਹੀ। ਜਦ ਤੋਂ ਕਾਂਗ੍ਰੇਸ ਦੀ ਵੇਦੀ ਉਤੇ ਮਹਾਤਮਾ ਗਾਂਧੀ ਆਏ ਹਨ, ਰਾਜ-ਨੀਤੀ ਨੂੰ ਧਰਮ ਦਾ ਰੂਪ ਦਿਤਾ ਗਿਆ ਏ, ਤਦ ਤੋਂ ਕਾਂਗ੍ਰੇਸ ਵਿਚ ਨਵਾਂ ਉਤਸ਼ਾਹ, ਨਵਾਂ ਜੀਵਨ ਆ ਗਿਆ ਏ। ਧ੍ਰਮ ਦਾ ਇਕ ਮੁਖ ਅੰਗ ਹੈ, ਸਭ ਮਨੁਖਾਂ ਵਿਚ ਸਮਤਾ ਦੇ ਭਾਵ, ਪਰ ਜਦ ਇਕ ਜਾਤੀ ਦੂਜੀ ਉਤੇ ਰਾਜ ਕਰ ਰਹੀ ਹੋਵੇ ਤਾਂ ਓਸਦ ਲੋਪ ਹੋ ਜਾਂਦਾ ਏ ਅਤੇ ਓਸਦੇ ਦੂਰ ਕਰਨ ਦੇ ਦੋ ਹੀ ਉਪਾ ਹਨ ਇਕ ਯੁਧ, ਦੂਜਾ ਨਾ-ਮਿਲ-ਵਰਤਨ ਪਹਿਲਾ ਵਿਕ੍ਰਤ ਮਸਤਕ ਵਾਲੀ ਬਰਬਰ ਜਾਤੀ ਦਾ ਉਪਾ ਹੈ ਦੂਜਾ ਆਤਮ ਸ਼ਕਤੀ ਸਪੰਨ ਧ੍ਰਮ ਪ੍ਰਾਣ ਜਾਤੀ ਦਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਜੋ ਜਾਤੀ ਦੇ ਤਤਕਾਲਿਕ ਭਾਵਾਂ ਦਾ ਦੂਜਾ ਰੂਪ ਸਨ ਇਸ ਤਤ ਨੂੰ ਸਮਝਿਆ ਅਤੇ ਓਸੇ ਨੂੰ ਹੀ ਅਪਣਾਯਾ ਓਨ੍ਹਾਂ ਦਾ ਨਾ-ਮਿਲਵਰਤਨ ਨਿਰਾਲੀ ਸ਼ਾਨ ਦਾ ਏ। ਓਨ੍ਹਾ ਦਾ ਅਸੰਹ-ਯੋਗ ਏਕਾਂਗੀ ਨਹੀ। ਸਗੋਂ ਸਰਬਾਂਗੀ ਹੈ। ਓਨਾ ਦਾ ਚੇਲਾ ਸਚਾ ਸਿਖ ਟੈਕਸ ਨਹੀ ਦਿੰਦਾ ਸਰਕਾਰੀ ਨਹਰ ਵਿਚੋਂ ਪਾਣੀ ਨਹੀ ਲੈਂਦਾ ਸਰਕਾਰੀ ਡਾਕ ਵਿਚ ਚਿਠੀ ਨਹੀ ਪੌਂਦਾ ਸਰਕਾਰੀ ਸਕੂਲਾਂ ਵਿਚ ਆਪਣੀ ਸੰਤਾਨ ਨੂੰ ਨਹੀ ਪੜ੍ਹਾਂਦਾ। ਵਿਸਥਾਰ ਦੀ ਕੀ ਲੋੜ ਓਹ ਕਿਸੇ ਕਾਰਜ ਵਿਚ, ਨਾ ਹੀ ਸਰਕਾਰ ਦੀ ਸਹੈਤਾ ਕਰਦਾ ਏ ਨਾ ਹੀ ਓਸ ਤੋਂ ਕਰਾਂਦਾ ਏ।

ਕਾਂਗ੍ਰੇਸ ਨੂੰ, ਜਿਸਦੀ ਪਿਠ ਤੇ ਸਾਰਾ ਭਾਰਤ ਵਰਸ਼ ਤਾਂ ਹੈ ਹੀ ਨਾਲ ਹੀ ਬਾਹਰ ਦੇ ਕਈ ਦੇਸ਼ ਜਿਸ ਨਾਲ-ਸਹਾਨ ਭੂਤੀ ਰਖਦੇ ਹਨ, ਅਜੇਹੀ ਸਫਲਤਾ ਅਸੰਹ-ਯੋਗ ਸੰਗ੍ਰਾਮ ਵਿਚੋਂ ਨਹੀ ਹੋਈ ਸਤਿਗੁਰੂ ਰਾਮ ਸਿੰਘ ਜੀ ਦੇ ਸਿਖਾਂ ਦੀ ਗਿਣਤੀ ਥੋੜੀ ਜੇਹੀ ਏ ਪਰ ਓਨ੍ਹਾ ਦਾ ਅਸੰਹ-ਯੋਗ ਪੂਰਨ ਹੈ ਇਸ ਲਈ ਸ੍ਰੀ ਸਤਿਗੁਰੂ ਰਾਮਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

ਮਹਾਰਾਜ ਨੂੰ ਮੈਂ **"ਅਸਹ-ਯੋਗ ਵਾਲਾ ਬਾਬਾ"** ਆਖਾਂਗਾ ਜਿਸਤਾਂ ਵੇਦਾਂ ਦੇ ਪ੍ਰਚਾਰਕ ਵਿਦ੍ਵਾਨ ਸ੍ਰੀ ਸੁਆਮੀ ਦਯਾ ਨੰਦ ਜੀ ਤੋਂ ਪਹਿਲਾਂ ਵੀ ਅਨੇਕ ਹੋਏ ਹਨ ਪਰ ਵੇਤਾਂ ਨੂੰ ਪ੍ਰਥਮ ਸਥਾਨ ਦੇਣ ਕਰਕੇ ਓਹੀ "ਵੇਦਾਂ ਵਾਲਾ ਸੁਆਮੀ" ਕਹਿਲਾਂਦੇ ਹਨ। ਠੀਕ ਇਸੀ ਤਰਾਂ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਤੋਂ ਪਹਿਲਾਂ ਵੀ ਅਨੇਕ ਅਸਹ ਯੋਗੀ ਹੋਏ ਹਨ ਪਰ ਓਨਾ ਦਾ ਅਸਹ ਯੋਗ ਅਜੇਹਾ ਪੂਰਨ ਨਹੀ ਪ੍ਰਤੀਤ ਹੁੰਦਾ ਇਸ ਲਈ **"ਅਸਹਯੋਗ ਵਾਲਾ ਬਾਬਾ"** ਏਨ੍ਹਾ ਹੀ ਮਹਾ ਪੁਰਸ਼ਾਂ ਦਾ ਨਾਉ ਹੋ ਸਕਦਾ ਏ। ਆਓ, ਅਸੀ ਸਭ ਮਿਲਕੇ ਬੜੇ ਪ੍ਰੇਮ ਨਾਲ ਕਹੀਏ:-

'ਅਸਹ ਯੋਗ ਵਾਲੇ ਬਾਬੇ ਦੀ ਜਯ'

—:o:—

(ਵਲੋਂ-ਬੀਬੀ ਗੁਰਬਚਨ ਕੌਰਜੀ "ਕੇਹਰ")

ਨਹੀ ਸੁਖ ਸੁਨੇਹੜਾ ਕੋਈ ਆਇਆ,
ਗਿਆ ਜਦੋਂ ਦਾ ਪੀਆ ਕਰਾਰ ਕਰਕੇ।
ਕਾਨੂ ਰੁਠ ਬੈਠਾ ਮੰਨ ਮਾਰ ਪ੍ਰੀਤਮ,
ਲੈਂਣਾ ਕੀ ਏਦਾਂ ਅਵਾਜਾਰ ਕਰਕੇ।
ਮੇਰੇ ਮੀਤ ਤੈਂ ਮੈਨੂ ਵਛੋੜਿਆ ਕਿਉਂ,
ਕੇੜੇ ਦੂਤੀਆਂ ਦੀ ਦਿਲੀ ਖਾਰ ਕਰਕੇ।
ਗੁਜਰੇ ਸਮਾ ਪੀਆ ਤੇਰੀ ਯਾਦ ਅੰਦਰ,
ਬਖਸ਼ੀ ਕੇਹਰ ਪੀਆ ਗੁਨਾਹਗਾਰ ਕਰਕੇ।
ਰਖਾਂ ਅ ਪਨੇ ਚਿਤ ਵਿਚ ਯਾਦ ਹਰਦਮ,
ਮਨ ਮੋਹਨ ਮੈ ਮੂਰਤੀ ਧਾਰ ਕਰਕੇ।
ਹਰੀ ਦਿਆਲ ਹੋਵੇ ਮੈ ਨਿਹਾਲ ਹੋਵਾਂ,
ਤੈਨੂੰ ਮਿਲੇਗਾ ਕੀ ਵਸਾਰ ਕਰਕੇ।
ਕਰੀਂ ਮੇਹਰ ਮੈਤੇ ਚੀਨੀ ਵਾਲਿਆ ਵੇ,
ਦਿਲ ਹਾਰ ਚੁਕਾ ਤਾਹਨੇ ਖਾ ਕਰਕੇ।
ਮੁੜ ਮੁੜ ਮੈ ਏਹੋ ਹੀ ਕੂਕਦੀ ਹਾਂ,
ਗਲੇ ਲਾ ਰਖੇ ਕੇਹਰ ਹਾਰ ਕਰਕੇ।
ਦਿਤਾ ਮੂਲ ਨਾ ਕੋਈ ਜਵਾਬ ਮੈਨੂ,
ਚੀਨੀ ਵਾਲਿਆ ਪਤ੍ਰਾ ਘਲਿਆਂ ਦਾ।
ਆਂਹੀਂ ਠੰਢੀਆਂ ਸੀਨਿਉਂ ਉਠ ਰਹੀਆਂ,
ਬੁਰਾ ਹਾਲ ਹੋਵੇ ਨੈਨਾ ਅਲਿਆਂ ਦਾ।
ਝਬੇ ਪਾ ੇਰਾ ਚੀਨੀ ਵਾਲਿਆ ਵੇ,
ਕੇਹਰ ਹਾਲ ਹੋਯਾ ਜਿਵੇਂ ਝਲਿਆਂ ਦਾ।

—:o:—

(ਵਲੋਂ ਸ੍ਰੀ ਮਾਨ ਭਾਈ ਕ੍ਰਿਪਾਲ ਸਿੰਘ ਜੀ ਸ਼ੇਖੂਪੁਰਾ ਬੇਦਾਦ)

ਭਾਗਾਂ ਭਰੀ ਸੁੰਦਰ ਬਸੰਤ ਰੁਤ ਵਿਚ ਆਕੇ,
ਹੋਯਾ ਏ ਉਜਾਲਾ ਜਗ ਨਿਰੰਕਾਰੀ ਨੂਰ ਦਾ।
ਕਟ ਦਿਤਾ ਦੁਖ ਤੇ ਕਲੇਸ਼ ਜਿਸ ਦੁਖੀਆਂ ਦਾ,
ਕਰ ਦਿਤਾ ਖ਼ਾਤਮਾਂ ਗੁਮਾਨ ਤੇ ਗ਼ਰੂਰ ਦਾ।
ਜਾਲਮਾਂ, ਤਕੱਬਰਾਂ, ਦੀ ਜੜ ਪੁਟ ਸੁਟ ਦਿਤੀ,
ਪੈਹਰ ਪਲਟਾਇ ਦਿਤਾ ਪਾਪ ਤੇ ਫਤੂਰ ਦਾ।
ਧੰਨ, ਧੰਨ, 'ਰਾਮ ਮਹੇਸ਼' ਬਖਸਿੰਦ ਗੁਰੂ,
ਸਚ ਭਾਨ ਚਾੜ੍ਹ ਅੰਧ ਮੇਟਿਆ ਹੈ ਕੂਰ ਦਾ।

—:o:—

(ਵਲੋਂ—ਸ੍ਰੀ ਮਾਨ ਸ: ਇੰਦ੍ਰ ਸਿੰਘ ਜੀ 'ਦਮਕ')

ਖੇੜਿਆਂ ਦੇ ਵਿਚ ਬੈਠੀ ਹੀਰ ਜ਼ਾਰ ਜ਼ਾਰ ਰੋਵੇ,
ਠੱਠਾ ਤੇ ਮਖੌਲ ਕਰਨ ਰੰਗ ਪੁਰੀ ਨਾਰੀਆਂ।
ਭੱਠ ਰੈਹਨਾ ਖੇੜਿਆਂ ਦਾ ਸੱਥਰ ਚੰਗਾ... ਰਾਂਝਨੇ ਦਾ,
ਹੀਰ ਕਹੇ ਕੀ ਤੁਸੀ ਜਾਨੋ ਮੱਤ ਮਾਰੀਆਂ।
ਸਤਿਗੁਰਾਂ ਦਾ ਪਿਆ ਹੈ ਵਯੋਗ ਡਾਢਾ ਸੱਲ ਮਾਰੇ,
ਪੁਛੋ ਜਾਕੇ ਅਜ ਮਸਤਾਨੇ ਨਾਮ-ਧਾਰੀਆਂ।
'ਦਮਕ' ਰਖੀ ਲੱਮੀ ਹੈ ਉਡੀਕ ਜਿਨਾ ਪਿਆਰਿਆਂ,।
ਹਜ਼ੂਰ ਜਦ ਤੋਂ ਚੀਨੀ ਤੇ ਨਾ ਕੀਤੀਆਂ ਸਵਾਰੀਆਂ

Sri Satguru Jagjit Singh Ji Elibrary NamdhariElibrary@gmail.com

ਦਰਸਨ ਦੇਖਤ ਦੋਖ ਨਸੇ

(ਵਲੋਂ ਪ੍ਰਸਿੱਧ ਵਿਦਵਾਨ ਸੰਤ ਸੰਪੂਰਨ ਸਿੰਘ ਜੀ ਪੀ. ਐਚ. ਡੀ. ਸ੍ਰੀ ਅੰਮ੍ਰਿਤਸਰ)

ਅੱਜ ਕੱਲ ਆਮ ਤੌਰ ਤੇ ਸਿਖਾਂ ਅੰਦਰ ਆਪਣੇ ਇਤਿਹਾਸ ਨੂੰ ਪੂਰਿਆਂ ਕਰਣ ਦੀ ਧੁਨ ਲਗੀ ਹੋਈ ਹੈ। ਅਪਣੀ ਤਰਫੋਂ ਸਮਰਥਾਨ ਪੂਰਾ ਕਰਣ ਵਿਚ ਇਨਾਂ ਲੋਕਾਂ ਵਿਚ ਯੋਗਤਾ-ਪੁਰਖ ਜਤਨ ਕਰ ਰਹੇ ਹਨ। ਨਾਮਧਾਰੀ ਵੀਰਾਂ ਨੂੰ ਭੀ ਇਸੇ ਹੀ ਸਿਲ-ਸਿਲੇ ਵਿਚ ਤੀਬਰ ਲਾਲਸਾ ਲਗੀ ਹੋਈ ਹੈ॥

ਪਿਛਲੇ ਵਰ੍ਹੇ ਇਨਾਂ ਨੇ "ਸਤਿਜੁਗ" ਦਾ ਬਸੰਤ ਨੰਬ੍ਰ ਕਢਕੇ ਕਾਫੀ ਸਫਲਤਾ ਪ੍ਰਾਪਤ ਕਰ ਲਈ ਹੈ, ਤੇ ਏਸੇ ਕਰਕੇ ਹੀ ਐਤਕੀ ਭੀ ਇਨ੍ਹਾਂ ਨੇ ਬੜੀ ਸਰਗਰਮੀ ਨਾਲ ਬਸੰਤ ਨੰਬ੍ਰ ਕਢਣ ਰਾਹੀਂ ਆਪਣੇ ਨਾਮਧਾਰੀ ਪੰਥ ਦੇ ਬਾਨੀ ਸ੍ਰੀ ਬਾਬਾ ਰਾਮ ਸਿੰਘ ਜੀ ਦੇ ਜੀਵਨ ਬ੍ਰਿਤਾਂਤ ਸੰਬੰਧੀ ਅਧਿਕ ਸਮਾਚਾਰ ਪ੍ਰਾਪਤ ਕਰਨ ਦਾ ਮੁੜ ਉਪ੍ਰਾਲਾ ਕੀਤਾ ਹੈ।

ਨਾਮਧਾਰੀ ਲੋਗ ਦਸਾਂ ਗੁਰੂਆਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੂਰੀ ਪੂਰੀ ਤਰਾਂ ਇਸ਼੍ਟ ਦੇਵ ਮੰਨਣ ਕਰਕੇ ਅਰ ਗੁਰੂ ਘਰ ਦੀ ਰਹਤ ਬਹਤ ਦੇ ਪੂਰੇ ਧਾਰਣੀ ਹੋਣ ਕਾਰਣ ਖਾਲਸਾ ਪੰਥ ਦੇ ਅਸਲੋਂ ਹੀ ਦੇਹ ਪ੍ਰਾਣ ਹਨ। ਮੈਂ ਏਨ੍ਹਾਂ ਖਯਾਲਾਂ ਦਾ ਆਦਮੀ ਨਹੀਂ ਹਾਂ ਜਿਹੜੇ ਕਿ ਆਖਦੇ ਹਨ—"ਸਿਖਾਂ ਦਾ ਇਤਹਾਸ ਕੋਈ ਨਹੀਂ" ਮੇਰਾ ਨਿਸਚਾ ਹੈ ਕਿ "ਸਿੱਖਾਂ" ਦਾ ਇਤਹਾਸ ਹੈ ਅਰ ਸਮੂਹ ਇਤਹਾਸਕ ਜਾਤੀਆਂ ਦੇ ਇਤਹਾਸ ਨਾਲੋਂ ਬਹੁਤ ਵਧਵੇਂ ਦਰਜੇ ਉਪਰ, ਸੂਰਜ ਚੰਦ ਦੀ ਤਰ੍ਹਾਂ ਚਮਕਨ ਹਾਰਾ ਹੈ। ਪਰ ਏਸ ਸਮੇਂ ਅਨੁ-ਸਾਰ (ਆਖਿਆ ਜਾ ਸਕਦਾ ਹੈ) ਅਪੂਰਣ।"

ਭਾਈ ਸੰਤੋਖ ਸਿੰਘ ਜੀ ਨੇ ਜੋ ਅਪੂਰਬ ਜਤਨ ਸਿੱਖ ਇਤਹਾਸ ਦਾ ਅਨਹੋਂਦ ਦਾ ਧੱਬਾ ਧੋਣ ਖਾਤਰ ਕੀਤਾ ਸੀ। ਉਹ ਦੀ ਦਾਦ ਗੁਰੂ ਨਿਰੰਕਾਰ ਦੇ ਦਰੋਂ ਉਦੇ ਅਸਤ ਪ੍ਰਯੰਤ ਉਨਾਂ ਦੀ ਰੂਹ ਨੂੰ ਮਿਲਦੀ ਰਹੂ, ਤੇ ਜੇਹੜੇ ਕੋਈ ਉਨ੍ਹਾਂ ਦੀ ਮਿਹਨਤ ਪੁਰ ਦੂਖਣਾ ਤੇ ਊਜਾਂ ਲੌਣ ਦੀ ਕਰਦੇ ਹਨ; ਮੈਂ ਉਨਾਂ ਨੂੰ ਚੰਦ ਉੱਤੇ ਥੁਕਨ-ਵਾਲੇ ਸਮਝਦਾ ਹਾਂ॥ ਅਕਸਰ ਉਹ ਇਨਸਾਨ ਸਨ, ਹੁਣ ਦੇ ਸਮੇਂ ਮੂਜਬ ਚਾਹੇ ਇਕਨਾਂ ਓਨ੍ਹਾਂ ਦੀਆਂ ਬਾਤਾਂ ਨਾਲ ਸਾਡੀ ਸੰਮਤੀ ਨਾਂ ਭੀ ਹੋਵੇ। ਪਰ ਸਾਨੂੰ ਇਹ ਸਮਝਨਾ ਚਾਹੀਦਾ ਏ ਜੋ ਓਦੋਂ ਦਾ ਹੀ ਇਤਹਾਸ ਲੋੜੀ ਦਾ ਸੀ ਤੇ ਇਸ ਸਮੇ ਜਮਾਨੇ ਦਾ ਰੁਖ ਬਦਲਿਆ ਹੋਇਆ ਹੈ। ਇਸ ਲਈ ਅਜ ਕੱਲ ਦੀ ਰੋਸ਼ਨੀ ਵਿਚ ਨਵੇਂ ਸਰੂਪ ਵਿਖੇ, ਜਾਂ ਓਨ੍ਹਾਂ ਕੋਲੋਂ ਰਹਿ ਗਈਆਂ ਘਟਨਾਵਾਂ ਨੂੰ (ਜੋ ਅਸਾਨੂੰ ਖੋਜ ਤੇ ਪਿਛੋਂ ਮਿਲੀਆਂ ਹਨ) ਸ਼ਾਮਲ ਕਰਕੇ ਓਸੇ ਇਤਹਾਸ ਨੂੰ ਪੂਰਿਆਂ ਕਰਣਾਂ ਚਾਹੀਏ। ਅਥਵਾ ਪਿਛੋਂ ਦੇ ਵਰਤਦੇ ਆ ਰਹੇ ਹੁਣ ਤਕ ਦੇ ਹਾਲਾਤ ਸ਼ਾਮਲ ਕਰਕੇ ਇਤਹਾਸ ਨੂੰ ਪੂਰਿਆਂ ਕਰਣਾਂ ਚਾਹੀਦਾ ਹੈ॥ ਗੁਰ-ਪ੍ਰਤਾਪ ਸੂਰਜ ਤੋਂ ਅਲਗ ੨ ਭੀ ਜੋ ਅੰਗ ਰੂਪ ਛੋਟੇ ੨ ਪ੍ਰਾਚੀਨ ਗ੍ਰੰਥ ਇਤਹਾਸ ਸਬੰਧੀ ਮਿਲਦੇ ਹਨ ਓਨਾਂ ਬਾਬਤ ਭੀ ਏਕੂੰ ਹੀ ਸਮਝਣਾਂ ਚਾਹੀਦੇ॥

ਜਿਤਨੇ ਗ੍ਰੰਥ ਛੋਟੇ ਵਡੇ ਇਸ ਵਿਸ਼ੇ ਸਬੰਧੀ ਮਿਲਦੇ ਹਨ। ਪੰਥ ਪ੍ਰਕਾਸ਼ ਦੇ ਥੋੜ੍ਹੇ ਲੇਖ ਤੋਂ ਛੁਟ ਨਾਮਧਾਰੀ ਪੰਥ ਦਾ ਇਤਿਹਾਸ ਸਚ ਮੁਚ ਪੂਰਾ ਪੂਰਾ ਕਿਧਰੋਂ ਭੀ ਹਥ ਨਹੀਂ ਔਂਦਾ ਸੀ, ਜਿਸ ਕਰਕੇ ਨਾਮਧਾਰੀ ਵੀਰਾਂ ਦਾ ਉਦੱਮ ਹਰ ਤਰ੍ਹਾਂ ਨਾਲ ਸਲੌਹਨ ਦੇ ਯੋਗ ਹੈ ਤੇ ਕਰਤਾਰ ਓਨਾਂ ਦੇ ਏਸ ਪ੍ਰੀਸ਼ਰਮ ਨੂੰ ਸ਼ੀਘਰ ਸਿਰੇ ਚਾੜ੍ਹਨ ਲਈ ਬਰਕਤ ਬਖਸ਼ੇ। ਓਨ੍ਹਾਂ ਦਾ ਵੀਚਾਰ ਹੈ ਕਿ ਅਪਣੇ ਪੰਥ ਦੇ ਬਾਨੀ ਸ੍ਰੀ ਬਾਬਾ ਰਾਮ ਸਿੰਘ ਜੀ ਦੇ ਜੀਵਨ ਸੰਬੰਧੀ ਸਮਾਚਾਰਾਂ ਨੂੰ ਇਕਠਿਆਂ ਕਰਕੇ ਓਨਾਂ ਦੇ ਜੀਵਨ ਬ੍ਰਿਤਾਂਤ ਨੂੰ ਪੂਰਣ ਲੜੀ ਵਿਚ ਪ੍ਰੋਣ। ਜੋ ਭ੍ਰੋਸਾ ਹੈ ਕਿ ਏਸ ਸਿੱਖ ਇਤਹਾਸ ਦੇ ਏਸ ਚਮਕਦੇ ਸਤਾਰੇ ਦੇ ਵਰਤਾਰੇ ਅਰੁ ਚਰਿਤ੍ਰਾਂ ਬਾਰੇ-ਦਿਕਤ੍ਰ ਕਰਣ ਦਾ-ਲਗਾਤਾਰ ਜਤਨ ਕਰਦਿਆਂ ਬਹੁਤ ਛੇਤੀ ਪ੍ਰਤਿਸ਼੍ਹਾ ਅਰੁ ਮਾਨ ਦੇ ਹਰ ਤਰ੍ਹਾਂ ਸਥਾਨ ਉਕਤ ਬਾਬਾ ਜੀ ਦੇ ਬਿਰਤਾਂਤ ਨੂੰ ਪੂਰਿਆਂ ਕਰਣ ਵਿਚ ਇਹ ਲੋਗ ਸੁਫਲਤਾ ਪ੍ਰਾਪਤ ਕਰ ਲੈਣਗੇ, ਤੇ ਇਉਂ ਕਰਣ ਨਾਲ ਸਿੱਖ-ਇਤਹਾਸ ਦੀ ਹੀ ਮਾਨੋ ਇਸ ਊਨਤਾ ਨੂੰ ਦੂਰ ਕਰਣ ਕਰਕੇ ਸਿੱਖ ਪੰਥ ਦੀ ਧੰਨਵਾਦਿਤਾ ਦੇ ਅਧਿਕਾਰੀ ਬਨਣਗੇ।

ਇਸ ਗੱਲ ਨੂੰ ਮੁਖ ਰਖਕੇ ਆਪਦੇ ਪ੍ਰਭਾਵ ਦਾ ਇਕ ਚਮਤ੍ਕਾਰ ਜੋ ਲਗ ਪਗ ਤੀਹ ਪੈਂਤੀ ਵਰ੍ਹੇ ਹੋਏ ਹਨ ਕਿ ਬਜ਼ੁਰਗਾਂ ਦੀ ਰਸਨਾਂ ਤੋਂ ਸੁਣਿਆਂ ਹੋਯਾ ਹੈ। ਇਥੇ ਪ੍ਰਗਟ ਕਰਦਾ ਹਾਂ ਤਾਂ ਜੋ ਉਕ੍ਰ ਬਾਬਾ ਜੀ ਦੇ ਜੀਵਨ ਬਿਰਤਾਂਤ੍ਰ ਲੜੀ ਦੀ ਛ੍ਹਾਂ ਸਿਰ ਅੰਕਿਤ ਹੋ ਕੇ ਅਪਣਾ ਅੰਗ ਨਿਬਾਹ ਸਕੇ!

ਇਹ ਬਿਰਤਾਂਤ ਉਦੋਂ ਦਾ ਹੈ ਜਦ ਕਿੰ ਮਾਝੇ ਦੇ ਇਲਾਕੇ ਵਿਚ ਇਕੇਰਾਂ ਡਾਕਆਂ ਤੇ ਧਾੜਯਾਂ ਦੀ ਅੱਤ ਤੋਂ ਵੱਧ ਭਰਮਾਰ ਜਾਰੀ ਸੀ। ਅਤੇ ਉਸਦੀ ਰੋਕ ਥਾਮ ਲਈ ਅੰਮ੍ਰਿਤਸਰੀ ਤੱਲਕੇ ਦੀ ਪੁਲਿਸ ਦੀ ਵਾਗ ਡੋਰ ਬਾਰ ਬਟਨ ਸਾਹਿਬ ਦੇ ਹੱਥ ਵਿੱਚ ਸੀ। ਓਨੀਂ ਦਿਨੀਂ ਹੀ ਸ੍ਰੀਮਾਨ ਬਾਬਾ ਰਾਮ ਸਿੰਘ ਜੀ ਨੂੰ ਆਪਣੀ ਨਾਮਧਾਰੀ ਸੰਗਤ ਸਮੇਤ ਸ੍ਰੀ ਅੰਮਿਤਸਰ ਔਣ ਦਾ ਸਮਾਗਮ ਹੋਇਆ॥ ਮੇਰੇ ਬ੍ਰਿਧ ਜੀ ਨੇ ਦਸਿਆ ਸੀ ਕਿ ਆਪਦੇ ਡੇਰੇ ਤਦੋਂ ਓਸ ਮੈਦਾਨ ਵਿਚ ਲਗੇ ਹੋਏ ਸਨ। ਜਿਥੇ ਕਿ ਹਰ ਵਰ੍ਹੇ ਦੁਸੈਹਰੇ ਦਾ ਪਿੜ ਲਗਯਾ ਕਰਦਾ ਹੈ॥ ਬੇਸ਼ੁਮਾਰ ਸੰਗਤ ਤੇ ਦਰਸ਼ਕਾਂ ਦਾ ਹਜੂਮ ਸੀ; ਅਤੇ ਬਾਬੇ ਜੀ ਦਾ ਆਸਨ ਤਖ਼ਤਪੋਸ਼ਾਂ ਦੀ ਉੱਚੀ ਸਟੇਜ ਕਾਇਮ ਕਰਕੇ, ਓਸਦੇ ਉਪਰ ਲਗਾਯਾ ਹੋਯਾ ਸੀ; ਤਾਕਿ ਸਭ ਕੋਈ ਹੀ ਖੁਲ੍ਹੇ ਦਰਸ਼ਨ ਕਰ ਸਕੇ॥

ਐਨ ਓਸ ਸਮੇਂ ਬਾਰ ਬਟਨ ਸਾਹਬ ਬਾਬਾ ਰਾਮ ਸਿੰਘ ਜੀ ਦੇ ਪਾਸ ਪੁਜਾ, ਤੇ ਓਸਨੇ ਸਤਿਕਾਰ ਪੂਰਬਕ ਆਪ ਤੋਂ ਪੁੱਛਿਆ ਕਿ ਓਹ ਓਨਾਂ ਦੀ ਕਲਾ ਦਾ ਕੁਛ ਪ੍ਰਭਾਵ ਦੇਖਣਾ ਲੋਚਦਾ ਹੈ। ਜਿਸ ਪਰ ਬਾਬਾ ਜੀ ਨੇ ਆਖਯਾ ਕਿ "ਸਾਹਬ ਕੰਨ ਉਰੇ ਕਰ—ਤਾਂ ਦਸੀਏ" ਪਰ ਸਾਹਬ ਇਸ ਮਤਲਬ ਲਈ ਅੱਗੇ ਨਾ ਹੋਯਾ; ਅਲਬੱਤਾ ਪੰਜੇ ਅੰਬ ਸ਼ਰਈਆਂ ਦੇ ਸਰਦਾਰ ਗੁੰਡੇ ਨੂੰ ਇਸ ਪ੍ਰਯੋਜਨ ਖਾਤਰ ਓਨ੍ਹਾਂ ਦੇ ਪੇਸ਼ ਕੀਤਾ। ਜਿਸਨੂੰ ਓਨਾਂ ਦੇ ਕੰਨ

ਵਿਚ ਮੰਤ੍ਰ ਉਪਦੇਸ਼ ਕਰ ਦਿਤਾ—ਤੇ ਓਸੇ ਛਿਣ ਹੀ ਓਸਦੀ ਐਸੀ ਕਾਯਾਂ ਪਲਟ ਦਿਤੀ ਕਿ ਸਭਨਾਂ ਹੀ ਵਿਕਾਰੀ ਪ੍ਰਵਿੰ-ਰਤੀਆਂ ਵਲੋਂ ਓਸਦੇ ਅੰਦਰ ਸਦਾ ਲਈ ਸੁਤੇ ਹੀ ਤੌਬਾ ਵਰਤ ਗਈ ॥

ਸੁਣਿਆ ਹੈ ਕਿ ਉਹ ਬਜਾਨ ਤਾ ਕੁਛ ਨਹੀਂ ਕਰ ਸਕਿਆ ਸੀ। ਪਰ ਉਸ ਵੇਲੇ ਤੋਂ ਪਿਛੇ ਓਸਦੇ ਲੰਗੋਟੀਏ ਯਾਰਾਂ ਦੇ ਹਜਾਰਾਂ ਯਤਨ ਕਰਣ ਤੇ ਭੀ ਓਸਨੇ ਮਾਸ-ਮਦ ਆਦਿ, ਕੁਚਾਲਾਂ ਵੱਲੇ ਕਦਾ-ਚਿੱਤ ਭੀ ਕੰਨ ਤਕ ਨਾਂ ਧਰਿਆ।

ਬੱਸ ! ਇਸਦਾ ਨਾਮ ਹੈ ਆਤਮਿਕ ਚਮਤਕਾਰ ਤੇ ਦੇਵੀ ਪ੍ਰਭਾਵ, ਜਿਸਨੂੰ ਅਖੀਂ ਡਿਠੇ ਆਪਣੇ ਬਜ਼ੁਰਗ ਜੀ ਦੀ ਜ਼ਬਾਨੀ ਸੁਨਣ ਤੇ ਵਿਸ਼੍ਵਾਸ ਗੋਚਰਾ ਬਣਾਇਆ ਹੋਯਾ ਹੈ॥ ਸਚ ਮੁਚ ਮਹਾਂ ਪੁਰਖਾਂ ਦੇ ਆਤਮਿਕ ਪ੍ਰਭਾਵ ਦੀ ਇਹ ਇਕ ਖਾਸ ਨਿਸ਼ਾਨੀ ਹੈ। ਜਿਸਦੇ ਪ੍ਰਥਾਇ ਸਿਰ ਆਇਆ ਹੈ॥ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ:—

"ਦਰਸਨ ਦੇਖਤਿ ਦੋਖ ਨਸੇ"

ਨਾਮਧਾਰੀ ਵੀਰਾਂ ਨੂੰ ਅਪਣੇ ਅਗ-ਣੀਯ ਗੁਰਮੁਖ ਪਯਾਰੇ ਬਾਬਾ ਰਾਮ ਸਿੰਘ ਜੀ ਦੇ ਇਤਹਾਸ ਤਯਾਰ ਕਰਣ ਦੀ ਚੂੰਕਿ ਤੀਬਰ ਲਾਲਸਾ ਉਮਗੀ ਹੋਈ ਹੈ। ਇਸ ਕਰਕੇ ਇਸ ਅਵਸ਼ਕ ਘਟਨਾਂ ਨੂੰ ਇਨਾਂ ਸਤ੍ਰਾਂ ਦ੍ਵਾਰੇ ਪ੍ਰਗਟ ਕੀਤਾ ਗਿਆ ਹੈ। ਆਸ ਹੈ ਇਹ ਘਟਨਾਂ ਉਕ੍ਤ ਵੀਰਾਂ ਦੇ ਦਿਲਾਂ ਨੂੰ ਨਿਰਸੰਦੇਹ ਪ੍ਰਫੁਲਿਤ ਕਰੇਗੀ ਤੇ ਹਰ ਪਾਠਕ ਅਰੁ ਸ੍ਰੋਤੇ ਦੇ ਦਿਲ ਉਪਰ ਭੀ ਅਸਰ ਪਾਏ ਬਿਨਾਂ ਨਾ ਰਹੇਗੀ ਕਿ ਉਹ ਬਾਬਾ ਜੀ ਦੇ ਚਰਣਾ ਉਪਰ ਸਰਧਾ ਅਰੁ ਸਤਿਕਾਰ ਦੇ ਫੁਲ ਚੜ੍ਹਾਵੇ॥ 'ਕਰਤਾਰ ਸਹਾਯ'

ਪ੍ਰੇਮ–ਸੁਨੇਹਾ

(ਵਲੋਂ ਸ੍ਰੀ ਮਾਨ ਸਾਹਿਤਯ ਰਤਨ ਲਾਲਾ ਧਨੀ ਰਾਮ ਜੀ "ਚਾਤ੍ਰਕ" ਅੰਮਰਤਸਰ)

ਸੰਸਾਰ ਵਿਚ ਅਨੇਕਾਂ ਇਨਸਾਨੀ ਨਸਲਾਂ ਪੈਦਾ ਹੋਈਆਂ ਤੇ ਮਿਟ ਗਈਆਂ। ਬਿਅੰਤ ਧਰਮ ਅਤੇ ਸੱਭਤਾਵਾਂ ਉੱਸਰੀਆਂ ਅਤੇ ਖੰਡ੍ਰਾਂ ਵਿਚ ਖਪ ਗਈਆਂ, ਪਰ ਹਿੰਦੂ ਸੱਭਤਾ ਆਪਣੀ ਲੱਖਾਂ ਵਰਿਹਾਂ ਦੀ ਉਮਰ ਭੋਗ ਕੇ ਭੀ ਉਸੇ ਤਰਾਂ ਜਵਾਨ ਅਤੇ ਹਿੰਦੂ ਧਰਮ ਭੀ ਚੰਦ੍ਰਮਾਂ ਦੀਆਂ ਕਲਾਂ—ਵਾਂਗ ਦਿਨੋ ਦਿਨ ਵਾਧੇ ਪਰ ਹੀ ਹੈ। ਇਸਦਾ ਮੂਲ ਕਾਰਣ ਇਹ ਹੈ ਕਿ ਹਿੰਦੂ ਯਾ ਏਰੀਅਨ ਜਨਿਤਾ ਇਕ ਰੂਟ ਰੇਸ ਅਰਥਾਤ ਬੁਨਿਆਦੀ ਨਸਲ ਹੈ ਅਤੇ ਇਨ੍ਹਾਂ ਦਾ ਵੇਦਕ ਧਰਮ ਰੂਟ ਰਿਲਿਜਨ ਅਰਥਾਤ ਮੂਲ ਧਰਮ ਹੈ। ਵੇਦਕ ਫਲਸਫੇ ਪਰ ਹਨੇਰੀ ਦੇ ਅਨੇਕਾਂ ਵਾਰ ਹੋਏ ਪਰ ਇਸ ਨੂੰ ਨਿਰਮੂਲ ਨਾ ਕਰ ਸਕੇ। ਸ੍ਵਾਮੀ ਰਾਮ ਤੀਰਥ ਨੇ ਜਦ ਅਮ੍ਰੀਕਾ ਵਿਚ ਜਾਕੇ ਵੇਦਕ ਸਿਧਾਂਤਾਂ ਨੂੰ ਚੰਗੀ ਤਰਾਂ ਸਮਝਾਯਾ, ਤਦ ਉਨ੍ਹਾਂ ਲੋਕਾਂ ਨੂੰ ਇਕ ਨਵੀਂ ਜਿਹੀ ਦੁਨੀਆਂ ਦਿਸਣ ਲਗ ਪਈ। ਉਥੋਂ ਦੇ ਪ੍ਰਸਿੱਧ ਫਿਲਾਸਫਰ-ਐਂਡੋ ਜੇਕਸ ਦਾ ਕਹਿਣਾ ਹੈ ਕਿ "ਮੈਨੂੰ ਆਰਯਾ ਵਰਤ ਦੇ ਅਗਨ ਕੁੰਡ ਵਿਚ ਇਸ ਤਰਾਂ ਦੀਆਂ ਲਾਟਾਂ ਬਲਦੀਆਂ ਦਿਸਦੀਆਂ ਹਨ, ਜੋ ਪਛਮੀ ਸੰਸਾਰ ਦੇ ਧਰਮਾਂ ਨੂੰ ਭਸਮ ਕਰ ਦੇਣ ਗੀਆਂ।" ਹਿੰਦੂ ਫਲਸਫੇ ਨੂੰ ਜਿਉਂ ਜਿਉਂ ਲੋਕ ਮੁਤਾਲਿਆ ਕਰਦੇ ਹਨ। ਤਿਉਂ ਤਿਉਂ ਇਸ ਦੀ ਵਿਸ਼ਾਲਤਾ

ਤੇ ਸਚਾਈਆਂ ਦੇ ਕਾਇਲ ਹੁੰਦੇ ਜਾਂਦੇ ਹਨ। ਇਸ ਦੇ ਸਿਧਾਂਤ (ਥਿਊਰੀਆਂ) ਐਸੇ ਅਮੋਘ ਹਨ ਕਿ ਜੋ ਹਰ ਕਸਵੱਟੀ ਪਰ ਜਾਕੇ ਖਰੇ ਹੀ ਉਤਰਦੇ ਹਨ।

ਇਹ ਫਲਸਫਾ ਇਿਨਾ ਵਿਸ਼ਾਲ ਤੇ ਪੁਰਾਤਨ ਹੈ ਕਿ ਜਿਸ ਦੀ ਛਾਂ ਹੇਠ ਪੂਰਬ ਦੇ ਸਾਰੇ ਧਰਮ ਲੁਕ ਜਾਂਦੇ ਹਨ। ਜੇਕਰ ਆਪ ਕਿਸੇ ਬੁੱਢੇ ਬੋਹੜ ਨੂੰ ਦੇਖੋ, ਤਦ ਪਤਾ ਲੱਗੇ ਗਾ ਕਿ ਉਸਦੇ ਅਨੇਕਾਂ ਟਾਹਣਾਂ ਵਿਚੋਂ ਦਾਹੜੀਆਂ ਲਮਕ ਦੀਆਂ ਹਨ, ਤੇ ਕਈਆਂ ਨੇ ਜਮੀਨ ਵਿਚ ਧਸਕੇ ਆਪਣੀ ਵਖਰੀ ਖੁਰਾਕ ਲੈਣੀ ਸ਼ੁਰੂ ਕਰ ਦਿਤੀ ਹੈ। ਜਿਉਂ ਜਿਉਂ ਇਹ ਥੰਮ੍ਹੀਆਂ ਪਕੀਆਂ ਹੁੰਦੀਆਂ ਜਾਂਦੀਆਂ ਹਨ, ਤਿਉਂ ਤਿਉਂ ਬੋਹੜ ਅੱਗੇ ਵਧੀ ਜਾਂਦਾ ਹੈ। ਠੀਕ ਇਹੋ ਹਾਲ ਵੇਦਕ ਧਰਮ ਦਾ ਹੈ। ਇਸ ਦੇ ਅੰਤਰ ਗਤ ਅਨੇਕਾਂ ਮਤ-ਮਤਾਂਤਰ ਸਮੇ ਅਨੁਕੂਲ ਪੈਦਾ ਹੋਏ, ਤੇ ਆਪਣੇ ਪੈਰਾਂ ਪਰ ਖਲੋ ਖਲੋ ਕੇ ਸੁਤੰਤਰ ਹੋ ਗਏ, ਪਰ ਅਖੀਰ ਆਪਣੇ ਫੁੱਲਾਂ ਪੱਤਰਾਂ ਤੋਂ ਉਸ ਮੂਲ ਧਰਮ ਦਾ ਅੰਸ਼ ਪਛਾਣੇ ਜਾਂਦੇ ਹਨ। ਇਹ ਸੁਧਰਾ ਸੋਨਾ ਭਾਵੇਂ ਬੇਅੰਤ ਸਾਂਚਿਆਂ ਵਿਚ ਢਲਿਆ ਹੋਯਾ ਹੈ ਪਰ ਝਲਕ ਇਸ ਦੀ ਉਹੋ ਹੈ। ਇਸ ਦੀਆਂ ਨੀਹਾਂ ਪਰ ਰੰਗਾ ਰੰਗ ਦੀਆਂ ਇਮਾਰਤਾਂ ਉਸਰੀਆਂ ਪਰ ਪੱਚਰ ਕਾਰੀ ਉਸੇ ਮੂਲ ਰੂਪ ਸੀਮਿੰਟ ਨਾਲ ਹੁੰਦੀ ਰਹੀ। ਇਸ ਦੇ ਜੁਗਾਂ ਜੁਗਾਂਤਰਾਂ ਤੋਂ ਮਿਥੇ ਹੋਏ ਅਸੂਲ, ਯੋਗ, ਵਦਾਂਤ, ਕਰਮ ਮਾਰਗ, ਮੋਖ ਮਾਰਗ, ਉਪਾਸਨਾ, ਆਵਾ ਗਵਨ, ਅਹਿੰਸਾ, ਸਚਾਈ ਭਗਤੀ, ਦਾਨ ਆਦਿਕ ਸਜਰੇ ਲਹੂ ਦੀ ਤਰਾਂ, ਸਾਰੇ ਮਤ ਮਤਾਂਤਰਾਂ ਦੀਆਂ ਨਾੜਾਂ ਵਿਚ ਪ੍ਰਵਾਹਿਤ ਹਨ। ਭਾਵੇਂ ਕੋਈ ਮਤ ਸ਼ੰਕਰਾ ਚਾਰਜੀ ਹੈ ਯਾ ਰਾਮਾਨੁਜੀ, ਮਾਧਵਾ ਚਾਰਜੀ ਹੈ ਜਾਂ ਵਲੱਭਾ ਚਾਰਜੀ, ਜੈਨੀ ਹੈ ਜਾਂ ਦਯਾ ਨੰਦੀ, ਉਹ ਸਾਰੇ ਕਿਸੇ ਨ ਕਿਸੇ ਅੰਸ ਵਿਚ ਉਸ ਵਡੇ ਬੋਹੜ ਨਾਲ ਜਾ ਮਿਲਦੇ ਹਨ। ਕਬੀਰ ਕਿਤੋਂ ਦਾ, ਨਾਮ ਦੇਵ ਕਿਤੋਂ ਦਾ, ਪੀਪਾ ਤੇ ਸੈਣ ਕਿਤੋਂ ਦੇ, ਪਰ ਪੰਜਾਬ ਵਿਚ ਬੈਠੇ ਗੁਰੂ ਅਰਜਨ ਦੇਵ ਨਾਲ ਐਉਂ ਘਿਉ ਖਿਚੜੀ ਹੁੰਦੇ ਹਨ ਕਿ ਇਕੋ ਗੁਰੂ ਗ੍ਰੰਥ ਸਾਹਬ ਦੇ ਪਤ੍ਰਿਆਂ ਪਰ ਜੁਗੋਂ ਜੁਗ ਵਾਸਤੇ ਕੱਠੇ ਹੋਕੇ ਬੈਠ ਜਾਂਦੇ ਹਨ। ਗੁਰੂ ਨਾਨਕ ਮਤ ਦਾ ਪਰਚਾਰ ਕਰਨ ਵਾਸਤੇ ਜਦ ਨਿਰਮਲੇ ਸਾਧੂ ਭਾਰਤ ਦੀਆਂ ਚਾਰੋਂ ਕੂਟਾਂ ਵਿਚ ਨਿਕਲ ਦੇ ਹਨ ਤਦ ਜੋ ਭੀ ਸ਼ੰਕਾ ਵੇਦਕਮਤਾ-ਵਲੰਬੀਆਂ ਵਲੋਂ ਉਠਾਈ ਜਾਂਦੀ ਹੈ, ਉਸ ਦਾ ਮਿਣਿਆ ਤੋਲਿਆ ਹੋਯਾ ਉਤ੍ਰ, ਗੁਰੂ ਗ੍ਰੰਥ ਸਾਹਬ ਦੇ ਕਿਸੇ ਨ ਕਿਸੇ ਸ਼ਬਦ ਵਿਚੋਂ ਮਿਲ ਜਾਂਦਾ ਹੈ। ਵੇਦਕ ਮਤ ਦਾ ਕੋਈ ਸਿਧਾਂਤ ਨਹੀਂ, ਜਿਸ ਦੀ ਅਸਲੀਅਤ ਨੂੰ ਇਸਦੇ ਵੀ ਬਾਣੀ ਵਿਚ ਖੋਲ ਕੇ ਨਾ ਦਿਖਾਯਾ ਗਿਆ ਹੋਵੇ

ਮੇਰੀ ਨਿਗਾਹ ਵਿਚ ਹਿੰਦੂ ਅਤੇ ਸਿਖ ਇਕੋ ਬਾਬੇ ਦੇ ਪੋਤ੍ਰੇ ਹਨ, ਨਾ ਇਨ੍ਹਾਂ ਦੀ ਤਹਿਜ਼ੀਬ ਵਖਰੀ ਹੈ, ਨਾਂ ਧਾਰਮਿਕ ਸਿਧਾਂਤ। ਅਜ ਤੋਂ ਪੰਜਾਹ ਵਰ੍ਹੇ ਪਹਿਲੇ ਇਨ੍ਹਾਂ ਵਿਚ ਸੂਈ ਦੇ ਸਿੰਜਾਰ ਜਿਨਾਂ ਭੀ ਫਰਕ ਨਹੀਂ ਸੀ, ਹਿੰਦੂਆਂ ਨੂੰ ਹਿੰਦੂ ਹੁੰਦਿਆਂ ਹੋਇਆਂ ਵੀ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕਣ ਤੋਂ ਆਰ ਨਹੀ ਸੀ। ਅਤੇ ਸਿਖਾਂ ਨੂੰ ਅਨੰਨ ਸਿਖ

Sri Satguru Jagjit Singh Ji Elibrary NamdhariElibrary@gmail.com

ਹੋਕੇ ਭੀ ਵੇਦਕ ਸਿਧਾਂਤਾਂ ਨੂੰ ਅਪਣਾਉਣ ਤੋਂ ਇਨਕਾਰ ਨਹੀਂ ਸੀ। ਇਹ ਜੋ ਮੌਜੂਦਾ ਵਿਥ ਸਾਨੂੰ ਆਪੋ ਵਿਚ ਭਾਸ ਰਹੀ ਹੈ, ਇਸਦਾ ਕਾਰਣ ਮਤ ਭੇਦ ਨਹੀਂ, ਸਗੋਂ ਪੋਲੀਟੀਕਲ ਲੋੜਾਂ ਹਨ, ਅਰ ਜਿਨ੍ਹਾਂ ਭਿੰਨ ਭੇਦਾਂ ਦੀ ਨੀਂਹ ਰਖੀ ਸੀ (ਰਬ ਬਹਿਸ਼ਤ ਦੇਸੂ) ਮੈਕਾਲਿਫ ਸਾਹਬ ਨੇ। ਉਸ ਨੇ ਇਕ ਸਾਬਤ ਤੇ ਨਰੋਈ ਲਟੈਨ ਵਿਚ ਇਕ ਬੇ ਮਲੂਮ ਆਰੀ ਫੇਰਕੇ ਚਾਰ ਗਜ ਦਾ ਟੋਟਾ ਵਖਰਾ ਕਰਕੇ ਬਿਠਾ ਦਿਤਾ। ਉਸ ਵੇਲੇ ਸਿਖ ਸ੍ਰਦਾਰਾਂ ਦੀ ਛਾਤੀ ਪਰ ਬਹਾਦੁਰੀ ਦੇ ਤਕਮੇ ਲਟਕ ਰਹੇ ਸਨ, ਤੇ ਬਾਰਾਂ ਦੇ ਮਰੱਬੇ ਜਾਗੀਰਾਂ ਵਜੋਂ ਵੰਡੇ ਜਾ ਰਹੇ ਸਨ ਤਦ ਸਰਕਾਰ ਦੀ ਸੱਜੀ ਢਾਕੇ ਚੜ੍ਹੀ ਹੋਈ ਜੀਉਂਦੀ ਜਾਗਦੀ ਕੌਮ ਤੋਂ ਇਹ ਕਿਸ ਤਰ੍ਹਾਂ ਹੋ ਸਕਦਾ ਸੀ ਕਿ ਇਕ ਮੋਈ ਮੁਰਦਾ ਅਠ ਸੌ ਵਰ੍ਹੇ ਦੀ ਗੁਲਾਮੀ ਹੇਠ ਮਲੀ ਦਲੀ ਹੋਈ ਕੌਮੀਅਤ ਨਾਲ, ਆਪਣਾ ਸਜਰਾ ੨ ਰਾਜ ਦਰਬਾਰ ਭੁਲ ਕੇ, ਲਟਕੀ ਰਹਿਣਾ ਪਸੰਦ ਕਰਦੀ। ਮਕਾਲਿਫ ਸਾਹਬਦਾ ਜਾਦੂ ਚਲ ਗਿਆ ਪਰ ਆਖਿਰ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿੱਚ ਚੜ੍ਹੇ ਹੋਏ ਸਿਧਾਂਤਾਂ ਨੂੰ ਉਲਟਾਣ ਵਾਲਾ ਕੌਣ ਜੰਮਿਆਂ ਸੀ ਸਾਡੇ ਵਿਚ ਫਿਰਕਾ-ਦਾਰੀਆਂ ਦੇ ਵਖੇਵੇਂ ਹਜਾਰਾਂ ਹੋਏ ਤੇ ਲਖਾਂ ਹੋਣਗੇ ਪਰ ਸਾਡੇ ਅਸੂਲਾਂ ਦਾ ਅਟਲ ਮਿਲਾਪ ਕੋਈ ਨਹੀਂ ਬਦਲ ਸਕਦਾ ਏਹ ਅਸੂਲ ਕੱਠੇ ਰਹਿਣਗੇ। ਤੇ ਰਹਿੰਦੀ ਦੁਨੀਆਂ ਤਕ ਰਹਿਣਗੇ। ਸਾਡਾ ਨਿਆਂ ਕਰਨ ਵਾਲਾ ਧਰਮ-ਰਾਜ ਇਕੋ ਹੈ, ਸਾਡਾ ਇਕ ਓਅੰਕਾਰ ਇਕੋ ਹੈ, ਤੇ ਸਾਡੀ ਮੁਕਤ ਹੋਣ ਦੀ ਫਿਲਾ-ਸਫੀ ਇਕੋ ਹੈ। ਅਸੀਂ ਇਕੋ ਸਮੁੰਦਰ ਵਿਚੋਂ ਭਾਫ ਬਣਕੇ ਉਡੇ ਸਾਂ, ਤੇ ਇਕੋ ਦਰਜਾ ਵਿਚ ਦੀ ਉਥੇ ਹੀ ਜਾ ਕਠੇ ਹੋਣਾ ਹੈ।

ਮੈਂ ਆਪਣੇ ਮਤਲਬ ਤੋਂ ਬਹੁਤ ਦੁਰੇਡਾ ਚਲਾ ਗਿਆ, ਭਾਵ ਕੇਵਲ ਇਹੋ ਦਸਣ ਦਾ ਸੀ ਕਿ ਅਸੀ ਸਾਰੇ ਭਾਰਤ ਵਰਸ਼ੀ ਇਕੋ ਦਾਦੇ ਦੇ ਪੋਤ੍ਰੇ ਹਾਂ। ਕੋਈ ਸੂਰਜ-ਬੰਸੀ ਤੇ ਕੋਈ ਚੰਦ੍ਰ ਬੰਸੀ ਪਰ ਦੁਹਾਂ ਦਾ ਵਡਾ ਦਖਛ ਪ੍ਰਜਾ ਪਤ ਇਕੋ ਸੀ। ਸਾਡੀ ਸਭੱਤਾ ਇਕ ਹੈ ਤੇ ਅਸੂਲ (ਸਿਧਾਂਤ) ਭੀ ਸਾਂਝੇ ਹਨ। ਸੱਭਤਾ ਜਦ ਉੱਨਤੀ ਵਲ ਪੈਰ ਚੁਕਦੀ ਹੈ ਤਾਂ, ਪ੍ਰੇਮ ਪੈਦਾ ਹੁੰਦਾ ਹੈ, ਪ੍ਰੇਮ ਤੋਂ ਭ੍ਰਾਤ੍ਰੀ ਭਾਵ ਅਤੇ ਮਿਲਾਪ ਦੀਆਂ ਨੀਹਾਂ ਬਝਦੀਆਂ ਹਨ। ਇਸ ਵੇਲੇ ਜਦ ਏਕਤਾ ਅਤੇ ਸੰਗਠਨ ਦੇ ਰਾਗ ਅਲਾਪੇ ਜਾਂਦੇ ਹਨ, ਤਾਂ ਸਾਨੂੰ ਵਖ ਵਖ ਖਿਚੜੀਆਂ ਪਕਾਣੀਆਂ ਕੀ ਸੋਭਦੀਆਂ ਹਨ? ਇਸ ਅਮਨ ਅਤੇ ਸ਼ਾਨਤੀ ਦੀ ਖਾਤਰ ਪੱਛਮ ਵਾਲਿਆਂ ਨੇ ਧਰਮ ਨੂੰ ਗਿਰਜੇ ਦੀ ਚਾਰ ਦਿਵਾਰੀ ਵਿਚ ਘੇਰ ਦਿਤਾ ਹੈ ਤਦ ਅਸਾਂ ਇਕੋ ਤਹਿਜ਼ੀਬ ਦੇ ਮਾਲਕਾਂ ਲਈ ਆਪੋ ਵਿਚ ਪਾਟ ਪਾਟ ਕੇ, ਲੋਕਾਂ ਨੂੰ ਤਮਾਸ਼ਾ ਦਿਖਾਣ ਦਾ ਕੇਹੜਾ ਵੇਲਾ ਹੈ? ਅਸੀ ਇਕ ਤੋਂ ਬਹੁਤੇ ਬਣੇ ਸਾਂ, ਪਰ ਹੁਣ ਵੇਲਾ ਹੈ ਕਿ ਬਹੁਤਿਆਂ ਤੋਂ ਇਕ ਬਣੀਏ। ਜਦ ਅਸੀਂ ਅਛੂਤਾਂ ਨੂੰ ਭੀ ਨਾਲ ਮਿਲਾਕੇ ਆਪਣੀ ਗਿਣਤੀ ਨੂੰ ਵਧਾਣ ਲਈ ਤਰਲੇ ਲੈ ਰਹੇ ਹਾਂ, ਤਾਂ ਸਾਨੂੰ ਜਰਾ ਜਰਾ ਜਿੰਨੇ ਮਤ ਭੇਦਾਂ ਦੀ ਖਾਤਰ ਇਕ ਦੂਜੇ ਤੋਂ ਸੂਰਾ ਕਰਨਾ ਕਿਸਤਰਾਂ ਸੌਂਜਲੇ ਗਾ?

ਇਕ ਦੂਏ ਦੀ ਨਿੰਦਿਆਂ ਦਾ ਸੁਆਦ ਅਸੀਂ ਕਾਫੀ ਚੱਖ ਲਿਆ ਹੈ, ਹੁਣ ਬਹਾਰ ਰਵਾਦਾਰੀ ਦੀ ਹੈ। ਜੋ ਰਵਾਦਾਰ ਨਹੀਂ ਉਸਦਾ ਵਧੀਆ ਤੋਂ ਵਧੀਆ ਧਰਮ ਤੇ ਉੱਚੇ ਤੋਂ ਉੱਚਾ ਆਦਰਸ਼ ਕੁਝ ਨਹੀਂ ਸੁਆਰ ਸਕਦਾ। ਮੁਸਲਮਾਨ ਵੀਰਾਂ ਨਾਲ ਰਸਾਈ ਹੁੰਦੀ ਮੈਨੂੰ ਅਜੇ ਜਾਪਦੀ ਨਹੀਂ, ਕਿਉਂਕਿ ਇਕ ਤਾਂ ਉਨ੍ਹਾਂ ਦੀ ਤਹਿਜ਼ੀਬ ਤੇ ਧਾਰਮਕ ਫਿਲਾਸਫੀ ਸਾਥੋਂ ਵਖਰੀ ਹੈ. ਦੂਜੇ ਉਨ੍ਹਾਂ ਦੇ ਦਿਮਾਗ਼ ਵਿਚ ਅਜੇ ਟਰਕੀ ਦੀਆਂ ਪਾਰਲੀਆਂ ਕੰਧਾਂ ਤੋਂ ਦਿੱਲੀ ਦੇ ਲਾਲ ਕਿਲੇ ਤਕ ਇਕ ਵਿਸ਼ਾਲ ਇਸਲਾਮੀ ਐਮਪਾਇਰ ਵੇਖਣ ਦੀ ਸਕੀਮ ਗੂੰਜ ਰਹੀ ਹੈ, ਕਿਉਂਕਿ ਉਨ੍ਹਾਂ ਦੇ ਅੱਲਾ ਤਆਲਾ ਨੇ ਸਾਰੇ ਸੰਸਾਰ ਪਰ ਇਸਲਾਮ ਦਾ ਡੰਕਾ ਬਜਾਉਣ ਦਾ ਫ਼ਰਜ਼ ਉਨ੍ਹਾਂ ਦੇ ਜ਼ੁਮੇ ਲਾਇਆ ਹੋਇਆ ਹੈ, ਪਰ ਹਾਂ ਅਸੀ ਭਾਰਤ ਧਰਮੀ ਤਾਂ ਆਪੋ ਵਿਚ ਬਹਿਕੇ ਨਜਿੱਠ ਸਕਦੇ ਹਾਂ।

ਹਿੰਦੂ ਵਿਚਾਰੇ ਤਾਂ ਮੁਢ ਦੇ ਲਾਦੂ ਢੱਗੇ ਹਨ, ਕਿਉਂਕੇ ਝੱਟ ਲੰਘਾਉਣਾ ਉਨ੍ਹਾਂ ਦਾ ਪਰੰਪਰਾ ਅਸੂਲ ਹੈ। ਜੇ ਕਿਸੇ ਨੇ ਗਊਆਂ ਅਗੇ ਖਲ੍ਹਾਰ ਕੇ ਦੇਸ ਦੀਆਂ ਕੁੰਜੀਆਂ ਖੋਹ ਲਈਆਂ, ਤਾਂ ਉਹ ਅਹਿੰਸਾ ਦੇ ਅਸੂਲ ਦੀ ਖਾਤਰ ਸਹਿ ਗੁਜਰੇ। ਉਨ੍ਹਾਂ ਨੇ ੩੩ ਕਰੋੜ ਦੇਵਤੇ ਅਗੇ ਥਾਪੇ ਹੋਏ ਹਨ, ਜੇ ਦਸ ਹੋਰ ਵਧ ਜਾਣ ਤਾਂ ਚੁਭਦੇ ਨਹੀ। ਓਹ ਤਾਂ ਪੀਰਾਂ ਫਕੀਰਾਂ ਦੀਆਂ ਕਬਰਾਂ ਪਰ ਭੀ ਚਿਰਾਗ਼ ਬਾਲਣੋਂ ਨਾਂਹ ਨਹੀ ਕਰਦੇ ਰਹੇ। ਉਨਾਂ ਪਾਸੋਂ ਡਰਨ ਦੀ ਲੋੜ ਹੀ ਕੀ ਹੈ। ਉਨ੍ਹਾਂ ਨੇ ਨਿੰਦਾ ਦਾ ਹਥਿਆਰ ਕਦੇ ਨਹੀਂ ਵਰਤਿਆ ਤੇ ਨਾ ਵਰਤਣ ਦੀ ਆਸ ਹੈ। ਓਹ ਇਹ ਦਾਵਾ ਭੀ ਨਹੀਂ ਕਰਦੇ ਕਿ ਵੇਦ ਅਤੇ ਵੇਦਕ ਫਲਸਫਾ ਉਨ੍ਹਾਂ ਦੇ ਬਾਵਾ ਦਾਂ ਮਾਲ ਹੈ ਓਹ ਕਹਿੰਦੇ ਹਨ ਇਹ ਰੱਬੀ ਦਾਤ (ਈਸ੍ਵਰੀ ਗਯਾਨ) ਸਾਰੇ ਸਭ ਸੰਸਾਰ ਦੀ ਸਾਂਝੀ ਦੌਲਤ ਹੈ, ਜਿਸ ਦਾ ਜੀ ਚਾਹੇ ਇਸ ਅੰਮ੍ਰਿਤ ਕੁੰਡ ਤੋਂ ਪੀ ਕੇ ਤ੍ਰਿਪਤ ਹੋਵੇ।

ਆਰਯਾ ਸਮਾਜੀ ਵੀਰਾਂ ਨੇ ਬੇਸ਼ਕ ਨਿਸ਼ੇਧੀ ਦੀ ਪਾਲਿਸੀ ਵਰਤੀ ਉਨ੍ਹਾਂ ਦੇ ਸੁਆਮੀ ਨੇ ਅਨਯ ਧਰਮੀਆਂ ਦੇ ਅਕੀਦਿਆਂ ਪਰ ਮਖੌਲ ਉਡਾਕੇ ਉਨ੍ਹਾਂ ਨੂੰ ਦੂਜਿਆਂ ਦਾ ਪੋਲ ਫੋਲਣ ਵਿਚ ਸੁਆਦ ਅਨੁਭਵ ਕਰਾਯਾ। ਜੇ ਮੇਰੇ ਵਸ ਵਿਚ ਹੋਵੇ ਤਾਂ ਮੈਂ ਉਨਾਂ ਅਗੇ ਅਪੀਲ ਕਰਾਂ ਕਿ ਆਪ ਸਤਯਾਰਥ ਪ੍ਰਕਾਸ਼ ਵਿਚ "ਗੁਰੂ ਨਾਨਕ ਦੇਵ ਕਾ ਆਸ਼ਾ ਤੋ ਅੱਛਾ ਥਾ" ਤਕ ਹੀ ਰਹਿਣ ਦੇਣ ਬਾਕੀ ਅਗਲੇ ਫਿਕਰੇ ਨੂੰ ਹੜਤਾਲ ਲਾ ਦੇਣ। ਜੇ ਇਹ ਅਸੰਭਵ ਭੀ ਹੋਯਾ, ਤਦ ਭੀ ਮੈਂਨੂੰ ਦਿਸ ਰਿਹਾ ਹੈ ਕਿ ਆਰਯ ਸਮਾਜ ਨੇ ਹੁਣ ਇਸ ਵਧੀਕੀ ਨੂੰ ਸਮਝ ਜਰੂਰ ਲਿਆ ਹੈ। ਓਹ ਹੁਣ ਉਸ ਨਸ਼ੇਧੀ ਦੇ ਤ੍ਰੀਕੇ ਪਰਤਾਕੇ ਛਡ ਚੁਕੇ ਹਨ।

ਸਿਖ ਸਰਦਾਰ ਬੜੇ ਦੂਲੇ ਹਨ, ਪਰ ਸ਼ਾਯਦ ਆਰਯ ਸਮਾਜ ਦੇ ਪਰਛਾਵੇਂ ਨਾਲ ਯਾ ਕਿਸੇ ਹੋਰ ਸਬਬੋਂ ਉਨ੍ਹਾਂ ਭੀ ਘਟ ਨਹੀਂ ਕੀਤੀ। ਗੰਗੂ ਦਾ ਨਾਮ ਲੈਕੇ ਸਾਰੀ ਬ੍ਰਹਮਣ ਸ੍ਰੇਣੀ ਨੂੰ ਪਾਣੀ ਪੀ ਪੀ ਕੇ ਕੋਸਿਆ। ਇਕ ਲਾਇਕ ਬ੍ਰਹਮ ਗਿਆਨੀ ਦੀ ਕਲਮ ਨੇ ਭੀ, ਇਕ ਖਿਆਲੀ ਨਾਵਲ ਵਿਚ, ੯੦ ਰੁਪਏ ਦੇ ਭੁਖੇ ਬ੍ਰਾਹਮਣ

ਦਾ ਉਹ ਖ਼ਾਕਾ ਖਿਚ ਮਾਰਿਆ, ਜਿਵੇਂ ਆਪ ਉਸ ਵੇਲੇ ਨਾਲ ਨਾਲ ਡਾਇਰੀ ਲਿਖ ਰਹੇ ਸਨ। ਉਨ੍ਹਾਂ ਨੂੰ ਇਹ ਚੇਤਾ ਨਾ ਰਿਹਾ ਕਿ ਜਿਸ ਧਰਤੀ ਨੇ ਲਖੂ ਪਟੱਖੂ ਪੈਦਾ ਕੀਤਾ ਸੀ ਉਸੇ ਨੇ ਦੀਵਾਨ ਕੌੜਾ ਮਲ ਭੀ ਨਾਲ ਹੀ ਦੇ ਦਿੱਤਾ ਸੀ। ਇਕ ਵਿਅਕਤੀ ਦਾ ਪਾਪ ਸਾਰੇ ਨੇਸ਼ਨ ਦੇ ਸਿਰ ਮੜ੍ਹਨਾ ਮਹਾਂ ਅਨਜਾਇ ਹੈ। ਸਿੰਘ ਸਰਦਾਰਾਂ ਦਾ ਇਹ ਪੂਰਾ ਹਕ ਹੈ ਕਿ ਓਹ ਆਪਣੇ ਬਾਬੇ ਦੀ ਖਿਲਾਰੀ ਹੋਈ ਰਾਸ ਦੀ ਉਗਰਾਹੀ ਸਣੇ ਵਿਆਜ ਹਿੰਦੂਆਂ ਪਾਸੋਂ ਕਰਨ ਪਰ ਤਲਵਾਰ ਨਾਲ ਨਹੀਂ ਸਗੋਂ ਪ੍ਰੇਮ ਦੇ ਸੰਗਲਾਂ ਵਿਚ ਕੱਸਕੇ। ਹੱਥਾਂ ਨੇ ਜੇਕਰ ਪੇਟ ਨੂੰ ਚੱਕੀ ਪੀਹ ਕੇ ਰੋਟੀ ਖੁਆਈ ਤਦ ਉਸ ਦਾ ਲਹੂ ਹਥਾਂ ਵਿਚ ਭੀ ਜ਼ਰੂਰ ਆਯਾ ਹੈ।

ਮੇਰੇ ਦਿਲ ਵਿਚ ਨਾਮਧਾਰੀ ਸੰਸਥਾ ਦੀ ਸਭ ਤੋਂ ਵਧੀਕ ਇਜ਼ਤ ਇਸ ਵਾਸਤੇ ਹੈ ਕਿ ਉਨ੍ਹਾਂ ਨੇ ਨਿਰੋਲ ਸਤ ਨੂੰ ਅੰਗੀਕਾਰ ਕਰਕੇ ਫੋਗ ਵਲ ਧਿਆਨ ਹੀ ਨਹੀਂ ਮਾਰਿਆ। ਉਨ੍ਹਾਂ ਨੇ ਨਿੰਦਾ ਚੁਗਲੀ ਨਾਲ ਪੈਰ ਪਸਾਰਨ ਦੀ ਚੇਸ਼ਟਾ ਨਹੀਂ ਕੀਤੀ ਸਗੋਂ ਪ੍ਰੇਮ ਤੇ ਸਚਾਈ ਦੀ ਲਿਸ਼ਕ ਨਾਲ ਦੂਜਿਆਂ ਨੂੰ ਮੁਗਧ ਕੀਤਾ। ਉਨ੍ਹਾਂ ਨੇ ਅਹਿੰਸਾ ਭਜਨ ਅਤੇ ਧਰਮ ਦੀ ਕਿਰਤ ਨੂੰ ਐਸਾ ਦ੍ਰਿੜ੍ਹ ਹੋਕੇ ਫੜਿਆ ਕਿ ਉਸੇ ਵਿਚੋਂ ਸੱਤੇ ਪਦਾਰਥ ਲਭ ਲਏ। ਉਨਾਂ ਦਾ ਹੋਕਾ ਸਾਰੇ ਸੰਸਾਰ ਨੂੰ ਹੈ, ਪਰ ਐਸਾ ਮਿੱਠਾ ਤੇ ਐਸਾ ਰਸੀਲਾ ਕਿ ਸੁਨਣ ਵਾਲੇ ਦੇ ਸੀਨੇ ਨੂੰ ਠੰਢ ਪੈਂਦੀ ਜਾਂਦੀ ਹੈ। ਨਾਮਧਾਰੀ ਦੀ ਮਧੁਰ ਬੰਸਰੀ ਵਿਚੋਂ ਕੈਸੀ ਦਿਲ ਧੂਹਵੀਂ ਅਵਾਜ਼ ਉਠਦੀ ਹੈ।

'ਗੁਰਮੁਖਾ! ਜੇ ਕੁਝ ਅਨੰਦ ਲੈਣਾ ਹਈ ਤਾਂ ਨਾਮ ਜਪ, ਧਰਮ ਕਿਰਤ ਕਰ, ਰੁਖੀ ਮਿਸੀ ਛਕ, ਮੋਟਾ ਠੁਲਾ ਪਹਿਨ ਤੇ ਨਾ ਦੁਖਾ ਦਿਲ ਕਿਸੇ ਪ੍ਰਾਣੀ ਦਾ। ਨਾ ਕਰ ਝਗੜੇ ਤੇ ਝੇੜੇ ਕਿਸੇ ਦੇ ਨਾਲ ਤੇ ਨਾਂ ਰੁਲ ਅਦਾਲਤਾਂ ਦੇ ਬੂਹੇ ਅੱਗੇ। ਪ੍ਰੇਮ ਦਿਆਂ ਮਸਤਾਨਿਆਂ ਨੂੰ ਕੀ ਲਗੇ ਐਸ਼ਾਂ ਤੇ ਫੈਲ ਸੂਫੀਆਂ ਨਾਲ। ਅਜ਼ਾਦੀ ਦਾਤ ਵਾਹਿਗੁਰੂ ਦੀ ਨੂੰ ਨਾਂ ਵੇਚ ਕਿਸੇ ਕੀਮਤ ਪਰ ਭੀ, ਅਤੇ ਵਸ ਆਪਣੇ ਆਤਮਿਕ ਉਚਿਆਂ ਮੰਦਰਾਂ ਵਿਚ। ਹੋ ਜਾ ਖੀਵਾ ਪੀ ਪੀ ਕੇ ਨਾਮ ਰਸ ਨੂੰ ਤੇ ਅਨੰਦ ਲੈ ਉਸਦਾ ਝੂਮ ੨ ਕੇ।" ਉਹ ਨਾ ਆਪਣੇ ਵਡਿਆਂ ਦੇ ਉਪਕਾਰਾਂ ਦੀ ਕੀਮਤ ਮੰਗਦਾ ਹੈ ਤੇ ਨਾ ਦੂਜਿਆਂ ਦੀ ਨਿੰਦਾਂ ਚੁਗਲੀ ਕਰ ਕੇ ਆਪਣੀ ਜ਼ਬਾਨ ਮੈਲੀ ਕਰਦਾ ਹੈ। ਉਸਦਾ ਨਿਰੋਲ ਪ੍ਰੇਮ ਦਾ ਹੋਕਾ ਕਹਿੰਦਾ ਹੈ।

ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ।

ਮੁਬਾਰਕ ਹੈ ਉਹ ਧਰਮ ਜਿਸ ਵਿਚ ਪ੍ਰੇਮ ਦੀ ਖਿੱਚ ਹੈ ਤੇ ਧੰਨ ਹੈ ਉਹ ਧਰਮ ਜਿਸ ਵਿਚ ਸਚਾਈ ਤੇ ਠੰਢ ਹੈ। ਇਸ ਜ਼ਮਾਨੇ ਵਿਚ ਉਹੋ ਧਰਮ ਫਲੇ ਫੁਲੇਗਾ ਜਿਸ ਵਿਚ ਨਿਰੋਲ ਸਚਾਈ ਹੈ। ਮੇਰੀ ਜਾਚ ਵਿਚ ਇਹੋ ਇਕ ਐਸਾ ਧਰਮ ਹੈ ਜਿਸ ਵਿਚ ਸਾਰੀਆਂ ਤਾਕਤਾਂ ਨੂੰ ਜਜ਼ਬ ਕਰ ਲੈਣ ਦੀ ਸ਼ਕਤੀ ਹੈ ਤੇ ਜੋ ਦੁਨੀਆਂ ਪਰ ਅਮਨ ਅਤੇ ਸ਼ਾਂਤੀ ਦਾ ਰਾਜ ਸਥਾਪਤ ਕਰਨ ਦੀ ਸੱਤਾ ਰਖਦਾ ਹੈ ਮੈਨੂੰ ਇਹ ਧਰਮ ਇਸ ਵਾਸਤੇ ਭੀ ਬਹੁਤ ਪਿਆਰਾ ਹੈ। ਕਿ ਇਹ ਉਸੇ ਪੁਰਾਣੇ ਬੋਹੜ (ਭਾਰਤ ਧਰਮ) ਦੀ ਹਰੀ ਭਰੀ ਟਾਹਣੀ ਹੈ, ਤੇ ਜਿਸ ਨੂੰ ਉਸ ਬੋਹੜ ਦੀ ਟਾਹਣੀ ਅਖਵਾਣ ਤੋਂ ਨਫਰਤ ਨਹੀਂ।

(ਵਲੋਂ–ਸ੍ਰੀ ਮਾਨ ਭਾਈ ਸਪੂਰਨ ਸਿੰਘ ਜੀ 'ਨਿਮਾਣਾ' ਗਿਲ ੧੧੪ਚਕ ਜ਼ਿਲਾ ਸ਼ੇਖੂਪੁਰ)

ਐ ਪੰਥ ਤੈਨੂੰ ਅਜ ਭੁਲ ਗਈ ਏ, ਉੱਚੀ ਸਾਰਿਆਂ ਤੋਂ ਆਨ ਸ਼ਾਨ ਤੇਰੀ।
ਬ੍ਰਹਮ ਤੇਜ ਤੇਰੇ ਕੋਲੋਂ ਡਰਨ ਲੋਕੀ, ਧਾਂਕ ਪਈ ਸੀ ਵਿੱਚ ਜਹਾਨ ਤੇਰੀ।
ਤੇਰੀ ਏਕਤਾ ਦੀ ਕੀ ਮੈਂ ਸਿਫਤ ਦਸਾਂ, ਲੱਖਾਂ ਸੀਸ ਐਪਰ ਇਕੋ ਜਾਨ ਤੇਰੀ।
ਜ਼ਿਲੇ ੨ ਸੂਬਾ ਜਥੇਦਾਰ ਪਿੰਡ ਪਿੰਡ, ਇੰਤਜ਼ਾਮ ਤੇ ਅਕਲ ਸੁਬਹਾਨ ਤੇਰੀ।
ਤੇਰੇ ਸੂਰੇ ਮਨਸੂਰ ਦੀ ਕੰਡ ਲਾ ਗਏ, ਧਰਮ ਹੇਤ ਚੜ੍ਹੇ ਖੁਸ਼ੀ ਨਾਲ ਫਾਂਸੀ।
ਛਾਲਾਂ ਮਾਰਕੇ ਤੋਪ ਦੇ ਹੋਣ ਅੱਗੇ, ਯਾਹਨੀ ਮੌਤ ਕੁਰਖਤ ਨੂੰ ਕਰਨ ਹਾਂਸੀ।

ঃঃ–੦–ঃঃ

ਇਕ ਤੂੰ ਸੈਂ ਸਾਰੇ ਸੰਸਾਰ ਵਿੱਚੋਂ, ਸੁੱਤੇ ਹਿੰਦ ਨੂੰ ਝੂਣ ਜਗਾਣ ਵਾਲਾ।
ਇਕ ਤੂੰ ਸੈਂ ਸਾਰੇ ਸੰਸਾਰ ਵਿਚੋਂ, ਹਰ ਇਕ ਦਾ ਭਲਾ ਮਨਾਨ ਵਾਲਾ।
ਇਕ ਤੂੰ ਸੈਂ ਸਾਰੇ ਸੰਸਾਰ ਵਿਚੋਂ, ਸੁਚ ਸੋਧ ਤੇ ਨਾਮ ਧਿਆਨ ਵਾਲਾ।
ਗੁਰੂ ਵਾਲਿਆ ਗੁਰੂ ਦੀ ਮੇਹਰ ਕਰਕੇ, ਤੂੰ ਸੈਂ ਭੁਲਿਆਂ ਨੂੰ ਰਾਹੇ ਪਾਨ ਵਾਲਾ।
ਆਹਾ! ਤੇਰਾ ਸੀ ਕਹਾ ਆਦਰਸ਼ ਉੱਚਾ, ਕਰ ਦੇਣਾ ਹਥਿਆਰਾਂ ਦਾ ਖਾਤਮਾਂ ਏ।
ਕਿਸੇ ਜੀਵ ਨੂੰ ਕੋਈ ਨਾ ਦੁਖ ਦੇਵੇ, ਕਿਉਂਕਿ ਸਾਰਿਆਂ ਵਿਚ ਪ੍ਰਮਾਤਮਾਂ ਏ।

ঃঃ–੦–ঃঃ

ਅੱਜ ਵੇਖ ਲੈ ਪਛਮੀ ਵਹਿਣ ਅਗੇ, ਸਾਰੇ ਮਜ਼ਬ ਤੀਲੇ ਵਾਂਗੂੰ ਤੁਰੇ ਹੋਏ ਨੇ।
ਧਰਮ ਕਰਮ ਕੋਈ ਨਾਹੀ ਸ਼ਰਮ ਸਾਂਤੀ, ਰੱਬੋਂ ਭੁਲਿਆਂ ਦੇ ਹਾਲ ਬੁਰੇ ਹੋਏ ਨੇ।
ਇਕ ਤੂੰ ਹੈਂ ਕਾਇਮ ਚਟਾਨ ਵਾਂਗੂੰ, ਮਾੜੇ ਜਹੇ ਪਾਸੇ ਤੇਰੇ ਖੁਰੇ ਹੋਏ ਨੇ।
ਓਹ ਵੀ ਖੁਰੇ ਨੇ ਪਿਛਲੇ ਕਾਰਨਾਮੇ, ਅਖੋਂ ਤੇਰੀਓਂ ਜਾਂ ਉਰੇ ਪਰੇ ਹੋਏ ਨੇ।
ਏਸੇ ਵਾਸਤੇ ਤੈਨੂੰ ਸੁਚੇਤ ਕਰਨਾ, ਢਿਲੇ ਹੋ ਨਾਂ ਪ੍ਰੇਮ ਪਰਵਾਨਿਆਂ ਵੇ।
ਰਖੀਂ ਯਾਦ ਬਜ਼ੁਰਗਾਂ ਦੇ ਕਾਰਨਾਮੇ, ਪੰਥ ਦਾਨਿਆਂ ਅਤੇ ਦੀਵਾਨਿਆਂ ਵੇ।

ঃঃ–੦ঃঃ

ਤੇਰਾ ਜਨਮ ਸੰਸਾਰ ਦੇ ਭਲੇ ਲਈ ਏ, ਉਠ ਆਪਨਾ ਫਰਜ਼ ਨਿਭਾ ਪੰਥਾ।
ਗੁਰੂ ਰੱਬ ਤੋਂ ਭੁਲਿਆਂ ਬੰਦਿਆਂ ਨੂੰ, ਸਚੇ ਸਤਿਗੁਰੂ ਦੀ ਚਰਨੀ ਲਾ ਪੰਥਾ।
ਸੁਚ ਸੋਧ ਤੇ ਪ੍ਰੇਮ ਤੇ ਭਜਨ ਬਾਨੀ, ਨਿਰਮਲ ਨੀਰ ਦੀ ਗੰਗ ਵਗਾ ਪੰਥਾ।
ਸੜਦੇ ਹਿਰਦਿਆਂ ਦੇ ਸੁਖ ਸ਼ਾਂਤ ਖ਼ਾਤਰ, ਚੰਨ ਵਾਂਗ ਫਿਰਕੇ ਚੱਕਰ ਲਾ ਪੰਥਾ।
ਵਰ੍ਹੇ ਗੰਢ ਪਯਾਰੇ ਦੀ ਖੁਸ਼ੀ ਦੇ ਵਿੱਚ, ਦਿਲ ਵਿਚ ਗੰਢ ਦੇ ਲੋ ਅਸਾਂ ਏਹ ਕਰਨੇ।
ਸਾਰੀ ਧਰਤ ਤੇ ਸ਼ਾਂਤ ਵਰਤਾਉਨੀਏਂ, ਮਨ––ਮਤ ਦੇ ਕਿਲੇ ਨੂੰ ਥ੍ਹੇ ਕਰਨੇ।

ঃঃ–੦–ঃঃ

(ਵਲੋਂ-ਸ੍ਰੀ ਮਾਨ ਸ: ਭਗਤ ਸਿੰਘ ਜੀ 'ਪ੍ਰੇਮੀ' ਪਿੰਡ ਸੇਖਵਾਂ ਜ਼ਿਲਾ ਸ਼ੇਖੂਪੁਰ)

ਸਿਧੀ ਪੱਗ ਵਾਲਿਆ ਵੇ ਰਾਹੀ ਰਾਹੇ ਜਾਂਦਿਆ ਵੇ,
ਮੰਨਕੇ ਸੁਵਾਲ ਮੇਰਾ ਘੋੜੀ ਨੂੰ ਖਲ੍ਹਾਰ ਦੇ।
ਸਾਡਾ ਵੀ ਸੰਦੇਸਾ ਲੈਜਾ ਜਾਇਕੇ ਸੁਣਾਈਂ ਵੀਰਾ,
ਸਾਡੀ ਵਲੋਂ ਅਗੇ ਜਾਕੇ ਸਾਡੇ ਦਿਲਦਾਰ ਦੇ।
ਕਹੀਂ ਜਾਕੇ ਵੇਖ ਲੈ ਆ ਹਾਲ ਅਖੀਂ ਸੇਵਕਾਂ ਦਾ,
ਕੂਚੇ ਕੂਚੇ ਫਿਰਨ ਵਿਚ ਮੰਦੜੇ ਹਵਾਲ ਦੇ।
ਲੋਕ ਕਰਨ ਹਾਸੀ ਵਾਸੀ ਸ੍ਰੀ ਭੈਣੀ ਸਾਹਿਬ ਦਿਆ,
ਨਿਤ ਦੀ ਉਦਾਸੀ ਸਾਡੀ ਆਨਕੇ ਨਿਵਾਰ ਦੇ।
ਰੁਸ ਗਿਉਂ ਮਾਹੀ ਸਾਡਾ ਵੇਖਿਆ ਕਸੂਰ ਕੀ ਆ,
ਦਿਨੇ ਰਾਤ ਰਾਹ ਤੇਰਾ ਖੜੇ ਹਾਂ ਨਿਹਾਰ ਦੇ।
ਪਹਿਲੋਂ ਲਾਕੇ ਪ੍ਰੀਤੀ ਰੀਤੀ ਛਡਨੇ ਦੀ ਫੇਰ ਕੀ ਏ,
ਦੇ ਦੇ ਦਲੇਰੀਆਂ ਲਜਾਕੇ ਮੰਝਧਾਰ ਦੇ।
ਤੁਸਾਂ ਭਾਵੇਂ ਦਿਲ ਤੋਂ ਭੁਲਾ ਦਿਤਾ ਅਸਾਂ ਤਾਈਂ,
ਅਸੀਂ ਮੁਠੇ ਪਿਆਰੇ ਇਕ ਤੇਰੀ ਗੁਫਤਾਰ ਦੇ।
ਸਦਾ ਹੀ ਉਦਾਸ ਚਿਤ ਰਹਿੰਦਾ ਮਾਹੀ ਤੁਸਾਂ ਬਾਝ,
ਕੁਲ ਕੰਮ ਕਾਰ ਛੋਡ ਦਿਤੇ ਘਰ ਬਾਰ ਦੇ।
ਹਾਲ ਤੋਂ ਬਿਹਾਲ ਹੋਕੇ ਸਜਨਾ ਚਕੋਰ ਵਤ,
ਕਈ ਵਿਨ੍ਹੇ ਪਏ ਤੇਰੇ ਨੈਨਾਂ ਦੀ ਕਟਾਰ ਦੇ।
ਤੇਰੇ ਪਿਛੇ ਲੱਖਾਂ ਹੀ ਉਠਾਏ ਦੁਖ ਤਨ ਉਤੇ,
ਪੁਛੇ ਜੇ ਕੋਈ ਕਹਿੰਦੇ ਅਸੀਂ ਚੀਨੀ ਅਸਵਾਰ ਦੇ।
ਚੀਨੀ ਘੋੜੀ ਵਾਲਿਆ ਵੇ ਸੋਹਨੀ ਮਾਲਾ ਵਾਲਿਆ ਵੇ,
ਦਰਸਨ ਕਰਾਈਂ ਆਕੇ ਸਿਧੀ ਦਸਤਾਰ ਦੇ।
ਹੋਇਕੇ ਦਿਆਲ "ਪ੍ਰੇਮੀ" ਅਸਾਂ ਨੂੰ ਅਨਾਥ ਜਾਨ,
ਛਾਤੀ ਨਾਲ ਛਾਤੀ ਲਾਕੇ ਸੀਨਾ ਸਾਡਾ ਠਾਰ ਦੇ।

Sri Satguru Jagjit Singh Ji Elibrary NamdhariElibrary@gmail.com

ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਏ।

(ਵਲੋਂ ਸ੍ਰੀ ਮਾਨ ਗਜਾਨੀ ਊਧਮ ਸਿੰਘ ਜੀ "ਮੁਸਾਫਰ")

ਫਲਾਂ ਫੁਲਾਂ ਬੂਟਿਆਂ ਨੇ ਛਡ ਕੇ ਉਦਾਸੀਆਂ ਨੂੰ, ਸਬਜ਼ ਪੁਸ਼ਾਕ ਅੱਜ ਕੂਲੀ ਕੂਲੀ ਪਾਈ ਏ।
ਪੀਲੇ ਪੀਲੇ ਖੇਤਾਂ ਵਿਚੋਂ ਪੌਣ ਰਾਣੀ ਲੰਘ ਆਈ, ਜਿਸਨੇ ਸੁਗੰਧੀ ਸਾਰ ਜਗ ਤੇ ਫੈਲਾਈ ਏ।
ਪੱਤੇ ਪੱਤੇ ਵਿਚੋਂ ਸਤਿਕਾਰ ਭਾਰੀ ਗੂੰਜ ਆਵੇ, ਅੰਬ੍ਰਾਂ ਦੇ ਵਿਚੋਂ ਇਕ ਰਬੀ ਜੋਤ ਆਈ ਏ।
ਜਿਸਨੇ ਸੁਨੇਹਾ ਆਣ ਦਸਿਆ ਪ੍ਰੇਮ ਨਾਲ, ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਏ।
ਕਿਸ ਲਈ ਆਈ ਤੇ ਮਨਾਈ ਖੁਸ਼ੀ ਚਾਰ ਚਕ, ਹਥ ਵਿਚ ਹਾਰ ਲੈ ਕੇ ਕਿਥੇ ਕੀਤੀ ਧਾਈ ਏ।
ਸੋਸਨ ਗੁਲਾਬ. ਚੰਬਾ ਗੁੰਦਿਆ ਪ੍ਰੇਮ ਨਾਲ, ਕਲੀ ਵਿਚ ਮੋਤੀਏ ਦੀ ਕਿਤੇ ਕਿਤੇ ਪਾਈ ਏ।
ਗੇਂਦਾ ਗੁਲਨਾਰ ਹਾਰ ਤਾਰ ਚਿ ਪ੍ਰੋਤੇ ਹੋਏ, ਭੈਣੀ ਸਾਹਬ ਵੱਲੇ ਇਸ ਤਾੜੀ ਖੂਬ ਲਾਈ ਏ।
ਚੀਨੀ ਵਾਲੇ ਪੀਆ ਦੇ ਚਰਨ ਸੁਹਣੇ ਚੁਮਣੇ ਨੂੰ, ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਏ।
ਰਾਹ ਚਿ ਖਲੋਤੀ ਪਈ ਤਕਦੀ ਏ ਰਾਹ ਤੇਰਾ, ਪੰਚਮੀ ਸਹੇਲੀ ਏਸ ਆਪਣੀ ਬਣਾਈ ਏ।
ਓੜ੍ਹ ਕੇ ਬਸੰਤੀ ਲੀੜੇ ਹਾਰ ਗੁੰਦੇ ਸਿਹਰਿਆਂ ਦੇ. ਚੰਦ ਤੋਂ ਸਵਾਈ ਇਸ ਰੋਸ਼ਨੀ ਦਿਖਾਈ ਏ।
"ਰਾਮ ਮ੍ਰਗੇਸ਼" ਦੀ ਸ੍ਵਾਰੀ ਉਤੋਂ ਵਾਰਨੇ ਨੂੰ. ਫੁਲਾਂ ਭਰੀ ਟੋਕਰੀ ਭੀ ਹਥ ਉਤੇ ਚਾਈ ਏ।
ਕੌਣ ਇਹ ਖੜੋਤੀ ਰਹੀ ਪੁਛਦੇ ਨੇ ਦੰਗ ਹੋਕੇ, ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਏ।
ਸਚ ਮੁਚ ਲੋਚ ਦੀ ਬਸੰਤ ਕੰਤ ਆਪਨੇ ਨੂੰ, ਇਸੇ ਲਈ ਏਸ ਕੀਤੀ ਫੁਲਾਂ ਦੀ ਵਛਾਈ ਏ।
ਮੋਰ ਤੇ ਚਕੋਰ ਗੀਤ ਗਾਂਵਦੇ ਸੁਹਾਗ ਵਾਲੇ, ਭੌਰਿਆਂ ਨੇ ਆਣ ਗੁੰਜਗਾਰੀ ਖੂਬ ਲਾਈ ਏ।
ਗਾਂਵਦੇ ਬਜਾਂਵਦੇ ਸੁਣਾਂਵਦੇ ਅਲਾਹੀ ਸਦ, ਆਈਏ ਜੀ ਆਈਏ ਬਸੰਤ ਰੁਤ ਆਈ ਏ।
ਪ੍ਰੀਤਮ ਪਿਆਰੇ ਦੇ ਦੀਦਾਰੇ ਅਜ ਕਰਨੇ ਨੂੰ, ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਏ।
ਆਈ ਤੇ ਲਿਆਈ ਮਾਹੀ ਕੁਲ ਸਾਰੇ ਜਗ ਦਾ ਜੋ, ਘਰ ਘਰ ਵਿਚ ਅਜ ਮਿਲਦੀ ਵਧਾਈ ਏ।
ਜਾਵਾਂ ਕੁਰਬਾਨ ਛਡ ਮਾਣ ਤਾਣ ਆਪਣੇ ਨੂੰ, ਚਰਨਾਂ ਦੀ ਧੂੜੀ ਜਿਸ ਮਥੇ ਉਤੇ ਲਾਈ ਏ।
ਚਾੜ੍ਹਿਆ ਜਹਾਨ ਜਿਸ ਨਾਮ ਦੇ ਜਹਾਜ ਉਤੇ, ਕੌਤਕ ਵਿਖਾ ਕੇ ਨਵੀਂ ਖੇਡ ਇਹ ਰਚਾਈ ਏ।
'ਮੁਸਾਫਰ' ਦੇ ਵਾਂਗ ਕੁਰਬਾਨ ਅਜ ਹੋਣ ਲਈ, ਭਾਗਾਂ ਭਾਰੀ ਸੁੰਦਰ ਬਸੰਤ ਰੁਤ ਆਈ ਏ।

(ਵਲੋਂ ਸ੍ਰੀ ਮਾਨ ਸ੍ਰ: ਊਧਮ ਸਿੰਘ ਜੀ "ਆਜਜ਼")

ਖੁਸ਼ੀਆਂ ਮਨਾਂਵਦੀ ਤੇ ਗਾਂਵਦੀ ਬਜਾਂਵਦੀ ਹੈ, ਕਿਸ ਲਈ ਭਲਾ ਅਜ ਸਾਰੀ ਇਹ ਲੁਕਾਈ ਹੈ।
ਉਡਨ ਅਕਾਸ਼ ਚਿ ਪਤੰਗ ਕਈ ਰੰਗ ਵਾਲੇ, ਖੁਸ਼ੀ ਦੀ ਤਰੰਗ ਸਭ ਵਿਚ ਹੀ ਸਮਾਈ ਹੈ।
ਕਿਤੇ ਯਗ, ਹੋਮ ਵੇਖ ਰੋਮ ਰੋਮ ਖੁਸ਼ੀ ਹੋਵੇ, ਦੁਖੀ ਤੇ ਅਨਾਥਾਂ ਅਜ ਖੁਸ਼ੀ ਕਿਉਂ ਮਨਾਈ ਹੈ।
ਸੱਸੀ ਭਾਨ ਤਾਰੇ ਮਾਤ ਹੋਏ ਕਿਸ ਕਾਰਨੇ ਤੇ, ਕੀਹਦਾ ਤੇਜ ਵੇਖ ਇਨ੍ਹਾਂ ਸ਼ਕਲ ਛੁਪਾਈ ਹੈ।
ਅਜ ਦੇ ਦਿਹਾੜੇ ਆਏ ਪੰਥ ਵਾਲੀ ਰਾਮ ਗੁਰੂ, ਜੋਤ ਨ੍ਰਿਕਾਰੀ ਜਗ ਵਿਚ ਪ੍ਰਗਟਾਈ ਹੈ।
ਆਗਮਨ ਵਿਚ ਚੀਨੀ ਵਾਲੇ ਗੁਰੂ ਰਾਮ ਸਿੰਘ, 'ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਹੈ।

Sri Satguru Jagjit Singh Ji Elibrary NamdhariElibrary@gmail.com

ਇਸੇ ਲਈ ਚੰਬਾ ਤੇ ਰਵੇਲ ਖੂਬ ਹਸਦੀ ਏ, ਖਿੜ ਖਿੜ ਹਾਸੀ ਹਾ ਗੁਲਾਬ ਨੇ ਦਿਖਾਈ ਹੈ।
ਨਰਗਸ ਮਾਰ ਰਹੀ ਝਾਤ ਵਿਚੋਂ ਪਤਿਆਂ ਦੇ, ਦਿਲ ਵਿਚ ਇੰਨੀ ਪ੍ਰਸੰਨਤਾ ਸਮਾਈ ਹੈ।
ਮੁਖੜਾ ਸਵਾਰ ਗੇਂਦਾ ਗੇਂਦ ਵਾਂਗੂ ਹਿਲ ਰਿਹਾ, ਯਾਰ ਦੀ ਉਡੀਕ ਵਿਚ ਦੇਂਵਦਾ ਦਿਖਾਈ ਹੈ।
ਇਸ਼ਕ ਪੇਚੇ ਪ੍ਰੇਮ ਵਿਚ ਪੇਚ ਵਲ ਖਾਏ ਕੇ ਤੇ, ਭਿੰਨੀ ਭਿੰਨੀ ਬਾਗ਼ ਨੇ ਸੁਗੰਧਤਾ ਫੈਲਾਈ ਹੈ।
ਬਾਗ਼ ਬਾਗ਼ ਹੋਏ ਸਭ ਫੁਲ ਫਲ ਬਾਗ਼ ਵਾਲੇ, ਚਮਕ ਦਮਕ ਦਿਸੇ ਦੂਨ ਤੇ ਸਵਾਈ ਹੈ।
ਫਲ ਫੂਲ ਫੁਲੇ ਨਾਂ ਸਮਾਂਵਦੇ ਨੇ ਜਾਮਿਆਂ ਚਿ, ਭਾਗਾਂ ਭਰੀ ਸੁੰਦ੍ਰ ਬਸੰਤ ਰੁਤ ਆਈ ਹੈ
ਕਰਨ ਕਲੋਲ ਮੋਰ ਸੁਣ ਘਨ ਘੋਰ ਤਾਈਂ, ਮਟਕ ਮਟਕ ਪਏ ਮਾਰਦੇ ਉਡਾਰੀਆਂ।
ਰਾਗ ਰੰਗ ਵਾਲੀ ਤਾਰ ਬੰਨ ਛਡੀ ਕੋਇਲਾਂ ਨੇ, ਹਰੀਆਂ ਤੇ ਭਰੀਆਂ ਇਹ ਦਿਸਨ ਕਿਆਰੀਆਂ।
ਮਹਿੰਦੀ ਮਲ ਰੰਗੀਆਂ ਨੇ ਹਥੇਲੀਆਂ ਸਹੇਲੀਆਂ ਨੇ, ਬਿੰਦੀ ਮਥੇ ਲਾਏ ਖੂਬ ਜ਼ੁਲਫਾਂ ਸਵਾਰੀਆਂ।
ਹਾਰ ਤੇ ਸ਼ੰਗਾਰ ਅਜ ਲਾਏ ਕੇ ਸਹੇਲੀਆਂ ਨੇ, ਕਿਸ ਦੀ ਉਡੀਕ ਵਿੱਚ ਕੀਤੀਆਂ ਤਿਆਰੀਆਂ।
ਆਈ ਜਸਵੰਤ ਤੇ ਬਸੰਤ ਰੁਤ ਭਾਗਾਂ ਵਾਲੀ, "ਆਜਜ਼" ਦੇ ਦਿਲ ਵਿਚ ਇਹੋ ਹੀ ਸਮਾਈ ਹੈ।
ਆਏ ਸੀ ਜੋ ਅਜ ਪਿਆਰੇ ਆਵਨ ਗੇ ਫਿਰ ਅਜ, ਭਾਗਾਂ ਭਰੀ ਸੁੰਦ੍ਰ ਬਸੰਤ ਰੁਤ ਆਈ ਹੈ।

-:o-:o-

(ਸ੍ਰੀਮਾਨ ਸੰਤ ਤਰਨ ਸਿੰਘ ਜੀ "ਵਹਿਮੀ" ਹਿੰਦੂ ਚਕ)

ਪੂਛਤ ਸਹੇਲੀ ਆਲੀ ਫਿਰਤ ਅਕੇਲੀ ਕੱਸ ਆਜ ਤੋ ਚੰਬੇਲੀ ਚੰਬਾ ਲੇ ਲੀ ਭੀ ਲਿਆਈ ਏ।
ਮਜਨੂੰ ਕੋ ਸੱਜਨੂੰ ਸੇ ਭਾਰੀ ਪਰੋ ਆਜ ਕਾਜ, ਭਾਜ ਉਨ ਘਰੋ ਘਰੀ ਸੁੰਦ੍ਰੀ ਪੁਛਾਈ ਏ।
ਬਾਗੋਂ ਮੇਂ ਭੀ ਲਾਗੋ ਹੈ ਸੁਭਾਗੋ ਆਜ, ਰਾਗੋ ਰੰਗ ਲੋਗੋਂ ਸਭ ਖੁਸ਼ੀ ਹਰਿ ਜਾਗੋਂ ਪੈ ਮਨਾਈ ਏ।
ਫਿਰਤ ਇਕੇਲੀ ਅਲਬੇਲੀ ਕਹੋ ਕਾਹੇ ਕੋ ਤੂੰ, ਤੇਰੇ ਕੋਨ ਕਾਹੂੰ ਮੰਦਿ ਆਜ ਕੀ ਸੁਨਾਈ ਏ।
ਕਹਿਉ ਉਨ ਬਾਵਰੀ ਹਉਂ, ਸੁਨ ਸਖੀ ਸਾਵਰੀ ਰੀ, ਤੋਹਿ ਰੁਤ ਰਾਵਰੀ ਯਿਹ ਵਖਰੀ ਨ ਭਾਈ ਏ।
ਮੈਂ ਭੀ ਰਹੀ ਅੱਖਰਾਂ ਦੇ ਗੁੰਦ ਹਾਰ ਓਸੇ ਲਈ ਭਾਗਾਂ ਭਰੀ ਸੁੰਦ੍ਰ ਬਸੰਤ ਰੁਤ ਆਈ ਏ।
ਕਹੋ ਆਲੀ ਕੱਤ ਕੀ ਏਸੰਤ ਬਨੀ ਕੰਤ ਵਾਲੀ ਕੱਤ ਕਾ ਬਿਅੰਤ ਮਾਨ ਕਰੇਂ ਬੁਧਮਾਨ ਇਸ।
ਆਨ ਰੁਤ ਗ੍ਰੀਖਮ ਸ੍ਰਦ ਆਦ ਸਭ ਹੂੰ ਤੇ ਕਾਹੇ ਹਿਤ ਹਿਤ-ਕਰ ਪੂਜੇਂ ਪ੍ਰਧਾਨ ਯਿਸ।
ਬਾਵਰੀ ਤੂੰ ਜਾਨਤ ਨ ਹਾਨਤ ਕੀ ਬਾਤ ਕਰੀ ਜਾਹਿ ਹਿਤ ਮਾਨਤ ਹੈਂ ਉਤਮ ਮਹਾਨ ਇਸ।
"ਚੀਨੀ-ਵਾਲੇ" ਪ੍ਰੀਤਮ ਪਿਆਰੇ ਨੇ ਸਵਾਰੇ ਕਾਜ ਲਾਏ ਭਾਗ ਭਾਰਤ ਕੇ ਭਲੇ ਦਿਨ ਆਨ ਇਸ।
ਸੰਮਤ ਅਠਾਰਾਂ ਸੌ ਬਹੱਤਰੇ ਦੀ ਮਾਘ ਸੁਦੀ ਪੰਚਮੀ ਨੂੰ ਪ੍ਰੀਤਮ ਬਸੰਤ ਵਡ ਆਈ ਏ।
"ਵਹਿਮੀ" ਮੈਂ ਭੀ ਅੱਖਰਾਂ ਦੇ ਹਾਰ ਗੁੰਦਾਂ ਓਸੇ ਲਈ ਜੋ ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਏ।

-o:-:o-

(ਵਲੋਂ ਭਾਈ ਚੰਦਾ ਸਿੰਘ ਜੀ "ਮਕਰੰਦ" ਖਾਸ ਸ਼ੇਖੂ ਪੁਰਾ)

ਬਹੁੜ ਬਹੁੜ ਛੇਤੀ ਬਹੁੜ ਔੜ ਨਾਲ ਸੁਕ ਗਈਆਂ ਆਪ ਜੋ ਪਿਆਰੀ ਗੁਲਜ਼ਾਰ ਹੱਥੀਂ ਲਾਈ ਏ।
ਮੇਰੇ ਜਾਨੀ ਮੈਂ ਨਿਮਾਨੀ ਸਚ ਜਾਨੀ ਭਈ ਦਿਵਾਨੀ ਜਾਨ ਮੇਰੀ ਤੇਰੇ ਬਿਨਾਂ ਲਬਾਂ ਉਤੇ ਆਈ ਏ।
ਚਲੀ ਮਰ ਆਉ ਘਰ ਦੀਨਾ ਕੇ ਦਿਆਲ ਹਰਿ ਚੀਨੀ ਦੀ ਸਵਾਰੀ ਕਰ ਵਾਂਗ ਜੋ ਹਵਾਈ ਏ।
ਆਵੇਂ ਠੰਢ ਪਾਵੇਂ ਜੇ ਲਗਾਵੇਂ ਸੀਨੇ ਨਾਲ ਆਖਾਂ ਭਾਗਾਂ ਭਰੀ ਸੁੰਦ੍ਰ ਬਸੰਤ ਰੁਤ ਆਈ ਏ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਜਸਾ ਸਿੰਘ ਦੇ ਦਲਾਰਿਆ ਸਤਾਰਿਆ ਵੇ ਦੇਵਕੀ ਦੇ ਵਾਂਗ ਤੇਰੀ ਮਾਤ ਸਦਾ ਮਾਈ ਏ।
ਧੰਨ ਦੇਸ ਧੰਨ ਕੁਲ ਧੰਨ ਭੈਣੀ ਸਾਹਿਬ ਧੰਨ ਜਿਲੇ ਲੁਦਿਹਾਨੇ ਵਿਚ ਜੋਤ ਤੋਂ ਜਗਾਈ ਏ।
ਧੰਨ ਦਿਨ ਧੰਨ ਵਾਰ ਧੰਨ ਪ੍ਰਵਾਰ ਸੋਹਨਾ, ਧੰਨ ਪਲ ਧੰਨ ਘੜੀ ਧੰਨ ਤੇਰੀ ਦਾਈ ਏ।
ਧੰਨ ਧੰਨ ਧੰਨ ਥਿਤ ਧੰਨ "ਮਕਰੰਦ" ਮਾਹ ਧੰਨ ਤੇਰੀ ਸੁੰਦ੍ਰ ਬਸੰਤ ਰੁਤ ਆਈ ਏ।

(ਵਲੋਂ ਸ੍ਰੀਮਾਨ ਸ: ਸੁਹੇਲ ਸਿੰਘ ਜੀ "ਧੀਰ" ਸ਼ੇਖੂਪੁਰ ਬੇਦਾਦ)

ਸੁੱਕੀ ਸੁੱਕੀ ਟਾਹਣੀਆਂ ਦੇ ਵਿੱਚੋਂ ਸ਼ਾਖਾਂ ਫੁਟੀਆਂ ਨੇ ਹਰੇ ਹਰੇ ਪਤਾਂ ਨਾਲ ਲਗੀਆਂ ਨੇ ਕਲੀਆਂ।
ਲਾਲਾਂ ਦੀ ਸੁਹਪਣ ਤੋਂ ਵਧ ਸੋਹਣੀ ਚਮਕ ਵਾਲੀ ਅਰਸ਼ੀ ਪ੍ਰੀਤਮ ਸਵਾਗਤ ਨੂੰ ਘਲੀਆਂ।
ਪੌਣ ਦੇ ਹੁਲਾਰੇ ਨਾਲ ਹਲ ਹਲ ਝੂਟ ਰਹੀਆਂ ਸ਼ਾਂਸ਼ਾਂ ਕਰਦੀਆਂ ਸੁਦੈਣਾ ਵਾਂਗ ਝਲੀਆਂ।
ਖੁਸ਼ੀ ਖੁਸ਼ੀ ਫੁਲੀਆਂ ਫੁਲ ਗਈਆਂ ਅਖਾਂ ਅੱਜ ਵਾਟ ਨੇ ਉਡੀਕਦੀਆਂ ਧੌਣਾਂ ਕਰ ਖਲੀਆਂ।
ਜਿਮੀ ਅਸਮਾਨ ਦਿਸ ਸਾਰੇ ਹੀ ਜਹਾਨ ਉਤੇ ਸੋਹਣੇ ਸਾਵੇ ਰੰਗ ਵਾਲੀ ਫਿਰੀ ਹਰਿਆਈ ਏ।
ਨਿਕਾ ਨਿਕਾ ਘਾਸ ਹੈ ਵਡਪਣ ਦੀ ਆਸ ਵਿਚ ਵਿਛ ਗਿਆ ਸਾਰੇ ਜਿਵੇਂ ਮਖਮਲ ਵਛਾਈ ਏ।
ਫੁਲਾਂ ਨਾਲ ਘੁਲ ਰਹੀਆਂ ਬਾਗਾਂ ਵਿਚ ਬੁਲਬੁਲਾਂ ਤੇ ਭੌਰੇ ਕਵਲਾਂ ਨੇ ਗਲਵਕੜੀ ਚਾ ਪਾਈ ਏ।
ਕੋਇਲਾਂ ਦੀ ਕੂਕ ਹੂਕ ਪਤਾ ਅਜ ਦਸ ਰਹੀ ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਏ।
ਪਤ ਝਾੜ ਗਈ ਹਰੀ ਭਈ ਹੈ ਬਨਾਸ ਪਤੀ ਅਤੀ ਪ੍ਰਸੰਨ ਡਾਢੀ ਦਿਸ ਦੀ ਲੁਕਾਈ ਏ।
ਦੁਖ ਦਰਦ ਦੂਰ ਤੇ ਕਫੂਰ ਨੇ ਕਲੇਸ਼ ਹੋਏ ਰਬੀ ਨੂਰ ਅਰਸ਼ੋਂ ਅਜ ਜੋਤ ਪ੍ਰਗਟਾਈ ਏ।
ਦੀਨਾ ਦਾ ਸਹਾਰਾ ਪਜਾਰਾ ਦੁਖੀਆਂ ਨਿਥਾਵਿਆਂ ਦਾ ਬਾਢੀ ਰੂਪ ਧਰ ਆਯਾ ਸਭ ਕੋ ਵਧਾਈ ਏ।
ਚੀਨੀ ਵਾਲੇ ਗੁਰੂ ਜੀ ਦੀ ਵਰ੍ਹੇ ਗੰਢ ਅਜ 'ਧੀਰ' ਭਾਗਾਂ ਭਰੀ ਸੁੰਦ੍ਰ ਬਸੰਤ ਰੁਤ ਆਈ ਏ।

(ਵਲੋਂ ਸ੍ਰੀਮਾਨ ਸਰਦਾਰ ਸੰਪੂਰਣ ਸਿੰਘ ਜੀ ਗਿਲ ਚਕ ਨੰਬਰ ੧੧੪)

ਸੀਤ ਰੁਤ ਆਈ ਤਾਂ ਦੁਹਾਈ ਪਈ ਔਰੰਗੇ ਵਾਂਗ,
ਤ੍ਰਾਹ ਤ੍ਰਾਹ ਕਰ ਉਠੀ ਸਾਰੀ ਹੀ ਲੁਕਾਈ ਏ।
ਵੇਲ ਅਤੇ ਬੂਟਿਆਂ ਦੇ ਪਤ੍ਰ ਮ੍ਰੋੜ ਤ੍ਰੋੜ,
ਨੰਗੇ ਇਉਂ ਖਲਾਰੇ ਜਿਉਂ ਗੁਨਾਹੀ ਸਜ਼ਾ ਪਾਈ ਏ।
ਫੁਲਿਆਂ ਵਿਚਾਰਿਆਂ ਨੇ ਬਹਿਣਾ ਕੀ ਸੀ ਫੁਲ ਫੁਲ,
ਪਤ੍ਰ ਉਤਾਰ ਕਿਸੇ ਪਾਨ ਪਤ ਲਾਹੀ ਏ।
ਕੂਕਦੀ ਨਾ ਕੋਇਲ ਨਾ ਬੁਲ-ਬੁਲ ਕਲੋਲ ਕਰੇ,
ਸਾਰੇ ਹੀ ਬਗੀਚੀ ਵਿਚ ਚੁਪ ਚਾਂ ਛਾਈ ਏ।
ਖੂਹ ਦੀਆਂ ਟਿੰਡਾਂ ਵਾਂਗ ਸਮੇਂ ਨੇ ਵੀ ਗੇੜ ਖਾਧਾ.
ਬਦਲੀ ਬਹਾਰ ਤੇ ਬਹਾਰ ਨਵੀਂ ਆਈ ਏ।
ਮੱਠੀ ਮੱਠੀ ਠੰਢੀ ਠੰਢੀ ਪਵਨ ਸੁਗੰਧੀ ਭਰੀ,
ਵਗ ਵਗ ਘਰ ਘਰ ਦੇਂਵਦੀ ਵਧਾਈ ਏ।

ਫੁਟੀਆਂ ਕਰੂੰਬਲਾਂ ਦੇ ਸੋਹਲ ਸੋਹਲ ਪਤਿਆਂ ਦੀ,
ਹਰੀ ਹਰੀ ਨਿੰਮੀ ਨਿੰਮੀ ਰੰਗਤ ਸੁਹਾਈ ਏ।
ਪੰਛੀਆਂ ਨੇ ਖੁਸ਼ੀ ਵਾਲਾ ਰਾਗ ਚਾ ਅਲਾਪਿਆ ਏ,
ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਏ।
ਵਾ ਨੇ ਮਲੱਕੜੇ ਜਹੇ ਚਾਰੇ ਪਾਸੇ ਫਿਰ ਟੁਰ,
ਬੜੀ ਭਾਰੀ ਖੁਸ਼ੀ ਵਾਲੀ ਗਲ ਚਾ ਸੁਨਾਈ ਏ।
ਫੁਲਾਂ ਦੇ ਵੀ ਮੁਖੜੇ ਤੇ ਖੁਸ਼ੀ ਵਾਲੀ ਲਾਲੀ ਆਈ,
ਕਲੀਆਂ ਨੇ ਸਾਫ ਤੇ ਪੁਸ਼ਾਕ ਨਵੀਂ ਲਾਈ ਏ।
ਸਰ੍ਹੋਂ ਦੀਆਂ ਖੇਤੀਆਂ ਨੇ ਪਾ ਲਏ ਬਸੰਤੀ ਬਾਣੇ,
ਸਾਰੀ ਹੀ ਬਨਾਸ ਪਤੀ ਫੁਲੀ ਨਾਂ ਸਮਾਈ ਏ।
ਏਹੋ ਹੀ ਸੁਭਾਗ ਸਮਾਂ ਪ੍ਰੀਤਮ ਦੇ ਆਵਨੇ ਦਾ,
ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਏ।
ਧੰਨ ਸ਼ੁਭ ਸੰਮਤ ਤੇ ਧੰਨ ਉਹ ਮਹਾਨ ਦਿਨ.
ਧੰਨ ਧੰਨ ਕੁਲ ਅਤੇ ਧੰਨ ਪਿਤਾ ਮਾਈ ਏ।
ਜਿੰਨਾਂ ਦੇ ਗ੍ਰਿਹਿ ਵਿਖੇ ਵਾਲੀ ਦੋ ਜਹਾਨ ਆਏ,
ਸ਼ਾਂਤ ਭਰੀ ਨਾਮ ਵਾਲੀ ਗੰਗਾ ਚਾ ਵਗਾਈ ਏ।
ਪਸ਼ੂਆਂ ਤੋਂ ਦੇਵਤੇ ਤੇ ਖੋਟਿਆਂ ਨੂੰ ਖਰਾ ਕੀਤਾ,
ਮੰਝ ਧਾਰ ਡੁਬਿਆਂ ਦੀ ਬੇੜੀ ਬੰਨੇ ਲਾਈ ਏ।
ਮਾਂਨ ਹੋ ਨਿਮਾਣਿਆਂ ਕੇ ਆਇ ਗੁਰੂ ਰਾਮ ਸਿੰਘ,
ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਏ।

—o—

(ਵਲੋਂ ਸ੍ਰੀ ਮਾਨ ਸ: ਦੇਵਾ ਸਿੰਘ ਜੀ "ਕਿਰਤੀ" ਗੁਜਰਾਂਵਾਲਾ)

ਬੁਲਬਲਾਂ ਦੀ ਕੂਕ ਸੁਨ ਰੈਨ ਕੁਰਲਾਨ ਵਾਲੀ,
ਡਾਢੇ ਹੀ ਪਿਆਰ ਨਾਲ ਹੋਈ ਆ ਸਹਾਈ ਏ।
ਬਾਗਾਂ ਨੂੰ ਸੀ ਨਾਗ ਵਾਂਗ ਖਿਜ਼ਾਂ ਬ੍ਰਬਾਦ ਕੀਤਾ,
ਓਸਦੇ ਮਕਾਬਲੇ ਤੇ ਕੀਤੀ ਜਾ ਝੜਾਈ ਏ।
ਰੋਗਨਾ ਤੇ ਸੋਗਨਾਂ ਵਿਯੋਗਨਾਂ ਦੀ ਆਹ ਨਾਲ,
ਸੜੀ ਹੋਈ ਸੀਤ ਰੂਪ ਰੁਤ ਚਾ ਲੰਘਾਈ ਏ।
'ਕਿਰਤੀ'' ਗ੍ਰੀਬਾਂ ਦੀ ਸਹਾਈ ਬਨ ਆਈ ਜਗ,
ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਏ।
ਸਰਦੀ ਦੀ ਸੀਤ ਕੋਲੋਂ ਸਤੇ ਸੜੇ ਲੋਕ ਜੇਹੜੇ,
ਠੁਰ੍ਹੂ ਠੁਰ੍ਹੂ ਕਰ ਜਿਨਾਂ ਰੁਤ ਏਹ ਲੰਘਾਈ ਏ।

Sri Satguru Jagjit Singh Ji Elibrary NamdhariElibrary@gmail.com

ਠੰਢ ਵਾਲੀ ਵੰਡ ਕੋਲੋਂ ਅਕਕੇ ਵਚਾਰਿਆਂ ਨੇ,
ਸਾਰੀ ਸਾਰੀ ਰਾਤ ਬੈਠ ਅਗ ਹੀ ਜਗਾਈ ਏ।
ਪਾਲੇ ਨੇ ਦਵਾਲੇ ਘੇਰਾ ਘਤਿਆ ਕਮਾਲ ਤਕ,
ਬਾਲ ਬੱਚੇ ਵਾਲੀ ਬੀ ਚਾ ਸੁਧ ਹੀ ਭੁਲਾਈ ਏ।
'ਕਿਰਤੀ' ਦੀ ਗਰੀਬਾਂ ਤਬੀਬਾਂ ਵਾਂਗ ਸਾਰ ਲੈਨ,
ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਏ।

--o--

ਆਜ ਮਹਾਰਾਜ ਗੁਰੂ ਰਾਮ ਸਿੰਘ ਆਇਓ ਹੈ।

(ਵਲੋਂ-ਸੰਤ ਸਪੂਰਣ ਸਿੰਘ ਜੀ "ਨਿਮਾਣਾ" ਪਿੰਡ ਕਿਲ ੧੧੪ ਚਕ)

ਦੇਖ ਸਖੀ ਚਾਰੋਂ ਓਰ ਆਜ ਕੈਸੇ ਜੋਰ ਸ਼ੋਰ,
ਘੋਰ ਕਲੂਕਾਲ ਮੈ ਅਨੰਦ ਕੈਸੋ ਛਾਯੋ ਹੈ।
ਕਹੀਂ ਸਾਧ ਸੰਤ ਗੀਤ ਪ੍ਰੀਤ ਹੀ ਸੋਂ ਪਢੇਂ ਐਸ,
ਜੈਸੇ ਭਗਵੰਤ ਕੋ ਦੀਦਾਰ ਇਨ ਪਾਯੋ ਹੈ।
ਕਹੀਂ ਨਰ ਨਾਰ ਪਟ ਧਾਰ ਸ੍ਵਛ ਕੋਟ ਭਾਂਤ,
ਫੂਲੇ ਨ ਸਮਾਤ ਜਿਓ ਬਿਵਾਹ ਮਨ ਭਾਯੋ ਹੈ।
ਸਾਰਾ ਯੇਹ ਉਮਾਹ ਸਖੀ ਪੀਆ ਜੀ ਕੇ ਆਵਨ ਕੋ,
ਆਜ ਮਹਾਰਾਜ਼ ਗੁਰੂ ਰਾਮ ਸਿੰਘ ਆਯੋ ਹੈ।

--o--

'ਚੀਨੀ ਵਾਲੇ ਆਵਸੋਗੇ ਕਦੋਂ ਪੀਆ ਚਲਕੇ'

(ਵਲੋਂ ਕਜਾਨੀ ਊਧਮ ਸਿੰਘ ਜੀ "ਮੁਸਾਫਰ")

ਫੂਲ ਰਹੀ ਫੱਲ ਰਹੀ ਡਾਲੀ ਵੱਲ ਹੱਲ ਰਹੀ,
ਛੱਲ ਰਹੀ ਜਲ ਕੂਲ੍ਹ ਵਾਯੂ ਸੰਗ ਹੱਲਕੇ।
ਲੱਗ ਰਹੀ ਵੱਗ ਰਹੀ, ਠੰਢੀ ਠੰਢੀ ਪੌਣ ਅੱਜ,
ਜਾਂਵਦੀ ਕਲੇਜਾ ਇਹ ਵਯੋਗਨਾ ਦਾ ਸੱਲਕੇ।
ਹਾਰੀ ਦੁਖਯਾਰੀ ਵਾਰੀ ਤੱਕ ਤੱਕ ਰਾਹ ਤੇਰਾ,
ਚੀਨੀ ਵਾਲੇ ਆਵਸੋ ਗੇ ਕਦੋਂ ਪੀਆ ਚੱਲਕੇ।
ਆਉਣਗੇ ਵਛਾਉਣਗੇ ਨੀ ਸੇਜ ਮੇਰੇ ਦਿਲ ਉਤੇ,
ਆਵੋ ਸਹੀਓ ਬੈਠੀਏ ਨੀ ਰਾਹ ਅੱਗੋਂ ਮੱਲਕੇ।

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ-ਲਹਿਰ

(ਵਲੋਂ-ਸਰਦਾਰ ਗੁਰਬਖਸ਼ ਸਿੰਘ ਜੀ ਪ੍ਰੇਜ਼ੀ-ਡੈਂਟ ਸ੍ਰੀ ਗੁਰੂ-ਸਿੰਘ ਸਭਾ ਬਗਵਾਨ ਪੁਰਾ ਲਹੌਰ)

ਸੂਚਨਾ—

ਏਹ ਲੇਖ ਸਾਡੇ ਪ੍ਰੇਮ ਮਿਤ੍ਰ ਸਰਦਾਰ ਗੁਰਬਸ਼ਖ ਸਿੰਘ ਜੀ ਬਾਗਵਾਨ ਪੁਰੀ ਨੇ ਬੰਦੇ ਮਾਤ੍ਰਮ ਵਿਚ ਛਪੇ ਕਿਸੇ ਲੇਖ ਦੇ ਆਧਾਰ ਤੇ ਲਿਖਯਾ ਏ। ਜਿਸ ਵਿਚ ਸੁਯੋਗ ਲੇਖਕ ਨੇ ਸੰਖਿਪਤ ਤੌਰ ਤੇ ਨਾਮਧਾਰੀ ਪੰਥ ਦਾ ਰਾਜ ਨੀਤਕ, ਹਾਲ ਲਿਖਨ ਦਾ ਪ੍ਰੀਸ਼ਰਮ ਕੀਤਾ ਏ। ਜਿਸ ਵਿਚ ਕਈ ਇਕ ਇਤਹਾਸਕ ਗਲਤੀਆਂ ਹਨ, ਜੇਹੜੀਆਂ ਕਿ ਮਾਨ-ਯੋਗ ਲੇਖਕ ਤੋਂ ਅਨਜਾਣੇ ਹੋਈਆਂ ਹਨ। ਜਿਹਾ ਕਿ ਨਾਮਧਾਰੀ ਸ਼ਹੀਦਾਂ ਨੇ ਮਾਲੇਰ ਕੋਟਲੇ ਉਤੇ ਚੜ੍ਹਾਈ ਰਿਆਸਤ ਤੇ ਕਬਜਾ ਕਰਨ ਦੇ ਖਆਲ ਨਾਲ ਹੀ ਕੀਤੀ ਸੀ। ਦਰ ਅਸਲ ਏਹ ਗਲ ਅਸਲੋਂ ਹੀ ਨਿਰਮੂਲ ਹੈ, ਜੇ ਸਿੰਘ ਚਾਂਹਦੇ ਤਾਂ ਮਾਲੇਰ ਕੋਟਲੇ ਤੇ ਕਬਜਾ ਕਰਨਾਂ ਓਨਾ ਲਈ ਕੋਈ ਵਡੀ ਗਲ ਨਹੀ ਸੀ ਕਿਉਂਕਿ ਕੋਟਲੇ ਦੀ ਫੌਜ ਦੇ ਤਾਂ ਸਿੰਘਾਂ ਨੇ ਅਜੇਹੇ ਦੰਦ ਖਟੇ ਕੀਤੇ ਸਨ ਨਾਨੀ ਯਾਦ ਕਰਾ ਦਿਤੀ ਸੀ। ਗਯਾਨੀ ਗਯਾਨ ਸਿੰਘ ਜੀ ਲਿਖਦੇ ਹਨ ਕਿ "ਕੋਟਲੇ ਦੀ ਤੁਰਕਾਨੀ ਤੇ ਪਠਾਨੀ ਫੌਜ ਸਭ ਸਿੰਘਨ ਸੋਂ ਲਰੀ ਇਨ੍ਹੇ ਮਾਰਕੇ ਹਟਾਈਆਂ" ਜਦ ਨੂ ਗੂਰਨ-ਮੈਂਟ ਦੀ ਮਦਦ ਪੁਜਦੀ ਸਿੰਘ ਮਾਲੇਰ ਕੋਟਲੇ ਦੇ ਸ਼ਾਸ਼ਕ ਬਣੇ ਬੈਠੇ ਹੁੰਦੇ ਪਰ ਓਸ ਦਿਨ ਓਨ੍ਹਾਂ ਦੀ ਮਰਜੀ ਕੇਵਲ ਗਊ ਦੋਖੀਆਂ ਨੂੰ ਸਾਸਨਾ ਦੇਣ ਮਾਤ੍ਰ ਹੀ ਸੀ। ਮੇਰਾ ਮਤਲਬ ਏਹ ਨਹੀ ਕਿ ਓਨ੍ਹਾਂ ਦਾ ਰਾਜ ਲੈਣ ਦਾ ਮਨਸਾ ਹੀ ਨਹੀ ਸੀ, ਨਹੀ ਨਹੀ ਹਰ ਗਿਜ ਨਹੀ, ਸਿਖ ਰਾਜ ਦਾ ਪੁਨਰ ਉਥਾਨ ਹੁੰਦਾ ਦੇਖਣ ਦੇ ਸਿੰਘ ਸਖ਼ਤ ਚਾਹਵੰਦ ਸਨ। ਪਰ ਮਾਲੇਰ ਕੋਟਲੇ ਦੀ ਚੜ੍ਹਾਈ ਦਾ ਕਾਰਨ ਕੇਵਲ ਗਊ ਦੋਖੀਆਂ ਦਾ ਨਾਸ ਕਰਨਾ ਸੀ।

'ਸਰਹੈਨਰੀ ਕਾਟਨ ਦਾ ਏਹ ਲਿਖਨਾ ਕਿ ਇਕ ਸਿਖ ਗਾਰਦ ਵਿਚੋਂ ਦੌੜਕੇ ਮਿਃ ਕਾਵਨ ਤਕ ਜਾ ਪੌਂਹਚਿਆ ਤੇ ਓਸਨੂੰ ਦਾੜ੍ਹੀ ਤੋਂ ਫੜ ਲਿਆ ਪਰ ਛੇਤੀ ਹੀ ਮਿਃ ਕਾਵਨ ਦੇ ਨੌਕਰਾਂ ਨੇ ਓਸ ਸਿਖ ਦੇ ਟੋਟੇ ਟੋਟੇ ਕਰ ਦਿਤੇ।' ਕੁਝ ਹਦ ਤੀਕ ਹੀ ਠੀਕ ਏ।

"ਅਸਲ ਵਿਚ ਏਹ ਇਕ ੧੨ ਸਾਲਾ ਬਚਾ ਜਿਸਦਾ ਨਾਉ ਬਿਸ਼ਨ ਸਿੰਘ ਪਿੰਡ ਰੜ ਰਿਆਸਤ ਪਟਿਆਲਾ ਦਾ ਰਹਿਨ ਵਾਲਾ ਸੀ ਓਸਦੀ ਸ਼ਕਲ ਤੇ ਉਮਰ ਦੇਖਕੇ ਮਿਸਟ੍ਰ ਕਾਵਨ ਦੀ ਮੇਮ ਨੇ ਕਿਹਾ ਕਿ ਸਾਹਬ ਇਸ ਬਚੇ ਨੂੰ ਛਡ ਦੇ ਇਸ ਤੇਰਾ ਕੀ ਗੁਵਾਇਆ ਏ ਮਿਸਟ੍ਰ ਕਾਵਨ ਨੇ ਕਿਹਾ ਕਿ ਜੇ ਏਹ ਆਖ ਦੇਵੇ ਕਿ ਮੈਂ (ਗੁਰੂ) ਰਾਮ ਸਿੰਘ ਦਾ ਸਿਖ ਨਹੀ ਤਾਂ ਏਸ ਨੂੰ ਛਡ ਦਿਤਾ ਜਾਇਗਾ। ਮੇਮ ਨੇ ਓਸ ਬਚੇ ਨੂੰ ਕਿਹਾ ਕਿ ਤੂੰ ਆਖਦੇ ਮੈਂ ਗੁਰੂ ਰਾਮ ਸਿੰਘ ਦਾ ਸਿਖ ਨਹੀ ਓਸ ਬਚੇ ਨੇ ਕਿਹਾ ਕਿ ਸਾਹਬ ਮੇਰੇ ਨੇੜੇ ਕੰਨ ਕਰੇ। ਜਦ ਸਾਹਬ ਨੇ ਕੰਨ ਕੀਤਾ ਤਾਂ ਓਸ ਬਚੇ ਨੇ ਦਾੜ੍ਹੀ ਫੜ ਲਈ ਬਸ ਤਦ ਹੀ ਛਡੀ ਜਦ ਸਿਰ ਧੜ ਨਾਲੋਂ ਜੁਦਾ ਹੋ ਗਿਆ।" ਵਿਸਥਾਰ ਲਈ ਦੇਖਣ ਲਈ

ਦੇਖੋ ਸਤਿਜੁਗ ਦਾ ਬਸੰਤ ਨੰਬਰ ਸਾਲ ੧੯੩੦–

ਫਿਰ ਵੀ ਏਹ ਲੇਖ ਕਾਫੀ ਯੋਗਤਾ ਨਾਲ ਲਿਖਿਆ ਗਿਆ ਹੈ ਮੈਂ ਸਰਦਾਰ ਗੁਰਬਖਸ਼ ਸਿੰਘ ਜੀ ਦਾ ਹਾਰਦਿਕ ਧਨਵਾਦੀ ਹਾਂ।

(ਇੰਦ੍ਰ ਸਿੰਘ "ਚਕ੍ਰਵਰਤੀ")

–:oo:–

੧੮੫੭ ਦੇ ਗਦਰ ਦੇ ਪਿਛੋਂ ਵਲਾਇਤ ਦੀ ਸਰਕਾਰ ਨੇ ਈਸਟ ਇੰਡੀਆ ਕੰਪਨੀ ਦੀ ਹਕੂਮਤ ਨੂੰ ਅਯੋਗ ਸਮਝਕੇ ਉਸਦਾ ਖਾਤਮਾਂ ਕਰ ਦਿਤਾ ਤੇ ਹਿੰਦੁਸਤਾਨ ਦੀ ਹਕੂਮਤ ਕੰਪਨੀ ਦੇ ਕਬਜੇ ਵਿਚੋਂ ਨਿਕਲ ਕੇ ਮਲਕਾ ਇੰਗਲੈਂਡ ਤੇ ਬ੍ਰਿਟਸ਼ ਪਾਰਲੀਮੈਂਟ ਦੇ ਹਥਾਂ ਵਿਚ ਚਲੀ ਗਈ, ਮਲਕਾ ਮੁਅਜਮਾ ਨੇ ਝਟ ਇਕ ਸ਼ਾਹੀ ਐਲਾਨ ਰਾਹੀਂ ਹਿੰਦੁਸਤਾਨੀ ਰਈਯਤ ਤੇ ਸ਼ਾਹਜ਼ਾਦਿਆਂ ਨੂੰ ਯਕੀਨ ਦਿਵਾਇਆ ਕਿ ਅਗੇ ਤੋਂ ਉਨਾਂ ਦੇ ਹੱਕਾਂ ਦਾ ਖਾਸ ਧਿਆਨ ਰਖਿਆ ਜਾਵੇਗਾ, ਤੇ ਉਨ੍ਹਾਂ ਵਿਚ ਕਿਸੇ ਤ੍ਹਾਂ ਨਾਲ ਵੀ ਦਖਲ ਨਾ ਦਿਤਾ ਜਾਵੇਗਾ। ਨਾ ਹੀ ਕਦੇ ਲੋਕਾਂ ਦੇ ਧਰਮ ਵਿਚ ਦਖਲ ਦਿਤਾ ਜਾਇਆ ਕਰੇਗਾ। ਹਿੰਦੁਸਤਾਨੀ ਅਤੇ ਅੰਗ੍ਰੇਜੀ ਸਿਪਾਹੀਆਂ ਤੇ ਅਫਸਰਾਂ ਨੂੰ ਹਮੇਸ਼ਾਂ ਇਕੋ ਨਜਰ ਨਾਲ ਦੇਖਿਆ ਜਾਏਗਾ, ਅਤੇ ਨਸਲ ਧਰਮ ਮਿਲਤ ਤੇ ਰੰਗ ਦੇ ਕਾਰਨ ਕਿਸੇ ਨੂੰ ਕਿਸੇ ਔਹਦੇ ਤੋਂ ਨਹੀ ਹਟਾਇਆ ਜਾਵੇਗਾ। ਰੰਗ ਤੇ ਕੌਮ ਦੀ ਤਮੀਜ ਤੋਂ ਬਿਨਾ ਹਰਿਕ ਹਿੰਦੁਸਤਾਨੀ ਅਪਨੀ ਯੋਗਤਾ ਨਾਲ ਵਡੇ ਤੋਂ ਵਡੇ ਔਹਦੇ ਤੇ ਪੁਜਨ ਦਾ ਹਕਦਾਰ ਸਮਝਿਆ ਜਾਵੇਗਾ। ਤੇ ਹਕੂਮਤ ਦੀ ਤਾਕਤ ਰਈਯਤ ਦੇ ਸਾਰੇ ਲੋਕਾਂ ਦੀ ਉਨਤੀ ਲਈ ਖਰਚ ਕੀਤੀ ਜਾਇਆ ਕਰੇਗੀ। ਇਸ ਸ਼ਾਹੀ ਐਲਾਨ ਨਾਲ ਸਾਰੇ ਲੋਕਾਂ ਦੇ ਦਿਲ ਪ੍ਰਸੰਨ ਹੋ ਗਏ ਤੇ ਉਹ ਅਮਨ ਚੈਨ ਨਾਲ ਰਹਿਣ ਲਗੇ। ਪਰੰਤੂ ਐਂਗਲੋ-ਇੰਡੀਅਨ ਅਫਸਰਾਂ ਨੇ ਇਸ ਐਲਾਨ ਨੂੰ ਅਮਲੀ ਤੌਰ ਤੇ ਵਰਤੋਂ ਵਿਚ ਲਿਆਉਨ ਦਾ ਬਹੁਤ ਘਟ ਯਤਨ ਕੀਤਾ, ਅਤੇ ਗਦਰ ਦੇ ਪਿਛੋਂ ਜੋ ਸਖਤੀਆਂ ਹੁੰਦੀਆਂ ਰਹੀਆਂ ਉਸਦਾ ਪੰਜਾਬ ਦੇ ਆਮ ਲੋਕਾਂ ਨੇ ਭਾਵੇਂ ਕੁਛ ਨਾ ਖਿਆਲ ਕੀਤਾ ਪਰੰਤੂ ਜੇਹੜੇ ਸਿਖ ਖਾਲਸਾ ਰਾਜ ਦੇ ਵਕਤ ਵਿਚ ਅਪਨੀਆਂ ਬਹਾਦਰੀਆਂ ਵਿਖਾ ਚੁਕੇ ਸਨ। ਉਨਾਂ ਦੇ ਦਿਲ ਖਾਲਸਾ ਰਾਜ ਦੇ ਨਸ਼ਟ ਹੋ ਜਾਨ ਦੇ ਕਾਰਨ ਵਿਚੇ ਵਿਚ ਸੜਦੇ, ਤੇ ਉਹ ਅਪਨੀ ਪਹਿਲੀ ਸ਼ਾਨ ਨੂੰ ਬਹਾਲ ਕਰਨ ਦੇ ਫਿਕਰ ਵਿਚ ਰਹਿੰਦੇ ਸਣ। ਪੰਜਾਬ ਦੇ ਜੋਸ਼ੀਲੇ ਸਪੁਤ੍ਰਾਂ ਦੇ ਦਿਲ ਦਾ ਉਬਾਲ ਆਖਰ ਰੰਗ ਲਿਆਯਾ। ਤੇ ਹੌਲੀ੨ ਇਕ ਮਜਹਬੀ ਨਾਮਧਾਰੀ ਤੈਹਰੀਕ ਦਾ ਪ੍ਰਾਰੰਭ ਹੋ ਗਿਆ। ਇਸ ਤੈਹਰੀਕ ਦੇ ਬਾਨੀ ਸ੍ਰੀ ਬਾਬਾ ਰਾਮ ਸਿੰਘ ਜੀ ਜੋ ਭੈਣੀ ਜਿਲਾ ਲੁਧਿਆਨਾ ਦੇ ਰਹਿਣ ਵਾਲੇ ਤੇ ਸ਼ੇਰੇ ਪੰਜਾਬ ਮਹਾਰਾਜਾ ਰੰਜੀਤ ਸਿੰਘ ਜੀ ਦੀ ਫੌਜ ਵਿਚ ਰਹਿ ਚੁਕੇ ਸਨ ਸਿਖ ਰਾਜ ਦੇ ਖਾਤਮੇ ਉਤੇ ਅਪਨੇ ਲਕੜੀ ਦੇ ਕੰਮ ਵਿਚ ਲਗ ਗਏ। ਇਸ ਤੋਂ ਪਹਿਲਾਂ ਆਪ ਕਈ ਸਾਲ ਸ੍ਰੀ ਬਾਬਾ ਬਾਲਕ ਸਿੰਘ ਜੀ ਦੀ ਸੇਵਾ ਵਿਖੇ ਰਹਿਣ ਦਾ ਮਾਣ ਪ੍ਰਾਪਤ ਕਰ ਚੁਕੇ ਸਨ, ਆਪ ਨੇ ਨਾਮਧਾਰੀਆਂ ਦੀ ਇਕ

ਸਭਾ ਬਨਾਣ ਦਾ ਫੈਸਲਾ ਕੀਤਾ ਜਿਸ ਵਿਚ ਇਸਤ੍ਰੀ ਪੁਰਸ਼ ਦੋਵੇਂ ਰਲ ਸਕਦੇ ਸਨ ਤੇ ਦੋਹਾਂ ਲਈ ਇਕੋ ਜਿਹਾ ਦਰਜਾ ਸੀ, ਇਸ ਸਭਾ ਦੇ ਅਸੂਲ ਬੜੇ ਉਤਮ ਸਨ ਇਸ ਸਭਾ ਦੇ ਮੈਂਬਰਾਂ ਲਈ ਝੂਠ ਬੋਲਨਾ, ਤੇ ਮਾਸ ਖਾਨਾ ਪਾਪ ਸੀ, ਪ੍ਰਸਾਦਿ ਛਕਣ ਉਪ੍ਰੰਤ ਜੂਠ ਛਡਨੀ ਮਨ੍ਹਾ ਸੀ ਸਾਦਾ ਤੇ ਪਵਿਤ੍ਰ ਜੀਵਨ ਬਤੀਤ ਕਰਨਾ ਤੇ ਸ੍ਵਾਸ ੨ ਵਾਹਿਗੁਰੂ ਨਾਮ ਦਾ ਜਾਪ ਕਰਨਾ ਤੇ ਇਕ ਦੂਜੇ ਦੀ ਖਾਤ੍ਰ ਕਰਨੀ ਇਨ੍ਹਾ ਦਾ ਮੁਖ ਫਰਜ ਸੀ ਇਹ ਤੇਹਰੀਕ ਹੋਲੀ ੨ ਪੰਜਾਬ ਵਿਚ ਜੋਰ ਫੜਨ ਲਗੀ ਤੇ ਸਾਰੇ ਜਿਲਿਆਂ ਵਿਚ ਇਸਦੇ ਮੈਂਬਰਾਂ ਦੀ ਗਿਣਤੀ ਵਧਨ ਲਗੀ, ਹਿੰਮਤ ਤੇ ਬੰਦਗੀ ਦੇ ਪੁਤਲੇ ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਨੇ ਸਭ ਤੋਂ ਪਹਿਲਾਂ ਅੰਗ੍ਰੇਜ਼ ਅਫਸਰਾਂ ਨਾਲ ਨਾ-ਮਿਲਵਰਤਨ ਕਰਨ ਦਾ ਪ੍ਰਚਾਰ ਸ਼ੁਰੂ ਕੀਤਾ ਤੇ ਆਪਨੀ ਇੰਤਜਾਮੀ ਕਾਬਲੀਅਤ ਤੇ ਰੂਹਾਨ ਸ਼ਕਤੀ ਨਾਲ ਅੰਗ੍ਰੇਜੀ ਸਲਤਨਤ ਦੇ ਅੰਦਰ ਅਪਣੀ ਇਕ ਵਖਰੀ ਰੂਹਾਨੀ ਸਲਤਨਤ ਕਾਇਮ ਕਰ ਦਿਤੀ, ਪੰਜਾਬ ਨੂੰ ੨੨ ਹਿੱਸਿਆਂ ਵਿਚ ਵੰਡਕੇ ਹਰਿਕ ਅਲਾਕੇ ਲਈ ਅਪਣਾ ਵਖੋ ਵਖ ਸੂਬਾ ਨੀਯਤ ਕਰ ਦਿਤਾ, ਨਾਮਧਾਰੀਆਂ ਦੇ ਮੁਕੱਦਮੇਂ ਉਨਾਂ ਦੀਆਂ ਅਪਣੀਆਂ ਅਦਾ-ਲਤਾਂ ਵਿਚ ਪੇਸ਼ ਹੋਕੇ ਫੈਸਲੇ ਹੋਣ ਲਗ ਪਏ, ਸਰਕਾਰੀ ਡਾਕਖਾਨੇ ਬਾਈਕਾਟ ਹੋਕੇ ਬਾਬਾ ਜੀ ਦੀ ਆਪਣੀ ਡਾਕ ਚਲਣ ਲਗ ਪਈ ਜੋ ਕਈ ਵੇਰਾ ਸਰਕਾਰੀ ਡਾਕ ਨਾਲੋਂ ਪਹਿਲਾਂ ਪੌਹਚ ਜਾਂਦੀ ਸੀ, ਸਰਕਾਰੀ ਸਕੂਲਾਂ ਵਿਚ ਅਪਣੇ ਬਚਿਆਂ ਨੂ ਪੜ੍ਹਾਨ ਤੋਂ ਬੰਦ ਕੀਤਾ ਗਿਆ, ਬਿਦੇਸੀ ਚੀਜਾਂ ਖਾਸ ਕਰ ਬਦੇਸ਼ੀ ਕਪੜੇ ਦਾ ਵਰਤਣਾ ਤਿਆਗ ਕੇ ਸੁਦੇਸ਼ੀ ਕਪੜੇ ਖਦਰ ਦਾ ਪਹਿਨਣਾ ਜਰੂਰੀ ਕੀਤਾ ਗਿਆ, ਸ੍ਰੀ ਬਾਬਾ ਜੀ ਵਲੋਂ ਜੋ ਹੁਕਮ ਜਾਰੀ ਕੀਤੇ ਜਾਂਦੇ ਸਨ ਉਨਾ ਦੀ ਝਟ ਪਟ ਤਾਮੀਲ ਕੀਤੀ ਜਾਂਦੀ ਸੀ

ਸ੍ਰੀ ਬਾਬਾ ਜੀ ਦੇ ਉਦੇਸ਼ ਦਾ ਪ੍ਰਚਾਰ ਖੂਬ ਜੋਰ ਸ਼ੋਰ ਨਾਲ ਹੋਣ ਲਗਾ ਤੇ ਦਸ ਬਾਰਾਂ ਸਾਲ ਵਿਚ ਨਾਮਧਾ-ਰੀਆਂ ਦੀ ਗਿਣਤੀ ਦੋ ਲਖ ਤਕ ਪੁਜ ਗਈ ਤੇ ਹੁਣ ਬਾਬਾ ਜੀ ਦੇ ਪੈਰੋ ਉਨਾ ਨੂੰ ਗੁਰੂ ਰਾਮ ਸਿੰਘ ਕਹਿਣ ਲਗ ਪਏ, ਨਾਮਧਾਰੀ ਸਿਖ ਬੜੇ ਜੋਸ਼ੀਲੇ ਤੇ ਬਹਾ-ਦਰ ਸਨ ਬਾਬਾ ਜੀ ਨੇ ਅਪਨੇ ਸਿਖਾਂ ਦੇ ਅੰਦਰ ਐਸੀ ਜਬਰਦਸਤ ਸਪਿਰਟ ਫੂਕ ਦਿਤੀ ਜਿਸ ਨਾਲ ਉਨਾਂ ਦੇ ਦਿਲਾਂ ਵਿਚੋਂ ਅੰਗ੍ਰੇਜ਼ ਅਫਸਰਾਂ ਦਾ ਡਰ ਤਾਂ ਕਿਤੇ ਰਿਹਾ ਸਗੋਂ ਮੌਤ ਦਾ ਡਰ ਵੀ ਜਾਂਦਾ ਰਿਹਾ ਤੇ ਉਹ ਜਾਨ ਉਤੇ ਖੇਡ ਜਾਣਾ ਇਕ ਤਮਾਸ਼ਾ ਸਮਝਨ ਲਗ ਪਏ ਅਤੇ ਉਹ ਆਪਣੇ ਸਿਖ ਭਰਾਵਾਂ ਦੀ ਸੇਵਾ ਤੇ ਅਜ਼ਾਦੀ ਦੇ ਚਾਉ ਵਿਚ ਮਰ ਮਿਟਨ ਲਈ ਤਿਆਰ ਬਰਤਿਆਰ ਹੋ ਬੈਠੇ।

ਪੰਜਾਬ ਵਿਚੋਂ ਖਾਲਸਾ ਰਾਜ ਦੇ ਨਸ਼ਟ ਹੋ ਜਾਨ ਪਿਛੋਂ ਸ਼ੇਰੇ ਪੰਜਾਬ ਮਹਾਰਾਜਾ ਰੰਜੀਤ ਸਿੰਘ ਜੀ ਦੇ ਬਣਾਏ ਹੋਏ ਕਾਨੂਨ ਦਾ ਭੀ ਖਾਤਮਾ ਹੋ ਗਿਆ, ਸ੍ਰੀ ਅੰਮ੍ਰਿਤਸਰ ਜੀ ਦੇ ਪਵਿਤ੍ਰ ਹਰੀ ਮੰਦਰ ਦਰਬਾਰ ਸਾਹਿਬ ਪਾਸ ਭੀ ਬੁਚੜ ਖਾਨੇ ਖੁਲ ਗਏ ਜਿਥੇ ਕਈ ਗਊ ਗਰੀਬ

ਦੇ ਰਖਵਾਲੇ ਤੇ ਰਛਕ ਸਨ ਉਥੇ ਦਿਨ ਦੀਵੀਂ ਗਊ ਹਤਯਾ ਹੋਣ ਲਗ ਪਈ ੧੮੭੧ ਈਃ ਵਿਚ ਕਈ ਨਾਮਧਾਰੀ ਸਿਖ ਸ੍ਰੀ ਦਰਬਾਰ ਸਾਹਿਬ ਦੀ ਇਸ ਬੇਅਦਬੀ ਨੂੰ ਨਾ ਸਹਾਰਕੇ ਆਪੇ ਤੋਂ ਬਾਹਰ ਹੋ ਗਏ, ਤੇ ਉਨਾ ਨੇ ਗੁਸੇ ਦੀ ਹਾਲਤ ਵਿਚ ਅੰਮ੍ਰਿਤਸਰ ਜੀ ਆਕੇ ਕਈ ਇਕ ਬੁਚੜਾਂ ਨੂੰ ਕਤਲ ਕਰ ਦਿਤਾ ਸ਼ਹਿਰ ਵਿਚ ਇਸ ਕਤਲ ਨਾਲ ਬੜੀ ਹਲ ਚਲ ਮਚ ਗਈ, ਕਮਿਸ਼ਨਰ ਨੇ ਹੋਰ ਸਿੰਘਾਂ ਨੂੰ ਸ਼ੁਬੇ ਵਿਚ ਫੜ ਲਿਆ ਤੇ ਕਿਹਾ ਕਿ ਇਹ ਸਭ ਕੁਛ ਤੁਹਾਡੀ ਸਾਜਸ਼ ਨਾਲ ਹੋਇਆ ਹੈ ਜਦ ਸ੍ਰੀ ਬਾਬਾ ਰਾਮ ਸਿੰਘ ਜੀ ਨੂੰ ਇਸ ਦੀ ਖਬਰ ਪੌਂਹਚੀ ਤਾਂ ਉਸਨੇ ਕਾਤਲਾਂ ਨੂੰ ਬੁਲਾਕੇ ਕਿਹਾ ਕਿ ਜਾਉ ਇਕਬਾਲ ਕਰਕੇ ਬੇ ਗੁਨਾਹਾਂ ਦੀ ਜਾਨ ਬਚਾਉ, ਬਾਬਾ ਜੀ ਦੀ ਆਗਿਆ ਅਨੁਸਾਰ ਨਾਮਧਾਰੀ-ਸਿਖਾਂ ਨੇ ਅੰਮ੍ਰਿਤਸਰ ਆਕੇ ਅਪਣੇ ਆਪ ਨੂੰ ਸਰਕਾਰ ਦੇ ਹਵਾਲੇ ਕਰ ਦਿਤਾ, ਮੁਕ-ਦਮਾਂ ਚਲਾਣ ਦੇ ਉਪ੍ਰੰਤ ਜਦ ਉਨਾ ਨੂੰ ਮੌਤ ਦਾ ਹੁਕਮ ਸੁਣਾਯਾ ਗਿਆ ਤਾਂ ਉਹ ਬੜੀ ਬੇ ਪ੍ਰਵਾਹੀ ਤੇ ਦਲੇਰੀ ਨਾਲ ਹਸ ੨ ਕੇ ਫਾਸੀਆਂ ਤੇ ਲਟਕ ਗਏ,

ਇਸ ਵਾਕਿਆ ਨਾਲ ਨਾਮਧਾਰੀ ਸਿਖਾਂ ਦਾ ਜੋਸ਼ ਹੋਰ ਭੀ ਕੜਕ ਉਠਿਆ ਤੇ ਉਨਾ ਦੇ ਦਿਲ ਵਿਚ ਅੰਗ੍ਰੇਜ਼ਾਂ ਦੇ ਵਿਰੁਧ ਹੋਰ ਭੀ ਖਿਆਲਾਤ ਉਤਪੰਨ ਹੋਣ ਲਗੇ, ਤੇ ਉਹ ਅਪਣੇ ਫਾਸੋ ਚੜਾਇ ਗਏ ਭਰਾਵਾਂ ਦਾ ਬਦਲਾ ਲੈਣ ਲਈ ਉਪਾਵ ਸੋਚਨ ਲਗੇ, ਸ੍ਰੀ ਬਾਬਾ ਰਾਮ ਸਿੰਘ ਜੀ ਭਾਵੇਂ ਆਪ ਇਸ ਵੇਲੇ ਕਿਸੇ ਐਸੀ ਕਾਰਵਾਈ ਦੇ ਹਕ ਵਿਚ ਨਹੀ ਸਨ ਪ੍ਰੰਤੂ ਸੰਗਤ ਦੀ-ਕਸਰਤ ਰਾਇ ਦੇ ਸਾਹਮਨੇ ਬੇਬਸ ਸਨ, ਸਾਰੇ ਨਾਮਧਾਰੀਆਂ ਵਲ ਹੁਕਮਨਾਮੇ ਜਾਰੀ ਕੀਤੇ ਗਏ ਕਿ ਉਹ ਲੜਾਈ ਲਈ ਤਿਆਰ ਹੋਕੇ ਮਾਲੇਰ ਕੋਟਲੇ ਪੌਹਚ ਜਾਣ ਜਿਥੇ ਪਹਿਲਾਂ ਹਮਲਾ ਕੀਤਾ ਜਾਵੇਗਾ।

ਪੰਜਾਬ ਗਵਰਮਿੰਟ ਇਨ੍ਹਾਂ ਸਾਰੀਆਂ ਗਲਾਂ ਤੋਂ ਜਾਣੂ ਤੇ ਖਬਰਦਾਰ ਸੀ ਉਸਨੇ ਸਾਰੇ ਜਿਲਿਆਂ ਵਿਚ ਨਾਮਧਾਰੀ ਆਗੂਆਂ ਦੀ ਗ੍ਰਿਫਤਾਰੀ ਦੇ ਹੁਕਮ ਭੇਜ ਦਿਤੇ, ਸ੍ਰੀ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਸੂਬਿਆਂ ਨੂੰ ਹਿਰਾਸਤ ਵਿਚ ਕਰ ਲੀਤਾ ਗਿਆ, ਨਾਮਧਾਰੀਆਂ ਨੂੰ ਮਾਲੇਰ-ਕੋਟਲੇ ਪੁਜਨ ਤੋਂ ਰੋਕਣ ਦੀ ਪੂਰੀ ੨ ਕੋਸ਼ਸ਼ ਕੀਤੀ ਗਈ, ਇਸਦੇ ਬਾਵਜੂਦ ਨਾਮਧਾਰੀਆਂ ਦਾ ਇਕ ਜਬਰਦਸਤ ਜਥਾ ਮਾਲੇਰ ਕੋਟਲੇ ਪੁਜ ਗਿਆ, ਉਸਦਾ ਇਰਾਦਾ ਮਾਲੇਰ ਕੋਟਲੇ ਨੂੰ ਫਤਹ ਕਰਕੇ ਮੇਗ-ਚੀਨ ਤੇ ਹਥਿਆਰਾਂ ਉਤੇ ਅਤੇ ਖਜਾਨੇ ਉਤੇ ਕਬਜਾ ਕਰਨ ਦਾ ਸੀ ਪ੍ਰੰਤੂ, ਰਿਆਸਤ ਪਟਿਆਲਾ ਤੇ ਲੁਧਿਆਨਾ ਦੀ ਫੌਜ ਉਸ ਤੋਂ ਪਹਿਲਾਂ ਮਾਲੇਰ ਕੋਟਲੇ ਪਹੁੰਚ ਚੁਕੀ ਸੀ।

ਨਾਮਧਾਰੀ ਥੋੜੀ ਗਿਣਤੀ ਵਿਚ ਹੋਣ ਤੇ ਵੀ ਨਾਂ ਘਬਰਾਇ ਸਗੋਂ ਓਨਾਂ ਨੇ ਬੜੀ ਹਿੰਮਤ ਤੇ ਜੋਸ਼ ਨਾਲ ੧੪ ਜਨਵਰੀ ੧੮੭੨ ਈ: ਨੂੰ ਮਾਲੇਰ ਕੋਟਲੇ ਤੇ ਹਮਲਾ ਕਰ ਦਿਤਾ ਤੇ ਬੜੀ ਦਲੇਰੀ ਤੇ ਬਹਾਦਰੀ ਨਾਲ ਲੜੇ ਤੇ ਉਸ ਦਿਨ ਸਖਤ ਖੂਨੀ ਲੜਾਈ ਹੋਈ ਦੋਹਾਂ ਪਾਸਿਆਂ ਦਾ ਬਹੁਤ ਨੁਕਸਾਨ ਹੋਇਆ ਸੀ ਕਿਉਂਕਿ

ਨਾਮਧਾਰੀਆਂ ਦੀ ਗਿਣਤੀ ਕੇਵਲ ਇਕ ਸੌ ਦੇ ਲਗ ਪਗ ਸੀ ਇਸ ਲਈ ਉਨਾ ਦ ਹਾਰ ਲਾਜਮੀ ਸੀ, ਚਾਲੀ ਪੰਜਾਹ ਮੈਦਾਨ ਜੰਗ ਵਿਚ ਸ਼ਹੀਦ ਹੋ ਗਏ, ਬਾਕੀ ੨੨ ਜਖਮੀ ਹੋ ਗਏ ਜੇਹੜੇ ਬਚੇ ਉਹ ਅਪਣੇ ੨੨ ਜਖਮੀ ਭਰਾਵਾਂ ਨੂੰ ਨਾਲ ਲੈਕੇ ਪਟਿਆਲੇ ਦੀ ਹਦ ਅੰਦਰ ਚਲੇ ਗਏ ਜਿਥੇ ਉਨਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਓਨ੍ਹਾਂ ਦੀ ਗ੍ਰਿਫਤਾਰੀ ਨਾਲ ਨਾਮਧਾਰੀਆਂ ਦੇ ਇਸ ਹਮਲੇ ਦਾ ਭੀ ਖਾਤਮਾ ਹੋ ਗਿਆ, ਪੰਜਾਬ ਵਿਚ ਸਿਖ ਰਾਜ ਨੂੰ ਕਾਇਮ ਕਰਨ ਦੇ ਚਾਹਵਾਨ ਸੂਰਬੀਰ ਨਾਮਧਾਰੀ ਸਿਖਾਂ ਨੂੰ ਉਸੇ ਰਾਤ ਸ਼ੇਰਪੁਰ ਦੇ ਕਿਲੇ ਵਿਚ ਬੰਦ ਕਰ ਦਿਤਾ ਗਿਆ।

੧੬ ਜਨਵਰੀ ੧੮੭੨ ਈਃ ਨੂੰ ਲੁਧਿਆਨਾ ਦੇ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਨੇ ਇਨ੍ਹਾਂ ਜੰਗੀ ਕੈਦੀਆਂ ਨੂੰ ਮਾਲੇਰ ਕੋਟਲੇ ਭੇਜਨ ਦਾ ਹੁਕਮ ਦਿਤਾ, ਤੇ ਉਹ ਆਪ ਭੀ ਉਸ ਦਿਨ ਉਥੇ ਪੁਜ ਗਿਆ! ਇਸੇ ਦਿਨ ਸ਼ਾਮ ਨੂੰ ਮਿਸਟਰ ਕਾਵਨ ਨੇ ਆਪਣੇ ਵਡੇ ਅਫਸਰ ਅਰਥਾਤ ਕਮਿਸ਼ਨਰ ਲੁਧਿਆਨਾ ਡਵੀਜਨ ਮਿਸਟਰ ਡੇਗਲਸ ਫੋਰਸਟਥ ਨੂੰ ਇਕ ਚਿਠੀ ਲਿਖੀ ਜਿਸ ਵਿਚ ਪੂਰੀ ਤਰਾਂ ਅਮਨ ਅਮਾਨ ਹੋ ਜਾਨ ਦੀ ਖਬਰ ਦਿੰਦੇ ਹੋਏ ਲਿਖਿਆ ਕਿ ਕੁਲ ਬਾਗੀਆਂ ਨੂੰ ਨੇਸਤੋ ਨਾਬੂਦ ਕਰ ਦਿਤਾ ਗਿਆ ਹੈ ਬਾਕੀ ਜੰਗੀ ਕੈਦੀਆਂ ਨੂੰ ਮੇਰੀ ਤਜਵੀਜ ਦੇ ਮੁਤਾਬਕ ਕਲ ਸਵੇਰੇ ਤੋਪਾਂ ਨਾਲ ਉਡਾ ਦਿਤਾ ਜਾਇਗਾ.।

ਦੂਜੇ ਦਿਨ ਅਰਥਾਤ ੧੭ ਜਨਵਰੀ ੧੮੭੨ ਈਃ ਨੂੰ ਕਮਿਸ਼ਨਰ ਸਾਹਿਬ ਦਾ ਮਿਸਟਰ ਕਾਵਨ ਨੂੰ ਉਤਰ ਆਯਾ ਕਿ ਜੰਗੀ ਕੈਦੀਆਂ ਨੂੰ ਸ਼ੇਰਪੁਰ ਦੇ ਕਿਲੇ ਵਿਚ ਉਸ ਵੇਲੇ ਤਕ ਰਖਿਆ ਜਾਵੇ ਜਦ ਤਕ ਕਿ ਇਕ ਗਾਰਦ ਉਨਾ ਨੂੰ ਲੁਧਿਆਨੇ ਤੋਂ ਆਕੇ ਨਾ ਲੈ ਜਾਵੇ, ਮਿਸਟਰ ਕਾਵਨ ਨੇ ਏਹ ਚਿਠੀ ਆਪਨੀ ਜੇਬ ਵਿਚ ਪਾ ਲਈ ਤੇ ਫੇਰ ਉਸ ਦਾ ਖਿਆਲ ਤਕ ਭੀ ਨਾ ਕੀਤਾ, ੧੭ ਜਨਵਰੀ ੧੮੭੨ ਈਃ ਨੂੰ ਸ਼ਾਮ ਦੇ ਚਾਰ ਬਜੇ ਇਨਾ ਜੰਗੀ ਕੈਦੀਆਂ ਨੂੰ ਮਾਰਚ ਕਰਵਾਕੇ ਮਾਲੇਰ ਕੋਟਲੇ ਲਿਆਂਦਾ ਗਿਆ, ਤੇ ਉਸੀ ਵੇਲੇ ਉਥੇ ਹੀ ਬਿਨਾ ਕਿਸੇ ਮੁਕਦਮਾ ਵਗੈਰਾ ਚਲਾਉਣ ਦੇ ਜਾਂ ਉਨਾ ਦੀ ਸਫਾਈ ਸੁਨਣ ਦੇ ਹੀ ਉਨਾਂ ਵਿਚੋਂ ੬੯ ਕੈਦੀਆਂ ਨੂੰ ਤੋਪਾਂ ਨਾਲ ਉਡਾ ਦਿਤਾ ਗਿਆ, ਸ਼ਾਮ ਦੇ ੭ ਬਜੇ ਜਦ ਕਿ ਆਖਰੀ ੬ ਨਾਮ-ਧਾਰੀਆਂ ਨੂੰ ਤੋਪਾਂ ਨਾਲ ਬੰਨ ਦਿਤਾ ਗਿਆ ਸੀ ਮਿਸਟਰ ਫੋਰਸਥ ਕਮਿਸ਼ਨਰ ਦਾ ਦੂਜਾ ਹੁਕਮ ਆਯਾ ਕਿ ਕੈਦੀਆਂ ਨੂੰ ਕਾਨੂਨੀ ਕਾਰਵਾਈ ਲਈ ਮੇਰੇ ਪਾਸ ਭੇਜ ਦਿਤਾ ਜਾਵੇ, ਮਿਸਟਰ ਕਾਵਨ ਆਪ ਮੰਨਦੇ ਸਨ ਕਿ ਮੈਨੇ ਇਹ ਹੁਕਮ ਪੜ੍ਹਕੇ ਕਰਨਲ ਪੀਰਕਨਸ ਨੂੰ ਇਸ ਰੀਮਾਰਕਸ ਨਾਲ ਵਾਪਸ ਦੇ ਦਿਤਾ ਕਿ ਇਸ ਵੇਲੇ ਤੋਪਾਂ ਨਾਲ ਬੰਨ੍ਹੇ ਹੋਏ ਲੋਕਾਂ ਨੂੰ ਮਾਰਨ ਤੋਂ ਰੋਕਨਾ ਠੀਕ ਨਹੀਂ ਤੇ ਇਸਦਾ, ਆਲੇ ਦੁਆਲੇ ਦੇ ਲੋਕਾਂ ਤੇ ਬਹੁਤ ਬੁਰਾ ਅਸਰ ਪਵੇਗਾ ਇਸ ਲਈ ਇਨ੍ਹਾਂ ਸਿਖ ਬਾਗੀਆਂ ਨੂੰ ਵੀ ਉਸੇ ਤ੍ਰਾਂ ਨਾਲ ਤੋਪਾਂ ਨਾਲ ਉਡਾ ਦਿਤਾ ਗਿਆ, ਜਿਸਤ੍ਰਾਂ ੪੩ ਪਹਿਲੇ

ਸੂਰਬੀਰ ਉਡਾਇ ਗਏ ਸਨ। ਸਰ ਹੈਨਰੀ-ਕਾਟਨ ਅਪਨੀ ਹਿੰਦੁਸਤਾਨੀ ਯਾਦਾਸ਼ਤ ਵਿੱਚ ਵਿਚ ਲਿਖਦੇ ਹਨ ਕਿ ਹੋਰ ਸਿਖ, ਗਾਰਦ ਵਿਚੋਂ ਦੌੜਕੇ ਮਿਸਟਰ ਕਾਵਨ ਤਕ ਜਾ ਪੌਹਚਿਆ ਤੇ ਉਸਨੂੰ ਦਾੜ੍ਹੀ ਤੋਂ ਫੜ ਲਿਆ ਪਰ ਛੇਤੀ ਹੀ ਮਿਸਟਰ ਕਾਵਨ ਸਾਹਿਬ ਦੇ ਨੌਕਰਾਂ ਨੇ ਉਸ ਸਿਖ ਦੇ ਟੁਕੜੇ ਟੁਕੜੇ ਕਰ ਦਿਤੇ, ਮਿਸਟਰ ਫੋਰਸਿਥ ਕਮਿਸ਼ਨਰ ਨੇ ੧੭ ਜਨਵਰੀ ੧੮੭੨ ਈਃ ਨੂੰ ਗਵਰਨਮਿੰਟ ਨੂੰ ਜੋ ਤਾਰ ਭੇਜੀ ਉਸ ਵਿਚ ਸਾਫ ਲਿਖਿਆ ਸੀ ਕਿ ਮੈਂ ਮੌਕਿਆ ਤੇ ਮੌਜੂਦ ਹਾਂ ਇਨ੍ਹਾਂ ਮੁਕੱਦਮਿਆਂ ਦੇ ਛੇਤੀ ਬਾਕਾਇਦਾ ਫੈਸਲੇ ਕਰ ਸਕਦਾ ਹਾਂ ਇਨਾਂ ਵਿਚ ਕਿਸੇ ਜ਼ਰੂਰੀ ਕਾਰਵਾਈ ਦੀ ਲੋੜ ਨਹੀਂ ਕਿਉਂਕਿ ਇਸਤ੍ਹਾਂ ਜੋਸ਼ ਠੰਢਾ ਹੋਣ ਦੀ ਬਜਾਇ ਜ਼ਿਆਦਾ ਵਧਨ ਦਾ ਖਤਰਾ ਹੈ।

ਪਰ ੧੮ ਜਨਵਰੀ ਨੂੰ ਕਮਿਸ਼ਨਰ ਸਾਹਿਬ ਜਦ ਕਿ ਉਸਨੂੰ ਉਪ੍ਰੋਕਤ ਸ਼ਰਮਨਾਕ ਤੇ ਵੈਹਸ਼ੀਆਨਾ ਕਾਰਵਾਈ ਦੀ ਖਬਰ ਮਿਲ ਚੁਕੀ ਸੀ ਹੇਠ ਲਿਖੇ ਅਖਰਾਂ ਨਾਲ ਮਿਸਟ੍ਰ ਕਾਵਨ ਨੂੰ ਲਿਖਿਆ,

ਮੇਰੇ ਪਿਆਰੇ ਕਾਵਨ,

ਮੈਂ ਉਸ ਸਾਰੀ ਕਾਰਵਾਈ ਨੂੰ ਪਸੰਦ ਕਰਦਾ ਹਾਂ ਅਤੇ ਉਸਦੀ ਤਸਦੀਕ ਕਰਦਾ ਹਾਂ ਜੋ ਤੁਸਾਂ ਇਸ ਮੁਆਮਲੇ ਵਿੱਚ ਕੀਤਾ ਹੈ, ਤੁਹਾਡੀ ਸਾਰੀ ਕਾਰਵਾਈ ਸ਼ਲਾਘਾ ਯੋਗ ਹੈ ਅਤੇ ਮੈਂ ਆਪ ਮੌਕਿਆ ਤੇ ਆ ਰਿਹਾ ਹਾਂ,

ਕਮਿਸ਼ਨਰ ਲੁਧਿਆਨਾ ਖੁਦ ਮੌਕਿਆ ਤੇ ਆਯਾ ਉਸ ਨੇ ਬਾਕੀ ੧੬ ਜੰਗੀ ਕੈਦੀਆਂ ਨੂੰ ਮਾਰ ਦੇਨ ਦੀ ਆਗਿਆ ਦੇ ਦਿਤੀ ਜਿਨਾਂ ਨੂੰ ਉਸੇ ਵੇਲੇ ਫਾਸੀ ਤੇ ਚੜ੍ਹਾ ਦਿਤਾ ਗਿਆ, ਖਾਸ ਗੱਲ ਏਹ ਹੈ ਕਿ ਤੋਪਾਂ ਅਗੇ ਉਡਨ ਵਾਲੇ ਤੇ ਫਾਂਸੀ ਦੇ ਤਖਤੇ ਤੇ ਲਟਕਨ ਵਾਲੇ ਨਾਮਧਾਰੀ ਸਿਖਾਂ ਨੇ ਮਰਦੇ ਦਮ ਤਕ ਕਿਸੀ ਕਿਸਮ ਦਾ ਕੁਛ ਫਿਕਰ ਜਾਂ ਗਮ ਤਕ ਨਾ ਕੀਤਾ ਸੁਗੋਂ ਹਸਦੇ ੨ ਤੋਪਾਂ ਤੇ ਫਾਂਸੀ ਦੇ ਰਸਿਆਂ ਨੂੰ ਆਪ ਆਪਣੇ ਗਲ ਵਿਚ ਪਾਕੇ ਸ਼ਬਦ ਪੜ੍ਹਦੇ ੨ ਸ਼ਹੀਦ ਹੋ ਗਏ, ਮਿਸਟਰ ਫੋਰਸਿਥ ਜੋ ਪਿਛੋਂ ਸਰ ਬਨ ਗਏ ਸਨ ਅਪਣੇ ਲਿਖੇ ਹੋਏ ਜੀਵਨ ਬਿਰਤਾਂਤ ਦੇ ਸਫਾ ੩੬, ੩੭ ਤੇ ੪੨ ਵਿਚ ਲਿਖਦੇ ਹਨ ਕਿ ਬਤੌਰ ਕਮਿਸ਼ਨਰ ਅਤੇ ਸੁਪ੍ਰਿੰਟੰਡੈਂਟ ਆਫ ਨੀਯੂ ਸਟੇਟਸ ਮੈਨੂੰ ਜ਼ਿੰਦਗੀ ਤੇ ਮੌਤ ਦੇ ਅਧਿਕਾਰ ਸਨ, ਸੋ ਮਿਸਟਰ ਕਾਵਨ ਡਿਪਟੀ ਕਮਿਸ਼ਨਰ ਨੂੰ ਪ੍ਰਾਪਤ ਨਹੀਂ ਸਨ, ਮੈਂ ਉਸ ਨੂੰ ਲੁਧਿਹਾਨੇ ਤੋਂ ਹੁਕਮ ਦਿਤਾ ਸੀ ਕਿ ਉਹ ਬਾਗੀਆਂ ਤੇ ਮੁਕੱਦਮਾਂ ਚਲਾਏ, ਅਤੇ ਮੇਰੇ ਪੌਹਚਨ ਤੋਂ ਪਹਿਲਾਂ ਓਨ੍ਹਾਂ ਨੂੰ ਕੋਈ ਸਜਾ ਨਾ ਦੇਵੇ, ਪ੍ਰੰਤੂ ਕਾਵਿਨ ਨੇ ਕਾਨੂੰਨ ਨੂੰ ਅਪਣੇ ਹਥ ਵਿਚ ਲੈ ਲਿਆ ਮੇਰੀ ਚਿਠੀ ਨੂੰ ਉਸ ਨੇ ਜੇਬ ਵਿਚ ਪਾ ਲਿਆ ਤੇ ਉਸ ਤੇ ਅਮਲ ਕਰਨ ਤੋਂ ਇਨਕਾਰ ਕਰ ਦਿਤਾ, ਤੇ ਕੈਦੀਆਂ ਨੂੰ ਤੋਪਾਂ ਨਾਲ ਉਡਾ ਦਿਤਾ, ਮੈਨੇ ਮਜਬੂਰਨ ਉਸ ਦੀ ਇਸ ਕਾਰਵਾਈ ਦੀ ਜਿਮਾਂਵਾਰੀ ਆਪਨੇ ਉਤੇ ਲੈ ਲਈ ਤੇ ਤਸਦੀਕੀ ਚਿਠੀ ਲਿਖ ਦਿੱਤੀ,।

ਹਿੰਦੁਸਤਾਨੀ ਨੁਕਤਾ ਖਿਆਲ ਨਾਲ ਇਹ ਗਲ ਹੌਸਲਾ ਤੇ ਤਸੱਲੀ ਦੇਣ ਵਾਲੀ ਹੈ ਕਿ ਗਵਰਨਮਿੰਟ ਆਫ ਇੰਡੀਆ ਨੇ

ਇਸ ਮੁਆਮਲੇ ਦਾ ਬੜੀ ਸਖ਼ਤੀ ਨਾਲ ਨੋਟਿਸ ਲਿਆ ਅਤੇ ਕਮਿਸ਼ਨਰ ਤੇ ਡਿਪਟੀ ਕਮਿਸ਼ਨਰ ਪਾਸੋਂ ਇਸ ਭਿਆਨਕ ਸਾਕੇ ਦੇ ਮੁਤਅਲਕ ਜਵਾਬ ਤਲਬ ਕੀਤਾ, ਅਤੇ ਇਨ੍ਹਾਂ ਦੋਹਾਂ ਅਫਸਰਾਂ ਦੇ ਵਿਰੁਧ ਨਾਰਾਜ਼ਗੀ ਦਾ ਇਕ ਬਾਕਾਇਦਾ ਰੇਜ਼ੂਲੇ-ਯੂਸ਼ਨ ਪਾਸ ਕੀਤਾ ਗਿਆ।

ਹਿਜ–ਐਕਸੇ–ਲੈਨਸੀ ਵਾਈਸ–ਰਾਇ ਮੈ ਕੌਨਸਿਲ ਨੇ ਇਸ ਵਾਕਿਆ ਤੋਂ ਅਫਸੋਸ ਪ੍ਰਗਟ ਕਰਦਿਆਂ ਹੋਇਆਂ ਇਸ ਨੂੰ ਗੈਰ ਜ਼ਰੂਰੀ ਤੇ ਵੈਹਸ਼ੀ–ਆਨਾ ਫਿਹਲ ਕਰਾਰ ਦਿਤਾ, ਮਿਸਟਰ ਕਾਵਨ ਡਿਪਟੀ ਕਮਿਸ਼ਨਰ ਨੂੰ ਨੌਕਰੀ ਤੋਂ ਅਲੈਹਦਾ ਕਰ ਦਿਤਾ ਤੇ ਮਿਸਟਰ ਫੌਰਸਿਥ ਨੂੰ ਸਖਤ ਲਾਅਨ–ਤਾਅਨ ਕਰਨ ਦੇ ਉਪ੍ਰੰਤ ਉਸਨੂੰ ਲੁਧਿਹਾਨੇ ਤੇ ਤਬਦੀਲ ਕਰਕੇ ਦੂਸਰੇ ਸੂਬੇ ਵਿਚ ਭੇਜ ਦਿਤਾ।

ਸ੍ਰੀ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ੨੨ ਸੂਬਿਆਂ ਨੂੰ ਜਲਾਵਤਨ ਕਰਕੇ ਬ੍ਰਹਮਾਂ ਭੇਜ ਦਿਤਾ, ਭੈਣੀ ਸਾਹਿਬ ਵਿਖੇ ਪੋਲੀਸ ਦੀ ਚੌਕੀ ਬਿਠਾ ਦਿਤੀ ਗਈ ਤੇ ਨਾਮਧਾਰੀ ਸਿਖਾਂ ਉਤੇ ਸਖਤ ਨਿਗ-ਰਾਨੀ ਕਰ ਦਿਤੀ ਗਈ, ਹੌਲੀ ੨ ਤੇ ਮੁਤਵਾਤਰ ਸਖਤੀ ਨੇ ਇਸ ਨਾਮਧਾਰੀ ਤੈਹਰੀਕ ਦੀ ਤਰੱਕੀ ਨੂੰ ਭੀ ਰੋਕ ਦਿਤਾ।

–:o:–

ਅਰਸ਼ੀ ਵੈਦ

(ਵਲੋਂ ਸ: ਹਰਨਾਮ ਸਿੰਘ ਜੀ 'ਨਿਹੰਗ' ਹਜ਼ੂਰੀ ਰਾਗੀ ਪਟਿਆਲਾ)

ਸੂਚਨਾ—

ਸ੍ਰੀਮਾਨ ਭਾਈ ਹਰਨਾਮ ਸਿੰਘ ਜੀ ਰਾਗੀ ਦਾ ਏਹ ਇਤਹਾਸਕ ਲੇਖ ਬਹੁਤ ਹੀ ਮਹੱਤੱਬ ਪੂਰਤ ਹੈ। ਪਾਠਕ ਏਹ ਲੇਖ ਪੜ੍ਹਕੇ ਦੇਖਣਗੇ ਕਿ ਨਾਮਧਾਰੀ ਪੰਥ ਦਾ ਇਤਹਾਸ ਕਿਸਤਰਾਂ ਹਨੇਰੇ ਵਿਚ ਪਿਆ ਹੋਯਾ ਏ। ਅਕਾਲ ਪੁਰਖ ਦੀ ਕ੍ਰਿਪਾ ਨਾਲ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਉਦਾਰਤਾ ਨਾਲ ਮੇਰਾ ਪ੍ਰੀਸ਼ਰਮ ਬਹੁਤ ਹਦ ਤੀਕ ਹੁਣ ਸਫਲ ਹੁੰਦਾ ਹੋਯਾ ਨਜ਼ਰ ਆ ਰਿਹਾ ਏ। ਜਿਸਤੋਂ ਮੇਰੀ ਖੁਸ਼ੀ ਦੀ ਕੋਈ ਹਦ ਨਹੀਂ ਰਹਿ ਜਾਂਦੀ। ਜਦ ਕਿ ਮੈਂ ਅਜੇਹੇ ਵੀਰਾਂ ਨੂੰ ਪੰਥ ਦਾ ਇਤਹਾਸ ਦੀ ਖੋਜ ਲਈ ਤਯਾਰ ਹੋਯਾ ਤਕਦਾ ਹਾਂ। ਭਾਈ ਹਰਨਾਮ ਸਿੰਘ ਜੀ ਓਨ੍ਹਾਂ ਗੁਰਸਿਖਾਂ ਵਿਚੋਂ ਹਨ ਜਿਨ੍ਹਾਂ ਨੇ ਬਹੁਤ ਚਿਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਅਨੰਦ ਮਾਣਕੇ ਰਾਗ ਵਿਦਯਾ ਪ੍ਰਾਪਤ ਕੀਤੀ ਏ ਆਪ ਜੀ ਦਾ ਇਤਹਾਸਕ ਏਹ ਲੇਖ ਪੜ੍ਹਨ ਲਈ ਮੈਂ ਪਾਠਕਾਂ ਦੀ ਸੇਵਾ ਵਿਖੇ ਵਿਚਾਰ ਪੂਰਬਕ ਪੜ੍ਹਨ ਲਈ ਜੋਰਦਾਰ ਅਖਰਾਂ ਵਿਚ ਬੇਨਤੀ ਕਰਦਾ ਹਾਂ।

ਦਾਸ ਇੰਦ੍ਰ ਸਿੰਘ "ਚਕ੍ਰਵਰਤੀ"

ਸਤਿਗੁਰੂ ਨਾਨਕ ਦੇਵ ਜੀ ਨੇ ਪਹਿਲੇ ਦਸ ਅਵਤਾਰ ਧਾਰਨ ਕਰਕੇ ਅਨੇਕ ਜਗਹਿ ਭਵਿਖਤ ਸਮੇਂ (ਬਾਹਰਵਾਂ ਜਾਮਾਂ ਧਾਰਨ ਕਰਨ) ਲਈ ਕਈ ਵੇਰ ਗੁਪਤ ਅਤੇ ਪ੍ਰਗਟ ਪੇਸ਼ੀਨ ਗੋਈਆਂ ਕੀਤੀਆਂ, ਜੇਹਾ ਕਿ ਪ੍ਰਗਟ ਤੌਰ ਤੇ ਸੌ ਸਾਖੀ ਪਾਤਸ਼ਾਹੀ ੧੦ ਅਤੇ ਜਨਮ ਸਾਖੀ ਪਾਤਸ਼ਾਹੀ ਆਦਿ। ਏਨਾਂ ਤੋਂ ਬਿਨਾਂ ਹਿੰਦੂ ਧਰਮ ਗ੍ਰੰਥ ਸ੍ਰੀ ਮਦ ਭਾਗਵਤ, ਮਹਾਭਾਰਤ, ਅਤੇ ਗੁਪਤ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪਰ ਭੁਲੇ ਹੋਏ ਪ੍ਰਾਣੀ ਅਜੇ ਵੀ ਸ਼ੰਕਾ ਕਰੀ ਹੀ ਜਾਂਦੇ ਹਨ। ਹੇਠ ਲਿਖੇ ਲੇਖ ਵਲ ਜ਼ਰਾ ਨਿਗਾਹ ਕਰਕੇ ਤਕਦਿਆਂ ਹੋਯਾਂ ਵਿਚਾਰ ਤੋਂ ਕੰਮ ਲੈਂਦਿਆਂ ਪਖਸ਼ਪਾਤ ਦੀ ਐਨਕ ਅਖੀਆਂ ਤੋਂ ਲਾਹਕੇ ਧਿਆਨ ਨਾਲ ਪੜ੍ਹਨ ਲਈ ਅਸੀਂ ਓਨਾਂ ਵੀਰਾਂ ਦੀ ਸੇਵਾ ਵਿਖੇ ਅਰਜ ਕਰਦੇ ਹਾਂ।

ਨਾਮਧਾਰੀ ਵੀਰ ਇਸ ਲੇਖ ਨੂੰ ਪੜ੍ਹਕੇ ਏਹ ਖਯਾਲ ਕਰਨਗੇ ਅਤੇ ਹਸਣਗੇ ਕਿ ਗੁਰੂ ਰਾਮ ਸਿੰਘ ਜੀ ਤਾਂ ਅਨੇਕਾਂ ਵਾਰੀ ਅਨੰਤ ਵਿਦਵਾਨਾਂ, ਦੀਵਾਨਾਂ, ਰਾਹੀਂ ਸਿਧ ਹੋ ਚੁਕੇ ਹਨ ਕਿ ਠੀਕ ਹੀ ੧੨ ਵੇਂ ਸਤਿ-ਗੁਰੂ ਹਨ। ਪਰ ਸਤਿਗੁਰੂ ਜੀ ਦੇ ਚੋਜਾਂ ਦਾ ਅੰਤ ਨਹੀਂ, ਦਾਸ ਜੋ ਕੁਝ ਲਿਖਣ ਲਗਿਆ ਏ ਓਸ ਦਾ ਸਿਧਾਂਤ ਕੇਵਲ ਏਹ ਹੈ ਕਿ ਸਤਿਗੁਰੂ ਦੇ ਜੀਵਨ ਚਰਿਤ੍ਰਾਂ ਨੂੰ ਦੁਹਰਾਕੇ ਕਾਟੋ ਦੇ ਤਿਣਕੇ ਵਤ-ਸਾਧ ਸੰਗਤ ਦੀ ਕੁਝ ਸੇਵਾ ਕੀਤੀ ਜਾਏ ਅਤੇ ਗੁਰ ਜਸ ਲਿਖਕੇ ਹਥ ਸਫਲ ਕੀਤੇ ਜਾਣ, ਅਤੇ ਆਪ ਇਸ ਅਰਸ਼ੀ ਸੁਖ ਦਾ ਆਨੰਦ ਮਾਨਣਾ ਅਰ ਭੁਲੇ ਹੋਏ ਸ਼ੰਕਾ ਵਾਦੀਆਂ ਨੂੰ ਡੰਕੇ ਦੀ ਚੋਟ ਨਾਲ ਪੁਛਣਾ ਅਤੇ

ਦਸਣਾ ਕਿ ਏਹ ਕਰਤੱਬ ਦੇਹਧਾਰੀ ਸਤਿਗੁਰ ਦੇ ਹਨ। ਜਾਂ ਦੇਹ ਅਧਿਆਸੀ ਤੋਂ ਪਰੇ ਅਲਪਗ-ਦੇ ਹਨ। ਦੇਹਧਾਰੀ-ਅਲਪਗ ਜੀਵ ਵਿਚ ਏਹੀ ਖੁਲ੍ਹ ਦਿਲੀ ਅਤੇ ਸਮਦਿਸ਼ਟਤਾ ਅਰ ਦਮਕ, ਭਮਕ ਅਤੇ ਕੁਰਬਾਨੀ ਨਹੀਂ ਹੁੰਦੀ। ਇਸ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇਹ ਅਧਿਆਸ ਤੋਂ ਪਰੇ ਸਨ, ਜਿਨ੍ਹਾਂ ਲਈ ਅਸੀਂ ਏਹ ਤੁਕ ਵਰਤ ਸਕਦੇ ਹਾਂ, 'ਸਹਸ ਮੂਰਤ ਨਨ ਏਕ ਤੋਹੀ।'

ਦਾਸ ਨੇ ਜਿਥੋਂ ਤੀਕ ਸਤਿਗੁਰੁ ਚੀਨੀ ਵਾਲੇ ਦੇ ਕਾਰ-ਨਾਮੇ ਪੜ੍ਹੇ ਹਨ ਅਤੇ ਸੁਣੇ ਹਨ, ਓਹਨਾਂ ਤੋਂ ਏਹੀ ਨਿਸਚਾ-ਗਯਾਨ ਹੋਯਾ ਏ ਕਿ ੧੨ ਜੋਤਾਂ ਵਿੱਚ ਕੇਵਲ ਇਤਨਾਂ ਹੀ ਅੰਤਰ ਹੈ ਜਿਤਨਾਂ ਬਿਜਲੀ ਅਤੇ ਓਸਦੀ ਚਮਕ ਦਾ, ਚੰਨ ਅਤੇ ਓਸ ਦੀ ਚਾਨਣੀ ਦਾ, ਸੂਰਜ ਅਤੇ ਓਸਦੇ ਪ੍ਰਕਾਸ਼ ਦਾ।

ਦਾਸ ਨੇ ਬਹੁਤ ਸਾਰੇ ਬਿਰਧ ਮਹਾਤਮਾਂ ਨਾਮ ਦੇ ਰਸੀਏ ਬੀਤ ਰਾਗ ਸੰਤਾਂ ਦੇ ਦ੍ਰਸ਼ਨ ਕਰਕੇ ਓਨ੍ਹਾਂ ਦੀ ਰਸਨਾਂ ਤੋਂ ਏਹ ਸੁਣਿਆ ਹੈ ਕਿ "ਭਾਈ ਏਹੀ ਗੁਰੂ ਨਾਨਕ ਬਾਹਰਵੇਂ ਜਾਮੇ ਵਿਚ ਆਯਾ ਹੈ ਏਹਨਾਂ ੧੨ ਸਰੂਪਾਂ ਵਿਚ ਭਿੰਨ ਭੇਦ ਮੰਨਣ ਵਾਲਾ ਪ੍ਰਾਣੀ ਸਮੁੰਦਰੋਂ ਕਢੇ ਹੋਏ ਸਖਣੇ ਸੰਖ ਵਾਂਗੂ ਨਿਰਾ ਧਾਂਹੀ ਮਾਰਨ ਜੋਗਾ ਹੀ ਹੈ। ਓਸ ਦੀਆਂ ਓਹ ਮਾਪਿਰੀ ਤਕਣ ਵਾਲੀਆਂ ਬਿਅੰਨ ਅਖੜੀਆਂ ਨਹੀਂ। ਓਹ ਅੰਨ੍ਹਾਂ ਹੈ।" ਪਾਠਕ! ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚੋਜ ਬਿਅੰਤ ਹਨ। ਓਹਨਾਂ ਦਾ ਵਰਨਨ ਮੈਂ ਕਿਵੇਂ ਕਰ ਸਕਦਾ ਹਾਂ ਅਤੇ ਮੇਰੀ ਕਲਮ ਵਿਚ ਅਜੇਹੀ ਸਮਰਥਾ ਨਹੀਂ, ਜਿਸ ਦੀ ਨਿਧੜਕ ਅਤੇ ਬਬਰ ਸ਼ੇਰ ਵਾਲੀ ਗਰਜ਼ ਨੇ ਸ਼ੇਰੇ ਪੰਜਾਬ ਜੇਹੇ ਸ਼ੇਰ ਦਿਲ ਅਤੇ ਤਲਵਾਰ ਦੇ ਜੋਧੇ ਨੂੰ ਜਿਸਨੂੰ ਅਟਕ ਜੇਹੇ ਭਿਆਨਕ ਅਤੇ ਖ਼ੂੰਨੀ ਦਰਯਾ ਵੀ ਰਸਤਾ ਦੇ ਦਿੰਦੇ ਸਨ ਐਹੋ ਜੇਹੇ ਪ੍ਰਥਮੀ ਜੋਧੇ ਨੂੰ, ਇਕੋ ਹੀ ਭਬਕ ਨਾਲ ਥ੍ਰਰਾ ਦਿਤਾ ਸੀ ਓਹ ਸਤਿਗੁਰੂ ਸੂਰਮੇ ਦਾ ਏਹ ਅਮੋਘ ਬਾਣ ਸੀਃ-

ਇਕ ਵੇਰਾਂ ਦੀ ਗਲ ਏ ਕਿ ਜਦੋਂ ਬੁਝਣ ਵਾਲੇ ਦੀਵੇ ਵਾਂਗ ਸਿਖ ਰਾਜ ਆਖਰੀ ਟਿਮ ਟਿਮਾਕ ਪਰ ਜੋਰ ਸ਼ੋਰ ਨਾਲ ਟਿਮਕ ਰਿਹਾ ਸੀ ਅਰਥਾਤ ਵਿਨਾਸ਼ ਕਾਲ ਸਮੇ ਰਾਜ ਕ੍ਰਮਚਾਰੀਆਂ ਦੀ ਬੁਧੀ ਵਿਪ੍ਰੀਤ ਹੋ ਰਹੀ ਸੀ। ਓਦੋਂ ਅਵਨੀ-ਪਤ ਜੀ ਏਹ ਘੋਰ ਅਤਿਆ ਚਾਰ ਭਰੀ ਡੋਗਰਾ ਗਰਦੀ ਕਦ ਸਹਾਰ ਸਕਦੇ ਸਨ। ਦਿਆਲ ਦਾਤਾ ਜੀ ਨੇ ਅੰਤਰ ਧਿਆਨ ਹੋਕੇ ਦੇਖਿਆ ਕਿ ਜਿੰਨ੍ਹਾਂ ਲੋਕਾਂ ਦੇ ਹਥ ਪ੍ਰਜਾ ਦੇ ਸੁਖ ਅਤੇ ਪਾਲਣ ਪੋਸ਼ਨ ਦੀ ਵਾਗ ਡੋਰ ਏ ਓਹ ਲੋਕ ਆਪਣੇ ਮੁਖ ਧਰਮ ਆਪਣਾਂ ਫਰਜ਼ ਭੁਲਕੇ ਸਰਪ ਰੂਪ ਧਾਰਕੇ ਆਪਣੇ ਜਾਏ (ਬਚੇ) ਖਾਣ ਲਈ ਤਿਆਰ ਹਨ। ਸਭਨਾਂ ਦੇ ਦਿਲ ਪਾਪਾਂ ਕੁਕਰਮਾਂ ਦੀ ਮੈਲ ਨਾਲ ਗੰਦੇ ਹੋਕੇ ਸੜ ਰਹੇ ਹਨ ਅਤੇ ਹਉਮੈਂ ਦੀ ਭੜਾਸ ਨਾਲ ਮਾਸਾਧਾਰੀਆਂ ਦੇ ਦਿਮਾਗ ਬਦ ਬੂ ਨਾਲ ਤਰੱਕ ਉਠੇ ਹਨ। ਓਸ ਸਮੇ ਅਰਸ਼ੀ ਵੈਦ ਸਤਿਗੁਰੂ ਰਾਮ ਸਿੰਘ ਜੀ ਨੇ ਉਹਨਾਂ ਨੂੰ ਅਰੋਗ ਕਰਨ ਲਈ ਇਕ ਖੇਲ ਰਚਿਆ ਅਤੇ ਇਕ ਮਹਾਤਮਾਂ ਦਾ ਹਿਰਦਾ ਪ੍ਰੇਰਿਆ

ਓਹ ਬਿਧ ਸਾਧੂ ਸ਼ੇਰੇ ਪੰਜਾਬ ਜੀ ਉਚੀ ਡਿਉਢੀ ਪਰ ਆਏ। ਅਤੇ ਚੋਬਦਾਰਾਂ ਨੂੰ ਕਹਿਆ ਕਿ "ਭਾਈ ਅਸਾਂ ਸਰਕਾਰ ਨੂੰ ਮਿਲਣਾ ਹੈ ਸਾਡੀ ਅੰਦਰ ਖਬਰ ਕਰੋ।" ਅਗੋਂ ਡਿਉਢੀ ਦੇ ਕਾਰ ਕੁੰਨਾ ਨੇ ਕੋਈ ਭਿਛਕ ਫਕੀਰ ਸਮਝਕੇ ਕਿਹਾ ਕਿ ਬਾਬਾ ਚਲਾ ਜਾ ਸਰਕਾਰ ਇਸ ਵੇਲੇ ਨਹੀਂ ਮਿਲਦੇ ਸੰਤਾਂ ਨੇ ਕਹਿਆ ਅਸਾਂ ਤੇ ਜਰੂਰ ਮਿਲਣਾ ਹੈ। ਏਹ ਸੁਣਕੇ ਓਹਨਾਂ ਨੇ ਬਹੁਤ ਹਤਕ ਭਰੇ ਵਾਕ ਆਖਦਿਆਂ ਸੰਤਾਂ ਨੂੰ ਅਨਾਦਰ ਨਾਲ ਧਕੇ ਦੇਕੇ ਕਢ ਦਿਤਾ। ਏਥੋਂ ਤੀਕ ਕਿ ਸੰਤ ਓਹਨਾਂ ਦੇ ਧਕਿਆਂ ਨਾਲ ਗਿਰ ਪਏ ਪਰ 'ਸੀਤਲਤਾ ਨਾ ਤਜੰਤ, ਸੰਤ ਚੁਪ ਕਰਕੇ ਗੋਡਿਆਂ ਵਿਚੋਂ ਖੂੰਨ ਵਗਾਂਦੇ ਹੋਇ ਬਾਹਰ ਨੂੰ ਚਲੇ ਆਏ। ਔਂਦਿਆਂ ਨੂੰ ਅਗੋਂ 'ਧਰਮ ਚਲਾਵਨ ਸੰਤ ਉਬਾਰਨ। ਦੁਸਟ ਸਬਨ ਕੋ ਮੂਲ ਉਖਾਰਨ'। ਵਾਲੇ ਦਾਤਾ ਜੀ ਮਿਲੇ ਕਿਸ ਹਾਲਤ ਵਿਚ ਮਿਲੇ ਹਸਤ ਕਵਲ ਵਿਖੇ ਮੋਘਾਰੋਮਾਵਲੀ ਦੀ ਮਾਲਾ ਨਾਮ ਖੁਮਾਰੀ ਨਾਲ ਮਸਤਾਨੇ ਖੀਵੇ ਕਵਲ ਨੇਤਰ ਅਲਾਹੀ ਰੰਗ ਵਿਚ ਰੰਗੇ ਹੋਏ ਗਜਪਤ ਵਾਂਗੂ ਝੂਮਦੇ ਬੇ ਪ੍ਰਵਾਹ ਨੂਰੋ ਨੂਰ! ਸੰਤਾ ਨੇ ਭਗਤ ਵਛਲ ਜੀ ਦੇ ਚਰਨ ਕਵਲਾਂ ਨੂੰ ਛੋਹਣ ਅਤੇ ਚਰਨ ਰਜ 'ਜਿਸ ਨੂੰ ਤੇਤੀ ਕਰੋੜੀ ਦੇਵ ਤਰਸ ਰਹੇ ਹਨ' ਲੈਣ ਲਈ ਜਿਉਂ ਹੀ ਹਥ ਵਧਾਏ। ਤਿਉਂ ਹੀ ਮਰਯਾਦਾ ਪ੍ਰਸ਼ੋਤਮ ਜੀ ਨੇ ਸੰਤਾਂ ਦੇ ਹਥ ਫੜਕੇ ਸੀਸ ਤੇ ਧਰ ਲਏ ਬਚਨ ਕੀਤਾ ਕਿ 'ਮੈਂ ਗੁਣ ਬੰਦ ਸਗਲ ਕੀ ਜੀਵਨ ਮੇਰੀ ਜੀਵਨ ਮੇਰੇ ਦਾਸ' ਉਚਾਰ ਦਿਆਂ ਸੰਤਾਂ ਦਾ ਚਰਨ ਝਟ ਪਰਸ ਲਏ। ਬਹੁਤ ਚਿਰ ਤੀਕ ਭਰਿੰਗੀ ਰਸ ਬਣਿਆ ਰਿਹਾ। ਦੀਨਾਂ ਬੰਧੂ ਨੇ ਸੰਤਾਂ ਦੇ ਗੋਡਿਆਂ ਵਲ ਨਿਗਾਹ ਮਾਰਕ ਡਾਢੇ ਪਯਾਰ ਨਾਲ ਕਹਿਆ ਕਿ "ਮੇਰੇ ਬਾਵਨ ਚੰਦਨੇ ਦੇ ਬਿਰਵਾ ਜੀ ਏਹ ਲਹੂ ਭਰੀ ਦਸ਼ਾ ਕਿਉਂ ਕਰ ਹੋਈ" ਅਗੋਂ ਸੰਤਾਂ ਨੇ ਨਿਉਂਕੇ ਹਥ ਜੋੜਕੇ ਅਰਜ ਕੀਤੀ ਕਿ 'ਦਾਤਾ ਜੀ ਆਪ ਸਰਬਗ ਹੋ' ਅੰਤ੍ਰਯਾਮੀ ਹੋ 'ਹਮਰੀ ਵੇਦਨ ਤੂੰ ਜਾਨਤਾ ਸਾਡਾ ਤਿਦੂੰ ਕਿਛ ਗੁਝਾ ਨਾ ਹੋਵੇ' ਗ੍ਰੀਬ ਰਛਕ ਜੀ ਸੁਣਕੇ ਦ੍ਰਵੇ। ਨੇਤ੍ਰ ਮੁੰਦ ਗਏ। ਵਿਸ਼-ਮਾਦਤਾ ਛਾ ਗਈ। ਦੇਰ ਪਿਛੋਂ ਹੁਕਮ ਹੋਯਾ ਵਿਥਿਆ ਕਹੋ ਸੰਤਾ ਨੇ ਸਤਿਬਚਨ ਆਖ ਹਥ ਜੋੜਕੇ ਵਿਥਿਆ ਕਹਿਣੀ ਅਰੰਭ ਕੀਤੀ ਕਿ "ਦੀਨ ਦਯਾਲ! ਸਾਨੂੰ ਭਜਨ ਕਰਨ ਬੈਠਿਆਂ ਨੂੰ ਹੁਕਮ ਹੋਯਾ ਸੀ ਕਿ ਜਨਮੇਜੇ, ਨੂੰ ਮਤ ਦੇਕੇ ਵਿਆਸ ਵਾਂਗੂ ਬਰਜੋ, ਸ਼ੇਰੇ ਪੰਜਾਬ ਨੂੰ ਸਮਝਾਓ ਕਿ ਏਹ ਜੋ, ਡੋਗਰਾ ਗਰਦੀ ਵਧ ਰਹੀਏ ਏਸਦਾ ਛੇਤੀ ਤੋਂ ਛੇਤੀ ਮਾਤ ਕਰੋ ਨਹੀਂ ਤਾਂ ਲਹੌਰ ਦੁਬਾਰ ਜੋ ਅਜ ਅਨੰਦ ਭਵਨ, ਬਣਿਆ ਹੋਇਆ ਏ, ਖੁਸ਼ੀਆਂ ਦਾ ਕੇਂਦ੍ਰ ਬਣਿਆ ਹੋਇਆ ਏ, ਇਸ ਡੋਗਰਾ ਗਰਦੀ ਦੀ ਕਿਰਪਾ ਨਾਲ ਥੋੜੇ ਚਿਰ ਵਿਚ ਹੀ ਰਣ ਖੇਤਰ ਬਣਨ ਵਾਲਾ ਹੈ" ਅਸੀਂ ਏਹ ਮਤ ਦੇਣ ਲਈ ਮਹਾਰਾਜੇ ਨੂੰ ਸੁਚੇਤ ਕਰਨ ਲਈ ਗਏ ਸੀ ਤਾਂ ਏਹ ਹਾਲਤ ਹੋਈ ਏ। ਏਹ ਸੁਣਦਿਆਂ ਹੀ ਧਰਾਪਤ ਜੀ ਬੜੇ ਜੋਸ਼ ਵਿਚ ਅਲਾਹਾ ਰੰਗ ਵਿਚ ਆਕੇ ਗਰਜ ਨੇ ਬਚਨ ਕੀਤੀ ਕਿ "ਸੰਤੋ ਹੁਣ ਇੰਗਲੈਂਡ ਦਾ ਖਸਮਾਨਾ ਹੋਸੀ ਅਤੇ ਹਿੰਦਸਤਾਨ ਡਰੇ ਗਾ ਹੁਣ ਏਥੇ

ਅੰਗ੍ਰੇਜ਼ੀ ਵਾਜੇ ਵਜ਼ਣਗੇ ਬਸ ਏਹ ਅਮੋਘ ਬਾਣ ਛੁਟਾ ਅਤੇ ਸ਼ੇਰੇ ਪੰਜਾਬ ਜੀ ਦੀ ਕੰਨੀ ਜਾ ਲਗਾ ਹੁਕਮ ਦਿਤਾ ਕਿ "ਛੇਤੀ ਤੋਂ ਛੇਤੀ ਇਕ ਬੈਂਡ ਵਲੈਤੋਂ ਮੰਗਾਓ । ਬਸ ! ਅਹਿਲ-ਕਾਰਾਂ ਨੇ ਫ਼੍ਰਾਂਸੀਸੀ ਬੈਂਡ ਮੰਗਾਇਆ ਅਤੇ ਕਿਲੇ ਉਤੇ ਮਹਿਲਾਂ ਵਿਚ ਅਤੇ ਬਜ਼ਾਰਾਂ ਵਿਚ ਸਭ ਜਗਾਹ ਚੰਗੀ ਤਰਾਂ ਬਜਾਯਾ ਕੁਝ ਦਿਨ ਪਾਕੇ ਸਰਕਾਰ ਨੂੰ ਬੇ ਪ੍ਰਵਾਹ ਦਾਤਾ ਜੀ ਦੇ ਦ੍ਰਸ਼ਨ ਹੋਏ । ਸਰਕਾਰ ਨੇ ਹਥ ਜੋੜਕੇ ਪੁਛਿਆ ਕਿ "ਬਾਬਾ ਜੀ ਹੁਣ ਤੇ ਆਪ ਦਾ ਵਾਕ ਪੂਰਾ ਹੋ ਗਿਆ ਏ ਨਾਂ ?" ਭਾਣੇ ਦੇ ਮਾਲਕ ਨੇ ਉਚਾਰਿਆ ਅਤੇ ਮਸਤੀ ਨਾਲ ਉਚਾਰਿਆਃ—

"ਏਥੇ ਅੰਗ੍ਰੇਜ਼ੀ ਵਾਜੇ ਵਜਣਗੇ" ਸਰਕਾਰ ਸੁਣਕੇ ਬੜੇ ਚਿੰਤਾ-ਤੁਰ ਹੋਏ ਅਤੇ ਮੁਖੋਂ ਬੋਲੇ 'ਅੰਡ ਬਿਨਾਸੀ ਜੇਰ ਬਿਨਾਸੀ ਉਤ ਭੁਜ ਸੇਤ ਬਿਨਾਧਾ । ਚੰਦ ਬਿਨਾਸੀ ਸੂਰ ਬਿਨਾਸੀ ਇਕ ਸਾਧ ਬਚਨ ਅਟਲਾਧਾ,' ਸ਼ੇਰੇ ਪੰਜਾਬ ਨੂੰ ਨਿਸਚਾ ਹੋ ਗਿਆ ਕਿ "ਹੁਣ ਜਰੂਰ ਹੀ ਇਕ ਵਾਰੀ ਪੰਜਾਬ ਰਾਣੀ ਵਿਧਵਾ ਹੋਵੇਗੀ ਚੰਗਾ ਜੋ ਭਾਣਾ ਸਤਿਗੁਰੂ ਦਾ" ।

ਪਾਠਕ ਜੀ ! ਓਹਨੀ ਦਿਨੀ ਡੋਗਰਾ ਗਰਦੀ ਦੀ ਪ੍ਰਬਲਤਾ ਕਰਕੇ ਝਟ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਬਾ ਖੁਦਾ ਸਿੰਘ ਜੀ ਬਾਬਾ ਵੀਰ ਸਿੰਘ ਜੀ ਬਾਬਾ ਦਿਲੀ ਤੋੜ ਸਿੰਘ ਜੀ ਆਦਿ ਮਹਾਂ ਪੁਰਸ਼ ਸਿਖ ਰਾਜ ਦਾ ਡ੍ਰਾਮਾ ਖਤਮ ਹੁੰਦਾ ਦੇਖਕੇ ਸਿਖ ਰਾਜ ਨਾਲੋਂ ਸਬੰਧ ਤੋੜਕੇ ਇਟਕ ਹੋਕੇ ਕਿਨਾਰਾ ਕਰ ਬੈਠੇ ਸਨ । ਡੋਗਰਾ ਗਰਦੀ ਅਤੇ ਬੁਰਛਾ ਗਰਦੀ ਦੀ ਚਾਲ ਤੇਜ ਦੇਖਕੇ ਏਹ ਪਾਕ ਰੂਹਾਂ ਦੇਸ ਛਡ ਪ੍ਰਦੇਸ ਨਿਕਲ ਗਈਆਂ ਸਨ । ਬਾਬਾ ਦਿਲ਼ੀ ਤੋੜ ਸਿੰਘ ਜੀ ਕਿਸੇ ਅਨਜਾਣੇ ਥਾਂ ਜਾ ਪਰਵਿਰਸੇ ਅਤੇ ਬਾਬਾ ਵੀਰ ਸਿੰਘ ਜੀ ਆਪਣੇ ਨਿਜ ਅਸਥਾਨ ਨੌਰੰਗਾ ਵਾਦ ਜਾ ਬਰ ਜੇ 'ਜਿਥੇ ਕਿ ਡੋਗਰਾ ਗਰਦੀ ਅਤੇ ਬੁਰਛਾ ਗਰਦੀ ਦੀ ਫੌਜ ਹਥੋਂ ਬਾਬਾ ਜੀ ਸਮੇਤ ਪੰਜ ਹਜਾਰ ਸੰਗਤ ਦੇ ਅਤੇ ਮਾਈਆਂ ਬੀਬੀਆਂ ਦੇ, ਤੋਪ ਨਾਲ ਉਡਾਏ ਗਏ । ਬਾਬਾ ਖ਼ੁਦਾ ਸਿੰਘ ਜੀ ਕਾਬਲ ਦੀ ਧਰਤੀ ਨੂੰ ਜਾ ਤਾਰਿਆ ਪ੍ਰਤੂ ! ਸਰਬ ਜੀਆਂ ਦੇ ਦਾਤੇ ਨੇ ਸੋਚਿਆ ਕਿ ਮੇਰਾ ਏਹ ਬਿਰਦ ਨਹੀਂ । ਮੇਰਾ ਕਾਰਜ ਤਾਂ ਟੁਟਿਆਂ ਨੂੰ ਗੰਢਣਾ ਅਤੇ ਵਿਛੜਿਆਂ ਨੂੰ ਮੇਲਣਾ ਹੈ । ਗੰਦੀ ਉਂਗਲ ਕਟਣ ਦੀ ਥਾਂ ਉਸਦੀ ਦਵਾ ਕਰਕੇ ਓਸਨੂੰ ਸਾਫ ਕਰਕੇ ਰਾਜੀ ਕਰਨਾਂ ਹੈ । ਰੁਸੇ ਹੋਏ ਬਚੇ ਨੂੰ ਧਕੇ ਦੇਕੇ ਕਢਣ ਦੀ ਥਾਂ ਮੰਨਾਕੇ ਪਯਾਰ ਕਰਨਾਂ ਹੈ । ਇਸ ਲਈ ਆਪ ਨੇ ਸਗੋਂ ਪਾਲੀ ਨਾਲੋਂ ਜੀਆਂ ਦਾ ਮਾਲੀ ਬਣਕੇ ਭਾਰਤੀ ਅਤੇ ਨਰਕ਼ੀ ਜੀਆਂ ਦੀ ਹਉਂਮੈ ਦੀਰਘ ਰੋਗ ਦੀ ਦਵਾ ਕਰਨੀ ਅਰੰਭ ਕਰ ਦਿਤੀ । ਅਥਵਾ ਸਤਿਗੁਰੂ ਸਚੇ ਵੈਦ ਆਪਣੇ ਮਰੀਜ ਜਾਣਕੇ ਸੰਭਾਲ ਕਰਨ ਲਈ ਖੂਬ ਕਮਰ ਕਸੇ ਕੀਤੇ ।

ਇਕ ਦਿਨ ਆਪ ਜੀ ਦੀ ਫੌਜ ਜਿਸ ਵਿਚ ਆਪ ਨੌਕਰ ਸਨ, ਸਰਕਾਰੀ ਕਾਰਜ ਵਸ ਹਜ਼ਰੋਂ ਗਈ । ਨਗਰੋਂ ਬਾਹਰ ਹੀ ਗੁਪਤ ੧੧ ਵੇਂ ਸਤਿਗੁਰੂ ਜੀ ਦੇ ਦ੍ਰਸ਼ਨ ਹੋਏ । ਬਸ 'ਜਿਉ ਜਲ ਮਿਲ ਕਵਲ ਵਿਗਸੇ ਜੀਉ' ਗੁਪਤ ਬਪ ਜੀ ਦੇ ਚਰਨ ਪਰਸਨ ਲਗੇ । ਅਜੇ ਹਸਤ ਕਵਲ

ਹਿਠਾਂਹਾਂ ਕੀਤੇ ਹੀ ਸਨ ਝਟ ਗੁਰੂ ਬਾਲਕ ਸਿੰਘ ਜੀ ਨੇ ਦੋਨਾਂ ਹਥਾਂ ਨੂੰ ਆਪਣੇ ਹਥਾਂ ਵਿਚ ਲੈਕੇ ਆਪਣੇ ਸੀਸ ਤੇ ਰਖ ਬਚਨ ਕੀਤਾ 'ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ' ਅਗੋਂ ਦੁਆਦਸ ਜੀ ਨੇ ਫੁਰਮਾਯਾ 'ਕਨਕ ਕਟਕ ਜਲ ਤਰੰਗ ਜੈਸਾ' ਗੁਰੂ ਬਾਲਕ ਸਿੰਘ ਜੀ ਡੇਰੇ ਆਗਏ। ਆਸਣ ਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਬਠਾਯਾ। ਚਰਨ ਧੋਤੇ। ਕੁਸ਼ਲਤਾ ਪੁਛੀ। ਚੀਨੀ ਵਾਲੇ ਨੇ ਕਹਿਆ 'ਭਾਗ ਹੋਯਾ ਗੁਰ ਸੰਤ ਮਿਲਾਇਆ' ਵਾਹ! ਵਾਹ!! ਗੁਪਤ ਬਪ ਜੀ ਨੇ ਪ੍ਰਸੰਨ ਹੋਕੇ ਹੁਕਮ ਕੀਤਾ ਕਿ "ਆਪ ਨੇ ਅਤੀ ਹੀ ਕ੍ਰਿਪਾ ਕੀਤੀ ਜੋ ਦੀਦਾਰ ਬਖਸ਼ਿਆ। ਹੁਣ ਆਪਣੀ ਵਸਤ ਸੰਭਾਲੋ ਅਤੇ ਸਾਨੂੰ ਖੁਸ਼ੀ ਕਰੋ" ਅਗੋਂ ਗਊ ਰਖਕ ਬੋਲੇ 'ਜਿਤ ਲਾਵਹੁ ਤਿਤ ਤਿਤ ਲਗਨਾ' ਬਸ ਗੁਪਤ ੧੧ ਵੇਂ ਸਤਿਗੁਰੂ ਜੀ ਉਠੇ ੫ ਪ੍ਰਕ੍ਰਮਾ ਕੀਤੀਆਂ ਪੰਜ ਪੈਸੇ ਅਤੇ ਨਲੀਯੇਰ ਧੁਰ ਦੀ ਮਰਯਾਦਾ ਅਨੁਸਾਰ ਰਖਕੇ ਨਮਸ਼ਕਾਰ ਕੀਤੀ ਅਤੇ ਗਲ ਨਾਲ ਲਾਯਾ। 'ਅਜ ਫੇਰ ਕੁਝ ਅਰਸੇ ਪਿਛੋਂ ਹਜਰੋਂ ਸੁਭਾਗੇ ਨਗਰ ਵਿਖੇ ਕਰਤਾਰ ਪੁਰ ਬਣਕੇ ਵਿਸਮਾਦਤਾ ਛਾ ਗਈ। ਹਜਰੋਂ ਬਾਸੀ ਸਤਿਗੁਰੂ ਜੀ ਨੇ ਅੰਗ ਨਾਲ ਅੰਗ ਲਾ ਕੇ ਬਾਹਰਵਾਂ ਅੰਗਦ ਬਣਾ ਦਿਤਾ ਹਜਰੋਂ-ਪਤੀ ਜੀ ਸਾਰੇ ਸੰਸਾਰ ਦੀ ਭਾਰੀ ਪੰਡ ਚੁਕਾਕੇ ਮਾਨੋਂ ਆਪ ਸੁਰਖਰੂ ਹੋ ਗਏ। ਗੁਰਤਾ ਅਰਪਨ ਕਰਕੇ ਹਜਰੋਂ ਬਾਸੀ ਸਤਿਗੁਰੂ ਜੀ ਨੇ ਕਿਹਾ ਕਿ 'ਜਿਵੇ ਗੁਰੂ ਨਾਨਕ ਨੇ ਲਹਿਣਾ ਜੀਨੂੰ ਗੁਰੂ ਗਦੀ ਬਖਸ਼ਕੇ ਕਿਹਾ ਸੀ ਕਿ ਜਾਓ ਖਡੂਰ ਵਿਖੇ ਜਾ ਰਹੋ ਧਰਮ ਕਿਰਤ ਕਰਕੇ ਵੰਡ ਛਕੋ, ਓਵੇਂ ਹੀ ਦੁਆਦਸ ਸਤਿਗੁਰੂ ਜੀ ਪ੍ਰਤੀ ਹੁਕਮ ਹੋਯਾ ਕਿ ਜਾਓ ਆਪਣੇ ਨਿਜ ਆਸਨ ਅਸਥਾਨ ਸ੍ਰੀ ਰਾਮਦਾਸ ਪੁਰ ਚਲੇ ਜਾਓ।

ਆਪ ਲਹੌਰ ਵਿਖੇ ਆ ਗਏ ਹੁਣ ਦਾਤਾ ਜੀ ਲਹੌਰ ਛਡਕੇ ਭੈਣੀ ਸਾਹਿਬ ਆ ਗਏ। ਏਥੋਂ ਆਪ ਫੀਰੋਜ਼ ਪੁਰ ਕਿਲੇ ਵਿਖੇ ਕੰਮ ਕਰਨ ਲਈ ਚਲੇ ਗਏ। ਕੁਝ ਚਿਰ ਨਿਰੰਕਾਰੀ ਯਾਦ ਵਿਚ ਦਿਨ ਬਤੀਤ ਕੀਤੇ। ਦਿਨ ਵਿਚ ਧਰਮ ਕਿਰਤ ਕਰਨਾ ਅਤੇ ਰਾਤ ਨੂੰ ਦਰਿਆਵਾਂ ਦੇ ਤਟ ਜਾਕੇ ਸੰਘਣੇ ਬ੍ਰਿਛ ਬੂਟਿਆਂ ਵਿਚ ਇਕਾਂਤ ਸਥਾਨ ਵਿਖੇ ਨੂਰ ਵਿਚ ਨੂਰ ਅਥਵਾ ਜੋਤ ਵਿਚ ਜੋਤ ਮਿਲਾਕੇ ਇਕਾ-ਗ੍ਰਤਾ ਦਾ ਅਨੰਦ ਲੈਣਾ ਅਤੇ ਆਪਣੀ ਕੁਦਰਤ ਨਾਲ ਖੇਲਣਾ ਚੋਜ ਕਰਨੇ ਏਹ ਨਿਤਯ ਕਰਮ ਦਾਤਾ ਜਦ ਫੀਰੋਜ਼ ਪੁਰ ਵਿਖੇ ਸੀ। ਏਥੋਂ ਇਕ ਰਾਤੀ ਭਜਨ ਕਰਦਿਆਂ ਅਤੇ ਨਿਜਾ ਨੰਦ ਦਾ ਰਸ ਲੈਂਦਿਆਂ ਨੂੰ ਅਰਸ਼ੋਂ ਅਵਾਜ਼ ਨਾਜ਼ਲ ਹੋਈ ਕਿ 'ਨਾਮ ਦੇ ਉਧਾਰ ਕਰ ਜੀਵਨ ਕਾ ਤੂੰ ਖਰੇ।' ਬਸ ਆਪ ਸ੍ਰੀ ਰਾਮਦਾਸ ਪੁਰੇ ਆ ਗਏ। ਪਾਠਕ! ਚੀਨੀ ਵਾਲੇ ਪਿਤਾ ਜੀ ਨੇ ਪੂਰਬ ਜਨਮ ਏਥੇ ਹੀ ਤਪ ਕੀਤਾ ਅਤੇ ਏਥੇ ਹੀ ਅਵਤਾਰ ਧਾਰਿਆ ਹੈ।

ਦਾਸ ਨੇ ਬਿਰਧ ਮਹਾਤਮਾਂ ਅਥਵਾ ਬੀਤਰਾਗ ਸਾਧੂਆਂ ਦੀ ਪਵਿਤ੍ਰ ਰਸਨਾ ਦੁਆਰਾ ਸੁਣਿਆ ਹੈ ਕਿ ਸ੍ਰੀ ਰਾਮ ਸਰ ਨਾਮੇ ਤੀਰਥ ਦੀ ਜਦੋਂ ਕਾਰ ਸੇਵਾ ਕੀਤੀ ਗਈ ਸੀ ਤਾ ਇਥੋਂ ਬਾਹਰਵੇਂ ਸਤਿਗੁਰੂ ਜੀ ਦੇ ਤਪਸਥਾਨ ਦੇ ਇਕ ਦੋ ਚਿਨ੍ਹ

ਮਿਲੇ ਸਨ॥ ਬਸ ਓਥੇ ਸਤਿਗੁਰੂ ਰਾਮ ਸਿੰਘ ਜੀ ਪਹੁਚ ਕੇ ਅਤੇ ਧਰਮ ਕਿਰਤ ਕਰਦੇ ਹੋਏ ਨਾਮ ਰੂਪੀ ਖਜਾਨਾ ਗੁਰ ਸਿਖਾਂ ਨੂੰ ਬਰਤਾਓਣ ਲਗੇ ਸਾਥ ਹੀ ਦਸਾ ਨਵਾ ਦੀ ਕਿਰਤ ਕਮਾਈ ਵਿਚੋਂ ਅਤੁਟ ਲੰਗਰ ਜਾਰੀ ਕੀਤਾ ਜਿਸਦੀ ਮਿਸਾਲ ਮਿਲਨੀ ਅਸੰਭਵ ਹੈ॥ ਹੁਣ ਜ਼ਮਾਨਾ ਬਹੁਤ ਪਲਟ ਚੁਕਾ ਸੀ। ਪੰਜ਼ਾਬ ਦੇਸ ਪਰ ਅੰਗ੍ਰੇਜ਼ੀ ਪ੍ਰਭਾਵ ਸੰਪੂ-ਰਣ ਪੈ ਚੁਕਾ ਸੀ ਅਤੇ ਰਾਜੇ ਮਹਾਰਾਜੇ ਰਾਈਸ ਸ੍ਰਦਾਰ ਸਭ ਸ੍ਵੈਧੀਨਤਾ ਖੋ ਕੇ ਪ੍ਰਾਧੀਨ ਹੋ ਚੁਕੇ ਸਨ ਕਈ ਕੌਮ ਫਰੋਸ਼ ਜ਼ਮੀਰ ਫ੍ਰੋਸ਼ ਬਣਕੇ ਜਾਗੀਰਾਂ ਤੇ ਖਿਤਾਬ ਪਾ ਚੁਕੇ ਸਨ, ਅਤੇ ਕਈ ਰਈਸ ਕੌਮ ਪੂਜ ਕਹਾਂਦੇ ਹੋਏ ਆਪਣਾ ਆਪ ਗਵਾਕੇ ਦੇਸ ਕੌਮ ਖਾਤਰ ਫਾਸੀਆਂ ਚੜ੍ਹ ਕੇ ਮਿਟੀ ਵਿਚ ਮਿਲ ਚੁਕੇ ਸਨ। ਪ੍ਰੰਤੂ ਪਾਮਰ ਪੁਰਸ਼ ਸਵਾਧੀਨਤਾ ਗਵਾਕੇ ਗੁਲਾਮਾਂ ਵਾਲੀਆਂ ਰੰਗ ਰਲੀਆਂ ਵਿਚ ਮਗਨ ਹੋ ਰਹੇ ਸਨ। ਸ਼ਰਮ ਧਰਮ ਦਾ ਤੇ ਗਊ ਗਰੀਬ ਦੀ ਰਖਿਆ ਦਾ ਪ੍ਰਚਾਰ ਬੰਦ ਹੋ ਚੁਕਾ ਸੀ। ਏਥੇ ਤਕ ਕਿ ਹੁਣ ਦੇ ਲੀਡਰਾਂ ਵਾਕੂ ਓਦੋਂ ਦੇ ਲੀਡਰ ਵੀ ਤਾਰ ਬਧੀ ਪੁਤਲੀ ਵਾਕੂੰ ਹਕੂਮਤ ਜੀ ਇਛਾ—ਨੁਸਾਰ ਨਾਚ ਕਰਦੇ ਸਨ। ਓਦੋਂ ਦੇ ਸਮੇ ਦਾ ਦ੍ਰਿਸ਼ਟਾਂਤ ਘੰਟੇ ਘਰ ਦੇ ਬੁਚੜ ਖਾਨੇ ਵਾਲਾ ਹੀ ਬਹੁਤ ਹੈ। ਸਗੋਂ ਰਾਏ ਦੇ ਕੋਟ ਤੇ ਮਲੇਰ ਕੋਟਲੇ ਆਦਕ ਥਾਵਾਂ ਪਰ ਤਾਂ ਪੰਜਾਬੀ ਬੁਚੜਾਂ ਦੇ ਕੇਂਦਰ-ਬਣ ਚੁਕੇ ਸਨ। ਭਾਈ ਗੁਰਦਾਸ ਜੀ ਦੇ ਵਾਕ-ਨੁਸਾਰ "ਮਾਰਨ ਗਊ ਗਰੀਬ ਨੂੰ ਧਰਤੀ ਉਪਰ ਪਾਪ ਬਿਥਾਰਾ" ਲੋਕਾਂ ਦੀ ਬੁਧ ਰਾਕਸ਼ ਹੋ ਚੁਕੀ ਸੀ ਲੜਕੀਆਂ ਜੰਮਦੀਆਂ ਹੀ ਮਾਰ ਦਿਤੀਆਂ ਜਾਂਦੀਆਂ ਸਨ। ਮਾਸ ਤੇ ਸ਼ਰਾਬ ਦਾ ਜੋਰ ਇਥੋ ਤਕ ਵਧ ਚੁਕਾ ਸੀ ਕਿ ਲੋਕ ਮਾਸਾਹਾਰੀ ਬਣਕੇ ਮਾਨੁਖਤਾ ਨੂੰ ਭੁਲ ਚੁਕੇ ਸਨ। ਜ਼ੁਲਮ ਪਾਪ ਦੀ ਅੰਧੇਰੀ ਨਾਲ ਲੋਕ ਹਾਹਾ ਕਾਰ ਕਰ ਉਠੇ ਸਨ॥ ਅਰਥਾਤ ਭਾਰਤੀ ਨਕਸ਼ਾ ਇਹੋ ਜਿਹਾ ਖਿਚ ਚੁਕਾ ਸੀ ਕਿ ਜੈਸਾ ਸਤਿਗੁਰੂ ਨਾਨਕ ਦੇਵ ਜੈਸੇ ਸ਼ਾਂਤਾ ਅਵਤਾਰ ਦੇ ਆਗਮਾਨ ਸਮੇ ਦਾ ਹੈ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਤੱਖਜ ਹੁੰਦਿਆਂ ਹੋਇਆਂ ਵੀ ਲੋਕ ਨਾਮ ਬਾਣੀ ਭਜਨ ਕੀਰਤਨ ਤੇ ਸਤਿਸੰਗ ਤੇ ਸੇਵਾ ਧਰਮ ਕਿਰਤ ਕਰਨੀ ਭੁਲ ਚੁਕੇ ਸਨ ਏਥੋ ਤਕ ਕਿ ਬਾਬਾ ਖੁਦਾ ਸਿੰਘ ਜੀ ਨੇ ਵੀ ਬਾਹਰਵੇਂ ਸਤਿਗੁਰ ਦੀ ਹਜ਼ੂਰੀ ਵਿਚ ਇਕ ਵਾਰੀ ਕਹਿ ਦਿਤਾ ਸੀ ਕਿ ਮਹਾਰਾਜ ਪੰਜਾਬ ਰਾਣੀ ਹੁਣ ਖੂਨ ਕੇ ਸੋਹਿਲੇ ਗਾਵੇਗੀ ਅਸੀਂ ਕਾਬਲ ਨੂੰ ਚਲੇ ਹਾਂ ਸਾਨੂੰ ਮਾਹੀ ਦੀ ਸੱਦ ਓਧਰ ਨੂੰ ਖਿਚਦੀ ਹੈ॥ ਦੀਨਾ ਬੰਧੂ ਜੀ ਦੇ ਮੁਖੋਂ ਵਾਕ ਹੋਯਾ ਬਾਬਾ ਜੀ ਪਾਲੀਆਂ ਤਾਂ ਚਿਕ ਤੇ ਤਾਹ ਦਿਤੀ ਮਾਲਕ ਕਿਥੇ ਕਢੇ, ਮਾਲਕ ਨੇ ਤਾਂ ਹੁਣ ਖਸਮਾਂਨਾਂ ਕਰਨਾ ਹੈ ਪਾਠਕ ਜੀ! ਮਾਲਕ ਨੇ ਕੈਸਾ ਖਸਮਾਨਾ ਕੀਤਾ ਅੱਸੀ ਸੀਸ ਦਿਤੇ ਤੇ ਆਪਵੀ ਸਮੇਤ ਸੁਚੇ ਲਾਲ ਤੇ ਕੁਛ ਕੀਮਤੀ ਹੀਰਿਆਂ ਦੇ ਕੁਰਬਾਨ ਹੋ ਗਏ (ਜਿਹੜੇ ੮੦ ਸੀਸ ਦਿਤੇ ਸਨ ਦਾਸ ਨੇ ਓਨਾ ਸਚੇ ਸ਼ਹੀਦਾਂ ਦੀ ਬਾਬਤ ਇਓਂ ਸੁਣਿਆ ਹੈ ਕਿ ਓਹ ਇਤਨੀਆਂ ਉੱਚੀਆਂ ਹਸਤੀਆਂ ਸਨ ਕਿ ਇਕ ੨ ਦੇ ਰੋਮ

Sri Satguru Jagjit Singh Ji Elibrary NamdhariElibrary@gmail.com

ਦੀ ਕੀਮਤ ਚੌਦਾਂ ਲੋਕ ਵੀ ਨਹੀ ਸੀ ਪੂਰੀ ਕਰ ਸਕਦੇ ਪ੍ਰੰਤੂ ਐ ਭਾਰਤੀ ਲੋਕੋ ਤੁਹਾਡੇ ਸਦਕਾ ਓਹ ਕੁਰਬਾਨ ਹੋਕੇ ਭੰਗਦੇ ਭਾੜੇ ਗੇ ਜਿਤਨਾ ਚਿਰ ਸਾਰੇ ਭਾਰਤ ਵਾਸੀ ਉਨਾ ਕੁਰਬਾਨੀ ਦੇ ਪੁਤਲਿਆਂ ਦੀ ਹਾਂ ! ਹਾਂ ! ਸਚੇ ਅਤੇ ਗੁਰ ਸਿਖ ਸ਼ਹੀਦਾਂ ਦੀ ਕੋਈ ਸਾਂਝੀ ਯਾਦਗਾਰ ਕਾਇਮ ਨਹੀ ਕਰਦੇ ਉਤਨਾ ਚਿਰ ਸਾਡੇ ਮਥੇ ਤੇ ਅਕ੍ਰਿਤ-ਘਨਤਾ ਦਾ ਕਲੰਕ ਸੂਰਜ ਵਤ ਚਮਕ ਦਾ ਰਹੇ ਗਾ ਵਾਹ ੨ ਧੰਨ ਸਤਿਗੁਰੂ ਰਾਮ ਸਿੰਘ ਅਕਾਲੀ ਹੁਕਮ ਅਥਵਾ ਪ੍ਰੋਗ੍ਰਾਮ ਅਨਸਾਰ ਕਮਰ ਕਸਾ ਕਰਕੇ ਮੰਡ ਗਏ ॥ ਈਰਖਾ ਗੁਲਾਮੀ ਜਹਾ-ਲਤ ਤੇ ਵਿਸ਼ੇ ਵਿਕਾਰਾਂ ਦੇ ਅੰਧ ਖਾਤੇ ਵਿਚੋਂ ਸਾਨੂੰ ਕਢਣ ਲਈ ਟੁਟਿਆਂ ਨੂੰ ਮੇਲਣ ਵਿਛੁੜਿਆਂ ਨੂੰ ਗਲ ਲਾਣ ਨੂੰ ਭੁਲੇ ਹੋਏ ਜੀਆਂ ਨੂੰ ਗੁਰਮੁਖ ਗਾਡੀ ਰਾਹ ਚਲਾਂਣ ਲਈ ॥ ਪ੍ਰੰਤੂ ਨਾਲ ਹੀ ਏਹ ਵੀ ਬਾਤ ਜਰੂਰ ਹੈ ਚੰਦ ਤੇ ਸੂਰਜ ਚੋਰਾਂ ਨੂੰ ਉਲੂਆਂ ਤੇ ਚਮਗਾਦੜ ਤੇ ਚਾਂਮ ਚੜਿਕਾਂ ਨੂੰ ਨਹੀ ਭਾਂਉਂਦਾ ਉਲੂ ਸ੍ਰੇਣੀ ਤੇ ਚੰਮਗਾਦੜ ਸ੍ਰੇਣੀ ਦੇ ਲੋਕਾਂ ਨੇ ਇਹ ਦਾਵਾ ਬੰਨ ਲਿਆ ਕਿ ਸਤਿਗੁਰ ਰਾਮ ਸਿੰਘ ਰੂਪੀ ਸੱਚ ਦਾ ਸੂਰਜ ਹੈ ਹੀ ਨਹੀ ਅਥਵਾ ਚੜ੍ਹਿਆ ਹੀ ਨਹੀ ਇਸੇ ਹੀ ਸ੍ਰੇਣੀ ਨੇ ਗੁਰੂ ਨਾਨਕ ਜੀ ਨੂੰ ਕੁਰਾ-ਹੀਆ ਕਹਿਕੇਤੇ ਪਥਰ ਆਦਕ ਮਾਰੇ ਸੀ। ਹੁਣ ਬਹੁਤ ਸਮਾ ਸਤਿਗੁਰੂ ਜੀ ਨੇ ਧਰਮ ਪ੍ਰਚਾਰ ਯਗ ਹੋਮਾਂ ਦੀ ਪਵਿਤ੍ਰ ਸ਼ੁਭ ਕਰਮਾਂ ਲਈ ਖਰਚ ਕੀਤਾ ਅਤੇ ਸਾਥ ਹੀ ਸੰਸਾਰੀ ਲੋਕਾਂ ਨੂੰ ਡੰਕੇ ਦੀ ਚੋਟ ਨਾਲ ਕਹਿ ਦਿਤਾ ਕਿ ਭਾਈ "ਹਮ ਇਹ ਕਾਜ ਜਗਤ ਮੋ ਆਏ'' ਕਿ ਸੰਸਾਰੀ ਜੀਵਾਂ ਦੀ ਰਾਕਸ਼ ਬਿਰਤੀ ਨੂੰ ਬਦਲ ਕੇ ਸੰਤ ਬਿਰਤੀ ਧਾਰਨ ਕਰਾਈ ਜਾਵੇ ਮੇਰੇ ਦੀਨ ਦਯਾਲ ਜੀ ਨੇ ਸ੍ਰੀ ਭੈਣੀ ਸਾਹਿਬ ਖਾਲਸਾ ਸੰਤ ਖਾਲਸਾ ਜੀ ਦਾ ਪਾਰਲੀਮੈਂਟ ਦਾ ਤਖਤ ਰਚਕੇ ਬਾਈ ਸੂਬੇ ਯਾ ਬਾਈ ਹੀ ਨਾਮ ਦਾਨ ਦੇ ਸੋਮੇ ਰਚਕੇ ਅਸਾਂ ਨੂੰ ਘਰੀਂ ਬੈਠਿਆਂ ਨੂੰ ਬਖਸ਼ਸ਼ ਕੀਤੀ ਇਹਨਾ ਬਾਈ ਹੀ ਸੂਬਿਆਂ ਨੇ ਸੰਤ ਖਾਲਸੇ ਜੀ ਦੇ ਪਵਿਤ੍ਰ ਮਿਸ਼ਨ ਦਾ ਓਹ ਪ੍ਰਚਾਰ ਕੀਤਾ ਕਿ ਥੋੜੇ ਚਿਰ ਵਿਚ ਹੀ ਭਾਰਤੀ ਲੋਕਾਂ ਦੀ ਕਾਂਯਾਂ ਪਲਟ ਗਈ ਜੋ ਲੋਕ ਰਾਕਸ਼ ਬਿਰਤੀ ਵਾਲੇ ਹੋ ਕੇ ਨਾਮ ਬਾਣੀ ਸੰਤ ਸੇਵਾ ਸਤਿ-ਸੰਗ ਧਰਮ ਕਿਰਤ ਛਡਕੇ ਡਾਕੇ ਚੋਰੀਆਂ ਵਿਚ ਲਗੇ ਹੋਏ ਸੀ ਓਹ ਲੋਕ ਸਤਿਗੁਰੂ ਜੀ ਦਾ ਦਰਸਨ ਯਾਂ ਕਿਸੇ ਸਤਿਗੁਰੂ ਜੀ ਵਲੋਂ ਸਥਾਪਤ ਸੂਬੇ ਦੀ ਰਸਨਾ ਦੁਆਰਾ ਹੁਕਮ ਯਾਂ ਉਪਦੇਸ਼ ਸੁਣਕੇ ਕੁਕਰਮਾਂ ਦਾ ਤਿਆਗ ਕਰਕੇ ਰਾਕਸ਼ਾਂ ਤੇ ਮਾਨੁਖ ਤੇ ਮਨੁਖਾਂ ਤੋਂ ਦੇਵਤੇ ਬਣ ਗਏ ਸਨ ॥ ਸਤਿਗੁਰੂ ਦਾਤੇ ਨੇ ਇਹ ਉਚੀ ਗਰਜ ਨਾਲ ਕਹਿ ਦਿਤਾ ਕਿਰਤ ਅਤੇ ਯਗ ਹੋਮਾਂ ਦੀ ਸਤਿ ਮਾਰਗ ਪਰ ਦ੍ਰਿੜ ਹੋ ਕਰ ਮਾਸ ਸ਼ਰਾਬ ਆਦਕ ਕੁਕਰਮਾਂ ਦਾ ਤਿਆਗ ਕਰਕੇ ਗੁਰ ਘਰ ਦੀ ਰਹਿਤ ਮਿਰਜਾਦਾ ਰਖੋ ਤੇ ਤੀਸਰ ਪੰਥ ਖਾਲਸਾ ਤੇਜ ਪ੍ਰਤਾਪੀ ਬਣਕੇ ਗਊ ਗਰੀਬ ਦੀ ਰਖਿਆ ਹਿਤ ਪਹਿਲੋਂ ਆਪਣੇ ਗੁਲਾਮੀ ਦੇ ਸੰਗਲ ਕਟੋ ਅਤੇ ਫੇਰ ਭਾਰਤ ਨੂੰ ਅਜ਼ਾਦ ਕਰਾਓ ਇਸ ਪਵਿਤ੍ਰ ਲਹਿਰ ਨੇ ਏਥੋਂ ਤਕ ਕੇ ਥੋੜੇ ਹੀ ਅਰਸੇ ਵਿਚ ਸੰਤ ਖਾਲਸਾ ਯੋਗੀ ਰਾਜ ਅਥਵਾ ਬੀਰ ਰਸ ਤੇ

ਸ਼ਾਂਤ ਰਸ ਦਾ ਭਰਿਆ ਹੋਯਾ ਪੰਥ ਓਹ ਪ੍ਰਚੁਰ ਹੋਯਾ ਕਿ ਦੁਨੀਆਂ ਵਿਚ ਧਾਂਕ ਪੈ ਗਈ ਕਿ "ਪ੍ਰਗਟ ਭਏ ਰਾਮ ਸਿੰਘ ਦੂਲੋ। ਸਭ ਦੁਸ਼ਟਨ ਕੋ ਪੁਟਹਿਂ ਮੂਲੋ" ਸਤਿਗੁਰੂ ਦਾਤੇ ਦੇ ਲੰਗਰ ਵਿਖੇ ਹਜਾਰ ੨ ਦੀ ਪੰਗਤ ਰੋਜ ਲਗਣ ਲਗੀ ! ਦਿਆਲ ਦਾਤਾ ਜੀ ਨੇ ਇਹ ਹੁਕਮ ਦਿਤਾ ਹੋਯਾ ਸੀ ਕਿ ਭਾਈ ਚਾਹੇ ਕੋਈ ਗਊ ਹਤਿਆ ਕਰਕੇ ਆਵੇ ਲੰਗਰੋਂ ਭੋਜਨ ਜ਼ਰੂਰ ਉਸਨੂੰ ਵੀ ਮਿਲੇ॥ ਵਾਹ ! ਵਾਹ ! ਕੈਸੀ ਸਮ ਦ੍ਰਿਸ਼ਟਤਾ ਹੈ ਜੀਵ ਦੀ ਇਹ ਤਾਕਤ ਨਹੀਂ ਇਹ 'ਐਸੀ ਲਾਲ ਤੁਧ ਬਿਨ ਕਉਨ ਕਰੇ' ਹੁਣ ਰੋਜ ੨ ਕਈ ੨ ਹਜਾਰ ਸਿੰਘਾਂ ਦਾ ਦੀਵਾਨ ਲਗਦਾ ਤੇ ਲੋਕੀ ਨਾਮ ਰੂਪੀ ਜਹਾਜ਼ ਪਰ ਅਸਵਾਰ ਹੋ ਹੋ ਕੇ ਸਤਿਗੁਰੂ ਰਾਮਸਿੰਘ ਜੀ ਮਲਾਹ ਦੇ ਹਥੀਂ ਭਵਸਾਗਰ ਤੋਂ ਪਾਰ ਹੁੰਦੇ ਸ਼ਾਮ ਨੂੰ ਢਾਢੀ ਸੂਰਮਿਆਂ ਦੀਆਂ ਵਾਰਾਂ ਸੁਣਾਕੇ ਤੇ ਸੰਤ ਖਾਲਸੇ ਦੇ ਬੀਰ ਰਸ ਨੂੰ ਸਾਨ ਪਰ ਚਾੜ੍ਹਦੇ ਅਤੇ ਸਿੰਘ ਸਤਿਗੁਰੂ ਜੀ ਦੇ ਸਾਮ੍ਹਣੇ ਅਰਜਾਂ ਕਰਨ ਤੇ ਹੁਕਮ ਮੰਗਣ ਕੇ ਸਤਿਗੁਰੂ ਹੁਕਮ ਬਖਸ਼ ਧਰਤੀ ਤੇ ਪਾਪ ਰਾਜ ਫੈਲਦਾ ਤੇ ਜੁਲਮ ਹੁੰਦਾ ਗਊਆਂ ਗਰੀਬਾਂ ਦੇ ਗਲੇ ਛੁਰੀ ਫਿਰਦੀ ਅਤੇ ਘੋਰ ਅਨਰਥ ਹੁੰਦਾ ਅਸੀਂ ਸਹਾਰ ਨਹੀ ਸਕਦੇ। ਸਤਿਗੁਰ ਜੀ ਨੇ ਹੁਕਮ ਕੀਤਾ ਭਾਈ ਅਜੇ ਸਮਾ ਦੂਰ ਹੈ ਪ੍ਰੰਤੂ ਸੂਰਮੇ ਜੋ ਆਏ ਹੀ ਧਰਤੀ ਤੋਂ ਪਾਪ ਰੂਪੀ ਭਾਰ ਦੂਰ ਕਰਨ ਸਨ ਆਪ ਸ਼ਹੀਦੀਆਂ ਪ੍ਰਾਪਤ ਕਰਕੇ ਅਪਣੀ ਸੰਤਾਨ ਨੂੰ ਜਿੰਦਾ ਕਰਨ ਸਨ ਉਨ੍ਹਾਂ ਦੀਆਂ ਭੁਜਾਂ ਹਰ ਵੇਲੇ ਫੁਰਕ ਦੀਆਂ ਰਹਿੰਦੀਆਂ ਸਨ ਤੇ ਹਰ ਵੇਲੇ ਇਹ ਸਵਯਾ ਪੜ੍ਹਦੇ ਸਨ ਕਿ॥ "ਦੇਹੁ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੋਂ॥ ਨਾਂ ਟਰੋਂ ਅਰ ਸੇ ਜਬ ਜਾਏ ਲਰੋ ਨਿਸਚੇ ਕਰ ਅਪਨੀ ਜੀਤ ਕਰੋਂ ॥ ਜਬ ਆਵਕੀ ਔਧ ਨਿਦਾਨ ਬਨੇ ਅਤਿ ਹੀ ਰਣ ਮੈ ਤਬ ਜੂਝ ਮਰੋਂ ॥" ਬਸ ਸਤਿਗੁਰ ਨੇ ਹੁਣ ਦੇਖਿਆ ਕਿ ਅਸੀ ਭਾਰੀ ਵਡਾ ਖੇਲ ਕਰਕੇ ਭਾਣਾਂ ਵਰਤਾਣਾਂ ਹੈ ਇਹਨਾਂ ਰੰਗਰੂਟ ਜੋਧਿਆਂ ਦੀ ਪ੍ਰੀਖਿਆ ਕਰੀਏ ਅੱਸੀ ਪੂਰੇ ਨਿਕਲਦੇ ਨੇ ਕਿ ਘਟ ਵਧ ਬਸ ਗ੍ਰੀਬ ਬੰਧੂ ਜੀ ਧਾਣਕ ਰੂਪ ਧਾਰਕੇ ਮਸਤਾਨੀ ਬਿਰਤੀ ਗੰਗਾ, ਕੰਨੀ ਤੁਰ ਪਏ। ਇਹਵੀ ਇਕ ਚੋਜੀ ਤੇ ਸ੍ਵਾਂਗੀ ਸਤਿਗੁਰੂ ਜੀ ਦਾ ਸ੍ਵਾਂਗ ਸੀ ਪ੍ਰੰਤੂ ਸਤਗੁਰੂ ਦੇ ਦ੍ਰਸ਼ਨ ਦੀ ਪਿਆਸੀ ਸੰਗਤ ਗੁਰਾਂ ਦੇ ਚਰਨਾਂ ਦੇ ਭੌਰਿਆਂ ਨੇ ਵੀ ਸਤਿਗੁਰੂ ਦੇ ਪਿਛੇ ਹੀ ਗੁੰਜਾਰ ਪਾ ਦਿਤੀ ਚੋਜੀ ਪਿਤਾ ਜੀ ਨੇ ਕਈ ਵੇਰ ਪ੍ਰੇਮੀਆਂ ਨੂੰ ਕਿਹਾ ਕਿ ਮੁੜ ਜਾਓ ਸਾਡੇ ਪਿਛੇ ਨਾਂ ਆਓ ਪ੍ਰੰਤੂ ਸਗੋਂ॥ "ਜਿਹ ਪੈਡੇ ਪੰਡਤ ਗਏ ਪਾਛ ਪਰੀ ਵਹੀਰ॥" ਅੰਤ ਹਰੀ ਦੁਆਰ ਦੇ ਨੇੜੇ ਜਾਕੇ ਫੇਰ ਤਾੜਕੇ ਹੁਕਮ ਕੀਤਾ ਪ੍ਰੰਤੂ ਪ੍ਰੇਮੀ ਪਿਛੇ ਨਾ ਹਟੇ ਅਖੀਰ ਗੁਰੂ ਜੀ ਪ੍ਰੇਮੀਆਂ ਦੀ ਪ੍ਰੀਖਿਆ ਹਿਤ ਧਾਣਕ ਰੂਪ ਧਾਰਨ ਸੋਟੇ ਪਥਰ ਮਾਰਨੇ ਸ਼ੁਰੂ ਕੀਤੇ॥ ਇਸ ਪ੍ਰੀਖਿਆ ਵਿਚ ਵੀ ਕਈ ਕਚੇ ਪ੍ਰੇਮੀ ਫੇਲ ਹੋ ਗਏ॥ ਇਸ ਤੋਂ ਬਾਦ ਦਾਤਾ ਜੀਨੇ ਪੌਡਿਆਂ ਦੇ ਖੇਤ ਵਿਚੋਂ ਪੌਂਡੇ ਉਖਾੜ ੨ ਕੇ ਮਾਰਨ ਲਗੇ ਹੁਣ ਵੀ ਤਕੜੀ ਛਿਦ ਹੋ ਗਈ ਨੰਬਰ ਸੈਕਨ ਦੇ ਪ੍ਰੇਮੀ ਰਹਿਗਏ॥ ਫੇਰ ਦਾਤਾ ਜੀ ਦੇ ਹੱਥ ਕੁਹਾੜੀ ਆ ਗਈ ਬਸ ਫੇਰ ਤਾਂ ਫਸਟ ਨੰਬਰ ਦੇ ਪ੍ਰੇਮੀ ਹੀ

ਰਹਿਗੇ ॥ ਬਾਕੀ ਫੋਕੇ ਪ੍ਰੇਮੀ ਤੇ ਝੂਠੇ ਮਸਤਾਨੇ ਕੁਣਕੇ ਦੇ ਪਿਆਰੇ, ਦ੍ਰਮ ਛਾਯਾ ਵਾਂਙੂ ਜਾਂਦੇ ਦਿਸੇ ਵੀ ਨਾਂ ਸਤਿਗੁਰੂ ਜੀ ਦੇ ਹਥੀਂ ਜੋ ਵੀ ਆਯਾ ਖੂਬ ਸੌੜ ਚਾੜ੍ਹੀ ਆਖਿਰ ਖੜੇ ਹੋ ਕਰ ਪੁਕਾਰ ਕੇ ਫ਼ਰਮਾਯਾ "ਆਦਿ ਮੁਝੇ ਨਿਸ ਦਿਨ ਸੰਤਾਵਤ ਹੈ ਦੁਰਗਾ ਸੁਨ ਲੇਹੁ ਮਨਾਨੇ ॥ ਮਾਂਗਤ ਹੈ ਸਿਰ ਅੱਸੀ ਭਲੇ ਵੋਹ ਸਿਖਨ ਕੇ ਮਨ ਮੇ ਮੁਦ ਠਾਨੇ ॥ ਜੋ ਗੁਰ ਸਿਖ ਅਏ ਸਿਦਕੀ ਅਬ ਸੀਸ ਦਿਵੇ ਹਮ ਕੋ ਸੁਖ ਮਾਨੇ ॥ ਯੇਹ ਸੁਨਕੇ ਸਭ ਮੋਦ ਰਹੇ ਮਨ ਮਾਹਿ ਡਰੇ ਗੁਰੂ ਜਾਂਨ ਦੀਵਾਨੇ" ਬਸ ਜੇਹੜੇ ਸਾਡੇ ਜਿਹੇ ਕਚੇ ਪਿਲੇ ਸੀ ਕਹਿਣ ਲਗੇ ਕਿ ਗੁਰੂ ਕੇ ਤਾਂ ਬੌਰੇ ਹੋ ਗਏ ਹਨ ਅਤੇ ਭੱਜ ਗਏ ॥ ਇਸ ਪ੍ਰੀਖਿਆ, ਵਿਖੇ ਥੋੜੇ ਜਿਹੇ ਪ੍ਰੇਮੀ ਪਾਸ ਹੋਏ। ਜਿਨਾਂ ਦਾ ਪਵਿਤ੍ਰ ਨਾਮ ਦਾਸ ਨੂੰ ਯਾਦ ਨਹੀਂ ॥ ਪ੍ਰੰਤੂ ਪਾਸ ਹੋਏ ੨ ਸੁਚੇ ਹੀਰਿਆਂ ਵਿਚੋਂ ਸ੍ਰੀ ਮਾਨ ਬੀਤ ਰਾਗ ਤਤ ਬੇਤੇ ਸਤਿਗੁਰ ਚੀਨੀ ਵਾਲੇ ਦਲਾਲ ਬਾਬਾ ਸਾਹਿਬ ਬਾਬਾ ਨੈਣਾ ਸਿੰਘ ਜੀ ਬਰਿਆਂਗ ਨਿਵਾਸੀ ਸਨ ਜਦੋਂ ਬਾਹਰਵੇਂ ਗੁਰ ਨਾਨਕ ਨੇ ਬਾਬਾ ਨੈਣਾ ਸਿੰਘ ਜੀ ਪੁਰ ਕੁਹਾੜੀ ਦਾ ਵਾਰ ਕੀਤਾ ਬਾਬਾ ਝਟ ਚਰਨ ਕਵਲਾਂ ਨੂੰ ਲਿਪਟ ਗਏ ਕੁਹਾੜੀ ਦਾ ਖਾਸਾ ਫਟ ਬਾਂਹ ਪਰ ਬਹੁਤ ਲਗਾ ਪ੍ਰੰਤੂ ਬਾਬਾ ਜੀ ਨੇ ਅਰਜ ਕੀਤੀ ਕਿ ਚੋਜੀ ਤੇ ਸਾਂਗੀ ਦਾਤਿਆ ਓਦੋਂ ਕਹਿੰਦਾ ਸੈਂ ਕਿ ਪੰਜ ਸੀਸਾਂ ਦੀ ਲੋੜ ਹੈ ਪ੍ਰੰਤੂ ਹੁਣ ਕੀਹ ਲੋੜ ਪੈ ਗਈ ਜੋ ਇਹ ਕਠਨ ਖੇਲ ਰਚਿਆ ਈ। ਦਿਆਲ ਦਾਤਾ ਜੀ ਮੁਸਕ੍ਰਾਏ ਅਤੇ ਵਾਕ ਹੋਯਾ ਕਿ ਅਜੇ ਅੱਸੀਆਂ ਦੀ ਲੋੜ ਹੈ॥ ਬਾਬਾ ਜੀ ਨੇ ਹਥ ਜੋੜ ਅਰਜ ਕੀਤੀ ਦਾਤਾ ਜੀ ਤੇ ਭਾਣਾ ਕਰੜਾ ਹੈ ਅਸੀਂ ਜੀਵ ਹਾਂ ਮੇਹਰ ਕਰ॥ ਵਾਕ ਹੋਯਾ ਜੇ ਮੇਹਰ ਕਿਰਪਾ ਹੈ ਤਾਹੀ ਸ਼ਹੀਦੀ ਦੀ ਪਦਵੀ ਦੇਕੇ ਭਾਰਤ ਦੀ ਕੁਰਬਾਨੀ ਦੀ ਜਗ ਵੇਦੀ ਉਪਰੋ ਹੋਮ ਕੇ ਸ਼ਹੀਦੀ ਮਾਲਾ ਵਿਚ ਪ੍ਰੋ ਰਹੇ ਹਾਂ ॥ ਬਸ ਖੇਲ ਪੂਰਾ ਹੋਯਾ ਦਾਤਾ ਜੀ ਵਾਪਸ ਮੁੜੇ ॥ ਪਾਠਕ ਜੀ ! ਦਾਸ ਨੇ ਬਾਬਾ ਜੀ ਬਾਬਾ ਨੈਣਾ ਸਿੰਘ ਜੀ ਦੇ ਪਵਿਤ੍ਰ ਦੀਦਾਰੇ ਕੀਤੇ ਹਨ ਓਹ ਜਦੋਂ ਬਾਂਹ ਦਾ ਫਟ ਵਾਲਾ ਥਾਂ ਦੇਖਦੇ ਸਨ ਤਾਂ ਇਕ ਵਾਰੀ ਵੈਰਾਗ ਦਸ਼ਾ ਵਿਖੇ ਆਕੇ ਭੁਬਾਂ ਮਾਰ ਕਹਿੰਦੇ, ਇਹ ਫੱਟ ਸਾਡੇ ਸਚੇ ਯਾਰ ਦਾ ਹੈ ॥ ਸੁ ਇਹ ਚੰਦ ਸਤਰਾਂ ਓਸ ਇਲਾਹੀ ਜੋਤ ਦੀ ਸ਼ਾਨ ਵਿਖੇ ਹਨ ਜਿਸ ਨੂੰ ਉਲੂ ਸ੍ਰੇਣੀ ਦੇ ਲੋਕ ਜੀਵ ਯਾ ਮਾਨੁਖ ਕਹਿੰਦੇ ਹਨ. ਇਹ ਜਰੂਰੀ ਹੈ ਕਿ ਸਤਿਗੁਰੁ ਨਾਨਕ ਜਿਹੇ ਪੂਰਣ ਤੇ ਸਾਂਤ ਵਤਾਰ ਨੂੰ ਕੁਰਾਹੀਆ ਆਦਕ ਕਹਿਣ ਵਾਲੇ ਤੇ ਪਥਰ ਮਾਰਨ ਵਾਲੇ ਲੋਕ ਓਦੋਂ ਸਨ ਅਤੇ ਹੁਣ ਵੀ ਹੋਣਗੇ ਪਾਠਕ ਜਨ ਈਸਾ ਮਸੀਹ ਦੀ ਜਿੰਦਗੀ ਕੰਨੀ ਨਿਗਾਹ ਮਾਰਨ ਹਜਰਤ ਪਿਆਰੇ ਮਹੰਮਦ ਸਾਹਿਬ ਜੀ ਦੀ ਪਾਕ ਜਿੰਦਗੀ ਤ੍ਰਫ ਦੇਖੋ ਇਹਨਾ ਪਾਕ ਰੂਹਾਂ ਨੂੰ ਪਾਮਰ ਲੋਕਾਂ ਨੇ ਕਿੰਨੇ ਦੁਖ ਦਿਤੇ ਓਹੀ ਲੋਕੀ ਸਤਿਗੁਰੂ ਦੇ ਪ੍ਰਤਾਪ ਨੂੰ ਨਾ ਸਹਾਰਦੇ ਹੋਏ ਇਹਨਾ ਦੇ ਵਿਰੁਧ ਵੇਲੇ ਦੀ ਹਕੂਮਤ ਝੂਠ ਫਰੇਬ ਕਹਿ ਕਹਿ ਕੇ ਵਰਗਲਾਯਾ ਸਿਟਾ ਇਹ ਹੋਯਾ ਕਿ ਸਤਿਗੁਰੂ ਜੀ ਦੇਸ ਕੌਮ ਦੀ ਸੇਵਾ ਸਚ ਧਰਮ ਦਾ ਪ੍ਰਚਾਰ ਕਰਕੇ ਕੋਟਾਨ ਕੋਟ ਜੀਵਾਂ ਦਾ ਉਧਾਰ ਕਰਕੇ ਸਰਗੁਣ ਸਰੂਪ ਨੂੰ ਸਾਥੋਂ ਅਲੋਪ ਕਰਕੇ ਤੇ

ਆਕਾਲ ਭਾਣੇ ਅੰਦਰ ਬਿਦੇਸ਼ ਗਮਨ ਕਰ ਗੇ ਅਤੇ ਕਾਲਕ ਦਾ ਟਿਕਾ ਏਸ ਵੇਲੇ ਦੀ ਹਕੂਮਤ ਦੇ ਅਤੇ ਕੌਮੀ ਗਦਾਰਾਂ ਦੇ ਮਥ ਤੇ ਲਾ ਗੇ ਜੋ ਕਦੀ ਨਹੀ ਉਤ੍ਰਨਾ। ਹਾਂ ਸਤਿਗਰ ਫੇਰ ਦੇਹ ਕਰਕੇ ਦੀਦਾਰੇ ਦੇਣਗੇ ਤਾ ਓਹ ਲੋਕ ਚਰਨੀ ਲਗਕੇ ਬਖਸ਼ਾਉਣਗੇ ਤਾਂ ਟਿਕਾ ਉਤਰੂਗਾ। ਇਤ ਸੰਖੇਪ।

ਪਿਆਰੇ ਪਾਠਕ ਜੀ! ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਨਿਵਾਜੇ ਦੂਲੇ ਪੰਥ ਅਥਵਾ ਸੰਤ ਖਾਲਸੇ ਵਿਚ ਇਹੁ ਜੇਹੇ ਯੋਗੀ ਰਾਜ ਤਤਬੇਤੇ ਜੀਵਣ ਮੁਕਤ ਬਾਵਨ ਚੰਦਨ ਨਾਲੋਂ ਵੀ ਸ਼ਾਂਤ ਚਿਤ ਪਾਰਸ ਨਾਲੋਂ ਵੀ ਉਚ ਗੁਣ ਰੱਖਣ ਵਾਲੇ ਕਿਉਂਕਿ "ਪਾਰਸ ਮੇ ਔ ਸੰਤਨ ਮੇ ਬਡੋ ਅੰਤਰੋ ਜਾਨ॥ ਓਹ ਲੋਹਿਓ ਕੰਚਨ ਕਰੇ ਸੰਤ ਕਰਹਿ ਆਪ ਸਮਾਨ" ਕਰ ਲੈਣ ਵਾਲੇ ਮਹਾਤਮਾ ਹੋਏ ਹਨ ਬਿਅੰਤ॥ ਜਰਾ ਅਜ ਕਲ ਦੀ ਕਾਂਗ੍ਰਸੀ ਲਹਿਰ ਕੰਨੀ ਦੇਖੋ ਖਦਰ ਪ੍ਰਚਾਰ ਤੇ ਸੁਦੇਸ਼ੀ ਦਾ ਪ੍ਰਚਾਰ ਕਰਕੇ ਹੀ ਸ਼ਹੀਦ ਕਹਾਂਉਦੇ ਹਨ॥ ਜੇ ਕੋਈ ਲੂਣ ਬਣਾਦਾ ਮਰ ਜਾਏ ਤਾਂ ਉਸ ਨੂੰ ਸ਼ਹੀਦ ਕੌਮੀ ਸ਼ਹੀਦ ਸਚਾ ਸ਼ਹੀਦ ਸਦਦੇ ਹਨ॥ ਜਿਸ ਸਤਿਗੁਰੂ ਰਾਮ ਸਿੰਘ ਜੀ ਨੇ ਸ਼ੁਰੂ ਤੋਂ ਹੀ ਬਿਦੇਸ਼ੀ ਖੰਡ ਬਿਦੇਸ਼ੀ ਕਪੜਾ ਬਿਦੇਸ਼ੀ ਮਨੁਖਾਂ ਦੇ ਪੂਰਨ ਬਾਈਕਾਟ ਕੀਤਾ ਸਗੋਂ ਏਥੋਂ ਤਕ ਕਿ ਦੇਸ ਕੰਮ ਦੀ ਸੇਵਾ ਕਰਦਿਆਂ ਹੋਯਾਂ ਸਮੇਤ ਸੁਚੇ ਹੀਰਿਆਂ ਦੇ ਅਥਵਾ ਅੱਸੀ ਲਾਲਾਂ ਦੇ ਅੱਸੀ ਸ਼ਹੀਦਾਂ ਦੇ ਭਾਰਤ ਵਰਸ਼ ਤੋਂ ਕੁਰਬਾਨ ਹੋ ਗਏ ਪ੍ਰੰਤੂ ਉਸ ਸਚੇ ਧਰਨੀਧਰ ਜੀ ਦਾ ਤੇ, ਅੱਸੀ ਹੀ ਭਾਰਤ ਮਾਤਾ ਦੇ ਸੱਚੇ ਸਪੂਤਾਂ ਦਾ ਸਗੋਂ ਗਊ ਗ੍ਰੀਬ ਦੇ ਰੱਛਕਾਂ ਦਾ ਕੋਈ ਗੁਣ ਨਾ ਜਾਣਿਆਂ ਯਾਦ ਰਖੋ ਭਾਰਤ ਦਾ ਗੁਲਾਮ ਰਹਿਨਾਂ ਛੇਤੀ ਅਜ਼ਾਦ ਨਾ ਹੋਣਾ ਉਨ੍ਹਾਂ ਵਲੋਂ ਸਾਡੀ ਅਕਿਰਤ-ਘਨਤਾ ਦਾ ਭਾਰੀ ਇਕ ਕਾਰਣ ਹੈ। ਐ ਨਾਮਧਾਰੀ ਪੰਥ ਤੂੰਹੀ ਜਰਾ ਸੋਚ ਕਿ ਸਿਵਾਏ ਅਰਦਾਸੇ ਵਿੱਚ ਨਾਮ ਲੈਣ ਤੋਂ ਤੈਂ ਕੀ ਉਨ੍ਹਾਂ ਅੱਸੀ ਸ਼ਹੀਦਾਂ ਦੀ ਯਾਦਗਾਰ ਕੋਮ ਕੀਤੀ॥ ਵਾਹ ਵਾਹ ਮੇਰੇ ਗ੍ਰੀਬ ਨਿਵਾਜ ਜੀ ਨੇ ਇਹ ਹਸ਼ਰਤ ਭਰਿਆ ਇਹ ਵਾਕ ਫੁਰਮਾਯਾ ਸੀ ਬਿਦੇਸ਼ ਵਿੱਚ ਬੈਠਿਆਂ ਭਾਈ ਭਾਰਤੀ ਲੋਕਾਂ ਨੇ ਸਾਡਾ ਘਰ-ਦੀ ਵਛੀ ਜਿਨਾਂ ਵੀ ਅਫਸੋਸ ਜਾਂ ਫਿਕਰ ਨ ਕੀਤਾ॥ ਸਚ ਹੈ ਦਾਤਾ! ਅਸੀਂ ਬੜੇ ਅਕ੍ਰਿਤਘਣ ਪਾਪੀ ਤੇ ਪਾਮਰ ਹਾਂ ਦਾਤਾ ਜੀ ਸਾਨੂੰ ਮਹਾਨ ਪਾਪੀਆਂ ਨੂੰ ਕੋਈ ਨਰਕ ਵੀ ਨਹੀਂ ਝਲੇਗਾ ਮੇਹਰ ਕ ਬਖਸ਼ੋ ੪ ਪਿਆਰੇ ਪਾਠਕ ਜੀ ਭਾਰਤ ਦੀਆਂ ਸਾਰੀਆਂ ਕੌਮਾਂ ਖਾਸ ਕਰਕੇ ਹਿੰਦੂ ਤੇ ਸਿੱਖਾਂ ਦਾ ਤੇ ਆਮ ਕਰਕੇ ਹੋਰ ਕੌਮਾਂ ਦਾ ਮੁਖ ਧਰਮ ਸੀ ਕਿ ਉਸ ਜੀਵਣ ਦਾਤੇ ਅਥਵਾ ਗਊ ਗ੍ਰੀਬ ਦੇ ਰੱਛਕ ਤੇ ਭਾਰਤ ਮਾਤਾ ਦੇ ਸੱਚੇ ਸਪੂਤਾਂ ਦੀ ਸਾਂਝੀ ਕੋਈ ਯਾਦਗਾਰ ਕਾਇਮ ਕਰਦੇ ਪ੍ਰੰਤੂ ਨਾ ਕੀਤੀ ਲੇਖਕ ਦਾ ਦਾਵਾ ਹੈ ਕਿ ਭਾਰਤ ਅਜਾਦ ਹੀ ਤਾਂ ਹੋਊ ਜੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਨਿੱਤ ਨਿੱਤ ਅਦਬ ਨਾਲ ਪੜ੍ਹਨ ਤੇ ਸੁਣਨ॥ ਹਿੰਦੂ ਮੁਸਲਿਮ ਤੇ ਸਿੱਖ ਈਸਾਈ ਭਾਰਤ ਵਾਸੀ ਹੀ ਸਤਿਗੁਰੂ ਰਾਮ ਸਿੰਘ ਜੀ ਤੇ ਅੱਸੀ ਸ਼ਹੀਦਾਂ ਦੇ ਕਾਰਨਾਮਿਆਂ ਨੂੰ ਅਪਣੇ ਹਿਰਦੇ ਪਵਿਤ੍ਰ ਤੇ ਸਾਫ ਕਰਕੇ ਤੇ ਥਾਂ ਦੇਕੇ ਨਿਵਾਸ ਕਰਾਉਣ ਤੇ ਅਦਬ ਨਾਲ ਉਨ੍ਹਾਂ ਦੀ ਯਾਦ ਕਰਨ।

ਨਹੀਂ ਤੇ ਕਈ ਸਦੀਆਂ ਭਾਵੇਂ ਟਕਰਾਂ ਮਾਰੀ ਜਾਓ ਅਜਾਦੀ ਔਖੀ ਹੈ ਅਜਾਦੀ ਦਾ ਦਾਤਾ ਸਤਿਗੁਰੂ ਰਾਮ ਸਿੰਘ ਹੈ ਯਾਦ ਰਖੋ।

Sri Satguru Jagjit Singh Ji Elibrary NamdhariElibrary@gmail.com

ਸੁਤੀ ਪਈ ਹਿੰਦ ਨੂੰ ਜਗਾਇਆ ਚੀਨੀ ਵਾਲੇ ਨੇ

(ਵਲੋਂ:–ਸ੍ਰੀ ਮਾਨ ਸ: ਤਰਨ ਸਿੰਘ ਜੀ "ਵਹਿਮੀ" ਹਿੰਦੂ ਚਕ)

ਆਏ ਅੰਗ੍ਰੇਜ਼, ਛੇਜ ਛਲ ਕੀ ਬਛਾਏ ਦੀਨੀ, ਭੇਜ ਦੀਨੀ ਲੋਝ ਕਰ ਰਈਯਤ ਵਲੈਤ ਕੋ।
ਖਾਲਸੇ ਕੋ ਜਾਲ ਪੜਾ ਹਿੰਦੂਉ ਕੀ ਕਿੰਦ ਗਟੀ, ਬੱਟੀ ਇਸਲਾਮ ਖਰ ਖਾਮ ਦਾਮ ਰਿਐਤ ਕੋ।
ਛੱਤ੍ਰੀ ਬ੍ਰਹਿਮਣ ਭੀ ਬੇਦ-ਬਾਣੀ ਭੁੱਲੇ ਰੁਲੇ, ਮੋਮਨ ਲਿਆਵੈ ਨ ਕੋਈ ਮੰਨ ਆਨ ਐਤ ਕੇ।
ਹੋਇਕੇ ਕੰਗਾਲ ਹਿੰਦ ਖਰਾ ਮਾਲ ਧਰਾ ਗੋਰ, ਕਰਾ ਮੰਨਜ਼ੂਰ ਕੂੜ ਦਮੜੇ ਕੀ ਬੋਤ ਕੋ।
ਕਰਤੇ ਬਿਚਾਰੇ ਕਿਆ ਮਰਤੇ ਥੇ ਮਾਰੇ ਭੁਖ, ਹਾਰੇ ਬੁਧ, ਦੁਖ ਦੀਆ ਬਹੁਤ ਥਾ ਕੁਸਾਲੇ ਨੇ।
ਐਸੀ ਦਸ਼ਾ ਦੇਖਕੇ ਬਸੇਖ ਸੇਖ ਧਾਰ ਆਏ, ਸੁਤੀ ਪਈ ਹਿੰਦ ਨੂੰ ਜਗਾਇਆ ਚੀਨੀ ਵਾਲੇ ਨੇ।
ਪੰਜ ਕੱਕੇ ਪੰਜ ਤੱਤ ਪੱਕੇ ਤੌਰ ਕੇਸ ਕਰ, ਛੇਵੀਂ ਮਾਲਾ ਆਲ੍ਹਾ ਜੋਤ ਆਪਣੀ ਮਿਲਾਏ ਕੇ।
ਦਸਮ ਕੀ ਰਸਮ ਭਸਮ ਉਂਕੀ ਹੋਇ ਚੁਕੀ ਦੇਖ, ਭੇਖ ਸਾਜ ਉਸੀ ਇਸਮ ਲਗਾਏ ਕੇ।
ਅਨਹਦ ਸ਼ਬਦ ਗੋਬਿੰਦ ਦੁਆਰ ਦਸਵੇਂ ਕਾ, ਜਿੰਦ ਕੇ ਮਾਲਕ ਬਖਸਿੰਦ ਸਮਝਾਏ ਕੇ।
ਕਹਾ ਕਰੋ ਕਾਮ ਰਾਮ ਨਾਮ ਉਪਕਾਰ ਸਾਰ, ਖਾਵੋ ਨਾਂਹਿ ਹਾਰ ਪਿਆਰ ਦੇਖੋ ਅਜਮਾਏ ਕੇ।
ਮੰਨਿਆ ਬਚਨ ਜਿੰਨਾਂ ਰਤਨ ਸਵਾਰ ਲੀਤਾ, ਦੇਖੇ ਹਮ ਯਾਰ ਖੇਲ ਉਨਕੇ ਨਿਰਾਲੇ ਨੇ।
ਹੱਸ ਹੱਸ ਮਰੇ ਡਰੇ ਤੋਪ ਤੋਂ ਨ, ਕਹਿੰਦੇ ਗਏ, ਸੁਤੀ ਪਈ ਹਿੰਦ ਨੂੰ ਜਗਾਇਆ ਚੀਨੀ ਵਾਲੇ ਨੇ।
ਉਨਹੀ ਕੇ ਖੂੰਨ ਅਬ ਹੋਇਕੇ ਸਹੰਸ ਗੂਨ, ਲਾਗੇ ਕੂਨ ਝੂਨ ਝੂਨ ਹਿੰਦ ਕੋ ਜਗਾਰਿਆ।
ਉਸੀ ਕਾਜ ਆਜ ਭਲੇ ਭਲੇ ਭਾਜ ਗਾਜ ਨਿਲੇ, ਵੱਲੇ ਰਾਜ ਜਿਨ ਥਾ ਬਿਦੇਸਿਓਂ ਕੋ ਮਾਰਿਆ।
ਹੋਊ ਪੀਸਾ ਦਲੀਯਾ ਜਰੂਰ ਰਾਜੇ ਰਈਯਤ ਕਾ, ਕਿਸੇ ਬੰਨੇ ਲਊਣੀ ਗਲ ਇਸ ਹੈ ਉਬਾਲੇ ਨੇ।
'ਵਹਿਮੀ' ਕਹੇ ਆਖਰੀ ਅੰਜਾਮ ਕਹੂੰ ਦੇਸ ਸਭ, ਸੁਤੀ ਪਈ ਹਿੰਦ ਨੂੰ ਜਗਾਇਆ ਚੀਨੀ ਵਾਲੇ ਨੇ।

(ਵਲੋਂ ਸ੍ਰੀ ਮਾਨ ਸ੍ਰ: ਸੁਹੇਲ ਸਿੰਘ ਜੀ "ਧੀਰ" ਸ਼ੇਖੂਪੁਰ ਬੇਦਾਦ)

ਮਾਯਾ ਮਦ ਮਤਿਆਂ, ਖੁਮਾਰੀ ਵਿਚ ਰਤਿਆਂ ਨੇ ਤਜਕੇ ਅਜ਼ਾਦੀ ਤੌਕ ਪਾਲਿਆ ਗੁਲਾਮੀ ਦਾ।
ਔਹਦਿਆਂ ਦੀਆ ਸਖਾਹਸ਼ ਦਿਲਾਂ ਵਿਚ ਨੌਕਰੀ ਦੀ ਮਥੇ ਤੇ ਲਵਾਇਆ ਕਾਲਾ ਟਿਕਾ ਬਦਨਾਮੀ ਦਾ
ਦੀਨ ਛਡੇ, ਧਰਮ ਛਡੇ ਗੁਰੂ ਛਡੇ ਪੀਰ ਛਡੇ ਸੁਚ ਸੋਧ ਛਡੀ ਭਰਮ ਛਡਿਆ ਹਰਾਮੀ ਦਾ।
ਕੋਠੀਆਂ ਦੀ ਚਿਕਾਂ ਚੁਕ ਝਾੜੂ, ਸਾਫ ਕੀਤੇ ਓਨ੍ਹਾਂ ਭਾਰਥੀ ਸਪੂਤਾਂ ਦਾਨ ਮੰਗਿਆ ਸਲਾਮੀ ਦਾ।
ਆਪਨੇ ਸ੍ਵਾਰਥ ਲਈ ਭਾਰਤ ਗੁਲਾਮ ਕੀਤਾ ਆਗੂਆਂ ਨੇ ਰੰਡ੍ਹ ਦਿੱਤੀ ਦੇਸ ਦੀ ਅਜ਼ਾਦੀ ਸੀ।
ਵਡੇ ੨ ਸ਼ਾਹੂਕਾਰਾਂ ਅਤੇ ਸ੍ਰਦਾਰਾਂ ਦਿਆਂ ਲਾਡਲੇ ਫਰਜੰਦਾਂ ਪਾਈ ਨੌਕਰੀ ਦੀ ਵਾਦੀ ਸੀ
ਖਾਨ, ਪਾਨ, ਰੈਹਤ ਬੈਹਤ ਪੂਰੀ ਕਰ ਰੀਸ ਲੀਤੀ ਸਿੱਖ ਰਾਜਧਾਨੀ ਵਾਲੀ ਕੀਤੀ ਬਰਬਾਦੀ ਸੀ।
ਜਿਥੋਂ ਤੀਕ ਹੋਯਾ ਲਾਯਾ ਸਭਨੇ ਸੀ ਜੋਰ ਇਓਂ ਹੁੰਦਾ ਜਿਓਂ ਗੁਲਾਮ ਭਾਰਥ ਮੁੱਢ ਤੋਂ ਹੀ ਆਦੀ ਸੀ।
ਇਹੋ ਜਹੀ ਗਰਾਵਟ ਬਨਾਵਟ ਨਵੀਨ ਵਿਚ ਲੀਆ ਅਵਤਾਰ ਜੱਗ ਗਊ ਰਖਵਾਲੇ ਨੇ।
ਕੀਤਾ ਪ੍ਰਚਾਰ ਦੁਖਿਆਰ ਇਸ ਭਾਰਥ ਨੂੰ ਸਿੱਧੇ ਰਾਹ ਪਾਇਆ ਮੇਟ ਦਿੱਤੇ ਸੀ ਕੁਚਾਲੇ ਨੇ।
ਪੰਥ ਬਿਨ ਹੀਨ ਦੁਖੀ ਦੀਨ ਮਸਕੀਨ ਜੇਹੜੇ ਅਰਸ਼ ਤੇ ਉਡਾਏ ਡਿਗੇ ਫਰਸ਼ ਤੋਂ ਉਠਾਲੇ ਨੇ।
ਆਪਨੇ ਬਗਾਨਿਆਂ ਦੀ ਸੋਝ ਦਰਸਾਈ 'ਧੀਰ' ਸੁਤੀ ਪਈ ਹਿੰਦ ਨੂੰ ਜਗਾਇਆ ਚੀਨੀ ਵਾਲੇ ਨੇ।

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਲਹਿਰ

(ਵਲੋਂ ਪ੍ਰਸਿਧ ਵਿਦਵਾਨ ਮਾਸਟ੍ਰ ਸੁੰਦਰ ਸਿੰਘ ਜੀ "ਲਾਇਲ ਪੁਰੀ" ਐਡੀਟਰ ਮੇਲ੍ਹ ਅੰਮ੍ਰਿਤਸਰ

ਕਦੇ ਸਮਾਂ ਸੀ, ਕਿ ਤੀਵੀਆਂ ਘਰ ਦੀਆਂ ਕੱਤੀਆਂ ਤੇ ਉਣੀਆਂ ਹੋਈਆਂ ਸੂਸੀਆਂ ਅਤੇ ਮਨੁਖ ਮੋਟੇ ਠੁਲੇ ਖਦਰ ਪਹਿਨ ਕੇ ਜ਼ਿੰਦਗੀ ਦੇ ਦਿਨ ਸੋਹਣੇ ਲੰਘਾ ਲੈਂਦੇ ਸਨ। ਸਾਡੀ ਆਪੋ ਵਿਚ ਦੀ ਫੁਟ ਨੇ ਅੰਗ੍ਰੇਜ਼ੀ ਰਾਜ ਲਿਆਂਦਾ, ਜਿਸਨੇ ਆਪਣੀਆਂ ਰੇਲ਼ਾਂ ਤਾਰਾਂ, ਮਸ਼ੀਨਾਂ ਹਥਿਆਰਾਂ ਅਤੇ ਫੈਸ਼ਣੀ ਬਹਾਰਾਂ ਦਾ ਅਜਿਹਾ ਜਾਦੂ ਹਿੰਦੀਆਂ ਦੇ ਸਿਰ ਧੂੜਿਆ ਏ ਕਿ ਬਸ! ਹਿੰਦੀ ਮਨੁਖ ਤੀਵੀਂ ਲਹਿੰਦੜ ਫੈਸ਼ਣਾਂ ਦੇ ਸਿਦਕੀ ਪੁਜਾਰੀ ਬਣ ਗਏ ਨਿ! ਰਾਜਸੀ ਗੁਲਾਮੀ ਤਾਂ ਅਸੀ ਆਪਣੀ ਫੁਟ ਅਤੇ ਅੰਗ੍ਰੇਜ਼ਾਂ ਦੇ ਹਥਿਆਰੀ ਜੋਰ ਤੋਂ ਡਰਦੇ ਗਲ ਪਾਈ ਬੈਠੇ ਹਾਂ; ਪਰ ਫੈਸ਼ਣੀ ਗੁਲੱਮ-ਪੁਣਾਂ ਅਸਾਂ ਆਪਣੀ ਦਿਲੀ ਚਾਹ ਨਾਲ ਸਹੇੜਿਆ ਏ। ਨਹੀਂ! ਨਹੀਂ! ਅਸੀ ਤਾਂ ਇਸਦੇ ਆਸ਼ਿਕ ਯਾ ਪੁਜਾਰੀ ਬਣ ਗਏ ਹਾਂ, ਸਾਡੇ ਆਪਣੇ ਫੈਸ਼ਨ ਨੇ ਲਹਿੰਦੜ ਫੈਸ਼ਨ ਦੇ ਸਾਹਵੇਂ ਹਥਿਆਰ ਸੁਟ ਦਿਤੇ ਨਿ, ਸਾਡੀ ਦਿਲੀ ਤਾਂਘ ਹੋ ਗਈ ਏ, ਕਿ ਕਿਵੇਂ ਅਸੀਂ ਲਹਿੰਦੜ ਫੈਸ਼ਣੀ ਬਣ ਜਾਈ ਏ! ਲਹਿੰਦੜ ਫੈਸ਼ਣੀਏ ਬਨਣ ਵਿਚ ਕੋਈ ਹਰਜ ਅਤੇ ਹਾਨੀ ਨਾਂ ਹੁੰਦੀ ਜੇ ਇਹ ਫੈਸ਼ਣ ਸਾਡੇ ਲਈ ਸੁਖਦਾਈ ਅਤੇ ਲਾਹੇਵੰਦ ਹੁੰਦਾ। ਪਰ ਅੰਗ੍ਰੇਜ਼ ਮਦਾਰੀਆਂ ਨੇ ਇਹ ਜਾਦੂ ਦੀ, ਅਜਿਹੀ ਮੋਹਣੀ ਖੇਡ ਅਤੇ ਮਿਠੀ ਰੋਗ ਹਿੰਦੀਆਂ ਅੱਗੇ ਖਿਲਾਰੀ ਏ, ਕਿ ਹਿੰਦੀ ਇਸ ਮਦਾਰੀ ਦੀ ਖੇਡ ਨੂੰ ਅਸਲ ਚੀਜ ਸਮਝਕੇ ਭੁਲੇ ਫਿਰਦੇ ਨਿ!

ਏਹੋ ਹਾਲ ਆਪਣੀ ਵਿਦਿਆ ਅਤੇ ਬੋਲੀ ਦਾ ਹੋਇਆ ਏ। ਇਹ ਗੱਲ ਸਾਫ ਸਮਝ ਲੈਣੀ ਚਾਹੀਦੀ ਏ, ਕਿ ਕਿਸੇ ਕੌਮ ਦੇ ਬਾਲਾਂ ਦੀ ਉਨਤੀ ਲਈ ਜੋ ਵੀ ਸਿਖਿਆ ਮਿਲੇ ਉਹ ਉਹਨਾਂ ਬਾਲਾਂ ਦੀ ਮਾਤਰੀ ਬੋਲੀ ਵਿਚ ਹੋਣੀ ਜਰੂਰੀ ਏ, ਇਸ ਵੇਲੇ ਸਾਨੂੰ ਚੌਦਾਂ ਚੌਦਾਂ ਵਰ੍ਹੇ ਅੰਗ੍ਰੇਜ਼ੀ ਬੋਲੀ ਪੜ੍ਹਨ ਵਿਚ ਹੀ ਲਗ ਜਾਂਦੇ ਨਿ! ਵਿਦਿਆ ਅਤੇ ਹੁੰਡਰ ਸਿਖਣ ਲਈ ਦਿਮਾਗ ਅਤੇ ਸਮਾ ਹੀ ਕਿੱਥੇ ਰਹਿੰਦਾ ਏ ਅਤੇ ਉਹਨਾਂ ਚੌਦਾਂ ਵਰ੍ਹਿਆਂ ਵਿਚ ਵੀ ਬਾਲ ਨਿਰਾ ਅੰਗ੍ਰੇਜ਼ੀ ਬੋਲੀ ਹੀ ਬੋਲਣੀ ਸਿਖਦਾ ਏ, ਸਿਆਣਪ ਯਾ ਰੁਜਗਾਰ ਦੀ ਯੋਗਤਾ ਅਤੇ ਸੁਤੰਤ੍ਰਤਾ ਦਾ ਇਸ ਨਾਲ ਕੋਈ ਵਾਸਤਾ ਨਹੀ। ਹਾਂ ਲਹਿੰਦੜ ਕੋਟ ਪਤਲੂਨ ਪਾਕੇ "ਕਾਲਾ ਸਾਹਿਬ" ਜਰੂਰ ਬਣ ਜਾਂਦਾ, ਅਤੇ ਚਿੱਟੇ ਸਹਿਬਾਂ ਦੇ ਬੂਹੇ ਤੇ ਜਾਕੇ ਨੌਕਰੀ ਦਾ ਟੁਕਰ ਉਹਨਾਂ ਪਾਸੋਂ ਗੋਰੀ ਬੋਲੀ ਵਿਚ ਜਰੂਰ ਮੰਗ ਸਕਦਾ ਏ। ਅਜ ਸੈਂਕੜੇ ਵਰ੍ਹਿਆਂ ਪਿਛੋਂ ਵਿਚਾਰਵਾਨਾ ਨੂੰ ਇਹ ਪਤਾ ਲਗ ਰਿਹਾ ਏ, ਕਿ ਸਾਡੀ ਕੌਮ ਦੀ ਗੁਲਾਮੀ ਦਾ ਵਡਾ ਕਾਰਨ ਸਾਡੇ ਬਾਲਾਂ ਨੂੰ ਆਪਣੀ ਬੋਲੀ ਵਿਚ ਵਿਦਿਆ ਨਾ ਦਿਤੀ ਜਾਣੀ ਅਤੇ ਉਹਨਾਂ ਨੂੰ ਹਿੰਦੀ ਫੈਸ਼ਨਾਂ ਵਿਚ ਨਾਂ ਢਾਲਨਾਂ ਹੀ ਏ। ਸੋ ਕੌਮੀ ਵਿਦਿਆ

ਅਤੇ ਦੇਸੀ ਕਪੜੇ ਦੇ ਪਹਿਨਣ ਦੀਆਂ ਲਹਿਰਾਂ ਆਪਣੇ ਵਿਤ ਅਨੁਸਾਰ ਸਭ ਪਾਸੇ ਚਲ ਰਹੀਆਂ ਨਿ ! ਇਹ ਉਦਮ ਸੁਹਣੇ ਅਤੇ ਮੁਬਾਰਕ ਨਿ, ਪਰ ਅੱਜ ਤੋਂ ਕੁਝ ਚਿਰ ਪਹਿਲਾਂ ਨਾਮਧਾਰੀ ਪੰਥ ਦੇ ਗੁਰੂ ਸਤਿਗੁਰ ਰਾਮ ਸਿੰਘ ਜੀ ਦੀਆਂ ਦੂਰ-ਦੇਖੂ ਅੱਖਾਂ ਨੇ ਇਹ ਸਭ ਕੁਝ ਉਸ ਵੇਲੇ ਹੀ ਵੇਖ ਲਿਆ ਸੀ, ਜਦੋਂ ਕਿ ਲਹਿੰਦੜ ਫੈਸ਼ਣਾਂ ਦਾ ਹੜ ਅੰਗ੍ਰੇਜ਼ੀ ਰਾਜ ਦੇ ਸ਼ੁਰੂ ਵਿੱਚ ਵਗਣ ਹੀ ਲਗਾ ਸੀ। ਨਾਮਧਾਰੀਆਂ ਨੂੰ ਹੁਕਮ ਸੀ ਕਿ ਉਹ ਖਦਰ ਯਾ ਆਪਣਾ ਦੇਸੀ ਕਪੜਾ ਪਹਿਨਣ ਅੰਗ੍ਰੇਜ਼ੀ ਸਕੂਲਾਂ ਦੀ ਥਾਂ ਆਪਣੇ ਕੌਮੀ ਸਕੂਲਾਂ ਵਿੱਚ ਵਿਦਿਆ ਹਾਸਲ ਕਰਨ, ਆਪਣੇ ਵਿਆਹ ਆਦਿਕ ਸਭ ਕਾਰਜਾਂ ਦੇ ਸਮੇਂ ਕੌਡੀ ਖਰਚ ਨਾਂ ਕਰਨ, ਗਹਿਣੇ ਨਾਂ ਪਾਉਣ। ਮੁਕਦੀ ਗੱਲ ਜਿਨ੍ਹਾਂ ਕੁਰੀਤੀਆਂ ਨੂੰ ਅਸੀਂ ਅੱਜ ਦੂਰ ਕਰਨਾ ਚਾਹੁੰਦੇ ਹਾਂ, ਮਹਾਰਾਜ ਰਾਮ ਸਿੰਘ ਜੀ ਨੇ ਆਪਣੇ ਸਿੱਖਾਂ ਵਿਚ ਉਹਨਾ ਨੂੰ ਵੜਨ ਹੀ ਨਹੀਂ ਦਿੱਤਾ ਸੀ। ਆਪ ਦੇ ਇਸ ਸੁਚੇ ਅਤੇ ਉਚੇ ਪ੍ਰਚਾਰ ਦਾ ਅਸਰ ਲੱਖਾਂ ਮਨੁਖਾਂ ਅਤੇ ਤੀਵੀਆਂ ਤੇ ਹੋਇਆ ਜਿਸ ਦਾ ਸਬੂਤ ਇਸ ਵੇਲੇ ਦਾ ਨਾਮਧਾਰੀ ਪੰਥ ਦੇ ਰਿਹਾ ਏ। ਕਿਹਾ ਚੰਗਾ ਹੁੰਦਾ ਜੇ ਸਾਰੇ ਹਿੰਦੀ ਹੀ ਗੁਰੂ ਜੀ ਦੇ ਇਸ ਪ੍ਰਚਾਰ ਦੇ ਧਾਰਨੀ ਹੁੰਦੇ। ਪਰ ਅਜੇਹਾ ਨਾਂ ਹੋਇਆ ਅੱਜ ਜਦ ਪਾਣੀ ਨਕ ਨਕ ਆ ਗਿਆ ਅਤੇ ਡੁਬਣ ਦੇ ਨਿਸ਼ਾਨ ਨਜ਼ਰੀਂ ਔਣ ਲੱਗੇ ਨਿ ਤਾਂ ਸਾਨੂੰ ਵੀ ਹੁਣ ਜਾਗ ਆਈ ਏ। ਸੁਖ ! ਹੁਣ ਹੀ ਅਸੀਂ ਸਾਦਾ ਸੰਤੋਖੀ, ਪਵਿਤ੍ਰ ਜ਼ਿੰਦਗੀ ਬਨਾ ਲਈਏ, ਤਾਂ ਵੀ ਬਚਾ ਹੋ ਸਕਦਾ ਏ॥

ਇਹ ਆਮ ਅਸੂਲ ਹੀ ਏ ਕਿ ਜਿਸ, ਲਹਿਰ ਨੂੰ ਵੇਲੇ ਦੀ ਗੁਰਨਮਿੰਟ ਲੋਕਾਂ ਲਈ ਲਾਭਦਾਈ ਅਤੇ ਆਪਣੇ ਲਈ ਹਾਨੀ ਕਾਰਿਕ ਯਾ ਦੁਖਦਾਈ ਖਿਆਲ ਕਰੇ, ਉਸ ਉਤੇ ਉਹ ਪੂਰੀ ਪੂਰੀ ਸਖਤੀ ਕਰਦੀ ਏ, ਸੋ ਨਾਮਧਾਰੀ ਲਹਿਰ ਨਾਲ ਵੀ ਏਹੋ ਹਾਲ ਵਰਤਿਆ ਅਜ ਸਾਰੇ ਲੋਕਾਂ ਵਿਚ ਇਹਨਾਂ ਗੱਲਾਂ ਦਾ ਆਮ ਪ੍ਰਚਾਰ ਹੋ ਜਾਣ ਕਰਕੇ ਨਾਮਧਾਰੀ ਅਸਥਾਨਾਂ ਤੋਂ ਪਹਿਰੇ ਕੁਝ ਸਾਲ ਹੋਏ, ਹਟਾ ਲਏ ਗਏ ਨਿ। ਆਜ਼ਾਦੀ ਦੀ ਲਹਿਰ ਦੇ ਆਗੂ ਨਾਮਧਾਰੀ ਹੀ ਨਿ, ਪਰ ਅੰਗ੍ਰੇਜ਼ੀ ਸਕੂਲਾਂ ਵਿਚ ਤਾਂ ਓਹ ਨਹੀਂ ਸੀ ਪੜਨ ਜਾਂਦੇ ਪਰ ਨਾਲ ਹੀ ਓਹਨਾਂ ਨੇ ਆਪਣੀ ਵਿਦਿਆ ਵੀ ਹਾਸਲ ਘਟ ਹੀ ਕੀਤੀ ਸੀ, ਜਿਸ ਦਾ ਫਲ ਇਹ ਹੋਇਆ ਕਿ ਇਹ ਉਤਮ ਲਹਿਰ ਹੋਰਨਾ ਵਿਚ ਬਹੁਤ ਨਹੀਂ ਖਿਲਰ ਸੱਕੀ। ਅੱਜ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖ ਜੇ ਆਪਣੇ ਪੰਥ ਵਿਚ ਆਪਣੀ ਵਿਦਿਆ ਦਾ ਪ੍ਰਚਾਰ ਕਰਨ, ਤਾਂ ਇਹ ਪਵਿਤ੍ਰਤਾ, ਆਜ਼ਾਦੀ ਅਤੇ ਸਾਦਗੀ ਦੀ ਲਹਿਰ ਸਾਰੇ ਲੋਕਾਂ ਵਿਚ ਫੈਲ ਸਕਦੀ ਏ। ਕੀ ਨਾਮਧਾਰੀ ਭਰਾ ਦਾਸ ਦੀ ਬੇਨਤੀ ਵਲ ਧਿਆਨ ਦੇਣਗੇ ?

Sri Satguru Jagjit Singh Ji Elibrary NamdhariElibrary@gmail.com

ਬਸੰਤ ਰਾਣੀ

(ਵਲੋਂ ਸਾਹਿਤਕ ਰਤਨ ਸ੍ਰ: ਵਿਧਾਤਾ ਸਿੰਘ ਜੀ "ਤੀਰ" ਅੰਮ੍ਰਿਤਸਰ)

ਸੁਧੀ ਸੁੰਦਰਤਾ ਸਦਾ ਮੁਟਿਆਰ ਮੋਹਣੀ, ਸਾਰੇ ਜਗਤ ਦਾ ਹਿਰਦਾ ਲੁਭਾਉਣ ਵਾਲੀ।
ਸਿਰ ਤੇ ਸੋਹਣਾ ਸੁਵਰਨ-ਮਈ ਮੁਕਟ ਧਰ ਕੇ, ਸਦਾ ਵਰ੍ਹੇ ਮਗਰੋਂ ਫੇਰੀ ਪਾਉਣ ਵਾਲੀ।
ਸਜਰੇ ਮਹਿਕਦੇ ਟਹਿਕਦੇ ਰੂਪ ਵਾਲੀ, ਰਾਣੀ ਫੁੱਲਾਂ ਦੀ ਸੇਜ ਹੰਢਾਉਣ ਵਾਲੀ।
ਰੋਂਦੇ ਜਗਤ ਨੂੰ ਖਿੜਖਿੜ ਹਸਾਉਣ ਵਾਲੀ, ਮੁਇਆਂ ਦਿਲਾਂ ਅੰਦਰ ਜਾਨ ਪਾਉਣ ਵਾਲੀ।
ਠੁੱਮਕ ਠੁੱਮਕ ਫੁਲਵਾੜੀਆਂ ਵਿੱਚ ਫਿਰਕੇ, ਸਦਾ ਢੋਲੇ ਪ੍ਰਸੰਨਤਾ ਦੇ ਗਾਉਣ ਵਾਲੀ।
ਦੇਂਦੇ ਫਿਰਨ ਸੁਨੇਹੜੇ ਪੌਣ ਪੌਣ-ਪੰਛੀ, ਉਹ "ਬਸੰਤ ਰਾਣੀ" ਹੁਣੇ ਆਉਣ ਵਾਲੀ।
ਸੁਣਕੇ ਆਉਣ ਵਾਲੀ ਦੇ 'ਬਸੰਤ ਲੈਲਾਂ' ਮਜਨੂੰ ਬੂਟਿਆਂ ਅੱਖੀਆ ਖੋਲ੍ਹੀਆਂ ਨੇ।
ਖੁਸ਼ੀ ਵਿੱਚ ਸਵਾਈਆਂ ਸੁੰਦਰੀਆਂ ਨੇ, ਸੂਹੀਆਂ ਸਾਵੀਆਂ ਖੱਟੀਆਂ ਚੋਲੀਆਂ ਨੇ।
ਛੇਤੀ ਭੌਰਿਆਂ ਛੋਹ ਲਿਆ ਬੀਨ-ਵਾਜਾ, ਵੀਹਾਂ ਵੀਹਾਂ ਦੀਆਂ ਬੱਧੀਆਂ ਟੋਲੀਆਂ ਨੇ।
ਮਾਹੀਆ ਛੋਹ ਲਿਆ ਘੁੱਗੀਆਂ ਘੁੱਗਿਆਂ ਨੇ, ਟੱਪੇ ਪ੍ਰੇਮ ਦੇ ਬੁਲਬੁਲਾਂ ਬੋਲੀਆਂ ਨੇ।
ਮਾਨੋਂ ਘੁੰਗਰੂ ਬੰਨ੍ਹਕੇ ਪੌਣ ਆਈ, ਨੱਚਣ ਲਗ ਪਈ ਚਿੱਤ ਚੁਰਾਉਣ ਵਾਲੀ।
ਲੈਅ ਤਾਲ ਦੇ ਨਾਲ ਇਹ ਗਾਉਣ ਲੱਗੀ, ਲਉ ਜੀ ! 'ਰਾਣੀ ਬਸੰਤ' ਹੈ ਆਉਣ ਵਾਲੀ।
ਅੰਬਰ ਥਾਲ ਵਿੱਚ ਬਲ ਰਿਹਾ ਦਿਹੁੰ ਦੀਵਾ, ਹੂਰਾਂ ਆਰਤੀ ਕਰਨ ਖਲੋਤੀਆਂ ਨੇ।
ਧਰੀਆਂ ਡਾਲੀਆਂ ਨੇ, ਸਿਰੀਂ ਡਾਲੀਆਂ ਨੇ, ਮਿੱਠੇ ਗੀਤ ਛੋਹੇ ਤੋਤੇ ਤੋਤੀਆਂ ਨੇ।
ਲੜੀਆਂ ਗੁੰਦੀਆਂ ਪ੍ਰੇਮ ਉਮਾਹ ਅੰਦਰ, ਸੋਹਣੇ ਸੁਚੇ ਤ੍ਰੇਲ ਦੇ ਮੋਤੀਆਂ ਨੇ।
ਗਲੇ ਪਿਆਰੀ ਬਸੰਤ ਦੀ ਪਾਉਣ ਖਾਤਰ, ਵਾਹ ਵਾਹ ਚੰਬਿਆਂ ਮਾਲਾਂ ਪਰੋਤੀਆਂ ਨੇ।
ਡਾਢੀ ਤਾਂਘ ਦੇ ਵਿੱਚ ਤਿਆਰੀਆਂ ਨੇ, ਆਖਣ ਵੇਖੋ ਔਹ ਆਈ ਹਸਾਉਣ ਵਾਲੀ।
ਸਭ ਨੂੰ ਭਾਉਣ ਵਾਲੀ ਸਾਡੀ ਪ੍ਰਾਨ ਪਿਆਰੀ, ਫੁਲਾਂ 'ਰਾਣੀ ਬਸੰਤ, ਸਦਾਉਣ ਵਾਲੀ।
ਸੋਅ ਸੁਣਦਿਆਂ ਸਾਰ ਹੀ ਖੁਸ਼ੀ ਅੰਦਰ, ਬਾਗ ਖੁਸ਼ੀ ਦਾ ਮਾਰਿਆ ਫੁੱਲ ਗਿਆ।
ਏਨਾਂ ਫੁੱਲਿਆ ਕਿ ਮੈਨੂੰ ਆਪਣੀ ਸਹੁੰ, ਉਹਨੂੰ ਆਪਣਾ ਆਪ ਵੀ ਭੁਲ ਗਿਆ।
ਮੇਰੇ ਵੇਂਹਦਿਆਂ ਵੇਂਹਦਿਆਂ ਅੰਬਰਾਂ ਤੋਂ, ਸੁਰਗ ਪੁਰੀ ਵਾਲਾ ਬੂਹਾ ਖੁੱਲ ਗਿਆ।
ਦੇਵੀ ਸੁੰਦ੍ਰਤਾ ਦੀ ਜਦੋਂ ਬਾਹਰ ਨਿਕਲੀ, ਝੱਖੜ ਖੁਸ਼ੀ ਦਾ ਜ਼ਿਮੀ ਤੇ ਝੁੱਲ ਗਿਆ।
ਸਹਿਜੇ ਸਹਿਜੇ ਓਹ ਉਤਰਦੀ ਆਈ ਹੇਠਾਂ, ਸਿਰ ਤੇ ਫੁਲਾਂ ਦਾ ਚੌਰ ਝੁਲਾਉਣ ਵਾਲੀ।
ਦੇਹੀ ਬਣੀ ਸੀ ਉਹਦੀ ਸੁਗੰਧਤਾ ਦੀ, ਪੂਜਾ ਬਾਗ ਦੇ ਪਾਸੋਂ ਕਰਾਉਣ ਵਾਲੀ।
ਹਰ ਇਕ ਫੁਲ ਤੇ ਪੱਤ ਨੂੰ ਗਈ ਚੁੰਮਦੀ, ਫੇਰਾ ਸਾਰੀ ਗੁਲਜ਼ਾਰ ਵਿੱਚ ਪਾਉਂਦੀ ਗਈ।
ਟੇਪੇ ਅਮੀਂ ਦੇ ਮਨੋਂ ਛਿੜਕਾਉਂਦੀ ਗਈ, ਮੋਇਆਂ ਮੁਰਦਿਆਂ ਨੂੰ ਜਾਨ ਪਾਉਂਦੀ ਗਈ।
ਸੋਹਲ ਫੁਲਾਂ ਦੇ ਵਿੱਚੋਂ ਓਹ ਹੋਈ ਪੈਦਾ, ਫੁਲਾਂ ਵਿਚ ਹੀ ਮਾਨੋਂ ਸਮਾਉਂਦੀ ਗਈ।
"ਫੁਲਾਂ ਰਾਣੀ ਹਾਂ ਮੈਂ ਹਾਂ ਬਸੰਤ ਦੇਵੀ" ਬਿਨਾਂ ਬੋਲਿਆਂ ਭੇਤ ਸਮਝਾਉਂਦੀ ਗਈ।
ਕੁਤ-ਕੁਤਾਰੀਆਂ ਕੱਢ ਗਈ ਕਿਆਰੀਆਂ ਨੂੰ, ਕੌਤਕ ਘੜੀ ਦੀ ਘੜੀ ਵਿਖਾਉਣ ਵਾਲੀ।
ਢਿੱਡੀਂ ਫੁਲਾਂ ਦੇ ਹੱਸ ਹੱਸ ਪੈਣ ਪੀੜਾਂ, ਉਹਨੇਂ ਹੱਦ ਮੁਕਾਈ ਹਸਾਉਣ ਵਾਲੀ।

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀਆਂ ਦੀਆਂ ਕੁਰਬਾਨੀਆਂ

(ਵਲੋਂ:– ਸਾਹਿਤਕ ਰਤਨ ਸ੍ਰੀਮਾਨ ਸ: ਚਰਨ ਸਿੰਘ ਜੀ 'ਸ਼ਹੀਦ' ਮਾਲਕ ''ਮੌਜੀ'' ਅੰਮ੍ਰਿਤਸਰ

ਸਾਰੀ ਦੁਨੀਆਂ ਦੇ ਫਿਰਕਿਆਂ ਵਿਚੋਂ ਸ਼ਾਇਦ ਨਾਮਧਾਰੀ ਸਿੱਖਾਂ ਦਾ ਪੰਥ ਹੀ ਇਕ ਅਜੇਹਾ ਫ਼ਿਰਕਾ ਹੈ, ਜੋ ਸ਼ਾਂਤ–ਮਈ ਤਾਂ ਇਨਾਂ ਹੈ ਕਿ ਕੂਲੇ ਕੂਲੇ ਸੂਤ ਦੀ ਮਾਲਾ ਤੋਂ ਬਿਨਾਂ ਕਿਸੇ ਪ੍ਰਕਾਰ ਦਾ ਸ਼ਸਤ੍ਰ ਆਪਣੇ ਪਾਸ ਨਹੀਂ ਰਖਦਾ, ਪਰ ਇਸਦਾ ਰੋਬ–ਦਾਬ ਤੇ ਭੈ ਏਨਾਂ ਹੈ ਕਿ ਏਹਨਾਂ ਸੂਤ ਦੀ ਮਾਲਾ ਵਾਲਿਆਂ ਪਾਸੋਂ ਅੰਗ੍ਰੇਜ਼ੀ ਸਰਕਾਰ ਵਰਗੀ ਲੱਖਾਂ ਤੋਪਾਂ ਤੇ ਕਿਲਿਆਂ ਜਹਾਜ਼ਾਂ ਵਾਲੀ ਸਰਕਾਰ ਇਸ ਪੰਥ ਦੇ ਜਨਮ ਦਿਨ ਤੋਂ ਹੀ ਡਰਦੀ ਚਲੀ ਆ ਰਹੀ ਹੈ। ਇਸ ਤੋਂ ਬਿਨਾਂ ਏਹਨਾਂ ਸੂਤੀ ਮਾਲਾ ਵਾਲੇ ਸਿਦਕੀ ਤੇ ਨਾਮ ਜਪਣ ਵਾਲੇ ਸਿੱਖਾਂ ਨੇ ਕੁਰਬਾਨੀਆਂ ਭੀ ਅਜੇਹੀਆਂ ਕਰਕੇ ਦਿਖਾਈਆਂ ਹਨ ਕਿ ਜਿੰਨ੍ਹਾਂ ਨੂੰ ਪੜ੍ਹਕੇ ਲੂੰ ਕੰਡੇ ਹੋ ਜਾਂਦੇ ਹਨ, ਤੇ ਮੂੰਹੋਂ ਇਕ ਦਮ ਧੰਨ ਧੰਨ ਨਿਕਲ ਜਾਂਦਾ ਹੈ।

ਸੱਚ ਪੁੱਛੋ ਤਾਂ ਸਮੇ ਦੀ ਸ੍ਰਕਾਰ ਜਿਸ ਫ਼ਿਰਕੇ, ਜਿਸ ਪੰਥ ਯਾ ਜਿਸ ਕੌਮ ਨੂੰ ਅਕਾਰਨ ਵਹਿਮ ਤੇ ਸ਼ੱਕ ਦੀ ਨਜ਼ਰ ਨਾਲ ਵੇਖਣ ਲਗ ਪਏ, ਜੇ ਉਸ ਫ਼ਿਰਕੇ ਯਾ ਪੰਥ ਦੇ ਅੰਦਰ ਕੋਈ ਜੀਵਣ ਜ੍ਵਾਲਾ ਸੱਚੀਂ ਮੁਚੀਂ ਬਲਦੀ ਹੋਵੇ ਤਾਂ ਸਰਕਾਰੀ ਬੰਬ ਤੇ ਸਖ਼ਤੀ ਉਸ ਉੱਤੇ ਤੇਲ ਪਾਉਣ ਤੇ ਪੱਖਾ ਕਰਨ ਵਾਲੀ ਸਾਬਤ ਹੁੰਦੀ ਹੈ। ਨਾਮਧਾਰੀ ਪੰਥ ਉੱਤੇ ਭੀ ਜਦ ਅਕਾਰਨ ਸਰਕਾਰੀ ਵਹਿਮਾ ਦੇ ਬੱਦਲ ਛਾ ਗਏ ਤੇ ਸਰਕਾਰੀ ਪਾਬੰਦੀਆਂ ਤੇ ਕਰੜੀਆਂ ਨਜ਼ਰਾਂ ਨੇ ਓਹਨਾਂ ਨੂੰ ਘੇਰ ਲਿਆ ਤਾ ਓਹਨਾਂ ਨੇ ਓਹ ਓਹ ਕੁਰਬਾਨੀਆਂ ਕਰ ਦਿਖਾਈਆਂ, ਜੋ ਕਿਸੇ ਕੌਮ ਦਾ ਨਾਮ ਦੁਨੀਆ ਦੇ ਇਤਹਾਸ ਵਿਚ ਹਮੇਸ਼ਾਂ ਲਈ ਅਟੱਲ ਕਰਨ ਵਾਸਤੇ ਕਾਫੀ ਹੁੰਦੀਆਂ ਹਨ।

ਸ੍ਰਕਾਰੀ ਰਪੋਟਾਂ ਵਿਚ ਭਾਵੇਂ ਨਾਮਧਾਰੀਆਂ ਨੂੰ ਬਾਗ਼ੀ, ਰਾਜ ਦ੍ਰੋਹੀ, ਖੌਫ ਨਾਕ ਹਸਤੀਆਂ ਯਾ ਐਜੀਟੇਟਰ ਆਦਿ ਕਿਸੇ ਭੀ ਉਪਮਾ ਨਾਲ ਯਾਦ ਕੀਤਾ ਗਿਆ ਹੋਵੇ, ਪਰ ਮੈਂ ਤਾਂ ਏਹੋ ਕਹਾਂਗਾ ਕਿ ਨਾਮਧਾਰੀ ਪੰਥ ਉਤੇ ਅਕਾਰਣ ਵਹਿਮ ਕਰਕੇ ਓਹਨਾਂ ਸਿਦਕੀ ਤੇ ਧਰਮੀ ਭਜਨੀਕ ਸਿੱਖਾਂ ਨੂੰ ਸਖਤੀ ਦਾ ਸ਼ਿਕਾਰ ਬਣਾਯਾ ਗਿਆ ਦੇ ਓਹ ਓਹਨਾਂ

ਦੇ ਪਵਿਤ੍ਰ ਆਤਮਾਂ ਪੂਜਜ ਆਗੂ ਨੂੰ ਨਜਰ ਬੰਦ ਕਰਕੇ ਤੇ ਫਿਰ ਰਗੂਨ ਆਦਿ ਲਿਜਾਕੇ ਇਕ ਅਜੇਹੀ ਨਰਾਜਗੀ ਦੀ ਲਾਟ ਬਾਲੀ ਗਈ ਜੋ ਕਦੇ ਭੀ ਬੁਝ ਨਹੀ ਸਕਦੀ। ਕਿਉਂਕਿ ਨਾਮ-ਧਾਰੀ ਸਿੱਖ ਆਪਣੇ ਪਯਾਰੇ ਤੇ ਪਵਿਤ੍ਰ ਆਗੂ ਦੇ ਵਿਛੋੜੇ ਨੂੰ ਅਜੇ ਤਕ ਨਹੀਂ ਭੁਲੇ, ਤੇ ਨਾ ਹੀ ਕਦੀ ਭੁਲਣਗੇ।

ਨਾਮਧਾਰੀਆਂ ਦੀਆਂ ਕੁਰਬਾਨੀਆਂ ਦਾ ਇਤਹਾਸ ਅਜੇ ਤਕ ਬਹੁਤ ਘੱਟ ਲਿਖਿਆ ਗਿਆ ਹੈ ਪਰ ਜਿੰਨਾ ਭੀ ਲਿਖਿਆ ਗਿਆ ਹੈ, ਉਸ ਵਿਚੋਂ ਥੋੜੇ ਪ੍ਰਸੰਗ, ਥੋੜੀਆਂ ਜਿੰਨੀਆਂ ਘਟਨਾਵਾਂ ਤੇ ਥੋੜੇ ਜੇਹੇ ਵਾਕਿਆਤ ਭੀ ਜੇ ਕੋਈ ਪੜ੍ਹ ਲਵੇ ਤਾਂ ਉਸਦਾ ਹਿਰਦਾ ਸ਼ਲਾਘਾ ਤੇ ਸ਼ਰਧਾ ਦੇ ਜਜ਼ਬਾਤ ਨਾਲ ਭਰਪੂਰ ਹੋ ਜਾਂਦਾ ਹੈ। ਕੁਰਬਾਨੀ ਚੀਜ ਹੀ ਅਜੇਹੀ ਹੈ, ਜੋ ਜਾਨੀ ਦੁਸ਼ਮਨਾ ਦੇ ਮੂੰਹੋਂ ਭੀ ਵਾਹਵਾ ਕਢਵਾ ਦੇਂਦੀ ਹੈ।

ਆਮ ਤੌਰ ਤੇ ਲੋਕ ਏਹੋ ਸਮਝਦੇ ਹਨ ਕਿ ਨਾਮਧਾਰੀਆਂ ਨੇ ਬੁਚੜ ਵਢ ਦਿੱਤੇ ਸਨ ਜਿਸ ਕਰਕੇ ਕੁਝ ਨਾਮਧਾਰੀ ਫਾਂਸੀ ਹੋ ਗਏ ਤੇ ਗੁਰਨਮੈਂਟ ਨੇ ਨਾਮ-ਧਾਰੀ ਫਿਰਕੇ ਦੀ ਨਿਗਰਾਨੀ ਰੱਖਣੀ ਸ਼ੁਰੂ ਕਰ ਦਿਤੀ ਪਰ ਅਸਲ ਗਲ ਦਾ ਪਤਾ ਤਦ ਲਗਦਾ ਹੈ ਜੇ ਨਾਮਧਾਰੀਆਂ ਦੇ ਤਿੰਨਾਂ ਚਹੁੰ ਮਸ਼ਹੂਰ ਸਾਕਿਆਂ ਦੇ ਅਸਲੀ ਕਾਰਨ ਦੇਖੀਏ, ਉਨਾਂ ਸਾਰਿਆਂ ਵਿਚ ਸ਼ਾਮਲ ਹੋਣ ਵਾਲੇ ਫਾਂਸੀ ਪਾਉਣ ਵਾਲੇ ਤੇ ਤੋਪਾਂ ਨਾਲ ਉਡਾਏ ਜਾਣ ਵਾਲੇ ਨਾਮਧਾਰੀ ਸਿਖਾਂ ਦੇ ਦਿਲਾਂ ਨੂੰ ਟਟੋ-ਲਕੇ ਓਹਨਾਂ ਦੇ ਜਜ਼ਬਾਤ ਦਾ ਪਤਾ ਲਾਈਏ, ਤੇ ਫਿਰ ਉਸ ਦ੍ਰਿੜਤਾ, ਇਸ-ਤਕਲਾਲ ਤੇ ਬੇਖੌਫ ਸਿਖੀ ਦੀ ਸਪਿ-ਰਿਟ ਨੂੰ ਮਹਸੂਸ ਕਰੀਏ, ਜੋ ਓਹਨਾਂ ਸੂਤੀ-ਮਾਲਾ ਵਾਲੇ ਭਜਨੀਕ ਬੰਦਿਆਂ ਨੇ ਦਿਖਾਈ।

ਨਾਮਧਾਰੀ ਸਿਖਾਂ ਨੂੰ ਵਾਹਿਗੁਰੂ ਨੇ "ਨਾਮ" ਜਪਣ ਤੇ "ਨਾਮ" ਦਾ ਪ੍ਰਚਾਰ ਕਰਨ ਦੀ ਏਨੀ ਮਸਤੀ ਤੇ ਲਗਨ ਬਖਸ਼ੀ ਕਿ ਓਹ ਸ਼ਸਤ੍ਰਾਂ ਦੀ ਥਾਂ ਸੂਤੀ ਮਾਲਾ ਪਕੜ ਕੇ ਕੇਵਲ "ਨਾਮ" ਦੇ ਹੀ ਅਧਾਰ ਤੇ ਜਿਊਣ ਲਗ ਪਏ। ਇਸ ਮਸਤੀ ਵਿਚ ਓਹਨਾਂ ਨੇ ਕੁਝ ਮਸ਼ਹੂਰ ਗੋਰ, ਮੜ੍ਹੀਆਂ ਆਦਿ ਭੀ ਢਾਹੀਆਂ, ਸ਼ਾਂਤ-ਮਈ ਤੇ ਦਯਾ ਦਾ ਅਸੂਲ ਓਹਨਾ ਦੇ ਹਿਰਦੇ ਵਿਚ ਏਨਾ ਘਰ ਕਰ ਗਿਆ ਕਿ ਓਹ ਖ਼ੁਦ ਤਾਂ ਕਿਸੇ ਜੀਵ ਨੂੰ ਦੁਖਾਉਣਾ ਇਕ ਪਾਸੇ ਰਿਹਾ, ਏਹ ਭੀ ਨਹੀਂ ਦੇਖ ਸਕਦੇ ਸਨ ਕਿ ਕੋਈ ਜ਼ੋਰਾਵਰ ਯਾ ਜ਼ਾਲਮ ਕਿਸੇ ਜੀਵ ਨੂੰ ਦੁੱਖ ਦੇਵੇ।

ਇਸੇ ਜਜ਼ਬੇ ਦੇ ਜੋਸ਼ ਵਿਚ ਕੁਝ ਨਾਮਧਾਰੀਆਂ ਨੇ ਪਹਿਲਾਂ ਅੰਮ੍ਰਿਤਸਰ ਵਿਚ ਕੁਝ ਕੁਝ ਬੁਚੜਾਂ ਨੂੰ ਮਾਰਿਆ ਤੇ ਆਪ ਤਿਲਕ ਗਏ। ਓਹਨਾਂ ਦੀ ਥਾਂ ਅੰਮ੍ਰਿਤ-ਸਰ ਦੇ ਕੁਝ ਸਿੱਖ ਫੜੇ ਗਏ ਜਿਨ੍ਹਾਂ ਨੇ ਪੁਲਸ ਦੀ ਮਾਰ ਤੋਂ ਦੁਖੀ ਹੋਕੇ ਨਿਰਦੋਸ਼ ਹੁੰਦਿਆਂ ਹੋਇਆਂ ਭੀ ਜੁਰਮਾਂ ਦੇ ਇਕਬਾਲ ਕਰ ਲਏ। ਪੁਲਸ ਨੇ ਭੀ ਓਹਨਾਂ ਦੇ ਵਿਰੁਧ ਪਕੀਆਂ ਸ਼ਹਾਦਤਾਂ ਪੇਸ਼ ਕਰ ਦਿਤੀਆਂ, ਪਰ ਇਕ ਦਮ ਅਸਲ ਨਾਮਧਾਰੀ ਜਿਨ੍ਹਾਂ ਨੇ ਬੁਚੜਾਂ ਨੂੰ ਮਾਰਿਆ ਸੀ, ਅਦਾਲਤ ਸ਼ਿਸ਼ਨ ਵਿਚ ਆ ਪੁੱਜੇ ਤੇ ਆਖਿਆ ਕਿ 'ਅਸਲ

Sri Satguru Jagjit Singh Ji Elibrary NamdhariElibrary@gmail.com

ਕਾਤਲ ਤਾਂ ਅਸੀਂ ਹਾਂ ਏਹਨਾਂ ਬੇ ਗੁਨਾਹਾਂ ਨੂੰ ਛੱਡ ਦਿਓ !' ਇਸ ਉੱਚੀ ਸਪਿਰਿਟ ਨੂੰ ਦੇਖਕੇ ਤਮਾਮ ਲੋਕ ਹੈਰਾਨ ਹੋ ਗਏ। ਓਹਨਾਂ ਨੂੰ ਕਾਨੂੰਨ ਨੇ ਫਾਂਸੀਆਂ ਬੇਸ਼ਕ ਦੇ ਦਿੱਤੀਆਂ, ਪਰ ਕੀ ਦੁਨੀਆ ਓਹਨਾਂ ਦੀ ਦਲੇਰੀ ਤੇ ਉੱਚੀ ਸਪਿਰਿਟ ਭਰੀ ਕੁਰਬਾਨੀ ਨੂੰ ਕਦੀ ਭੁੱਲ ਸਕਦੀ ਹੈ ?

ਉਸ ਤੋਂ ਬਾਦ ਨਾਮਧਾਰੀਆਂ ਨੇ ਰਾਏਕੋਟ ਵਿਚ ਏਹੋ ਜਿਹਾ ਹੀ ਸਾਕਾ ਵਰਤਾਯਾ ਤੇ ਤੀਜੀ ਵਾਰੀ ਮਾਲੇਰ ਕੋਟਲੇ ਦਾ ਮਹਾਨ ਸਾਕਾ ਹੋ ਗਿਆ । ਗੱਲ ਬਿਲਕੁਲ ਮਾਮੂਲੀ ਸੀ । ਇਕ ਮੁਸਲਮਾਨ ਇਕ ਬੈਲ ਉੱਤੇ ਬੇਹੱਦ ਭਾਰ ਲੱਦ ਕੇ ਆਪ ਭੀ ਉਸਦੇ ਉੱਤੇ ਚੜ੍ਹਿਆ ਜਾਂਦਾ ਸੀ । ਇਕ ਨਾਮਧਾਰੀ ਸਿੱਖ ਨੇ ਆਪਣੇ ਸ਼ਾਂਤ ਮਈ ਤੇ ਦਯਾ ਦੇ ਅਸੂਲ ਅਨੁਸਾਰ ਉਸਨੂੰ ਵਰਜਿਆ । ਉਸਨੇ ਅੱਗੋਂ ਲੜਨਾਂ ਸ਼ੁਰੂ ਕਰ ਦਿੱਤਾ ਤੇ ਨਾਮਧਾਰੀ ਸਿੱਖ (ਸੂਦਾਰ ਗੁਰਮੁਖ ਸਿੰਘ ਜੀ) ਨੂੰ ਫੜਕੇ ਠਾਣੇ ਲੈ ਗਿਆ । ਠਾਣੇਦਾਰ ਨੇ ਹੋਰ ਭੀ ਆਕੜ ਵਿਚ ਆਕੇ ਨਾਮਧਾਰੀ ਸੂਦਾਰ ਨੂੰ ਬਹੁਤ ਕਰੜੇ ਵਾਕ ਕਹੇ ਤੇ ਕਿਹਾ ਕਿ 'ਜਿਸ ਬਲਦ ਨੂੰ ਆਪਣਾ ਕੁਝ ਲਗਦਾ ਸਮਝਕੇ ਉਸਤੇ ਤਰਸ ਕਰਦਾ ਹੈਂ ਉਸੇ ਬਲਦ ਨੂੰ ਤੇਰੇ ਸਾਮ੍ਹਣੇ ਜ਼ਿਬਹ ਕਰਦੇ ਹਾਂ !' ਤੇ ਉਸ ਪਾਪੀ ਨੇ ਸੱਚ ਮੁੱਚ ਉਸ ਬਲਦ ਨੂੰ ਨਾਮਧਾਰੀ ਦੀਆਂ ਅੱਖਾਂ ਦੇ ਸਾਮ੍ਹਣੇ ਜ਼ਿਬਹ ਕਰਵਾ ਦਿੱਤਾ। ਆਹ ! ਕਿਸੇ ਦੇ ਦਿਲੀ ਜਜ਼ਬੇ ਨੂੰ ਕੁਚਲਨ ਲਈ ਇਸ ਤੋਂ ਕਰੜਾ ਜ਼ੁਲਮ ਹੋਰ ਕੀ ਹੋ ਸਕਦਾ ਹੈ। ਸਵਾਲ ਕਿਸੇ ਬਲਦ, ਗਊ ਯਾ ਆਦਮੀ, ਪਸ਼ੂ ਦਾ ਨਹੀਂ। ਸਵਾਲ ਇਕ ਇਨਸਾਨ ਦੇ ਦਿਲੀ ਜਜ਼ਬੇ ਦਾ ਹੈ । ਜੋ ਆਦਮੀ ਇਕ ਪਸ਼ੂ ਉੱਤੇ ਬਹੁਤਾ ਭਾਰ ਲੱਦਿਆ ਵੇਖਕੇ ਭੀ ਝੱਲ ਨਹੀਂ ਸਕਦਾ, ਉਸਦੇ ਹਿਰਦੇ ਨੂੰ ਜਾਣ ਬੁੱਝਕੇ ਕੁੱਚਲਨ, ਚਿੜਾਉਣ ਤੇ ਜਲੀਲ ਕਰਨ ਲਈ ਉਸ ਪਸੂ ਨੂੰ ਉਸਦੇ ਸਾਮ੍ਹਣੇ ਹਲਾਲ ਕੀਤਾ ਗਿਆ ! ਉਫ ! ਅਜੇਹੀ ਪੱਥਰ-ਦਿਲੀ ਦੀ ਮਸਾਲ ਮੁਹੱਜ਼ਬ ਦੁਨੀਆਂ ਵਿਚ ਮਿਲਨੀ ਮੁਸ਼ਕਲ ਹੈ ! ਗੋਯਾ ਉਸ ਥਾਣੇਦਾਰ ਨੇ ਨਾਮਧਾਰੀਆਂ ਨੂੰ ਸਖਤ ਹਤੱਕ ਭਰਿਆ ਚੈਲੰਜ ਦਿੱਤਾ ਕਿ ਅਸੀਂ ਤੁਹਾਨੂੰ ਖ਼ਾਕ ਬ੍ਰਾਬਰ ਭੀ ਨਹੀਂ ਸਮਝਦੇ ਤੇ ਤੁਹਾਡੇ ਦਿਲੀ ਜਜ਼ਬੇ ਦੀ ਕੋਈ ਪ੍ਰਵਾਹ ਨਹੀਂ ਕਰਦੇ।

ਨਤੀਜਾ ਓਹੋ ਹੋਯਾ, ਜੋ ਏਹੋ ਜੇਹੀਆਂ ਭੜਕਾਊ ਗੱਲਾਂ ਦਾ ਹੋਯਾ ਕਰਦਾ ਹੈ, ਸੌ ਡੇਢ ਸੌ ਨਾਮਧਾਰੀ ਇਸ ਘਟਨਾ ਦਾ ਹਾਲ ਸੁਣਕੇ ਭੜਕ ਪਏ। 'ਅਤਿਸੰਹਰਸ ਕਰੇ ਜੇ ਕੋਈ। ਅਨਲ ਪ੍ਰਗਟ ਚੰਦਨ ਤੇ ਹੋਈ !' ਬਹੁਤ ਰਗੜੀਏ ; ਤਾਂ ਚੰਦਨ ਵਿਚੋਂ ਭੀ ਅੱਗ ਨਿਕਲ ਪੈਂਦੀ ਹੈ। ਓਹਨਾਂ ਸੌ ਡੇਢ ਸੌ ਨਾਮਧਾਰੀਆਂ ਦੇ ਜੋਸ਼ ਨੂੰ 'ਕੂਕਾ ਬਗ਼ਾਵਤ' ਦਾ ਨਾਮ, ਦਿੱਤਾ ਗਿਆ ਤੇ ਸਰਕਾਰ ਅੰਗ੍ਰੇਜ਼ੀ ਅਤੇ ਪੰਜਾਬ ਦੀਆਂ ਰਿਆਸਤਾਂ ਦੀਆਂ ਫੌਜਾਂ ਤੋਪ-ਖਾਨਿਆਂ ਸਣੇ ਓਹਨਾਂ 'ਸੂਤੀ-ਮਾਲਾ-ਧਾਰੀਆਂ' ਦੇ ਮੁਕਾਬਲੇ ਲਈ ਜਾ ਪੁਜੀਆਂ ।

ਓਸਤੋਂ ਬਾਦ ਜਦ ਨਾਮਧਾਰੀਆਂ ਨੂੰ ਤੋਪਾਂ ਅਗੇ ਉਡਾਉਣ ਦਾ ਦਿਨ ਆਯਾ ਤਾਂ ਦੁਨੀਆਂ ਨੂੰ ਓਹਨਾਂ ਦੀ ਅਸਲ ਕੁਰਬਾਨੀ ਭਰੀ ਸਪਿਰਿਟ ਦਾ ਪਤਾ ਲੱਗਾ ਜਦ

Sri Satguru Jagjit Singh Ji Elibrary NamdhariElibrary@gmail.com

ਕਿ ਹਰੇਕ ਨਾਮਧਾਰੀ ਇਕ ਦੂਜੇ ਤੋਂ ਅਗੇ ਹੋਕੇ ਤੋਪ ਦੇ ਗੋਲੇ ਨਾਲ ਉਡ ਦਾ ਸੀ। ਏਥੋਂ ਤਕ ਕਿ ਇਕ ਸਿੱਖ ਦਾ ਕੱਦ ਛੋਟਾ ਸੀ ਤੇ ਤੋਪ ਉੱਚੀ ਸੀ । ਉਸ ਨੂੰ ਕਹਿਨ ਲਗੇ ਕਿ 'ਜਾਹ ਤੈਨੂੰ ਛਡਿਆ। ਕਿਉਂਕਿ ਉੱਚੀ ਤੋਪ ਦਾ ਗੋਲਾ ਤੇਰੇ ਤੇ ਮਾਰ ਨਹੀਂ ਕਰ ਸਕਦਾ!' ਉਸ ਨੇ ਕਿਹਾ "ਏਹ ਭੀ ਕੋਈ ਔਖੀ ਗੱਲ ਹੈ ?" ਤੇ ਓਹ ਪੈਰਾਂ ਹੇਠਾਂ ਇੱਟਾਂ ਰਖਕੇ ਉੱਚਾ ਹੋ ਗਿਆ ਤੇ ਤੋਪ ਦਾ ਗੋਲਾ ਖਾਕੇ ਸ਼ਹੀਦ ਹੋ ਗਿਆ। ਧੰਨ ਸਪਿਰਿਟ ! ਧੰਨ ਸਿਦਕ! ਤੇ ਧੰਨ ਕੁਰਬਾਨੀ !

ਏਹਨਾ ਸਾਰੇ ਸਾਕਿਆਂ ਵਿਚ ਬਹਿਸ ਇਸ ਗਲਦੀ ਨਹੀਂ ਕਿ ਗਊਆਂ ਯਾ ਬਲਦ ਪਿੱਛੇ ਓਹਨਾਂ ਨੂੰ ਏਹ ਸਾਕੇ ਕਰਨੇ ਚਾਹੀਦੇ ਸਨ ਯਾ ਨਹੀਂ । ਸਵਾਲ ਤਾਂ ਸ੍ਵੈਮਾਨ ਤੇ ਦਿਲੀ ਜਜ਼ਬਾਤ ਦਾ ਹੈ। ਕਿਸੇ ਨੂੰ ਕੀ ਹੱਕ ਹੈ ਕਿ ਕਿਸੇ ਦੇ ਦਿਲੀ ਜਜ਼ਬਾਤ ਕੁਚਲਨ ਲਈ ਉਸਨੂੰ ਜ਼ਲੀਲ ਤੇ ਦੁਖੀ ਕਰਨ ਵਾਲਾ ਕੰਮ ਉਸ ਦੀਆਂ ਅੱਖਾਂ ਦੇ ਸਾਮ੍ਹਣੇ ਆਪਣੀ ਹੈਂਕੜ ਵਿਚ ਆਕੇ ਕਰੇ ? ਇਸ ਲੇਖ ਵਿਚ ਮੇਰਾ ਭਾਵ ਹੋਰ ਸਾਰੇ ਪਹਿਲੂਆਂ ਨੂੰ ਛਡ ਕੇ ਕੇਵਲ ਨਾਮਧਾਰੀਆਂ ਦੀ ਕੁਰਬਾਨੀ, ਦ੍ਰਿੜ੍ਹਤਾ, ਅਡੋਲਤਾ ਨਿਰਭੈਤਾ ਤੇ ਸਿੱਖੀ ਸਪਿਰਿਟ ਦੀ ਉਪਮਾ ਕਰਨ ਤੋਂ ਹੈ।

ਪਿਛਲੇ ਸਾਲ "ਸਤਿਜੁਗ" ਦੇ ਬਸੰਤ ਨੰਬ੍ਰ ਵਿਚ ਸ੍ਰੀ ਮਾਨ ਸੰਤ ਇੰਦ੍ਰ ਸਿੰਘ ਜੀ "ਚਕ੍ਰਵਰਤੀ" ਨੇ ਨਾਮਧਾਰੀਆਂ ਦੇ ਸਾਕਿਆਂ ਦਾ ਸੰਖੇਪ ਜਿਹਾ ਇਤਹਾਸ ਦੇਕੇ ਲੋਕਾਂ ਦੀਆਂ ਅੱਖਾਂ, ਖੋਲ ਦਿੱਤੀਆਂ ਸਨ, ਕਿਹਾ ਚੰਗਾ ਹੋਵੇ ਜੇ ਨਾਮਧਾਰੀ ਆਗੂ ਅਪਣਾ ਮੁਫ਼ਸੱਲ ਇਤਹਾਸ ਛੇਤੀ ਤਿਆਰ ਕਰਕੇ ਛਾਪ ਦੇਣ, ਤਾਕਿ ਨਾ ਕੇਵਲ ਨਾਮਧਾਰੀਆਂ ਸੰਬੰਧੀ ਦੁਨੀਆਂ ਦੇ ਦਿਲ ਤੋਂ ਗ਼ਲਤ ਫਹਿਮੀਆਂ ਹੀ ਦੂਰ ਹੋਣ, ਸਗੋਂ ਨਾਮਧਾਰੀਆਂ ਦੀਆਂ ਉੱਚ ਕੁਰਬਾਨੀਆਂ ਦਾ ਭੀ ਪਤਾ ਦੁਨੀਆਂ ਨੂੰ ਲੱਗੇ !

Sri Satguru Jagjit Singh Ji Elibrary NamdhariElibrary@gmail.com

ਜੇ ਨਾ ਗੁਰੂ ਰਾਮ ਸਿੰਘ ਔਂਦੇ ਵਿੱਚ ਦੇਸ ਦੇ

(ਵਲੋਂ:- ਸ੍ਰੀਮਾਨ ਸਃ ਤਰਨ ਸਿੰਘ ਜੀ 'ਵਹਿਮੀ' ਹਿੰਦੂ ਚਕ)

ਸ੍ਰੀ ਦਸਮੇਸ਼ ਹੂੰ ਤੇ ਦੇਸ ਸਤ ਖੇਸ ਸਭ, ਮਾਨਤੇ ਵਸ਼ੇਸ਼ ਸੀਗੇ ਖਾਲਸੇ ਕੇ ਤੇਜ ਕੋ।
ਐ ਪੈ ਜਬ ਪਾਇਓ ਰਾਜ ਗਾਜ ਰਣਜੀਤ ਸਿੰਘ, ਵਿੰਗੇ ਪਰੇ ਖੁਲੇ ਤਬ ਭੁਲੇ ਭਲੀ ਗੇਹਜ ਕੋ।
ਮਰਾ ਰਣਜੀਤ ਗਿਰੀ ਧਰਾ ਪੈ ਪ੍ਰੀਤ ਭੀਤ ਹੋਏ ਬਦਨੀਤ ਪੰਥ ਤੋੜਾ ਰਾਜ ਸੇਜ ਕੋ।
ਆਖਰ ਕੋ ਆਪਸ ਮੈਂ ਫੌਜੇਂ ਜੋੜ ਸਾਂਝੇਂ ਤੋੜ ਦੀਆ ਇਨ ਵਾਜੇਂ ਮਾਰ ਰਾਜ ਅੰਗ੍ਰੇਜ ਕੋ।
ਗਿਆ ਰਾਜ ਬੀਆ ਥੀਆ ਆਮ ਬਦਨਾਮ ਪੰਥ ਸਿੰਘਾ ਸ਼ਾਹੀ ਧੱਕੇ ਸ਼ਾਹੀ ਪੜਾ ਨਾਮ ਏਸਦੇ।
ਕਿਸੇ ਨ ਸੀ ਕੇਹਣਾ ਏਨਾ ਆਜ ਭਲੇ ਆਮ ਸਿੰਘ ਜੇ ਨਾ ਗੁਰੂ ਰਾਮ ਸਿੰਘ ਔਂਦੇ ਵਿੱਚ ਦੇਸ ਦੇ।
ਲਾਵਤਾ ਦੀਵਾਨ ਨ ਕੋ ਗਾਵਤਾ ਨ ਬਾਣੀ ਕੋਊ ਕਾਜ ਕਰਵਾਵਤਾ ਨ ਕੋਊ ਗੁਰਮੱਤ ਕੇ।
ਗਰਤਾ ਗਰੱਕ ਜਾਤਾ ਸਰਤਾ ਮੈਂ ਸਾਰੋ ਦੇਸ ਕਰਤਾ ਨ ਉਪਦੇਸ ਕੋਊ ਨਾਮ ਤੱਤ ਕੇ।
ਪਹਿਰਤਾ ਨ ਮਾਲਾ ਕੋਊ ਕੈਰਤਾ ਨ ਕਾਲਤਾ ਨ ਮਾਰਤਾ ਨ ਲੱਤ ਕੋਊ ਗੈਰਤਾ ਕੀ ਗੱਤ ਪੈ।
ਬੋਵਤਾ ਨ ਬੀਜ ਕੋਊ ਬੋਲਤ ਨ ਆਉ ਕੋਈ ਰੀਝਤਾ ਨ ਭਾਉ ਦੇਖ ਕੋਊ ਸਾਗ ਭੱਤ ਪੈ।
ਸੇਵਾ ਇਸ਼ਨਾਨ ਕਾ ਨ ਰਹਿਤਾ ਰੂਲ ਮੂਲ ਜਗ ਭੂਲਤੇ ਨਸ਼ਾਨ ਨ ਯਿਹ ਆਜ ਸਿੱਖੀ ਭੇਸ ਦੇ।
ਕਹੇ 'ਵਹਿਮੀ' ਦਾਸ ਹੈ ਯਿਹ ਬਾਤ ਸਹੀ ਖਾਸ ੨ ਜੇ ਨਾ ਗੁਰੂ ਰਾਮ ਸਿੰਘ ਔਂਦੇ ਵਿੱਚ ਦੇਸ ਦੇ।

(ਵਲੋਂ:- ਸਃ ਸ੍ਰੀਮਾਨ ਸੁੰਦਰ ਸਿੰਘ ਜੀ 'ਸੇਵਕ' ਸੇਖਵ ਜਿਲਾ ਸ਼ੇਖੂਪੁਰ)

ਸੁਤੀ ਪਈ ਹਿੰਦ ਨੂੰ ਹੀ ਭੂਨਾ ਦੇ ਜਗਾਇਆ ਆਕੇ ਲਹਿਰ ਨਾ-ਮਿਲਵਰਤਨ ਚਲਾਈ ਵਿੱਚ ਦੇਸ ਦੇ।
ਹਜ਼ੂਰ ਮਾਈ ਬਾਪੀਆਂ ਦੀ ਗੇਣਤੀ ਬਿਅੰਤ ਹੁੰਦੀ ਰਾਮ ਮੁਕਿੰਦ ਆਕੇ ਜੇ ਨ ਉਪਦੇਸ ਦੇ।
ਬਾਊ ਬਾਈਂ ਸੋਹਲੇ ਅੱਜ ਗਾਂਵਦੇ ਫੰਗੀਆਂ ਦੇ ਕਪੜਾ ਬਦੇਸ਼ੀ ਸਭ ਪਹਿਨਦੇ ਹਮੇਸ਼ਦੇ।
ਸ਼ਹੀਦੀਆਂ ਦਾ ਸ਼ਬਦ ਅਜ ਭੁਲ ਜਾਂਦਾ ਹਿੰਦ ਵਿੱਚੋਂ ਜੇ ਨਾ ਸਿੰਘ ਤੋਪਾਂ ਨਾਲ ਉਡਦੇ 'ਚਿ ਦੇਸਦੇ।
ਰੁੜ੍ਹ ਜਾਂਦੀ ਹਿੰਦ ਹੀ ਗੁਲਾਮੀਆਂ ਦੇ ਜ਼ੁਲੇ ਹੇਠਾਂ ਸਭੀ ਅਜ ਦਿਸਦੇ ਫਰੰਗੀਆਂ ਦੇ ਭੇਸ ਦੇ।
ਸੂਚ ਸੋਧ ਦਿਸਦੀ ਨਾ ਅਜ ਕੋਈ ਹਿੰਦ ਵਿਚ ਦਿਸਦੇ ਨਾ ਅਜ ਸੋਹਣੇ ਪੰਥ ਦਸਮੇਸ ਦੇ।
ਕੰਜਰਾਂ ਕਲਾਲਾਂ ਨਾਲ ਪਰੀਤ ਸਭ ਰਖ ਲੈਂਦੇ ਦਿਸਦੇ ਨਾ ਸੰਤ ਕੋਈ ਹਿੰਦ ਦੇ ਵਸੇਸ ਦੇ।
'ਸੇਵਕ' ਨਾ ਕਲ ਵਿਚ ਸਤਿਜੁਗ ਲਗਦਾ ਈ ਜੇ ਨਾ ਗੁਰੂ ਰਾਮ ਸਿੰਘ ਔਂਦੇ ਵਿਚ ਦੇਸ ਦੇ।

(ਵਲੋਂ ਸ: ਭਗਤ ਸਿੰਘ ਜੀ "ਪ੍ਰੇਮੀ" ਪਿੰਡ ਸੇਖਵ ਜਿ: ਸ਼ੇਖੂ ਪੁਰ)

ਸ੍ਰੀ ਦਸਮੇਸ ਜੀ ਦੇ ਅੰਤ ਦੇ ਚਲਾਣੇ ਸਮੇ ਸੰਗਤਾਂ ਨੇ ਬਿਨੇ ਕੀਤੀ ਕਦੋਂ ਮਾਹੀ ਆਵੇਂ ਗੇ।
ਸੰਗਤ ਵਿਛੋੜੇ ਨਾਲ ਰਾਤ ਦਿਨੇ ਦੁਖੀ ਰੇਹਸੀ ਦੇਕੇ ਦੀਦਾਰ ਕਦੋਂ ਦੁਖੜੇ ਵਞਾਵੇਂ ਗੇ।
ਸੋਹਨਾਂ ਸਰੂਪ ਧਰ ਸ੍ਰੀ ਦੀਨਾਂ ਨਾਥ ਪ੍ਰਭੂ ਸੰਗਤਾਂ ਦੇ ਵਿਚ ਕਦੋਂ ਆਕੇ ਸੋਭਾ ਪਾਵੇਂ ਗੇ।
ਆਪ ਸਾਨੂੰ ਛੱਡਕੇ ਪ੍ਰਲੋਕ ਨੂ ਤਿਆਰੀ ਕੀਤੀ ਆਪ ਪਿਛੋਂ ਸਾਨੂ ਪਲਾ ਕਿਸਦਾ ਫੜਾਵੇਂ ਗੇ।
ਸ੍ਰੀ ਦਸਮੇਸ ਬੋਲੇ ਸੁਣੋ ਸੰਤ ਖਾਲਸਾ ਜੀ ਏਹੀ ਜਾਮਾਂ ਪਹਿਰ ਖੁਦ 'ਹਜਰੋ' ਮੈਂ ਜਾਵਾਂ ਗਾ।
ਗੁਰੂ ਗੱਦੀ ਵਾਲੀ ਲੜੀ ਟੋਰਾਂ ਗਾ ਗੁਪਤ ਰਹਕੇ ਸੰਗਤ ਬੇਅੰਤ ਮਿਲੇ ਦਰਸ ਦਿਖਾਵਾਂ ਗਾ।
ਤਾਰਾਂ ਗਾ ਬੇਅੰਤ ਨਾਮ ਕੰਨ ਵਿਚ ਦਸਕੇ ਤੇ ਬਾਲਕ ਮੁਕਿੰਦ ਨਾਮ ਆਪਣਾਂ ਰਖਾਵਾਂ ਗਾ।
ਕਹਿ ਕਰ ਓਦੋਂ ਬਾਦ ਆਪਨਾਂ ਸਰੂਪ ਧਾਰ 'ਰਾਮ ਮੁਕੰਦ' ਬਾਦੀ ਬੰਸ ਮੇ ਕਹਾਵਾਂ ਗਾ।

ਮਾਲਾ ਹੈ

(ਵਲੋਂ ਸ੍ਰੀਮਾਨ ਸੰਤ ਸੰਪੂਰਨ ਸਿੰਘ ਜੀ ਪੀ. ਐਚ. ਡੀ. ਅੰਮ੍ਰਿਤਸਰ)

ਆਏ ਨਿਰੰਕਾਰ ਨਾਮ ਨਾਨਕ ਧਰਾਇਆ ਗੁਰੂ, ਮਾਤ ਲੋਕ ਉਤੇ ਪੰਥ ਗੁਰਮੁਖੀ ਪ੍ਰਚਾਲਾ ਹੈ।
ਜੇਤੇ ਮਤ ਮਤਾਂਤ੍ਰ ਸੇ ਓਸ ਸਮੇਂ ਜਗ ਮਾਂਹਿ, ਸਾਰਿਆਂ ਤੋਂ ਸਹਜ ਮੋਖ ਕਾਰੀ ਇਹ ਨਿਰਾਲਾ ਹੈ।
ਹੇਠੇ ਕਾ ਨਾਉ ਨਾਂ ਹੀ ਸਾਧਨ ਹਠਾਗ੍ਰਹ ਕੇਰੇ, ਸੂਧੇ ਰਾਹ ਸਿੱਖ ਪੂਜੇ ਪਰਮ ਪਦਿ ਸੁਖਾਲਾ ਹੈ।
ਉਠੇ ਬੈਠੇ ਚਲੇ ਸੁਤੇ ਜਾਗੇ ਇਕੋ ਨਾਮੁ ਜਪੈ, ਹਰਿ ਹਰਿ ਹਰਿ ਕੇਰੀ ਨੀਤ ਜਪੈ ਮਾਲਾ ਹੈ।
'ਹਰਿ ਹਰਿ' ਦੁਇ ਅੱਖਰ ਕੀ ਮਾਲਾ ਫੇਰ ਅਠੇ ਪਹਰ, ਸ਼ਬਦ ਬੀਚ ਸੁਰਤਿ ਗਡੇ ਹੋਇ ਦੀਨ ਦਿਆਲਾ ਹੈ।
ਦੇਵਤੇ ਨਾਂ ਪਾਇ ਸਕੇ ਸਿੱਧ ਜੋਗੀ ਨਾਥ ਥੱਕੇ, ਗੁਰਮੁਖੀ ਬ੍ਰਿਤਿ ਸਾਧ ਪਾਵੈ ਪਦ ਆਲ੍ਹਾ ਹੈ।
ਜਿਨਾਂ ਜਿਨਾਂ ਆਦਿ ਈਹਾਂ ਮਤ ਹੈਂ ਚਲਾਏ ਨਿਜ, ਸਭੀ ਠਾਠ ਉਨਹੂੰ ਕੇ ਮਨਹੁੰ ਕੇਰਾ ਚਾਲਾ ਹੈ।
ਨਾਨਕ ਨ੍ਰਿੰਕਾਰੀ ਪੰਥ ਨਾਨਕ ਨਿਰੰਕਾਰ ਕਾ ਹੈ, ਸਾਧਨਾ ਸਮੂਹ ਰੱਦੇ ਜਪੋ ਨਾਮ ਮਾਲਾ ਹੈ।
ਜਾਮੇ ਦਸ ਧਾਰ ਗੁਰੂ ਇੱਕ ਨਿਰੰਕਾਰ ਧਿਆਇਆ, ਓਸੇ ਨੂੰ ਜਪਾਇ ਕਰ ਗਯਾਨ ਕਾ ਉਜਾਲਾ ਹੈ।
ਭਾਂਬੜ ਬਲੰਦਾ ਚਾਰ ਚੱਕ, ਚਿ ਬੁਝਾਇਆ, ਸਾਂਤਿ ਅੰਮ੍ਰਿਤ ਨੂੰ ਸਿੰਜ ਜਗ ਸੁਖੀਆ ਸੁਆਲਾ ਹੈ।
ਦਿੱਤਾ ਰਾਹ ਦਿਖਾਇ ਸੁਖੀ ਨੀਂਦਰੇ ਸੁਆਇ ਜਿਹੜਾ, ਚੱਲਣਾ ਭੀ ਓਸ ਉਤੇ ਵਰਤਕੇ ਦਿਖਾਲਾ ਹੈ।
ਫੇਰ ਨਾਂ ਲਗਾਓ ਹਰ ਵੇਲੇ ਹੀ ਜਪਾਓ ਨਾਮੁ, ਸਤਿ ਕਰਤਾਰ ਸੰਦਾ ਹੱਥ ਫੜ ਮਾਲਾ ਹੈ।
ਪਾਇਦੇ ਖੁਸ਼ਹਾਲੀ ਮੱਤਿ ਕਿਸੇ ਦੀ ਬਹਾਲੀ ਧਾਰੇ, ਸਿੱਕਾ ਐਸੇ ਵੇਲੇ ਆ ਚਲਾਂਵਦੀ ਕੁਚਾਲਾ ਹੈ।
ਅੱਖ ਤਲੇ ਲਿਆਵੇ ਨਹੀਂ ਭੁਲਕੇ ਭੀ ਦੂਸਰੇ ਨੂੰ, ਆਪਣਾ ਹੀ ਮੰਨਦਾ ਸਦੀਵ ਬੋਲ ਬਾਲਾ ਹੈ।
ਸੱਤ ਅਹਜੇ ਦਸ਼ਾ ਹੋਈ ਸੀਗੀ ਸਿੱਖ ਰਾਜ ਅੰਦਰ, ਖੁਸ਼ੀਆਂ ਨੂੰ ਮਾਨ ਮਾਨ ਕਢਿ ਬੈਠੇ ਦੁਆਲਾ ਹੈ।
ਦਿਨੋਂ ਦਿਨ ਅਧੋ ਪਾਤੀ ਹੁੰਦੇ ਲੋਕੀਂ ਜਾਂਦੇ ਸਨ, ਬਾਬੇ ਰਾਮ ਸਿੰਘ ਤਦੋਂ ਆ ਘੁਕਾਈ ਮਾਲਾ ਹੈ।
ਸਿੱਖਾਂ ਅੰਦਰ ਵਰਤਨਾਂ ਉਚਾਰਿਆ ਸੀ ਸਤਿਗੁਰੂ, ਸੱਚੇ ਬੋਲ ਹੋਣ ਦਾ ਸਬੂਤ ਇਉਂ ਵਿਖਾਲਾ ਹੈ।
ਬਾਬੇ ਰਾਮ ਸਿੰਘ ਵਿਚ ਕਲਾ ਜਾਹਰ ਕੀਤੀ ਮਾਨੋ, ਜੀਦੂ ਭੁਲੇ ਮਾਨੁਖਾਂ ਸੀ ਮੰਨਿਆ ਉਠਾਲਾ ਹੈ।
ਬਾਬੇ ਨਾਮ ਬਾਬੇ ਦਾ ਘੁਕਾਇਆ ਖੂਬ ਲੋਕਾਂ ਵਿਚ, ਸੁਤੇ ਘੂਕ ਨੀਂਦਰੋਂ ਇਨਾਂਹ ਉਠਾ ਬਹਾਲਾ ਹੈ।
ਟੇਰ ਟੇਰ ਬਾਰ ਬਾਰ ਸਿਖਯਾ ਸਿਖਾਈ—ਸਾਦੇ, ਸੁਚ ਰਹੋ ਕਾਰ ਕਰੋ ਸਦਾ ਫੇਰੋ ਮਾਲਾ ਹੈ।
ਬਾਬੇ ਜੀ ਦਾ ਨਾਮ ਪ੍ਰਭਾਵ ਵਾਨ ਭਾਵਾ ਭਾਗੀ ਸੁਣਦਿਆਂ ਹੀ ਪ੍ਰੇਮ ਝੱਟ ਖਾ ਉਠੇ ਉਛਾਲਾ ਹੈ।
ਕੌਣ ਹੈ ਸੋ ਚਿੱਤ ਜੀਦੇ ਵਿਚ ਨਾ ਸਤਿਕਾਰ ਫੁਰੇ ਆਤਮਿਕ ਵਲਵਲੇ ਨਾ ਖਾਵਣ ਉਬਾਲਾ ਹੈ।
ਸਿਖੀ ਦਾ ਸਿਦਕ ਸੀਨੇ ਆਪੇ ਹੀ ਉਮੰਡ ਪੈਂਦਾ ਨਾਮ ਰਸ ਵਿਚ ਕਰ ਦਿੰਦਾ ਮਤਵਾਲਾ ਹੈ।
ਬਾਬੇ ਰਾਮ ਸਿੰਘ ਹੁਰਾਂ ਸਿਖੀ ਦਾ ਨਮੂਨਾਂ ਦਸ ਸਾਰਿਆਂ ਨੂੰ ਇਹੋ ਹੀ ਸਿਖਾਇਆ ਫੇਰੋ ਮਾਲਾ ਹੈ।
ਸਿਖੀ ਦੀ ਸਿਪਿਰਟ ਨੂੰ ਜੋ ਮਸ੍ਰ ਸੁਖੀ ਸੀਗੀ ਹੋਈ, ਤਯਾਗ ਤਾਰੂ ਰਾਹੀਂ ਜਾਗੇ ਕੀਰ ਉਪਾਲਾ ਹੈ।
ਜੋਰ ਜਿਸ ਖਾਧਾ ਹਦੋਂ ਵਧਕੇ ਤਰੰਗ ਮਾਰੀ, ਝਲੀ ਨਾਂ ਜੋ ਗਈ ਅਜੀ ਬਲੀ ਮਹਾਂ ਜੁਆਲਾ ਹੈ।
ਓਸੇ ਦਾ ਪ੍ਰਣਾਮ ਪੰਥ ਡਿਠਾ ਭਾਵਾ ਦੁਖਦਾਈ ਹੋਇਆ ਮੁੜ ਮਖੜੇ ਨੂੰ ਜਾਨੀਂ ਨਾਂ ਦਿਵਾਲਾ ਹੈ।
ਜਪੋ ਸਤਿਨਾਮੁ ਨਿਤ ਸਿਖੀ, ਚਿ ਸੁਚੇਤ ਰਹੋ, ਵਾਕ ਨਾਂ ਭੁਲਾਓ ਫੇਰੋ ਰਾਤ ਦਿਨ ਮਾਲਾ ਹੈ।

—:o:—

Sri Satguru Jagjit Singh Ji Elibrary NamdhariElibrary@gmail.com

(ਵਲੋਂ ਸ੍ਰੀ ਮਾਨ ਗਜਾਨੀ ਊਧਮ ਸਿੰਘ ਜੀ "ਮੁਸਾਫਰ")

ਕਿਸੇ ਤਾਂਈ ਮਾਣ ਹੈ ਬੰਦੂਕ ਤੋਪ ਤੀਰ ਉਤੇ,
ਕੋਈ ਹੈ ਨਵਾਬ ਅਤੇ ਕੋਈ ਧਨ ਵਾਲਾ ਹੈ।
ਕੋਈ ਕਹੇ ਰਾਜਾ ਕੋਈ ਮਹਾਰਾਜਾ ਆਖਦਾ ਏ,
ਕੋਈ ਕਹੇ ਦੇਸ ਉਤੇ ਮੇਰਾ ਬੋਲ ਬਾਲਾ ਹੈ।
ਕੋਈ ਤਾਨ ਦਸਦਾਏ ਹਾਥੀ ਘੋੜੇ ਬਘੀਆਂ ਦਾ,
ਕਿਸੇ ਪਾਸ ਕੋਹ ਨੂਰ ਲਾਲਾਂ ਦਾ ਉਜਾਲਾ ਹੈ।
ਮੇਰਾ ਤਾਂ ਸਹਾਈ ਚੀਨੀ ਵਾਲਾ ਅਵਤਾਰ ਮਾਹੀ,
ਜਿਸਨੇ ਫੜਾਈ ਹਥ ਵਿਚ ਸੁਚੀ ਮਾਲਾ ਹੈ।
ਕੋਈ ਗੰਗਾ ਪੂਜੇ ਤੇ ਧਿਆਵੇ ਸੋਮ ਨਾਥ ਤਾਈਂ,
ਕੋਈ ਮੱਕੇ ਜਾਵੇ ਕੋਈ ਪੂਜਦਾ ਜਵਾਲਾ ਹੈ।
ਮੜ੍ਹੀ ਤੇ ਮਸਾਣ ਕੋਈ ਪੂਜਦਾ ਹੈ ਪੀਰਾਂ ਤਾਂਈ,
ਕੋਈ ਕਹੇ ਭੈਰੋਂ ਤੇ ਗਨੇਸ਼ ਰਖਵਾਲਾ ਹੈ।
ਕੋਈ ਅਵਤਾਰ ਕੋਈ ਮੰਨਦਾ ਪੈਗੰਬਰਾਂ ਨੂੰ,
ਕਿਸੇ ਨੇ ਧਿਆਇਆ ਸ਼ਿਵ ਵਿਸ਼ਨ ਗਵਾਲਾ ਹੈ।
ਮੇਰਾ ਤਾਂ ਪਿਆਰਾ ਗੁਰੂ 'ਰਾਮ ਮ੍ਰਗੇਸ਼' ਸਾਈਂ,
ਜਿਸਦੀ ਨਿਸ਼ਾਨੀ ਸਾਡੇ ਕੋਲ ਸੁਚੀ ਮਾਲਾ ਹੈ।
ਕਿਸੇ ਦੀ ਨਿਸ਼ਾਨੀ ਜੰਞੂ ਧੋਤੀ ਟਿਕਾ ਬੋਦੀ ਪਟੇ,
ਕੋਈ ਨੰਗਾ ਫਿਰੇ ਕੋਈ ਦਿਸੇ ਜਟਾਂ ਵਾਲਾ ਹੈ।
ਕੋਈ ਸੇਲ੍ਹੀ ਪਾਵੇ ਕੋਈ ਸੁਨਤਾਂ ਕਰਾਵੇ ਪਿਆ,
ਕਿਸੇ ਕੋਲ ਗਾਨੀ ਫੌਹੜੀ ਹੇਠ ਮ੍ਰਿਗ—ਸ਼ਾਲਾ ਹੈ।
ਕੋਈ ਡੰਡੇ ਧਾਰੀ ਕੋਈ ਜੋਗੀ ਜਤੀ ਬ੍ਰਹਮਚਾਰੀ,
ਕੋਈ ਧੂਆਂ ਧਾਰੀ ਕੋਈ ਬੈਠਾ ਧਰਮ ਸਾਲਾ ਹੈ।

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਪੰਥ ਗੁਰਾਂ ਸਾਜਿਆ ਅਲਾਹੀ ਰੂਪ,
ਕੇਸਾਂ ਧਾਰੀ ਸਿਧਾ ਸਾਦਾ ਹੱਥ ਵਿਚ ਮਾਲਾ ਹੈ।
ਮਾਲਾ ਹੈ ਪਿਆਰੀ ਸਾਡੀ ਜਿੰਦ ਜਾਨ ਧਨ ਨਾਲੋਂ,
ਤੀਰ ਤੇ ਕਮਾਨ ਢਾਲ ਸਾਡੀ ਇਕੋ ਮਾਲਾ ਹੈ।
ਭੁਖ ਭੀੜ ਵਿਚ ਇਹ ਸਹਾਈ ਹੋਵੇ ਦੁਖੀਆਂ ਦੀ,
ਨਾਮ ਇਸਨਾਨ ਦਾਨ ਸਣੇ ਹਥ ਮਾਲਾ ਹੈ।
ਆਧ ਤੇ ਬਿਆਧ ਕਟੇ ਸਭ ਹੀ ਉਪਾਧੀਆਂ ਨੂੰ,
ਰੋਗੀਆਂ ਦੇ ਰੋਗ ਸਾਰੇ ਖੰਡ ਦੀ ਇਹ ਮਾਲਾ ਹੈ।
ਨਾਮ ਵਾਲੇ ਬੇੜੇ ਉਤੇ ਚਾੜ੍ਹਕੇ 'ਮੁਸਾਫਰਾਂ' ਨੂੰ,
ਕਰ ਦੇਵੇ ਪਾਰ ਜਗ ਉੱਚੀ ਸੁੱਚੀ ਮਾਲਾ ਹੈ।

(ਵਲੋਂ ਸ੍ਰੀ ਮਾਨ ਸੰਤ ਜਸਾ ਸਿੰਘ ਜੀ "ਸ੍ਰੋਮਣੀ" ਸ੍ਰੀ ਭੈਣੀ ਸਾਹਿਬ)

ਹੋਂਵਦੀ ਹੈ ਮੇਹਰ ਜਦੋਂ ਸਤਿਗੁਰੂ ਜੀ ਆਪ ਤੇਰੀ,
ਤਦੋਂ ਏਹ ਜੀਵ ਤੇਰੀ ਸੰਗਤ ਸਮ੍ਹਾਲਾ ਹੈ।
ਸਾਰੇ ਪ੍ਰਵਾਰ ਨਾਲੋਂ ਇਕੇ ਵਾਰ ਤੋੜ ਡਾਰ,
ਸਦੀਆਂ ਦਾ ਬੱਧਾ ਜੇੜਾ ਚਲਾ ਆਵੇ ਚਾਲਾ ਹੈ।
ਤਿਆਗ ਦੇਵੇ ਮਾਸ ਮਦ ਝੂਠ ਜੂਠ ਠੂਠ ਦੇਵੇ,
ਰਾਗ ਦ੍ਵੈਖ ਮਾਨ ਅਗਿਆਨ ਦਾ ਵੀ ਕਾਲਾ ਹੈ।
ਧਾਰਕੇ ਬਿਬੇਕ ਸੁੱਚ ਦਿਨੇ ਰਾਤ ਸਚ ਮੁਚ,
ਸ੍ਵਾਸ ਸ੍ਵਾਸ ਫੇਰੇ ਤੇਰੇ ਨਾਮ ਸੰਦੀ ਮਾਲਾ ਹੈ।
ਨਵੀਂ ਨਹੀਂ ਚਾਲ ਏਤਾਂ ਚਲੀ ਆਵੇ ਮੁਢ ਤੋਂ ਹੀ,
ਐਵੇਂ ਲੋਕੀਂ ਆਖਦੇ ਨੇ ਚਾਲਾ ਹੀ ਨਿਰਾਲਾ ਹੈ।
ਸੱਚ ਹੈ ਨਿਰਾਲਾ ਠੀਕ ਆਖਦੇ ਨੇ ਗੁਰੂ ਜੀ ਵੀ,

Sri Satguru Jagjit Singh Ji Elibrary NamdhariElibrary@gmail.com

ਜੁਗ ਜੁਗ ਬੀਚ ਇਸ ਰੀਤ ਤਾਈਂ ਪਾਲਾ ਹੈ।
ਧ੍ਰੂਅ ਪ੍ਰਹਿਲਾਦ ਔ ਕਬੀਰ ਜੀ ਨੇ ਹਥ ਵਿਚ,
ਧਾਰ ਲਈ ਮਾਲਾ ਪ੍ਰਵਾਰ ਭਯੋ ਕਾਹਲਾ ਹੈ
ਧੰਨ ਤੇਰੀ ਸੰਗਤ ਤੇ ਧੰਨ ਹੈਂ ਤੂੰ ਸਤਿਗੁਰੂ ਜੀ,
ਧੰਨ ਧੰਨ ਕਹਾਂ ਲਖਵਾਰ ਤੇਰੀ ਮਾਲਾ ਹੈ।
ਜਾਨਦਾ ਸੀ ਕੌਨ ਉਸ ਵਕਤ ਜੁਲਾਹੇ ਛੀਂਬੇ,
ਨਾਈ ਚਮਿਆਰ ਜਿਨ੍ਹਾਂ ਨਿਕਰੋ ਦਿਵਾਲਾ ਹੈ।
ਜਾਨਤ ਜਹਾਨ ਅਬ ਪੂਜਤ ਸਰਬ ਠੌਰ,
ਕਰੇ ਜੋਊ ਨਿੰਦਾ ਹੋਵੇ ਤਿਨ੍ਹਾਂ ਦਾ ਮੁਕਾਲਾ ਹੈ।
ਕਮਲੇ, ਸ਼ੁਦਾਈ ਲੋਕੀ ਆਖਦੇ ਨੇ ਕੂਕਿਆਂ ਨੂੰ,
ਜਿਵੇਂ ਗੁਰੂ "ਨਾਨਕ" ਨੂੰ ਆਖਿਆ ਬੇਤਾਲਾ ਹੈ।
ਆਇਗਾ ਵਕਤ ਥੋੜੀ ਦੇਰ ਹੈ ਜਗਤ ਉਤੇ,
ਆਵਸੀ ਸੁਮੱਤ ਦੂਰ ਹੋਇਗਾ ਕੁਚਾਲਾ ਹੈ।
ਅਖਦੇ ਨੇ ਲੋਕੀ ਅਜ ਲੈਣਾ ਸ੍ਵੈਰਾਜ ਅਸਾਂ,
ਦੁਖ ਤਕਲੀਫਾਂ ਝੱਲ ਕਰੈਂ ਉਪ੍ਰਾਲਾ ਹੈ।
ਵਡੇ ਵਡੇ ਲੋਕ ਤੇ ਘਰਾਣੇ ਕਈ ਗ਼ਰਕ ਹੋਏ,
ਪਿਛੇ ਸ੍ਵੈਰਾਜ ਦੇਸ ਹੋਇਆ ਬੁਰੇ ਹਾਲਾ ਹੈ।
ਸਤਿਗੁਰੂ ਰਾਮ ਸਿੰਘ ਪਹਿਲਾਂ ਹੀ ਏ ਦਸ ਗਏ ਸੀ,
ਵਰਤੋ ਸ੍ਵੈਦੇਸ਼ੀ ਮਾਲ ਹੋਵਸੀ ਸੁਕਾਲਾ ਹੈ।
ਬੈਠਕੇ ਅਕੰਤ ਨਾਮ ਜਪੋ ਸਭ ਨਰ ਨਾਰੀ,
ਸਾਰਿਆਂ ਸੁਖਾਂ ਦੀ "ਸ੍ਰੋਮਨੀ" ਇਹ ਮਾਲਾ ਹੈ।

Sri Satguru Jagjit Singh Ji Elibrary NamdhariElibrary@gmail.com

(ਵਲੋਂ ਸ੍ਰੀ ਮਾਨ ਸੂ: ਬੂਟਾ ਸਿੰਘ ਜੀ ਰਾਇਪੁਰ)

ਧੌਲ ਨੇ ਪੁਕਾਰ ਕਰੀ ਜਾਇ ਦਰਬਾਰ ਹਰੀ,
ਦੁਖੀ ਹੋਇ ਸਾਧ ਸੰਤ ਕਰੋ ਪ੍ਰਤਪਾਲਾ ਹੈ।
ਯੱਗ ਹੋਮ ਦੂਰ ਹੋਇ ਧਰਮ ਕਰਮ ਚੂਰ ਹੋਏ,
ਦਾਰੂ ਮਾਸ ਆਮ ਜੋਊ ਰਾਕਸ਼ੋ ਕਾ ਚਾਲਾ ਹੈ।
ਭੈਣ ਭਰਾਤ ਸੰਗ ਕਰੇਂ ਸੁਤਾ ਪਿਤਾ ਸੇਜ ਚਰੇਂ,
ਖੌਫ ਕੋਊ ਨਹਿ ਕਰੇਂ ਬਹਿਓ ਕਾਮ ਨਾਲਾ ਹੈ।
ਪ੍ਰੀਤ ਧਰਮ ਦੀ ਵਿਸਾਰੀ ਬਿਭਚਾਰੀ ਹੋਇ ਨਰਨਾਰੀ,
ਕੂੜ ਪ੍ਰਧਾਨ ਆਣ ਸਚੁ ਕੋ ਨਕਾਲਾ ਹੈ।
ਵੇਸਵਾ ਦ੍ਵਾਰ ਜਾਹੇਂ ਜੀਵ ਨੀਤ ਮਾਰ ਖਾਹੇਂ,
ਕਰੇਂ ਮਦ ਪਾਨ ਐਸਾ ਸਿੰਘਨ ਕੋ ਚਾਲਾ ਹੈ।
ਰੀਤ ਮਿਟ ਗਈ ਕਥਾ ਵੇਦ ਔ ਪੁਰਾਨ ਸੰਦੀ,
ਪਾਪ ਪ੍ਰਚਾਰ ਕਰ ਵਰਤਿਓ ਕਲੂ ਕਾਲਾ ਹੈ।
ਸੁਨ ਕੇ ਪੁਕਾਰ ਕਰਾ ਆਪ ਇਕਰਾਰ ਹਰਿ,
ਰਾਮ ਰੂਪ ਧਾਰ ਕਰੂੰ ਤੁਮ ਕੋ ਸੁਖਾਲਾ ਹੈ।
ਮਾਘ ਸੁਦੀ ਪੰਚਮੀ ਸਵੇਰੇ ਗੁਰੁਵਾਰ ਦਿਨ,
ਸੰਮਤ ਬਹਤਰੇ ਮੇਂ ਆਇਓ ਚੀਨੀ ਵਾਲਾ ਹੈ।
ਜਸਾ ਸਿੰਘ ਤਾਤ ਗੁਰ ਸਦਾਕੌਰ ਮਾਤ ਗੁਰ,
ਭਿਲਪੁਰ ਗਾਮ ਨਾਮ ਸਚੀ ਧਰਮ-ਸਾਲਾ ਹੈ।
ਸਤਿਜੁਗ ਆਨ ਲਾਇਓ ਮੂਈ ਹਿੰਦ ਜਾਨ ਪਾਇਓ,
ਰਾਕਸ਼ੋ ਕੋ ਦੇਵ ਕਰ ਛਿਨ ਮੈਂ ਦਿਖਾਲਾ ਹੈ।
ਹੋਮ ਯੱਗ ਠਹਰਾਇਓ ਸੁਚ ਸੋਧ ਦ੍ਰਿੜ੍ਹਾਇਓ,
ਸੰਤ ਖਾਲਸਾ ਸਜਾਇਓ ਆਨ ਪੰਥ ਕੋ ਸੰਭਾਲਾ ਹੈ।

Sri Satguru Jagjit Singh Ji Elibrary NamdhariElibrary@gmail.com

ਮੰਤ੍ਰ ਸੁਨਾਇਉ ਕਾਨ ਬਾਹਿਉ ਗੁਰ ਏਕ ਬਾਨ,
ਰਿਦੇ ਬੀਚ ਭਿਉ ਗਿਆਨ ਕਾਮ ਕ੍ਰੋਧ ਗਾਲਾ ਹੈ।
ਦਰਸ ਗੁਰ ਕਰੇ ਜੋਊ ਲੋਟ ਪੋਟ ਹੋਇ ਸੋਊ,
ਪ੍ਰਤ ਕੇ ਨ ਜਾਇ ਹੋਇ ਮਸਤ ਮਤਵਾਲਾ ਹੈ।
ਸੋਊ ਗਤ ਪਾਈ ਜੋਊ ਜੋਗੀਓਂ ਨ ਹਾਥ ਆਈ,
ਛਿਨ ਨ ਲਗਾਈ ਗੁਰ ਖੋਲ ਦੀਉ ਤਾਲਾ ਹੈ।
ਬਰਨੀ ਆਖੰਡ ਪਾਠ ਐਸੋ ਗੁਰ ਕੀਨੋ ਠਾਠ,
ਸਚ ਸੰਦਾ ਸੂਤ ਕੀਉ ਜਗਤ ਮੇਂ ਉਜਾਲਾ ਹੈ।
ਲੰਗਰ ਲਗਾਇਉ ਗੁਰ ਨਾਮ ਕੋ ਜਪਾਇਉ ਗੁਰ,
ਧਰਮ ਅਸਥਾਪ ਕੀਉ ਜਗਤ ਉਜਾਲਾ ਹੈ।
ਹਰਨ ਭਰਨ ਜੋਊ ਕਾਰਨ ਕਰਨ ਜੋਊ,
ਮਾਨਸ ਕੋ ਰੂਪ ਧਾਰ ਆਇਉ ਨੰਦ ਲਾਲਾ ਹੈ।
ਕਵਲ ਹੈਂ ਨੈਨ ਗੁਰ ਮਧੁਰ ਹੈਂ ਬੈਨ ਗੁਰ,
ਮੁਖੜਾ ਮਤਾਬ ਸਮ ਦੰਤ ਰੀਸਾਲਾ ਹੈ।
ਆਜਾਨ ਬਾਹ ਗੁਰ ਸ਼ਾਹਾਨ ਸ਼ਾਹ ਗੁਰ,
ਲੰਬੜਾ ਹੈ ਨੱਕ ਗੁਰ ਲੰਬੇ ਜਿਸ ਬਾਲਾ ਹੈ।
ਨਾਸਕਾ ਮਹਰਾਬਦਾਰ ਸਿਧਾ ਕਦ ਸਰੂਸਾਰ,
ਸੁੰਦ੍ਰ ਸਰੂਪ ਸਭ ਜਗ ਤੋਂ ਨਰਾਲਾ ਹੈ।
ਸਿਧੀ ਦਸਤਾਰ ਸੀਸ ਖੰਡਾ ਸੂਬ ਲੋਹਬੀਚ,
ਰੂਪ ਧਾਰ ਆਇਉ ਈਸ ਗਊ ਰਖਵਾਲਾ ਹੈ।
ਕੂੰਜ ਸਮ ਧੌਣ ਜਾਹਿ ਪਦਮ ਕਦਮ ਮਾਹਿ,
ਸ੍ਵੇਤ ਹੈ ਪੋਸ਼ਾਕ ਸਾਫ ਗਲੇ ਬੀਚ ਮਾਲਾ ਹੈ।

Sri Satguru Jagjit Singh Ji Elibrary NamdhariElibrary@gmail.com

(ਵਲੋਂ ਸ: ਕਰਤਾਰ ਸਿੰਘ ਜੀ ਪੇੜਾ ਜਿਲਾ ਲਾਇਲ ਪੁਰ)

ਬਸੰਤ ਰੁਤ ਪੰਜਵੀਂ ਤੇ ਜੋਬਨ ਸੀ ਬਾਗ਼ ਬਾਗ਼,
ਸੂਰ ਗੁਰ ਵਾਰ ਗੁਰਦੇਵ ਦਿਨ ਆਯਾ ਹੈ।
ਮਨਾਵਾਂ ਤੇ ਸੁਨਾਵਾਂ ਗੁਣ, ਗੇਣਤੀ ਅਗਣਤ ਗਿਣ,
ਉੱਜਲ ਸੁਜਾਨ ਮੁਨੀ ਕਲਿ ਮੇਂ ਪ੍ਰਗਟਾਇਆ ਹੈ।
ਭਾਰੀ ਬਲ ਤਪੁ ਤੇਜ, ਝਲਿਆ ਨ ਜਾਏ ਨੂਰ,
ਅਨੂਪ ਨੂੰ ਸਰੂਪ ਵਾਲਾ, ਕਾਲ ਰਹਿਤ ਧਾਇਆ ਹੈ।
ਏਕ ਬੇਰ ਨਾਮ ਲੇਤ ਕੋਟ ਪਾਪ ਹਰਨ ਹੇਤ,
ਅਜੋਂ ਗੁਣ ਮਾਨ ਤਾਣ ਮਾਤ ਲੋਕ ਛਾਯਾ ਹੈ।
ਨੀਰ ਸਤਲੁਦਰ ਭੀ ਠਾਠਾਂ ਮਾਰੇ ਮੌਜ ਵਿੱਚ,
ਤਿਸ ਦੇ ਕਨਾਰੇ ਵਲੇ ਭੈਣੀ ਗ੍ਰਾਮ ਪਾਲਾ ਹੈ।
ਰਖਿਆ ਦਿਜਨ ਲਈ ਬਾਰਵਾਂ ਸਰੂਪ ਧਰ,
ਸਿਰ ਧਰ ਕੇਸ ਨਾਮ ਕੰਠੇ ਉੱਨ ਮਾਲਾ ਹੈ।
ਭਾਰੀ ਅਵਤਾਰ ਜਾਮਾਂ ਏਸਦੇ ਨ ਤੁਲ ਕੋਈ,
ਅੰਤ ਭੇਦ ਏਸਦਾ ਨ ਸ਼ੇਸ਼ ਨਾਗ ਪਾਏ ਹੈਂ।
ਸ਼ਾਸਤਰ ਵੇਦ ਚਾਰ ਕਹਤ ਹੈਂ ਅਪਾਰ ਅੰਤ,
ਰਾਮ ਸਿੰਘ ਤੂੰਹੀ ਗੁਰ ਗ੍ਰੰਥ ਏਹ ਗਾਏ ਹੈਂ।
ਦਾਨਵੋਂ ਕੋ ਛੇਦਨੇ ਕੋ ਗਊ ਦੁਖ ਦੂਰ ਲਈ,
ਛਤ੍ਰੀ ਕੀ ਅੰਸ ਵਿਖੇ ਭਾਨ ਉਪਜਾਏ ਹੈਂ।
ਮਹਿਮਾਂ ਬਖਾਨ ਹੈ ਚਤ੍ਰ ਦਸ ਲੋਕ ਆਦਿ,
ਸਤਿ ਹੀ ਸਰੂਪ ਚਾਰ ਪਦਵੀ ਗਣਾਏ ਹੈਂ।
ਧਾਰਾ ਹੈ ਸਰੂਪ ਸਤਿ ਊਚ ਧਰਮ ਮਤ ਵਾਲੇ,
ਬੁਧ ਹੂੰ ਵਿਵੇਕ ਸੋਧ ਬਡੋ ਬ੍ਰਹਮ ਚਾਲਾ ਹੈ।
ਦੁਾਦਸ ਪ੍ਰਕਾਸ਼ ਹੋਤ ਭਾਰੀ ਕਰਤਾਰ ਸਿੰਘ, ਸਿਰ ਧਰ ਕੇਸ ਕੰਠੇ ਊਨ ਮਾਲਾ ਹੈ।

Sri Satguru Jagjit Singh Ji Elibrary NamdhariElibrary@gmail.com

(ਵਲੋਂ ਸ੍ਰੀ ਮਾਨ ਸ: ਤਰਨ ਸਿੰਘ ਜੀ ਹਿੰਦੂਚਕ ਜ਼ਿਲਾ ਗੁਜਰਾਂਵਾਲਾ)

ਕਿਸੀ ਖਾਧੀਚੁਗਲੀ ਲਾ ਉਂਗਲੀ ਲਿਆਂਦਾ ਗੋਰਾ,
ਤੇਰਾ ਰਾਜ ਤੋੜਨੇ ਕੋ ਭੈਣੀਂ ਗਾਮ ਰਾਮ ਸਿੰਘ।
ਤੋਪੇਂ ਬਨਵਾਵਤਾ ਬਨਾਵਤਾ ਅਘਾਵਤ ਨਹਿ,
ਦੇਖੇਂ ਜਬ ਰੋਜ ਸ਼ਬ ਜੋਰੇ ਉਨ ਆਮ ਸਿੰਘ।
ਕਹੇ ਲੱਗ ਪਹੁੰਚ ਗੁਰ ਗਾਮ ਰਾਮਦਾਸ ਪੂਰੇ,
ਦੇਖਾ ਗੋਰੇ ਲੇਖਾ ਨਹਿੰ ਹੈ ਕਿਤਨੇ ਤਮਾਮ ਸਿੰਘ।
ਇਤ ਉਤ ਜਹਾਂ ਕਹਾਂ ਭਲੀ ਭਾਂਤ ਭਾਸੇ ਤਿਸ,
ਖਾਸੇ ਮਤਵਾਰੇ ਥੀਏ ਭਾਰੇ ਪੀਏ ਜਾਮ ਸਿੰਘ।
ਹੋਇਕੈ ਮਾਯੂਸ ਲਾਟ ਡਾਂਟ ਕੈ ਜਾਸੂਸੇ ਕਹਿਉ,
ਕਹਾਂ ਕਾਰਤੂਸ ਤੋਪੇਂ ਬਹੁਤ ਹਮ ਭਾਲਾ ਹੈ।
ਦੀਸਤ ਨ ਕਹੂੰ ਕਾਜ ਸਾਜ ਰਾਜ ਲੂਟਨੇ ਕਾ,
ਕਹਿਓ ਤੁਮ ਝੂਠ, ਇਨ ਸਭੀ ਗਲ ਮਾਲਾ ਹੈ।
ਹੂਈ ਜਾਕੀ ਹਾਨ ਫਿਰ ਕਰਿਓ ਬਿਆਨ ਤਿਸ,
ਪੂਛੋ ਮੇਹਰਬਾਨ ਇਨ ਸਭ ਕੇ ਮਹੰਤ ਸੋਂ।
ਐਸੋ ਇੰਤਜਾਮ ਭਾਰੀ ਕੀਆ ਤਿਸ ਰਾਮ ਸਿੰਘ,
ਮਿਲੇ ਨਾ ਨਿਸ਼ਾਨ ਜਾਂਕਾ ਔਰ ਕਿਸੀ ਜੰਤ ਸੋਂ।
ਆਇਕੈ ਨਿਵਾਇ ਸੀਸ ਬੈਠ ਗੋਰੇ ਬਾਤ ਕਰੀ,
ਖੋਜ ਕੀ ਖੁਮਾਰੀ ਮਾਂਹਿ ਨਾਮਧਾਰੀ–ਕੰਤ ਸੋਂ।
ਸੁਨਾ ਹਮ ਬਾਬਾ ਸਾਹਿਬ ਤੋਪੇਂ ਤੁਮ ਢਾਲਤੇ ਹੋ,
ਔਰ ਢਲਵਾਵਤੇ ਹੋ ਸਭੀ ਸਿਖ ਸੰਤ ਸੋਂ।
ਸ੍ਰੀ ਗੁਰੂ ਰਾਮ ਸਿੰਘ ਨਾਮ ਰਸ ਭਿੰਨੇ ਮੁਖੋਂ,
ਕਹਾ ਅਰੇ! ਗੋਰੇ ਤੁਮੇਂ ਕਿਸ ਨੇ ਸਖਾਲਾ ਹੈ।
ਭਾਲਤੇ ਜੋ ਔਰ ਤੋਖ ਜਾਉ ਕਹੀਂ ਔਰ ਠਉਰ,

ਹਮਰੀ ਤੋ ਭਾਰੀ ਤੋਪ ਦੇਖੋ ਯਹੀ ਮਾਲਾ ਹੈ।
ਮਾਲਾ ਦੇਖ ਕਹਾ ਗੋਰੇ ਬਾਬਾ ਸਾਹਿਬ ਤੋਪ ਇਸ,
ਪਰੇ ਗੋਲਾ ਕਿਤਨਾਂ ਔ ਰਾਖੇ ਬਲ ਕਿਤਨਾਂ।
ਕੌਣ ਹੈ ਚਲਾਤਾਂ ਇਸ ਕਰਤੀ ਹੈ ਕਬ ਫੈਰ,
ਪਹੁੰਚੇ ਦੂਰ ਕਿਤਨੀ ਔ ਰਾਖੇ ਬਲ ਕਿਤਨਾਂ।
ਬੋਲੇ ਸਾਹਿਬ ਸੁਣ ਗੋਰੇ ਗੁਣ ਹੈਂ ਬਿਅੰਤ ਇਸ,
ਕਰੇਂ ਫੈਰ ਸੰਤ ਬਲ ਬੁਧ ਸੇ ਬਿਸਾਲਾ ਹੈ।
ਇਕ ਸੋ ਹੈ ਆਠ ਗੋਲਾ ਚਲਤੀ ਹੈ ਆਠੋ ਜਾਮ,
"ਵਹਿਮੀ"ਕਹਿਉ ਗੁਰਜਿਹ ਅਚੂਕ ਤੋਪ ਮਾਲਾ ਹੈ।

(ਵਲੋਂ ਸ੍ਰੀ ਮਾਨ ਸੰਤ ਸ਼ਿੰਗਾਰਾ ਸਿੰਘ ਜੀ "ਸ਼ਿੰਗਾਰ" ਘੱੜਿਆਂ ਵਾਲਾ)

ਗੁਰੂ ਜੀ ਨੇ ਪੁਛਿਆ ਸੀ ਲਾਟ ਨੂੰ ਪ੍ਰੇਮ ਨਾਲ,
ਸਚੋ ਸੱਚ ਦਸੋ ਕੇਹੜੀ ਗੱਲ ਨੂੰ ਜੇ ਭਾਲਦੇ।
ਕੇਹੜੀ ਕੇਹੜੀ ਚੀਜ ਜੋ ਪਤਾ ਤੁਸਾਂ ਲੈਵਣਾਂ ਹੈ,
ਐਵੇਂ ਕਾਹਨੂੰ ਪੈ ਓ ਬਹਾਨਿਆਂ ਸੇ ਟਾਲਦੇ।
ਲਾਟ ਜੀ ਬੀਮਾਰੀ ਕੇੜ੍ਹੀ ਗੱਲ ਦੀ ਜੇ ਲੱਗੀ ਹੋਈ,
ਦੇਵੀਏ ਦੁਵਾਈ ਕਾਹਨੂੰ ਜਫ਼ਰ ਹੋ ਜਾਲਦੇ।
ਲਾਟ ਹਥ ਜੋੜ ਅੱਗੋਂ ਆਖਦਾ ਗੁਰਾਂ ਦੇ ਤਾਂਈ,
ਕੀਤੋ ਸੀ ਸ਼ਕੈਤ ਕਿਸੇ ਤੋਪਾਂ ਗੁਰੂ ਢਾਲਦੇ।
ਵੇਂਹਦਾ ਫਿਰਾਂ ਵਿਚ ਮੈਂ ਤਬੇਲਿਆਂ ਦੇ ਆਇਕੇ ਤੇ,
ਕੇਹੜਾ ਕਾਰਖਾਨਾਂ ਜਿਥੇ ਚੀਜਾਂ ਨੇ ਬਨਾਂਵਦੇ।
ਰੈਹਕਲੇ ਬੰਦੂਕਾਂ ਤੋਪਾਂ ਬਣੀਆਂ ਨੇ ਕਿਨੀਆਂ ਕੂ,
ਇਕ ਇਕ ਤੋਪ ਵਿਚ ਗੋਲੇ ਕਿਨੇ ਪਾਂਵਦੇ।
ਫਿਰਦਾ ਹਾਂ ਭਾਲਦਾ ਨਾ ਆਂਵਦੀ ਨਜ਼ਰ ਕੋਈ,

ਕਿਥੇ ਪਈਆਂ ਤੁਪਾਂ ਅਤੇ ਕਿਵੇਂ ਨੇ ਚਲਾਂਵਦੇ।
ਸ੍ਰੀ ਮਹਾਰਾਜ ਅੱਗੋਂ ਬੋਲਦੇ ਨੇ ਹੱਸਕੇ ਤੇ,
ਆਓ ਲਾਟ ਸਾਹਬ ਆਓ ਅਸੀਂ ਹਾਂ ਬਤਾਂਵਦੇ।
ਕੂੜ 'ਤੇ ਕਪਟ ਗ਼ਲ ਸੰਦੀ ਹੈ ਨਾ ਲੋੜ ਸਾਨੂੰ,
ਹਰਫ ਹਰਫ ਬੋਲ ਸਾਰਾ ਸੱਚ ਜੋ ਸੁਨਾਂਵਦਾ।
ਸਾਡੇ ਕਾਰਖਾਨੇ ਦਾ ਕੀ ਪਤਾ ਕਿਸੇ ਤਾਂਈ ਲੱਗੇ,
ਹੋਵੇ ਇੰਤਜ਼ਾਮ ਫੇਰ ਕੌਣ ਭੇਦ ਪਾਂਵਦਾ।
ਚੜ੍ਹੀ ਰਹਿੰਦੀ ਭੱਠੀ ਬੰਦ ਕਦੀ ਵੀ ਨਾਂ ਹੋਂਵਦੀ,
ਲਗਾ—ਤਾਰ ਦਿਨੇ ਰਾਤ ਇੰਜਣ ਘੁਕਾਂਵਦਾ।
ਸਾਂਤ ਰੂਪੀ ਭੱਠੀ ਤੇ ਵਰਾਗ ਰੂਪੀ ਕਿਲੇ ਵਿਚ,
ਗਿਆਨ ਤੇ ਬਬੇਕ ਰੂਪੀ ਅੱਗ ਹੇਠ ਲਾਂਵਦਾ।
ਤੋਪਾਂ ਸੰਦੇ ਪੁਰ ਪੁਰ ਉਤੇ ਲਾਈ ਜਾਂਵਨੇ ਹਾਂ,
ਸ੍ਵਾਸ ਸ੍ਵਾਸ ਬੈਠਕੇ ਮਸੀ ਹਾਂ ਚਲਾਂਵਦਾ।
ਇਕ ਸੌ ਤੇ ਅੱਠ ਤੋਪ ਬਣੇ ਇਕ ਪੂਰ ਵਿਚ,
ਇਕ ਸ਼ੌ ਤੇ ਅੱਠ ਗੋਲਾ ਇਕ ਵਿਚ ਆਂਵਦਾ।
ਇਕ ਵੇਰੀ ਰੱਖਕੇ ਨਾਸ਼ਾਨਾਂ ਜਿਥੇ ਮਾਰੀਏ ਚਾ,
ਜੇਹੀ ਫਤੇ ਹੁੰਦੀ ਫੇਰ ਕੋਈ ਨਾਂ ਸਤਾਂਵਦਾ।
ਫੇਰ ਲਾਟ ਬੋਲਦਾ ਪ੍ਰੇਮ ਨਾਲ ਗੁਰਾਂ ਅੱਗੇ,
ਵਾਹ ਸਚੇ ਸਾਂਈਂ ਓਹ ਵੇਖਣਾ ਮੈਂ ਚਾਂਹਵਦਾ।
ਪਾਪ ਅਪਰਾਧ ਸੰਦਾ ਕਰਨਾਂ ਹੈ ਨਾਸ ਅਸਾਂ,
ਧਰਮ ਚਲੌਣਾ ਜੱਗ ਕਰਨਾਂ ਉਜਾਲਾ ਹੈ।
ਕਲਾ ਤੇ ਕਲੇਸ਼ ਮੈਂ ਹਟਾਵਣਾਂ ਜਹਾਨ ਵਿਚੋਂ,
ਅਤੇ ਹਿੰਦਵਾਨ ਉਤੋਂ ਲ੍ਹਾਵਣਾ ਜੋ ਪਾਲਾ ਹੈ।

Sri Satguru Jagjit Singh Ji Elibrary NamdhariElibrary@gmail.com

ਸਾਰੀ ਜੋ ਸਰਿਸ਼ਟੀ ਵੇ ਕਸ਼ਟ ਨਵਾਰਨੇ ਨੇ,
ਸੁਖੀ ਦੇਣਾ ਕਰ ਅੱਗੇ ਜਿਨਾ ਦੁਖ ਜਾਲਾ ਹੈ।
ਆ ਹੈ ਜੋ ਤੋਪ ਸਾਡੀ ਜਿਹੜੀ ਘੁੰਮ ਘਾਰ ਘੱਤੇ,
ਏ ਜੋ ਸੁਚੀ ਸੱਚੀ ਪਈ ਗਲ ਸਾਡੇ ਮਾਲਾ ਹੈ।
ਧਰਮ ਪ੍ਰਚਾਰ ਕਰ ਪਾਪ ਪ੍ਰਹਾਰ ਕਰ,
ਦੁਸ਼ਟ ਸੰਘਾਰ ਪੰਥ ਕਰਨਾ ਨਰਾਲਾ ਹੈ।
ਝੂਠੀਆਂ ਬੰਦੂਕਾਂ ਤੋਪਾਂ ਸੰਦੀ ਹੈ ਨਾ ਲੋੜ ਸਾਨੂੰ,
ਏਹੋ ਸੱਚੀ ਤੋਪ ਅਤੇ ਏਨੂੰ ਅਸਾਂ ਭਾਲਾ ਹੈ।
ਨਾਮ ਰੂਪ ਬਿੰਬ ਨਾਲ ਧੋਣਾ ਅਸਾਂ ਆਪ ਹਥੀਂ,
'ਹਿੰਦ' ਚਿੱਟੀ ਚਾਦਰ ਨੂੰ ਲਗਾ ਦਾਗ ਕਾਲਾ ਹੈ।
ਏਹਦਾ ਫੈਰ ਬਿਰਥਾ ਨਾ ਜਾਂਦਾ ਸ਼ਿੰਗਾਰਾ ਸਿੰਘਾ,
ਏਹੋ—ਸੱਚੀ ਤੋਪ ਜੇਹੜੀ ਗਲ ਸਾਡੇ ਮਾਲਾ ਹੈ।

(ਵਲੋਂ ਸ੍ਰੀ ਮਾਨ ਸੇਠ ਗੁਰਬਖਸ਼ ਸਿੰਘ ਜੀ 'ਪ੍ਰੀਤਮ')

ਵੇਖਿਆ ਪ੍ਰਤਾਪ ਜਦੋਂ ਨਿਹੰਗਾਂ ਤੇ ਪੁਜਾਰੀਆਂ ਨੇ,
ਵਿਚੋ ਵਿਚੀ ਦਿਲਾਂ ਦੇ ਕਬਾਬ ਵਾਂਗੂ ਭੁੰਨੇ ਗਏ।
ਜਿਥੇ ਜਿਥੇ ਗਏ ਗੁਰ ਧਾਮਾ ਦੇ ਦੀਦਾਰ ਲਈ,
ਵੇਖ ਵੇਖ ਸ਼ਾਨ ਹੁੰਦੇ ਅਖੀਆਂ ਤੋਂ ਚੁਨੇ ਗਏ।
ਅਨੰਦ ਪੁਰ ਵਾਸੀਆਂ ਨੇ ਸੁਣੇ ਗੁਰ ਆ ਰਹੇ ਨੇ,
ਸ਼ੈਹਰ ਹੁਸ਼ਿਆਰ ਪੁਰ ਵਾਹੋ ਦਾਹੀ ਭੰਨੇ ਗਏ।
ਡੀ. ਸੀ. ਅਗੇ ਹਥ ਜੋੜ ਗੋਡਿਆਂ ਦੇ ਭਾਰ ਹੋਕੇ,
ਕੇਰ ਹੰਝੂ ਜਾਰ ਜਾਰ ਛਮ ੨ ਰੁੰਨੇ ਗਏ।
ਵਾਲੀ ਦੋ ਜਹਾਨ ਵਾਲਾ ਚੀਨੀ ਤੇ ਸਵਾਰ ਹੋਕੇ,

—o:—:o—

Sri Satguru Jagjit Singh Ji Elibrary NamdhariElibrary@gmail.com

ਸਿਖ ਲੈ ਹਜ਼ਾਰ ਸਠ ਆ ਰਿਹਾ ਅਨੰਦ ਪੁਰ।
ਢਾਲ, ਤਲਵਾਰ, ਤਪ ਨੇਜੇ ਲੈ ਸਮਾਨ ਜੰਗ,
ਜਿੱਤਨੇ ਅਨੰਦ ਗੜ੍ਹ ਔਂਦਾ 'ਦਸਮੇਸ ਗੁਰ'।
ਉਹੀ ਜੋਤ ਉਹੀ ਰੂਪ ਧਾਰ ਅਵਤਾਰ ਆਈ,
ਦੁਖੜੇ ਨਿਵਾਰਨੇ ਸੁਧਾਰਨੇ ਪੰਜਾਬ ਨੂੰ।
ਚਾਹਵਦਾ ਓਹ ਸਰ ਕਰ ਰਾਜ ਪ੍ਰਬੰਧ ਕਰੈਂ,
ਹਿੰਦੀ ਜੀਵ ਭੁਲਕੇ ਨ ਪਵੇ ਕੋ ਅਜਾਬ ਨੂੰ।
ਅਗੇ ਹੀ ਔਰੰਗ ਜੇਬ ਬਾਈ ਧਾਰ ਰਾਜਿਆਂ ਨੂੰ,
ਕਰ ਕਰ ਜੁਧ ਪਾ ਦਿਤਾ ਸੀ ਅਜਾਬ ਨੂੰ।
ਹੁਣ ਜੇ ਅਨੰਦ ਗੜ੍ਹ ਉਸਨੇ ਹੀ ਜਿਤ ਲਿਆ,
ਫਿਰ ਕਿਸ ਦੇਨਾ ਆਕੇ ਮਾਮਲਾ ਜਨਾਬ ਨੂੰ।
ਤਾਂਤੇ ਥੋਨੂ ਚਾਹੀਦਾ ਏ ਚਲ ਸੰਗ ਜੁਧ ਕਰੋ,
ਲੜਾਂਗੇ ਭੀ ਨਾਲ ਅਸੀਂ ਕਰਾਂਗੇ ਨ ਜਰਾ ਢਿਲ।
ਧਾਵਾ ਜਦੋਂ ਬੋਲ ਦਿਤਾ ਫੇਰ ਕੀ ਏ ਜੋਰ ਓਦਾ,
ਪੈਰ ਨੂ ਵਧਾਵੇ ਅਗੇ ਕਿਲੇ ਉਤੇ ਲਾਵੇ ਟਿਲ।
ਡੀ. ਸੀ. ਲਿਖ ਤਾਰ ਝਟ ਭੇਜੀ ਅੰਬਾਲੇ ਵੱਲ,
ਭੇਜਦੇ ਗਰੇਡ ਇਕ ਫੌਜ ਤੋਪਾਂ ਤਤ ਛਿਨ।
ਬਾਗੀ ਕਰ ਜਥੇ ਬੰਦੀ ਆ ਗਏ ਨੇ ਮੋਰਚੇ 'ਤੇ,
ਕਰਨੀ ਨਾ ਢਿਲ ਆਵੇ ਵਾਹੋ ਦਾਹੀ ਤਤ ਦਿਨ।
ਲੈਕੇ ਨਾਲ ਫੌਜ ਝੱਟ ਪਹੁੰਚਿਆ ਅਨੰਦ ਪੁਰ,
ਬੰਨ ਦਿਤੇ ਮੋਰਚੇ ਪੁਲਸ ਰਲ ਰਾਤ ਦਿਨ।

—੦:੦:—

Sri Satguru Jagjit Singh Ji Elibrary NamdhariElibrary@gmail.com

ਡੀ. ਸੀ ਛਡ ਫੌਜ ਪਿਛੇ ਨਾਲ ਅੰਗ੍ਰੇਜ ਲੈਕੇ,
ਅਗੋਂ ਹੀ ਇਹ ਆਖਿਆ ਜਾ ਸਾਡੀ ਇਕ ਬਿਨੈ ਹੈ।
ਦਸ ਦਿਓ ਤੁਸੀ ਹਥਿਆਰ ਕਿਥੇ ਛਡ ਆਏ,
ਨਪਕੇ ਹੋ ਆਏ ਜਾਂ ਦਿਵਾਰ ਵਿਚ ਚਿਨੇ ਹੈ।
ਹੱਸ ੨ ਜਹਾਨ ਵਾਲੀ ਆਖਿਆ ਕੋਮਲ ਵਾਕ,
ਨੇਜਾ ਤਲਵਾਰ ਨਾ ਬੰਦੂਕ ਕੋਈ ਢਾਲੇ ਹੈ।
ਤੋਪ ਔ ਤੁਫੰਗ ਨਾਹੀ ਤੁਪਕ ਕਟਾਰ ਨਾਂਹੀ,
ਬਰਛੀ ਨਾ ਚਕਰ ਹਥ ਕਿਸੇ ਵਿਚ ਭਾਲਾ ਹੈ।
ਤੀਰ ਤੇ ਕਮਾਨ ਹਥ ਖੰਡਾ ਕ੍ਰਿਪਾਨ ਨਾਹੀ,
ਸੂਧੇ ਹੀ ਸਰੂਪ ਸੰਤ ਬੁਢਾ ਕਿਆ ਬਾਲਾ ਹੈ।
ਸੁਚ ਸੋਧ ਹੋਮ ਕਰ ਜਪ ਦੇ ਹਰੀ ਕਾ ਨਾਮ,
ਵਾਦ ਔ ਵਿਵਾਦ ਦਾ ਨਾ ਏਨਾ ਵਿਚ ਖਿਆਲਾ ਹੈ।
ਇਕੋ ਹੈ ਅਚੂਕ ਤੀਰ ਚੀਰ ਜਾਏ ਸਾਤੋਂ ਸਿੰਧ,
ਵਿੰਨ੍ਹ ਕੇ ਅਕਾਸ਼ ਮਾਰੇ 'ਪ੍ਰੀਤਮ' ਆਹ ! ਮਾਲਾ ਹੈ।

(ਵਲੋਂ ਸ੍ਰੀ ਮਾਨ ਸੰਤ ਨਥਾ ਸਿੰਘ ਜੀ "ਯਾਚਕ" ਗੁਜਰਾਂ ਵਾਲਾ)

ਸੁਨ ਮਾਏ ਭੋਲੀਏ ਰਿਹਾ ਨਹੀਓ ਮੇਰੇ ਵਸ,
ਵੇਂਹਦਿਆਂ ਹੀ ਸਾਰ ਮੋਹਿ ਮੋਹਿਆ ਓਦੀ ਮਾਲਾ ਹੈ।
ਜਿਵੇਂ ਜਿਵੇਂ ਫੇਰੇ ਹਥ ਦਿਲ ਮੇਰਾ ਫਿਰ ਜਾਏ,
ਮਨਕੇ ਦੇ ਨਾਲ ਮਨ ਪਰੋਇਆ ਓਦੀ ਮਾਲਾ ਹੈ।
ਇਕ ਇਕ ਗੰਢ ਨੇ ਹੀ ਗੰਢ ਲਿਆ ਦਿਲ ਮੇਰਾ,
ਗੋਪੀਆਂ ਕੋ ਵਸ ਦੀਆ ਬ੍ਰਿਜ ਨੰਦ ਲਾਲਾ ਹੈ।

ਪਤਾ ਨਹੀ ਲਗਦਾ ਹੈ ਇਹੋ ਮੇਰਾ ਜੀ ਕਰੇ, "ਯਾਚਕ" ਮੈਂ ਹੋ ਜਾਵਾਂ "ਰਾਮ" ਗਲ ਮਾਲਾ ਹੈ।
ਲੁਹਾਵਾਂ ਮੈ ਜੇ ਖੱਲ ਪੁਠੀ 'ਸ਼ਮਸ਼ ਤਬਰੇਜ' ਵਾਂਗੂ, ਉਬਲਾਂ ਜੇ ਦੇਗ ਵਿਚ ਹੋਇਕੇ "ਦਿਆਲਾ" ਹੈ।
ਸੀਖਾਂ ਉਤੇ ਚੜਕੇ "ਮਨਸੂਰ" ਵਾਂਗ ਤੁੰਬੀ ਜਾਂ, ਕਟਾਵਾਂ ਬੰਦ ੨ ਮਨੀ ਸਿੰਘ ਉਜਿਆਲਾ ਹੈ।
ਚਰੱਖੜੇ ਦੇ ਗੇੜ ਵਿਚ ਤਰਕਲੇ ਦੇ ਖਾ ਵਲ, ਮਨਕਾ ਤਿਆਰ ਅਤ ਸੋ ਪ੍ਰੇਮ ਵਾਲਾ ਹੈ।
ਇਤਨੇਂ ਤਸੀਹੇ ਸਹੇ ਲਖ ਮੈਂ ਸ਼ੁਕਰ ਕਰਾਂ, 'ਯਾਚਕ' ਜੇ ਹੋਵਾਂ ਮੈਂ ਰਾਮ ਹਰੀ ਮਾਲਾ ਹੈ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਮਾਨ ਬਾਬਾ ਰਾਮ ਸਿੰਘ ਜੀ ਦਾ ਮਿਸ਼ਨ

ਤੇ

ਸਾਡਾ ਹੁਣ ਫਰਜ਼

(ਵਲੋਂ ਪ੍ਰਸਿੱਧ ਇਤਿਹਾਸ ਲੇਖਕ ਸ: ਗੰਡਾ ਸਿੰਘ ਜੀ ਕੇਵਲ)

ਖਾਲਸਾ ਰਾਜ ਦੇ ਖੁੱਸ ਜਾਣਦੇ ਪਿਛੋਂ, ਜੋ ਹਾਲ ਸਿਖਾਂ ਤੇ ਸਿੱਖੀ ਦੀ ਹੋਈ ਸੀ, ਉਸ ਨੂੰ ਹਰ ਕੋਈ ਇਤਿਹਾਸ ਦਾ ਜਾਣੂ ਪੂਰੀ ਤਰਹ ਜਾਣਦਾ ਹੈ। ਭਾਵੇਂ ਉਸ ਤੋਂ ਕੁਛ ਚਿਰ ਪਹਿਲਾਂ ਭੀ ਸਿੱਖੀ ਮਿਲਗੋਭਾ ਜੇਹੀ ਬਣੀ ਜਾ ਰਹੀ ਸੀ ਪਰ ਪਿੱਛਲੇ ਦਸ ਪੰਦ੍ਰਾਂ ਸਾਲ ਵਿਚ ਤਾਂ ਹਾਲਤ ਬਿਲਕੁਲ ਹੀ ਨਿੱਘਰ ਗਈ ਸੀ। ਇਸਦੇ ਕਈ ਕਾਰਣ ਸਨ। ਪਰ, ਜਿਆਦਾ ਪ੍ਰਤੱਖ ਇਹ ਸਨ ਕਿ ਖਾਲਸਾ ਰਾਜ ਦੇ ਪਲਟਾ ਖਾ ਚੁੱਕਣ ਕਰਕੇ ਸਿੱਖੀ ਵਲੋਂ ਆਮ ਲੋਕਾਂ ਦੀ ਰੁਚੀ ਘਟਦੀ ਜਾ ਰਹੀ ਸੀ ਤੇ ਆਪਣੇ ਨਵੇਂ ਹਾਕਮਾਂ ਦੇ ਸੁਭਾਵ ਦੇ ਵਾਕਿਫ ਨਾ ਹੋਣੇ ਹੋਣ ਕਰਕੇ ਸਹਿਜ-ਧਾਰੀ ਲੋਕ ਆਪਣੇ ਬੱਚਿਆਂ ਨੂੰ ਕੇਸਧਾਰੀ ਬਣੌਣੋਂ ਡਰਦੇ ਸਨ। ਇਸ ਦੇ ਨਾਲ ਹੀ ਚੂੰਕਿ ਅੰਗ੍ਰੇਜ਼ਾਂ ਨੂੰ ਸਿੱਖਾਂ ਦੀ ਤਾਕਤ ਦੀ ਉੱਕੀ ਹੀ ਤਬਾਹੀ ਹੋ ਚੁਕਣ ਦਾ ਪੂਰਾ ਪੂਰਾ ਯਕੀਨ ਨਹੀਂ ਹੋਇਆ ਸੀ ਇਸ ਲਈ ਉਨ੍ਹਾਂ ਦੀ ਸ਼ੱਕ ਦੀ ਨਜ਼ਰ ਭੀ ਇਸ ਰਾਹ ਵਿਚ ਖਾਸ ਰੁਕਾਵਟ ਪੌਂਦੀ ਸੀ। ਇਸ ਹਾਲਤ ਵਿਚ ਲੋੜ ਸੀ ਇਕ ਐਸੇ ਮਹਾਨ-ਆਤਮਾ ਆਗੂ ਦੀ ਜੋ ਲੋਕਾਂ ਨੂੰ ਮੁੜ ਸਿੱਖੀ ਵੱਲ ਪ੍ਰੇਰਨਾ ਕਰਦਾ ਸਤਿਗੁਰਾਂ ਲਈ ਇਜ਼ੱਤ ਤੇ ਉਨ੍ਹਾਂ ਦੇ ਪੂਰਨਿਆਂ ਦੇ 'ਗਾਡੀਰਾਹ' ਪਰ ਚੱਲਣ ਲਈ ਉਤਸ਼ਾਹ ਪੈਦਾ ਕਰਦਾ ਤੇ ਕੌਮ ਨੂੰ ਢੈਂਦੀ ਹਾਲਤ ਵਿਚੋਂ ਉਠਾਕੇ ਚੜ੍ਹਦੀਆਂ ਕਲਾਂ ਵਲ ਲੈ ਜਾਂਦਾ। ਏਹ ਕੰਮ ਅੱਜ ਕਲ ਦੇ ਫੋਕੇ ਦਿਖਾਵੇ ਦੇ ਲੀਡਰਾਂ ਵਰਗੇ ਨਹੀਂ ਕਰ ਸਕਿਆ ਕਰਦੇ ਬਲਕਿ ਆਪਾ ਵਾਰੂ ਗੁਰ ਚਰਨਾਂ ਦੇ ਭੌਰੇ ਸਤਿ-ਨਾਮ ਵਿਚ ਲਿਵਲੀਨ ਮਹਾਤਮਾ ਹੀ ਕੁਝ ਸਵਾਰ ਸਕਦੇ ਹਨ।

ਬੱਸ, ਸਤਿਗੁਰੂ ਨਾਨਕ-ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਬਾਬਾ ਰਾਮਸਿੰਘ ਜੀ ਇਕ ਸੱਚੇ ਮਲਾਹ ਬਣਕੇ ਪੰਥ ਦੀ ਠਾਠਾਂ ਮਾਰਦੇ ਸਮੁੰਦਰ ਵਿਚ ਲੈਹਰਾਂ ਦੇ ਕਰਾਰੇ ਥਪੜਾਂ ਨਾਲ ਠੇਲ੍ਹ ਕੇ ਘੁੰਮਣ ਘੇਰ ਵਿੱਚ ਸੁੱਟੀ ਡਕੌ ਡੋਲੇ ਖਾ ਰਹੀ ਬੇੜੀ ਨੂੰ ਚੱਪੂ ਲਾਕੇ ਇਕ ਬੰਨੇ ਲੌਣ ਲਈ ਆ ਮੈਦਾਨ ਵਿੱਚ ਨਿਤਰੇ ਤੇ ਇਕ ਬੜਾ ਸ਼ਲਾਘਾ ਯੋਗ ਕੰਮ ਕਰ ਵਿਖਾਯਾ ਜਿਸ ਦਾ ਅੰਦਾਜ਼ਾ ਅੱਜ ਕਲ ਦੇ ਬਹਿਣ ਵਿਚ ਰੁੜ੍ਹ ਰਹੇ ਲੋਕੀ ਕੀ ਲਾ ਸਕਦੇ ਹਨ? ਉਨ੍ਹਾਂ ਨੇ ਪੰਥ ਦੀ ਬਿਖਰੀ ਹੋਈ ਜੱਥੇ ਬੰਦੀ ਨੂੰ ਮੁੜ ਇਕ

Sri Satguru Jagjit Singh Ji Elibrary NamdhariElibrary@gmail.com

ਮੁਨ ਕੀਤਾ ਤੇ ਸਿੱਖੀ ਦੇ ਪ੍ਰਚਾਰ ਨੂੰ ਬੜੇ ਉੱਚੇ ਤੇ ਬਧੀਆ ਪੈਮਾਨੇ ਤੇ ਅਰੰਭ ਕੀਤਾ। ਉਨ੍ਹਾਂ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਨਾਮ ਰੰਗਣ ਵਿੱਚ ਰੱਤੇ ਉਨ੍ਹਾਂ ਪ੍ਰੇਮੀ ਸੇਵਾਦਾਰਾਂ ਦਾ ਇਕ ਬੜਾ ਖਾਸ ਜਥਾ ਕਾਇਮ ਹੋ ਗਿਆ ਜੋ ਸਤਿਗੁਰਾਂ ਦੇ ਸੱਚੇ ਭਗਤ ਹੋਣ ਦੇ ਅਧਿਕਾਰੀ ਕਹੇ ਜਾ ਸਕਦੇ ਹਨ। ਉਨ੍ਹਾਂ ਨੇ ਸਤਿਨਾਮ ਨੂੰ ਆਪਣੇ ਜੀਵਨ ਵਿਚ ਅਸਲੀ ਅਰਥਾਂ ਵਿੱਚ ਧਾਰਨ ਕਰ ਵਿਖਾਯਾ ਤੇ ਸਿਖੀ ਵਿਚ ਇਕ ਨਵੀਂ ਜਾਨ ਪਾ ਦਿੱਤੀ। ਏਹ ਉਨ੍ਹਾਂ ਦੀਆਂ ਘਾਲਾਂ ਦਾ ਹੀ ਨਤੀਜਾ ਸੀ ਕਿ ਸਿੱਖਾਂ ਵਿਚ ਇਕ ਜਾਗ੍ਰਤ ਪੈਦਾ ਹੋ ਗਈ ਤੇ ਉਨ੍ਹਾਂ ਨੂੰ ਆਪਣੀ ਹਸਤੀ ਨੂੰ ਕਾਇਮ ਰਖਣ ਲਈ ਉਪ-ਰਾਲੇ ਕਰਨ ਦੀ ਲਗਨ ਲੱਗੀ।

ਪਰ ਬਦ-ਕਿਸਮਤੀ ਨੂੰ ਥੌੜਾ ਚਿਰ ਹੀ ਉਨ੍ਹਾਂ ਨੇ ਆਪਣਾ ਕੰਮ ਕੀਤਾ ਸੀ ਕਿ ਕੁਝ ਸੱਜਣਾਂ ਦੇ ਥੋੜਾ ਜੇਹਾ ਕੁਰਾਹੇ ਪੈ ਜਾਨ ਕਰਕੇ ਹਕੂਮਤ ਨੂੰ ਉਨ੍ਹਾ ਨੂੰ ਤੰਗ ਕਰਨ ਤੇ ਉਨ੍ਹਾ ਦੀ ਲਹਿਰ ਨੂੰ ਤਬਾਹ ਕਰਨ ਦੇ ਯਤਨ ਕਰਨ ਦਾ ਬਹਾਨਾ ਮਿਲ ਗਿਆ ਜਿਸ ਲਈ ਉਨ੍ਹਾਂ ਨੇ ਆਪਣਾ ਪੂਰਾ ਜ਼ੋਰ ਲਾਇਆ ਕੁਝ ਤਾਂ ਸਿੱਖਾਂ ਪਰ ਉਂਜ ਹੀ ਗੁਲਾਮੀ ਆਪਣਾਂ ਅਸਰ ਪਾ ਚੁੱਕੀ ਸੀ ਤੇ ਕੁਝ ਹਕੂਮਤ ਨੇ ਆਪਣਾਂ ਮਤਲਬ ਕਢਣ ਲਈ ਸਿਖਾਂ ਨੂੰ ਨਾਮਧਾਰੀਆਂ ਨ ਲੋਂ ਪਾੜਨ ਵਾਸਤੇ ਹੋਰ ਦੀਆਂ ਹੋਰ ਸੁਣਾ ਕੇ ਆਪਣੇ ਅੱਡੇ ਲਾ ਲਿਆ। ਸਿੱਖ ਅੱਗੇ ਓਹੋ ਜੇਹੇ, ਜਿੱਦਾਂ ਕਿਸੇ ਚਾਰ ਮਿੱਠੀਆਂ ਗੱਲਾਂ ਸੁਣਾਕੇ ਭਰਮਾਯਾ ਓਸੇ ਤਰ੍ਹਾਂ ਭੂਹੇ ਹੋ ਚੜ੍ਹੇ ਤੇ ਆਪਣੇ ਹੀ ਭਰਾਵਾਂ ਦੇ ਲਹੂ ਪੀਣ ਦੇ ਤਿਹਾਏ ਹੋ ਗਏ।

ਹਕੂਮਤ ਦੇ ਇਸ਼ਾਰੇ ਤੇ ਲੱਗ ਕੇ ਸਿੱਖਾਂ ਨੇ ਨਾਮਧਾਰੀਆਂ ਨੂੰ ਛੇਕ ਦਿੱਤਾ ਤੇ ਵੱਧਦੇ ਵੱਧਦੇ ਅੱਜ ਏਹ ਹਾਲਤ ਹੈ ਕਿ ਇਕ ਦੂਏ ਨੂੰ ਐਉਂ ਦੇਖਦੇ ਹਨ ਜਿਉਂ ਕਾਣੀ ਮੈਂਹ ਕਸਾਈ ਵਲ ਤੱਕਦੀ ਹੈ। ਓਹ! ਕਿਤਨੇ ਦੁਖ ਅਤੇ ਅਫਸੋਸ ਦੀ ਗੱਲ ਹੈ ਕਿ ਇਕ ਹੀ ਇਸ਼ਟ ਦੇ ਉਪਾਸ਼ਕਾਂ ਤੇ ਇਕ ਹੀ ਗੁਰੂ ਨੂੰ ਮੰਨਣ ਵਾਲਿਆਂ ਵਿੱਚ ਕਿਤਨੀ ਨਫਰਤ ਹੈ। ਕੀ ਏਹ ਸ਼ਰਮ ਦੀ ਗੱਲ ਨਹੀਂ ? ਅਸੀ ਟਾਹਰਾਂ ਤਾਂ ਮਾਰਤੇ ਹਾਂ ਸਾਰੇ ਜਗਤ ਸਾਂਝਾ ਸਿਖ ਭਾਈਚਾਰਾ ਕਾਇਮ ਕਰਨ ਦੀਆਂ ਤੇ ਕਰਤੂਤਾਂ ਸਾਡੀਆਂ ਏਹ ਹਨ ਕਿ ਅਕਾਲੀ ਤੇ ਨਾਮਧਾਰੀ, ਨਿਰੰਕਾਰੀ ਤੇ ਸਨਾਤਨੀ, ਸਹਿਜ-ਧਾਰੀ ਤੇ ਨਾਨਕ ਪੰਥੀ ਨਿਰਮਲੇ ਤੇ ਉਦਾਸੀ ਅਤੇ ਅੱਡਣ ਸ਼ਾਹੀ ਤੇ ਸੁਥਰੇ-ਸ਼ਾਹੀਏ ਸਾਰੇ ਹੀ ਇਕ ਦੂਸਰੇ ਨਾਲੋਂ ਵਿਟਰੇ ਬੈਠੇ ਆਪਣੀ ਆਪਣੀ ਵਲ ਤਣਾਵਾ ਖਿਚਦੇ ਹਨ।

ਛੋਟੇ ਮੋਟੇ ਫਿਰਕੇ ਹਰ ਸੋਸਾਇਟੀ ਤੇ ਕੌਮ ਵਿਚ ਹੋਇਆ ਕਰਦੇ ਹਨ ਜਿਨ੍ਹਾਂ ਦਾ ਕਾਰਣ ਉਨ੍ਹਾਂ ਦੀ ਇਕ ਅੱਧੀ ਗਲ ਪਰ ਮਤ ਭੇਦ ਹੋਣਾ ਹੁੰਦਾ ਹੈ ਪਰ ਇਸ ਦਾ ਏਹ ਮਤਲਬ ਕਦੀ ਨਹੀਂ ਹੋਇਆ ਕਿ ਉਹ ਉਸ ਕੌਮ ਦਾ ਅੰਗ ਹੀ ਨਾਂ ਸਮਝੇ ਜਾਣ! ਭਾਵੇਂ ਕਈ ਇਕ ਚਲਾਕ ਲੋਕ ਆਪਣਾ ਮਤਲਬ ਕਢਣ ਲਈ ਪਾੜਨ ਦੀਆਂ ਚਾਲਾਂ ਚਲਿਆ ਕਰਦੇ ਹਨ, ਪਰ ਘਟ ਕਸੂਰ ਉਨਾਂ ਦਾ ਭੀ ਨਹੀਂ ਜੇਹੜੇ ਲੋਕਾਂ ਦੇ ਚਾਹੇ ਚੜ੍ਹ ਜਾਂਦੇ ਹਨ। ਅਕਲ ਮੰਦਾਂ ਦਾ ਕੰਮ ਏਹ

ਹੁੰਦਾ ਹੈ ਕਿ ਟੁਟੀਆਂ ਨੂੰ ਗੰਢਣ ਨਾਂ ਕਿ ਜੁੜੀਆਂ ਨੂੰ ਨਖੇੜਨ। ਮਤ-ਭੇਦ ਹਰ ਜਗਾ ਹੁੰਦੇ ਹਨ ਜਿਨਾਂ ਪਰ ਵਿਚਾਰ ਕਰਕੇ ਸਿਧਾ ਰਸਤਾ ਢੂੰਢਿਆ ਜਾ ਸਕਦਾ ਹੈ। ਆਪਣੇ ਅੰਦਰ ਧੀਰਜ ਨਾਲ ਵਿਚਾਰ ਕਰਨ, ਦੂਸਰੇ ਦੀ ਰਾਏ ਨੂੰ ਜਰਨ ਤੇ ਉਸਨੂੰ ਰਖਣ ਦੀ ਆਗਿਆ ਦੇਣ ਨਾਲ ਪ੍ਰੇਮ ਵਧਦਾ ਹੈ ਤੇ ਵਧਣ ਦਾ ਸਾਧਨ ਬਣਾਇਆ ਜਾ ਸਕਦਾ ਹੈ। ਪਰ, ਜਦ ਕੋਈ ਦੂਸਰੇ ਦੀ ਰਾਏ ਨੂੰ ਕੇਵਲ ਇਸ ਲਈ ਨਿੰਦਦੇ ਹਨ ਕਿ ਉਹ ਉਨਾਂ ਦੀ ਆਪਣੀ ਰਾਏ ਨਾਲ ਨਹੀਂ ਮਿਲਦੀ ਯਾਂ ਉਸਦੇ ਵਿਰੁਧ ਹੈ ਤੇ ਇਸ ਦੇ ਨਾਲ ਹੀ ਉਸ ਰਾਏ ਦੇ ਰਖਣ ਵਾਲਿਆਂ ਨੂੰ ਭੀ ਭੰਡਿਆ ਜਾਣ ਲਗ ਪੈਂਦਾ ਹੈ ਤਾਂ ਫੇਰ ਕਲਜੋਗਨ ਫੁਟ ਪ੍ਰੇਮ ਨੂੰ ਧਕੇ ਮਾਰ ਬਾਹਰ ਕਰਦੀ ਤੇ ਆਪਣਾ ਅਡਾ ਆ ਜਮੌਂਦੀ ਹੈ। ਏਹ ਹੀ ਗਲਾਂ ਹਨ ਜਿਨ੍ਹਾਂ ਸਾਡਾ ਝੁੱਗਾ ਚੌੜ ਕੀਤਾ ਹੈ, ਪਰ ਅਸੀਂ ਹੀ ਹਾਂ ਕਿ ਪੰਥ ਦੀ ਦਿਨੋ ਦਿਨ ਨਿੱਘਰ ਦੀ ਜਾ ਰਹੀ ਦਸ਼ਾ ਨੂੰ ਸਾਮ੍ਹਣੇ ਦੇਖਦੇ ਹੋਇਆਂ ਭੀ ਸਾਡੇ ਕੰਨਾਂ ਤੇ ਜੂੰ ਤਕ ਨਹੀਂ ਸਰਕਦੀ।

ਹੁਣ ਇਸ ਬੀਮਾਰੀ ਦਾ ਕੇਵਲ ਇਕ ਹੀ ਇਲਾਜ ਹੈ ਕਿ ਮੁੜ ਬਾਬਾ ਰਾਮ ਸਿੰਘ ਜੀ ਵਾਲੀ ਸਪਿਰਿਟ ਸਾਡੇ ਵਿਚ ਪੈਦਾ ਹੋਵੇ ਤੇ ਅਸੀ ਪੰਥ ਨੂੰ ਨਿਰੋਲ ਸਿੱਖੀ ਦੀ ਪਾਹ ਨਾਲ ਸੁਰਜੀਤ ਕਰੀਏ।

ਲੋਕੀਂ ਆਖਦੇ ਹਨ ਕਿ ਧਰਮ ਆਜ਼ਾਦੀ ਦੇ ਰਾਹ ਵਿਚ ਰੁਕਾਵਟ ਹੈ ਤੇ ਮਨੁਖ ਨੂੰ ਆਪਣੀਆਂ ਉਲਝਣਾਂ ਵਿਚ ਫਸਾ ਕੇ ਸਾਂਝੀ ਤਰੱਕੀ ਨੂੰ ਵਧਣ ਨਹੀਂ ਦਿੰਦਾ। ਸਾਡੀ ਜਾਚੇ ਏਹ ਮਤ ਕੇਵਲ ਉਨਾਂ ਲੋਕਾਂ ਦਾ ਹੈ ਜਿਨਾਂ ਨੂੰ ਧਰਮ ਦਾ ਰਾਹ ਹੀ ਨਹੀਂ ਲਭਾ ਓਹ ਪਰੇ ਹੀ ਪਏ ਭੰਬਲ ਭੂਸੇ ਖਾਂਦੇ ਰਹੇ ਹਨ।

ਧਰਮ ਵਾਸਤਵ ਵਿਚ ਮਨੁਖੀ ਜੀਵਨ ਵਿਚ ਮਨੁਖ-ਪੁਣਾ ਹੈ ਏਹ ਆਦਮੀ ਨੂੰ ਪਰਮਾਤਮਾਂ ਨਾਲ ਆਪਣਾ ਸੰਬੰਧ, ਦੂਸਰੇ ਮਨੁਖਾਂ ਨਾਲ ਆਪਣਾਂ ਭਾਈਆਂ ਵਾਲਾ ਜੋੜ ਤੇ ਉਨ੍ਹਾਂ ਨਾਲ ਬਰਤਾਓ ਦਾ ਢੰਗ ਦਸਦਾ ਤੇ ਸੰਸਾਰ ਵਿਚ ਅਸਲੀ ਅਰਥਾਂ ਵਿਚ ਸੁਖੀ ਜੀਵਨ ਬਿਤਾਨ ਲਈ ਗਾਡੀ ਰਾਹੇ ਪੌਂਦਾ ਹੈ। ਜੇ ਲੋਕੀ ਉਸ ਧਰਮ ਦੇ ਦਸੇ ਹੋਏ ਰਾਹ ਤੇ ਨਾ ਚਲਣ ਯਾ ਆਪਣੀ ਸੁਾਰਥ ਸਿਧੀਆਂ ਲਈ ਇਸਨੂੰ ਵਪਾਰ ਬਨਾ ਲੈਣ ਤਾਂ ਇਸ ਵਿਚ ਵਿਚਾਰੇ ਧਰਮ ਦਾ ਕੀ ਕਸੂਰ ਹੈ? ਕਸੂਰ ਓਨਾਂ ਦਾ ਜੋ ਉਸ ਸਿਧੇ ਰਾਹ ਨੂੰ ਛਡ ਕੇ ਕੁਰਾਹੇ ਹੋ ਲਗਣ। ਧਰਮ ਹੀ ਮਨੁਖ ਬਣੌਂਦਾ ਹੈ ਨਹੀਂ ਤਾਂ ਇਸ ਤੋਂ ਬਿਨਾਂ ਪਸ਼ੂ ਤੇ ਮਨੁਖ ਵਿਚ ਫਰਕ ਹੀ ਕੀ। ਜਿਸ ਤਰਹ ਕਿ ਇੱਕ ਸੰਸਕ੍ਰਿਤ ਕਵੀ ਨੇ ਕਿਹਾ ਹੈ।

ਆਹਾਰ ਨਿਦਰਾ ਭੈ ਮੈਥੁਨੰਚ,
ਸਾਮਾਨਯ ਮੇਤਤ ਪਸੂ ਭਿਰ ਨਰਾਣਾਂ
ਧਰਮੋ ਹੀ ਤੇਸ਼ਾ ਅਧਿਕੋ ਵਿਸ਼ੇਸ਼ੀ,
ਧਰਮੇਨ ਹੀਣਃ ਪਸ਼ੂ ਭਿ ਸਮਾਨਾਃ

ਦੂਰ ਜਾਣ ਦੀ ਕੋਈ ਲੋੜ ਨਹੀ, ਸਿਖਾਂ ਵਲ ਹੀ ਦੇਖ ਲਓ। ਇਨਾਂ ਨੂੰ ਜੇਕਰ ਜੀਉਂਦੀ ਜਾਗਦੀ ਕੌਮ ਬਨਾਇਆ ਤਾਂ ਧਰਮ ਨੇ, ਹਕੂਮਤਾਂ ਦੇ ਕਹਿਰ ਤੇ ਤੱਦੀਆਂ ਵਿਚ ਚੜ੍ਹਦੀਆਂ ਕਲਾਂ ਵਿਚ

ਰੱਖਿਆ ਤਾਂ ਸਿਖੀ ਸਪਿਰਿਟ ਨੇ, ਤੇ ਹੁਣ ਜਦ ਬੇੜੀ ਭੰਵਰੇ ਪਈ ਥਿੜਕ ਰਹੀ ਹੈ, ਤਾਂ ਸਿਖੀ ਤੋਂ ਦੂਰ ਹੋਈ ਜਾਣ ਦੇ ਕਾਰਣ।

ਤਾਂ ਫਿਰ ਸਿਟਾ ਏਹ ਨਿਕਲਿਆ ਕਿ ਸਿਖ ਕੇਵਲ ਸਿਖੀ ਨਾਲ ਜੀਉਂਦੇ ਰਹਿ ਸਕਦੇ ਹਨ, ਤੇ ਸਿਖੀ ਧਾਰਣ ਕਰਨ ਨਾਲ, ਗੱਲੀਂ ਨਹੀਂ ਅਮਲੀਂ। ਹਰ ਇਕ ਸਿਖ ਫਿਰਕੇ ਦੇ ਪੈਰੋਕਾਰ ਨੂੰ ਜੋ ਦਸਾਂ ਗੁਰਾਂ ਨੂੰ ਆਪਣਾਂ ਰਹਿਬਰ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣੀ ਧਰਮ ਪੁਸਤਕ ਤੇ ਸਿਖੀ ਤੋਂ ਬਿਨਾਂ ਹੋਰ ਆਪਣਾਂ ਕੋਈ ਧਰਮ ਨਹੀਂ ਮੰਨਦਾ ਆਪਣਾਂ ਸਕਾ ਭਾਈ ਸਮਝਦੇ ਹੋਏ ਪ੍ਰੇਮ ਕਰਨ ਤੇ ਆਪਣੇ ਸਿਖੀ ਜੀਵਨ ਤੇ ਗੁਰਭਾਈਆਂ ਵਾਲੇ ਪ੍ਰੇਮ ਕਰਨ ਤੇ ਬਰਤਾਓ ਨਾਲ ਆਪਣੀ ਵਲ ਲਿਆਵਨ ਤਦ ਹੀ ਓਨਾਂ ਸਿਖ ਮਹਾਂ-ਪੁਰਸ਼ਾਂ ਦੀ ਜਿਨਾਂ ਵਿਚ ਬਾਬਾ ਰਾਮ ਸਿੰਘ ਜੀ ਇਕ ਉਘੇ ਮਹਾਤਮਾਂ ਸਨ, ਘਾਲ ਥਾਂਇ ਪੈ ਸਕਦੀ ਤੇ ਸਾਡਾ ਕੁਝ ਬਚਾਉ ਹੋ ਸਕਦਾ ਹੈ।

--:o:--

ਅਹੁ ਆ ਗਿਆ ! ਅਹੁ ਆ ਗਿਆ !!

(ਵਲੋਂ ਸਾਹਿਤ੍ਯ ਰਤਨ ਸ੍ਰ:-ਅਵਤਾਰ ਸਿੰਘ ਜੀ "ਆਜ਼ਾਦ" ਅੰਮ੍ਰਿਤਸਰ)

ਸਰਦੀ ਦਾ ਜੋਬਨ ਘਟ ਗਿਆ,
ਪਤ–ਝੜ ਨੇ ਬਿਸਤਰ ਚਾ ਲਿਆ।
ਮਹਿਕਾਂ ਅਗੰਮੀ ਪਸਰੀਆਂ,
ਨ੍ਹਾਤਾ ਹੁਸਨ ਦਾ ਦੇਵਤਾ।
ਮਹਿਫਲ ਚੁਫੇਰੇ ਰਾਗ ਨੇ–
ਲਾਈ; ਛਾਈ ਅਸਚਰਜਤਾ।
ਫੁੱਲਾਂ ਨੇ ਬਸਤਰ ਪਹਿਨਕੇ–
ਆ ਤਖ਼ਤ ਸੁੰਦਰ ਮੱਲਿਆ।
ਕਲੀਆਂ ਦੀ ਹਾਸੀ ਛਿੜ ਪਈ,
ਕੋਇਲ ਨੇ ਕੂ ਕੂ ਕੂਕਿਆ।
ਨਰਗਸ ਨੇ ਅੱਖਾਂ ਪੁੱਟੀਆਂ,
ਸੋਸਨ ਨੇ ਹੈ ਭੋਸ਼ਨ ਲਿਆ।
ਜਲਵੇ ਹਜ਼ਾਰਾਂ ਦੱਸਦੀ,
ਛਬਿ ਆਪ ਮਟਕਾਂ ਦੀ ਭਰੀ।
ਰੁੱਖਾਂ ਨੇ ਬਦਲੇ ਵੇਸ ਨੇ,
ਭੌਰਾ ਏ ਗੁੰਜਾ-ਦਾ ਪਿਆ।
ਬੁਲਬੁਲ ਬਹਾਰਾਂ ਵੇਖਕੇ–
ਮੁੜ ਗਾਣ ਏਹੋ ਲਗ ਪਈ।
ਅਹੁ ਆ ਗਿਆ, ਅਹੁ ਆ ਗਿਆ,
ਅਹੁ ਮਹਿਕ–ਦਾਤਾ ਆ ਗਿਆ।
ਪਰਬਤ ਪਿਆਰਾਂ ਦੇ ਭਰੇ,
ਮੁੜ ਪ੍ਰੇਮ ਅੰਦਰ ਹਨ ਢਰੇ।
ਚਸ਼ਮੇਂ ਵੀ ਫੁੱਟੇ ਪ੍ਰੀਤ ਦੇ–
ਇਕ ਗੀਤ ਬਣ ਠੰਢੇ ਠਰੇ।
ਕੂਲ੍ਹਾਂ ਨੇ ਹਿਰਦਾ ਸਾਫ ਕਰ,
ਕੋਈ ਦਰਸ ਪਿਆਰਾ ਪਾਣ ਲਈ।
ਪਰਬਤ ਤੋਂ ਛਾਲਾਂ ਮਾਰੀਆਂ,
ਅਰਮਾਨ ਨੇ ਝੋਲੀਂ ਭਰੇ।
ਸੂਰਜ ਸੁਹਾਵੇ–ਤੇਜ ਦਾ
ਸਰ ਜਾਪਦਾ ਮਿੱਠਾ ਮਣੋਂ;
ਨੇੜੇ ਧਰਤਿ ਦੇ ਹੋ ਰਿਹਾ,
ਪ੍ਰੀਤਮ ਬੇ-ਅਦਬੀ ਤੋਂ ਡਰੇ।
ਪੌਣਾਂ ਨੇ ਤਰਲਾ ਆਇਕੇ,
ਫੁੱਲਾਂ ਤੋਂ, ਹੈ ਲੈ ਲਈ ਸੁਗੰਧਿ,
"ਭੈਣੀ" ਦੀ ਜੀਵੀ–ਖਾਕ ਨੂੰ
ਚੁੰਮਦੀ ਤੇ ਡੰਡੌਤਾਂ ਕਰੇ।
ਪੰਛੀ ਪ੍ਰੀਤਾਂ––ਪਾਵਣੇ,
ਗਾਵਣ ਪਏ ਅਹੁ ਆ ਗਿਆ !
ਅਹੁ ਆ ਗਿਆ ! ਅਹੁ ਆ ਗਿਆ,
ਅਹੁ ਮਹਿਕ–ਦਾਤਾ ਆ ਆਗਿਆ।
ਹਾਂ ਆ ਗਿਆ, ਕਲਜੁਗ ਦੇ ਅੰਦਰ।
ਫੇਰ ਸਤਿਜੁਗ ਲਿਆਣ ਨੂੰ,
ਹਾਂ ਆ ਗਿਆ, ਛੁਹ ਲਾਇਕੇ
ਮੁਰਦੇ ਵੀ ਫਿਰ ਜੀਵਾਣ ਨੂੰ !
ਲਉ ਆ ਗਿਆ ਸੰਸਾਰ ਦਾ –
ਮੁੜ ਪਾਰ ਬੇੜਾ ਲਾਣ ਨੂੰ !
ਜੀ ਆ ਗਿਆ, ਪਿਆਰਾਂ ਦੀ ਛਹਿਬਰ-
ਲਾਇਕੇ, ਠੰਢ ਪਾਣ ਨੂੰ।
ਸਚ ਆ ਗਿਆ ਪ੍ਰੇਮਾ–ਭਗਤ ਦਾ
ਸਬਕ ਹਾਂ ਸਿਖਲਾਣ ਨੂੰ।
ਵਹ! ਆ ਗਿਆ ਪਸ਼ੂ–ਢੋਰ ਬਿਰਤੀ-
ਦੇਵ – ਬਿਰਤਿ ਬਨਾਣ ਨੂੰ।
ਹਾਂ ਆ ਗਿਆ, ਹਾਂ ਆ ਗਿਆ
ਕਾਇਆਂ ਹੀ ਚਾ ਪਲਟਾਣ ਨੂੰ।
ਜੀ ਆ ਗਿਆ ਜੇ ਵੇਖ ਲਉ,
ਇਹ ਵੈਦ ਦੁੱਖ ਹਟਾਣ ਨੂੰ।
ਕਿਰਪਾ–ਤਰੂ ਜੇ ਆਗਿਆ,
ਦੀਨਾਂ ਦਾ ਦਾਤਾ ਆ ਗਿਆ !
ਸਭ ਆਖਦੇ ਨਰ ਨਾਰਿ ਪਏ,
ਅਹੁ ਆ ਗਿਆ ! ਅਹੁ ਆ ਗਿਆ !

ਸ੍ਰੀ ਬਾਬਾ ਰਾਮ ਸਿੰਘ ਜੀ ਦੀ

ਯਾਦਗਾਰ ਸਾਰਾ ਪੰਥ ਮਨਾਏ।

(ਵਲੋਂ ਪੰਥ ਰਤਨ ਗਯਾਨੀ ਹੀਰਾ ਸਿੰਘ ਜੀ "ਦਰਦ" ਐਡੀਟਰ "ਫੁਲਵਾੜੀ" ਲਾਹੌਰ)

ਮੇਰੇ ਹਿਰਦੇ ਵਿਚ ਦਿਨੋ ਦਿਨ ਸ੍ਰੀ ਬਾਬਾ ਰਾਮ ਸਿੰਘ ਜੀ ਲਈ ਪਿਆਰ ਤੇ ਸ਼ਰਧਾ ਵਧ ਰਹੀ ਹੈ। ਮੈਂ ਇਉਂ ਮਹਿਸੂਸ ਕਰ ਰਿਹਾ ਹਾਂ ਕਿ ਬਾਬਾ ਰਾਮ ਸਿੰਘ ਜੀ ਨਾਲ ਪੰਥ ਨੇ ਇਨਸਾਫ ਨਹੀਂ ਕੀਤਾ ਅਤੇ ਉਨ੍ਹਾਂ ਨੇ ਪੰਥ ਵਿਚ ਜਾਗਰਤੀ ਲਿਆਉਣ ਲਈ, ਨਵੇਂ ਸਿਰੇ ਜਥੇ ਬੰਦੀ ਕਰਨ ਲਈ ਅਤੇ ਪੰਥ ਦੀ ਗਿਰੀ ਹੋਈ ਅਵਸਥਾ ਨੂੰ ਉਚਾ ਕਰਨ ਲਈ ਜੋ ਭਾਰੀ ਕੁਰਬਾਨੀ ਕੀਤੀ ਹੈ ਉਸ ਦੀ ਯੋਗ ਕਦਰ ਨਹੀਂ ਹੋਈ।

ਮੇਰੀ ਨਜ਼ਰ ਵਿੱਚ ਬਾਬਾਰਾਮ ਸਿੰਘ ਜੀ ਇਕ ਮਹਾਂਪੁਰਸ਼ ਸਨ। ਸਚਾਈ ਤੇ ਧਰਮ ਦੀ ਰੂਹ ਸਨ। ਉਨ੍ਹਾਂ ਦੇ ਲੂੰ ਲੂੰ ਵਿਚ ਪੰਥ ਦਾ ਪਿਆਰ ਰਚਿਆ ਹੋਇਆ ਸੀ। ਜਦ ਉਹ ਦਸਮੇਸ਼ ਪਿਤਾ ਜੀ ਦੇ ਸ਼ੇਰ ਖਾਲਸੇ ਨੂੰ ਗ਼ੁਲਾਮੀ ਦੇ ਸੰਗਲਾਂ ਵਿੱਚ ਬਧਾ ਵੇਖਦੇ ਸਨ ਤਾਂ ਉਨ੍ਹਾਂ ਦਾ ਖ਼ੂਨ ਉਬਲ ਉਠਦਾ ਸੀ। ਉਹ ਇਹ ਬਰਦਾਸ਼ਤ ਨਹੀਂ ਸਨ ਕਰ ਸਕਦੇ ਕਿ ਗੁਰੂ ਕਲ-ਗ਼ੀਧਰ ਜੀ ਦਾ ਸਦਾਣ ਵਾਲਾ ਕੋਈ ਸਿੱਖ ੧੨, ੧੫, ਰੁਪਏ ਮਹੀਨੇ ਤੋਂ ਆਪਣਾ ਸਿਰ ਵੇਚ ਦੇਵੇ ਅਤੇ ਸ਼ਰਾਬ ਨਾਲ ਆਪਣੀ ਅਕਲ ਨੂੰ ਜੰਦਰੇ ਲਾਕੇ ਵਹਿਸ਼ੀ ਪੁਣੇ ਦੇ ਕੰਮ ਪਿਆ ਕਰੇ ਅਰਥਾਤ ਆਂਢੀ ਗੁਆਂਢੀ ਭਰਾਵਾਂ ਨੂੰ ਕਤਲ ਕਰੇ ਤੇ ਉਨ੍ਹਾਂ ਦੇ ਬਾਲ ਬੱਚਿਆਂ ਨੂੰ ਕਿਸੇ ਹੋਰ ਦਾ ਗ਼ੁਲਾਮ ਬਣਾਵੇ।

ਬਾਬਾ ਜੀ ਦਾ ਪਵਿਤ੍ਰ ਜਨਮ ਬਸੰਤ ਪੰਚਮੀ ਵਾਲੇ ਦਿਨ ੧੮੭੨ ਬਿਃ ਨੂੰ ਭੈਣੀ ਸਾਹਿਬ ਜਿਲੇ ਲੁਧਿਆਣਾ ਵਿਚ ਹੋਇਆ ਸੀ ਪਰ ਵੱਡੇ ਹੋਕੇ ਉਨ੍ਹਾਂ ਵੇਖਿਆ ਕਿ ਖਾਲਸਾ ਪੰਥ ਉਤੇ ਤਾਂ ਪਤਿ ਝੜ ਆਈ ਹੋਈ ਹੈ। ਉਹ ਖਾਲਸਾ ਪੰਥ ਰੂਪੀ ਬਾਗ਼ ਉਤੇ ਬਸੰਤ ਲਿਆਵਣਾ ਚਾਹੁੰਦੇ ਸਨ ਏਹ ਉਨ੍ਹਾਂ ਦਾ ਉਦੇਸ਼ ਸੀ ਤੇ ਏਹੋ ਹੀ ਉਨ੍ਹਾਂ ਨੂੰ ਲਗਨ ਸੀ। ਇਸੇ ਗੁਨਾਹ ਬਦਲੇ ਉਹ ਸਦਾ ਲਈ ਜਲਾਵਤਨ ਕੀਤੇ ਗਏ । ਬਾਬਾ ਜੀ ਦਾ ਜੀਵਨ ਪੜ੍ਹਨ ਅਤੇ ਸੁਣਨ ਤੋਂ ਪੂਰੀ ਤਰਾਂ ਨਿਸਚਾ ਹੋ ਜਾਂਦਾ ਹੈ ਕਿ ਓਹ ਨਾਮ ਦੇ ਰਸੀਏ ਧਰਮ ਦੀ ਮੂਰਤ, ਸਚਾਈ ਦੇ ਪੁਤਲੇ, ਕੋਮਲ ਹਿਰਦੇ ਵਾਲੇ ਪੂਰਨ ਗੁਰਸਿਖ ਸਨ ਅਤੇ ਝੂਠ, ਫਰੇਬ ਜ਼ੁਲਮ, ਚੋਰੀ ਵਿਭਚਾਰੀ, ਸ਼ਰਾਬ ਆਦਿਕ

ਬੁਰਾਈਆਂ ਤੋਂ ਉਨ੍ਹਾਂ ਨੂੰ ਸਖ਼ਤ ਨਫ਼ਰਤ ਸੀ। ਉਹ ਸਿੱਖ-ਰਾਜ ਦੇ ਸਮੇਂ ਤੋਂ ਪੰਥ ਵਿੱਚ ਆਈਆਂ ਬੁਰਾਈਆਂ ਨੂੰ ਦੂਰ ਕਰਕੇ ਪੰਥ ਨੂੰ ਪਹਿਲੇ ਵਰਗਾ ਪਵਿਤਰ ਤੇ ਸੱਚਾ ਬੀਰ ਬਨਾਣਾਂ ਚਾਹੁੰਦੇ ਸਨ ਅਤੇ ਅੰਗ੍ਰੇਜ਼ੀ ਰਾਜ ਦੀ ਨਵੀਂ ਹਾਂਨੀ ਕਾਰਕ ਤਹਿਜੀਬ ਤੋਂ ਵੀ ਪੰਥ ਨੂੰ ਖਾਲਸ ਰਖਣਾ ਚਾਹੁੰਦੇ ਸਨ। ਉਨ੍ਹਾਂ ਦੇ ਪਵਿਤ੍ਰ ਜੀਵਨ ਨੇ ਕਈਆਂ ਦੀਆਂ ਜ਼ਿੰਦਗੀਆਂ ਪਲਟਾਦੀਆਂ। ਇਹ ਉਨ੍ਹਾਂ ਦੇ ਉਪਦੇਸ਼ਾਂ ਤੇ ਪਵਿਤਰ ਜੀਵਨ ਦਾ ਹੀ ਅਸਰ ਸੀ ਕਿ ਕਾਤਲ ਸਿਖ ਆਪਣੇ ਆਪ ਅਦਾਲਤਾਂ ਵਿਚ ਜਾ ਹਾਜ਼ਰ ਹੋਂਦੇ ਸਨ ਤੇ ਕਹਿੰਦੇ ਸਨ ਕਿ ਫਲਾਣੇ ਆਦਮੀ ਨੂੰ ਅਸਾਂ ਕਤਲ ਕੀਤਾ ਹੈ, ਬੇਗੁਨਾਹਾਂ ਨੂੰ ਛਡ ਦਿਓ। ੧੮੭੦ ਈ: ਵਿਚ ਕੁਝ ਨਾਮਧਾਰੀ ਅੰਮ੍ਰਿਤਸਰ ਦੇ ਲਹੌਰੀ ਦਰਵਾਜਿਓਂ ਲੰਘੇ। ਉਥੇ ਇਕ ਬੁਚੜ ਖਾਨਾ ਖੁਲਿਆ ਹੋਇਆ ਸੀ। ਅੰਮ੍ਰਿਤਸਰ ਵਿਚ ਮੁਢ ਤੋਂ ਗਊ ਹਤਿਆ ਬੰਦ ਸੀ। ਜਦ ਅੰਗ੍ਰੇਜ਼ੀ ਰਾਜ ਆਇਆ ਤਾਂ ਵੀ ਬੰਦ ਰਹੀ। ਸਰ ਜੋਹਨ ਲਾਰੰਸ ਨੇ ੧੮੪੭ ਈ: ਵਿਚ ਇਕ ਲਿਖਤੀ ਹੁਕਮ ਦਰਬਾਰ ਸਾਹਿਬ ਦੇ ਬਾਹਰ ਲਟਕਾ ਰਖਿਆ ਸੀ। ਕਿ ਅੰਮ੍ਰਿਤਸਰ ਵਿਚ ਗਊ ਹਤਿਆ ਨਾ ਕੀਤੀ ਜਾਵੇ। ਇਨ੍ਹਾਂ ਨਾਮਧਾਰੀ ਸਿਖਾਂ ਨੇ ਜਦ ਵੇਖਿਆ ਕਿ ਪਿਛਲੇ ਰਵਾਜ ਅਤੇ ਹੁਕਮਾ ਦੇ ਵਿਰੁਧ ਇਥੇ ਗਊ-ਹਤਿਆ ਹੋ ਰਹੀ ਹੈ ਤਾਂ ਉਨ੍ਹਾਂ ਨੂੰ ਸਖਤ ਜੋਸ਼ ਆ ਗਿਆ।

ਸ਼ਹਿਰ ਵਿੱਚ ਏਹ ਅਫਵਾਹ ਸੀ ਕਿ ਇਥੇ ਹੋਰ ਵੀ ਗਊ-ਮਾਸ ਵੇਚਣ ਦੀਆਂ ਦੁਕਾਨਾਂ ਖੁਲ੍ਹਣੀਆਂ ਹਨ। ਜੋਸ਼ ਵਿੱਚ ਆਕੇ ਉਨਾ ਨੇ ਕੁਝ ਕਸਾਈਆਂ ਨੂੰ ਕਤਲ ਕਰ ਦਿੱਤਾ ਤੇ ਨਸ ਗਏ। ਉਨ੍ਹਾਂ ਦੀ ਬਜਾਏ ਕੁਝ ਨਿਹੰਗ ਸਿੰਘ ਫੜੇ ਗਏ ਤੇ ਉਨ੍ਹਾਂ ਉਤੇ ਮੁਕਦਮਾਂ ਚਲਾਇਆ ਗਿਆ। ਜਦ ਵਰ੍ਹੇ ਕੁ ਮਗਰੋਂ ਉਹ ਸਿੱਖ ਬਾਬਾ ਰਾਮ ਸਿੰਘ ਜੀ ਪਾਸ ਗਏ ਤਾਂ ਉਨ੍ਹਾਂ ਨੇ ਅਗੋਂ ਤਾੜਕੇ ਆਖਿਆ:-

"ਤੁਸੀਂ ਕਤਲ ਕਰਕੇ ਨਠੇ ਫਿਰਦੇ ਹੋ ਅਤੇ ਤੁਹਾਡੀ ਥਾਂ ਬੇ ਗੁਨਾਹ ਨਿਹੰਗ ਸਿੰਘ ਫੜੇ ਗਏ ਹਨ, ਕੀ ਏਹ ਸਿੰਘਾਂ ਦਾ ਕੰਮ ਹੈ ਕਿ ਆਪਣੀ ਜਾਨ ਬਚਾਕੇ ਦੂਜਿਆਂ ਨੂੰ ਫਸਾ ਦੇਣਾ? ਜਾਓ ਅਤੇ ਅਦਾਲਤ ਵਿਚ ਜਾਕੇ ਆਪਣੇ ਕਸੂਰ ਨੂੰ ਮੰਨੋ ਤੇ ਉਨ੍ਹਾਂ ਬੇਗੁਨਾਹਾਂ ਨੂੰ ਛਡਾਓ"

ਇਹ ਸੁਣਦੇ ਸਾਰ ਉਹ ਸਿੰਘ ਅੰਮ੍ਰਿਤਸਰ ਆ ਗਏ। ਹਾਕਮਾ ਦੇ ਪੇਸ਼ ਹੋਕੇ ਸਭ ਕੁਝ ਸਚੋ ਸਚ ਦਸ ਦਿਤਾ। ਹਸਦਿਆਂ ੨ ਆਪਣੇ ਕੀਤੇ ਦੀ ਸਜ਼ਾ ਪਾਈ ਤੇ ਬੇਗੁਨਾਹਾਂ ਨੂੰ ਬਚਾ ਲਿਆ।

ਇਹ ਹੈ ਸਿੱਖੀ ਸ਼ਾਨ। ਬਾਬਾ ਜੀ ਸਿੱਖਾਂ ਨੂੰ ਇਸ ਤਰ੍ਹਾਂ ਸਚਾਈ ਤੇ ਚਲਣ ਵਾਲੇ ਤੇ ਹਸ ਹਸ ਕੇ ਮਰਨ ਵਾਲੇ ਬਨਾਣਾ ਚਾਹੁੰਦੇ ਸਨ।

ਇਸ ਸਮੇ ਦੇ ਨਾਮਧਾਰੀ ਵੀਰਾਂ ਦੀ ਰਹਿਣੀ ਬਹਿਣੀ ਜਾਂ ਧਾਰਮਕ ਖਿਆਲਾਂ ਨਾਲ ਭਾਵੇਂ ਸਾਡਾ ਕਿਤਨਾ ਹੀ ਵਿਰੋਧ ਹੋਵੇ. ਪਰ ਸਾਨੂੰ ਸ੍ਰੀ ਬਾਬਾ ਰਾਮ ਸਿੰਘ ਜੀ ਦੀ ਜ਼ਰੂਰ ਯੋਗ ਇਜ਼ਤ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਯਾਦਗਾਰ ਹਰ ਇਕ ਸਿੱਖ ਨੂੰ ਉਸੇ ਤਰ੍ਹਾਂ ਮਨਾਣੀ ਚਾਹੀਦੀ ਹੈ ਜਿਸ ਤਰ੍ਹਾਂ ਹੋਰ ਸ਼ਹੀਦ ਸਿੰਘਾਂ ਦੀ ਮਨਾਈ ਜਾਂਦੀ ਹੈ।

Sri Satguru Jagjit Singh Ji Elibrary NamdhariElibrary@gmail.com

ਜੇ ਨਾਮਧਾਰੀ ਵੀਰ ਬਾਬਾ ਰਾਮ ਸਿੰਘ ਜੀ ਨੂੰ ਗੁਰੂ ਮੰਨਦੇ ਹਨ ਤਾਂ ਅਸੀ ਕਿਉਂ ਨਾਰਾਜ ਹੋਈਏ ? ਅਤੇ ਜੇ ਅਸੀਂ ਉਨਾ ਨੂੰ ਗੁਰੂ ਨਹੀਂ ਮੰਨਦੇ ਤਾਂ ਨਾਮਧਾਰੀ ਭਰਾ ਕਿਉਂ ਗੁੱਸੇ ਹੋਣ ? ਜਦ ਇਹ ਸਚਾਈ ਹੈ ਕਿ ਬਾਬਾ ਜੀ ਪੂਰਨ ਗੁਰਸਿਖ ਤੇ ਮਹਾਂਪੁਰਸ਼ ਹੋਏ ਹਨ । ਉਨ੍ਹਾਂ ਨੇ ਨਵੇਂ ਸਿਰੇ ਪੰਥ ਦੀ ਜਥੇਬੰਦੀ ਕਾਇਮ ਕੀਤੀ ਅਤੇ ਪੰਥ ਦੀ ਖਾਤਰ ਹੀ ਉਨ੍ਹਾਂ ਨੇ ਸਭ ਕੁਝ ਕੁਰਬਾਨ ਕੀਤਾ ਤਾਂ ਅਸੀਂ ਕਿਉਂ ਨਾਂ ਸਚੇ ਸ਼ਹੀਦਾਂ ਵਾਂਙੂ ਉਨ੍ਹਾਂ ਦੀ ਯਾਦਗਾਰ ਮਨਾਈਏ ? ਮੇਰੀ ਰਾਇ ਹੈ ਕਿ ਬਸੰਤ ਪੰਚਮੀ ਵਾਲੇ ਦਿਨ ਹਰ ਇਕ ਗੁਰਦਵਾਰੇ ਵਿਚ ਸ੍ਰੀ ਬਾਬਾ ਰਾਮ ਸਿੰਘ ਜੀ ਦੇ ਜੀਵਨ ਉਤੇ ਲੈਕਚਰ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਦੀ ਯਾਦਗਾਰ ਮਨਾਈ ਜਾਣੀ ਚਾਹੀਦੀ ਹੈ।

ਇਸ ਵੇਲੇ ਖਾਲਸਾ ਪੰਥ ਦੀ ਜਥੇਬੰਦੀ ਪਹਿਲੇ ਵਰਗੀ ਨਹੀ । ਗਰਜ਼ਮੰਦ ਲੋਕਾਂ ਨੇ ਫਿਰਕਿਆਂ ਵਿਚ ਅਜਿਹੀ ਦੁਫੇੜ ਪਾਈ ਹੈ ਕਿ ਇਹ ਦਿਨੋ ਦਿਨ ਵਧਦੀ ਹੀ ਜਾਂਦੀ ਹੈ। ਨਾਮਧਾਰੀ ਵੀਰਾਂ ਨਾਲ ਵੀ ਪੰਥ ਦਾ ਅਜਿਹਾ ਪਿਆਰ ਨਹੀ ਜਿਹਾ ਕਿ ਹੋਣਾ ਚਾਹੀਦਾ ਹੈ। ਇਸ ਦਾ ਕਾਰਨ ਕੀ ਹੈ ? ਕਈ ਕਹਿਣਗੇ ਕਿ ਉਨ੍ਹਾਂ ਦੇ ਧਾਰਮਕ ਖਿਆਲ ਸਾਡੇ ਨਾਲ ਨਹੀ ਮਿਲਦੇ ਪਰ ਅਸਲ ਗਲ ਇਹ ਨਹੀ ਹੈ। ਧਾਰਮਕ ਖਿਆਲਾਂ ਦਾ ਆਪੋ ਵਿਚ ਵਿਰੋਧ ਅਕਾਲੀਆਂ ਦਾ ਭੀ ਹੈ । ਇਸ ਦੁਫੇੜ ਦੀ ਨੀਂਹ ਵਿਚ ਪੰਥ ਦੇ ਦੁਸ਼ਮਨਾਂ ਦੀ ਬੜੀ ਡੂੰਘੀ ਚਾਲ ਹੈ । ਜਿਸਨੂੰ ਸਮਝਣਾ ਸੌਖਾ ਕੰਮ ਨਹੀਂ ।

ਸਮਾ ਬੜਾ ਭਿਆਨਕ ਆ ਰਿਹਾ ਹੈ ਦੁਸ਼ਮਣ ਦਾ ਫਾਇਦਾ ਇਸੇ ਵਿਚ ਹੈ ਕਿ ਖਾਲਸਾ ਪੰਥ ਖੇਰੂੰ ਖੇਰੂੰ ਰਹੇ ਤੇ ਆਪੋ ਵਿਚ ਖਹਿ ਖਹਿ ਹੁੰਦੀ ਰਹੇ । ਸਾਨੂੰ ਸੁਚੇਤ ਹੋਣਾ ਚਾਹੀਦਾ ਹੈ ਤੇ ਵੈਰੀਆਂ ਦੀ ਚਾਲ ਨੂੰ ਸਮਝਣਾ ਚਾਹੀਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਾਂ ਗੁਰੂਆਂ ਨੂੰ ਮੰਨਣ ਵਾਲੇ ਸਾਰੇ ਭਰਾ ਹਨ ਉਨ੍ਹਾਂ ਨੂੰ ਆਪੋ ਵਿਚ ਭਰਾਵਾਂ ਵਰਗੇ ਪਿਆਰ ਨਾਲ ਰਹਿਣਾ ਤੇ ਵਰਤਨਾ ਚਾਹੀਦਾ ਹੈ। ਧਾਰਮਕ ਖਿਆਲਾਂ ਵਿਚ ਜਾਂ ਰਹਿਣੀ ਬਹਿਣੀ ਵਿਚ ਰਾਇ ਦਾ ਵਿਰੋਧ ਹੋਣਾ ਕੋਈ ਵਡੀ ਗਲ ਨਹੀਂ। ਸਾਨੂੰ ਖੁਲ੍ਹੇ ਦਿਲ ਨਾਲ ਆਪਣੇ ਵਿਰੁਧ ਰਾਇ ਨੂੰ ਸੁਣਨਾ ਤੇ ਸਹਾਰਨਾ ਚਾਹੀਦਾ ਹੈ, ਅਤੇ ਪੂਰਨ ਪਿਆਰ ਦੀ ਵਰਤੋਂ ਕਰਨੀ ਚਾਹੀਦੀ ਹੈ । ਪੰਥ ਉਤੇ ਜੇ ਕੋਈ ਸਾਂਝੀ ਮੁਸੀਬਤ ਆਵੇ ਤਾਂ ਉਸਦਾ ਰਲਕੇ ਮੁਕਾਬਲਾ ਕਰਨਾ ਚਾਹੀਦਾ ਹੈ।

ਬਾਬਾ ਰਾਮ ਸਿੰਘ ਜੀ ਦੀ ਯਾਦਗਾਰ ਮਨਾਣੀ ਸਾਡਾ ਫਰਜ਼ ਹੈ । ਲੋਕੀ ਦੂਜੇ ਮਜ਼ਹਬਾ ਦੇ ਬਜ਼ੁਰਗਾਂ ਤੇ ਸ਼ਹੀਦਾਂ ਨੂੰ ਆਪਣਾ ਬਣਾ ਰਹੇ ਹਨ ਪਰ ਅਸੀਂ ਆਪਣੇ ਮਹਾਂਪੁਰਸ਼ਾਂ ਤੇ ਸੂਰਬੀਰਾਂ ਨੂੰ ਤਿਆਗ ਰਹੇ ਹਾਂ । ਜੇ ਅਸੀਂ ਬਾਬਾ ਰਾਮ ਸਿੰਘ ਜੀ ਦੀ ਯਾਦਗਾਰ ਮਨਾਈਏ ਤਾਂ ਇਕ ਤਾਂ ਅਸੀ ਆਪਣੇ ਸ਼ੁਕਰਗੁਜ਼ਾਰੀ ਦੇ ਫਰਜ਼ ਨੂੰ ਪੂਰਾ ਕਰਾਂਗੇ, ਦੂਜੇ ਨਾਮਧਾਰੀ ਵੀਰਾਂ ਨਾਲ ਪਿਆਰ ਦਾ ਸਬੰਧ ਵਧੇਰੇ ਮਜਬੂਤ ਕਰਾਂਗੇ ਤੇ ਤਿਸਤਰ੍ਹਾਂ ਕਾਰਨ ਨਾਲ ਅਸੀਂ ਪੰਥਕ ਜਥੇਬੰਦੀ ਨੂੰ ਪਕਿਆਂ ਕਰਨ ਵਿੱਚ ਮਦਦ ਗਾਰ ਸਾਬਤ ਹੋਵਾਂਗੇ।

ਬਾਬਾ ਰਾਮ ਸਿਘ?
ਕਿ
ਗੁਰੂ ਰਾਮ ਸਿੰਘ?
ਕਿ
ਸਤਿਗੁਰੂ ਰਾਮ ਸਿੰਘ?

(ਵਲੋਂ ਸ੍ਰੀ ਮਾਨ ਵੈਦ ਨੌਰੰਗ ਸਿੰਘ ਜੀ "ਤਾਂਘੀ" ਜਨਰਲਿਸਟ ਅੰਮ੍ਰਿਤਸਰ)

ਜੇ ਬਸੰਤ ਪੰਚਮੀ ਵਾਲੇ ਬਸੰਤ ਦਿਹਾੜੇ "ਉਦੇ" ਹੋਣ ਵਾਲੇ ਮਹਾਂ ਪੁਰਸ਼ ਨੂੰ ਬਾਬਾ ਰਾਮ ਸਿੰਘ ਕਹਾਂ ਤਾਂ ਕਲਮ ਉਸਦੇ ਉਚੇ ਤੇ ਸੁਚੇ ਜੀਵਨੀ ਕਾਰਨਾਮਿਆਂ ਦੇ ਬਾਬਾ ਲਿਖਣੋਂ ਆਸਮਰਥ ਹੈ! ਜੇ ਬਸੰਤ ਪੰਚਮੀ ਵਾਲੇ ਮਹਾਂ ਅਨੰਦੀ ਦਿਵਸ ਪੁਰ ਮਾਤਲੋਕ ਦੇ ਉਧਾਰ ਲਈ, ਨਾਮ ਦੇ ਪ੍ਰਚਾਰ ਲਈ, ਜ਼ੁਲਮ ਦੇ ਪ੍ਰਹਾਰ ਲਈ ਸੰਸਾਰ ਉੱਤੇ ਔਣ ਵਾਲੇ ਸਾਂਈਂ !ਨੂੰ ਸਾਂਈਂ ਲੋਕ ਗੁਰੂ ਰਾਮਸਿੰਘ ਕਹਾਂ ਤਾਂ ਇਹ ਤਾਂ ਉਨ੍ਹਾਂ ਦੀ ਹੱਤਕ ਹੈ ਕਿਉਂਕਿ ਬਾਬਾ ਰਾਮ ਸਿੰਘ, ਹਿੰਦੁਸਤਾਨ ਦੇ ਹਜਾਰਾਂ ਨਹੀਂ, ਲੱਖਾਂ ਨਹੀਂ, **ਕ੍ਰੋੜਾਂ ਗੁਰੂਆਂ ਦਾ ਗੁਰੂ** ਹੈ।

ਜੇ ਬਸੰਤ ਪੰਚਮੀ ਵਾਲੇ ਪੰਚੈਤੀ ਦਿਹਾੜੇ ਦ੍ਰਸ਼ਨ ਦੇਕੇ ਪੰਚੈਤੀ ਅਸੂਲਾਂ ਦੇ ਪ੍ਰਚਾਰਕ 'ਲੋਕ-ਭਲਾਈ' ਦੇ ਪ੍ਰੇਮੀ ਬਾਬਾ ਰਾਮ ਸਿੰਘ ਨੂੰ ਸਤਿਗੁਰੂ ਰਾਮ ਸਿੰਘ ਕਹਾਂ ਤਾਂ ਓਹ ਕ੍ਰੋੜਾਂ ਬੰਦੇ (ਇਸਤ੍ਰੀ-ਪੁਰਸ਼) ਦਿਲ ਵਿਚ ਕੁੜ੍ਹਨਗੇ ਜੋ "ਸਤਿ" ਤੇ "ਗੁਰੂ" ਪਦ ਦੇ ਅਸਲ ਅਸੂਲ ਤੋਂ ਨਿਵਾਕਫ ਹਨ।

ਫਿਰ ਕੀ ਬਾਬਾ ਕਹਾਂ ? ਗੁਰੂਕਹਾਂ ? ਸਾਂਈ ਲੋਕ ਆਖਾਂ ? ਗੁਣੀ ਕਹਾਂ ? ਮੁਨੀ ਕਹਾਂ ? ਯੋਗੀ ਕਹਾਂ ? ਗਜ਼ਾਨੀ ਕਹਾਂ ? ਬ੍ਰਹਮ ਗਜ਼ਾਨੀ ਕਹਾਂ ? ਧਿਆਨੀ ਕਹਾਂ ? ਲੀਡਰ ਕਹਾਂ ? ਰਹਿਬਰ ਕਹਾਂ ? ਵਲੀ ਕਹਾਂ ? ਹਾਦੀ ਕਹਾਂ ? ਪੀਰ ਕਹਾਂ ? ਫਕੀਰ ਕਹਾਂ ? **ਸਚਾ ਸਿਖ ਕਹਾਂ?** ਜਥੇਦਾਰ ਕਹਾਂ ? ਏਕਤਾ ਦਾ ਮਾਲਕ ਕਹਾਂ? ਲੋਕਰਾਜ ਦਾ ਪ੍ਰਚਾਰਕ ਕਹਾਂ ? ਆਜ਼ਾਦੀ ਦਾ ਆਸ਼ਕ ਕਹਾਂ ? ਗ਼ੀਬਾਂ ਦਾ ਸਹਾਇਕ ਕਹਾਂ ? ਅਨਾਥਾਂ ਦਾ ਅਨਾਥ ਕਹਾਂ ? ਸਾਦਗੀ ਦਾ ਪੁਤਲਾ ਕਹਾਂ ? ਦ੍ਰਿੜ੍ਹਤਾ ਦਾ ਹਮਾਲਯ ਕਹਾਂ ? ਰਾਜ ਨੀਤੀ ਦਾ ਮਾਹਰ ਕਹਾਂ ? ਦੁਖੀਆਂ ਦੀ ਠਾਹਰ ਕਹਾਂ ? ਇਲਾਹੀ ਸਰੂਰ ਦਾ ਸੋਮਾ ਕਹਾਂ ? ਨਾਮ ਦਾ ਸਾਗਰ ਕਹਾਂ ? ਪਵਿਤ੍ਰਤਾ ਦਾ ਦੇਵਤਾ ਕਹਾਂ ? ਓਇ ਦੁਨੀਆਂ ਦੇ ਲੋਕੋ ! ਓਇ ਇਤਹਾਸ ਦੇ ਜਾਣੂਓ ! ਓਇ ਉਚਉਡਾਰੀਆਂ ਨਾਲ ਲਾਣ ਵਾਲੇ ਕਵੀਓ? ਭਾਵੀ ਤੁਸੀ ਚਾ ਦਸੋ ਮੈਂ ਕਹਾਂ, ਤੇ ਕੀ ਕਹਾਂ, ਭਾਈ ਜਰਾ ਇਤਹਾਸ ਦੇ ਪਤ੍ਰੇ ਪਰਤ ਲਓ ! ਸੀਨੇ ਬਾ-ਸੀਨੇ ਸੁਣੀਆਂ ਸਾਖੀਆਂ ਦੀ ਸਾਖ (ਉਗਾਹੀ) ਦਿਓ ! ਨਹੀ ! ਨਹੀ !! ਬਦੀ ਮਨ ਤੋਂ ਪੁਛੋ। ਡਾਟ ਕੇ ਪੁਛੋ ! ਪ੍ਰੇਮ ਨਾਲ ਦਸੋ ਕਿ ਉਸ ਨਾਮ ਦੇ ਸੋਮੇ, ਏਕਤਾ ਦੇ ਸਾਂਈ ਲੋਕ ਭਲਾਈ ਆਸ਼ਕ, ਨਾਮ ਦੇ ਰਮੀਏ, ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਜੀ ਦੇ ਪੂਰਨਿਆਂ ਪੁਰ ਚਲਣ ਵਾਲੇ ਬੇ ਨਜ਼ੀਰ, ਬੇ ਮਸਾਲ, ਲਾਸਾਨੀ ਬਾਬਾ ਰਾਮ ਸਿੰਘ ਜੀ ਨੂੰ ਕੀ ਕਹਾਂ ਲਓ ਬਦੀ ਨਾਂ ਦਸੋ, ਕੋਈ ਵਾਹ ਏ,

ਗੁਜੇ ਹੋਣ ਵਾਲਿਓ, ਗੁਸੇ ਨਾ ਹੋਣਾ, ਸਮਝਣਾਂ, ਸੋਚਣਾਂ, ਬੁਝਨਾਂ, ਵਿਚਾਰਨਾਂ ਨਿਤਾਰਨਾ, "ਸਤਿਗੁਰੂ" ਆਖਦੇ ਜੇ ਉਸ ਨੂੰ ਜੋ ਸੰਸਾਰ ਉਤੇ "ਸਤਿ" ਰਹੇ ਸੋ ਜਦੋਂ ਤਕ ਦੁਨੀਆਂ ਦੇ ਤਖ਼ਤੇ ਉਤੇ ਜੀਵਾਂ ਦੀ ਹਸਤੀ ਕਾਇਮ ਹੈ ਤੇ ਇਨ੍ਹਾਂ ਵਿਚੋਂ ਪੈਦਾ ਹੋਣ ਵਾਲੇ ਮਹਾਂ-ਪੁਰਸ਼ਾਂ ਦੀ ਹਸਤੀ ਤੇ ਧਰਤੀ ਉਤੇ ਚੰਦ ਸੂਰਜ ਦੀ ਮਜੂਦਗੀ ਏ ਉਦੋਂ ਤਕ ਬਾਬਾ ਰਾਮ ਸਿੰਘ ਜੀ ਦਾ ਨਾਮ "ਸਤਿ" ਹੈ ਉਹਨਾਂ ਦੀ ਕਰਨੀ ਸਤ ਹੈ। ਇਸ ਲਈ ਦਸੋ ਓਨਾਂ ਨੂੰ "ਸਤਿਗੁਰ" ਰਾਮ ਸਿੰਘ ਆਖਣ ਵਿਚ ਸ਼ਕ ਹੀ ਕੀ ਏ ? ਫਿਰ ਦਸੋ ? ਕਿਉਂ ਨਾਂ ਕਹ ਤੇ ਇਸ ਵਿਚ ਹਰਜ਼ ਵੀ ਕੀ ਏ ? ਕਿ ਜੇ ਬਾਬਾ ਰਾਮ ਸਿੰਘ ਜੀ ਸਾਹਿਬ ਨੂੰ ਕਹਾਂ ! ਹੇ ਬਸੰਤ ਪੰਚਮੀ ਵਾਲੇ ਦਿਨ ਉਦੇ ਹੋਣ ਵਾਲੇ ਬਾਬਾ !

"ਤੂੰ"

ਧੰਨ ਹੈ ! ਧੰਨ ਹੈਂ !! ਧੰਨ ਹੈਂ !!! ਧੰਨ ਹੈਂ !!!
ਧੰਨ ਹੈਂ !!!!

(ਵਲੋਂ ਸ੍ਰੀ ਮਾਨ ਮਾਸਟਰ ਨਰੈਣ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ)

ਦੇਵੀ ਦੇਵਤੇ ਜਿਨ ਮਲਾਇਕ ਇੰਸਾਨ,ਤੇਰੇ ਚਰਨਾਂ ਦੀ ਖਾਕ ਨੂੰ ਤਰਸਦੇ ਨੇ।
ਤੇਰੇ ਪ੍ਰੇਮ ਦੇ ਵਿੱਚ ਗੁਲਤਾਨ ਹੋਇ, ਛਮ ੨ ਅੱਖੀਆਂ ਤੇ ਹੰਝੂ ਬਰਸਦੇ ਨੇ।
ਦੀਨ ਦੁਨੀਂ ਦੀ ਨਹੀਂ ਪ੍ਰਵਾਹ ਰਖਣ, ਓਹ ਸਦਾ ਭੁੱਖੇ ਤੇਰੇ ਦਰਸਦੇ ਨੇ।
ਰਾਮ ਰੂਪ, ਅਨੂਪ ਦਾ ਧਾਰ ਸਤਿਗੁਰ,ਰਾਮ ਸਿੰਘ ਸਤਿਗੁਰ ਭਵਨ ਪਰਸਦੇ ਨੇ।
ਕਈ ਵਿੱਚ ਪ੍ਰੇਮ ਦੇ ਮਗਨ ਹੋਇ, ਕਈ ਪਏ ਝੂਲਣ ਉਪਰ ਫਰਸ਼ਦੇ ਨੇ।
ਰਾਮ ਸਿੰਘ ਨਾਰਾਇਣ ਦਸਮੇਸ਼ ਸਤਿਗੁਰ, ਜ਼ਲਵਾ ਪਾਕ ਰਬੀ ਉੱਪਰ ਅਰਸ਼ਦੇ ਨੇ।

—:00:—

(ਵਲੋਂ ਸ੍ਰੀ ਮਾਨ ਸ੍ਰ: ਈਸਰ ਸਿੰਘ ਜੀ "ਦਲੇਰ")

ਮਾਘ ਸੁਦੀ ਪੰਚਮੀ ਤੇ ਵੀਰ ਸੋਹਣਾ ਵਾਰ ਲਗਾ,
ਉਚੀ ਬੋਲ ਦਾਈ ਨੇ ਅਵਾਜ ਏਹ ਸੁਨਾਈ ਏ।
ਆਓ ਆਓ ਆਓ ਭਾਗਾਂ ਵਾਲਿਓ ਦੀਦਾਰ ਪਾਓ,
ਮਾਤਾ ਗ੍ਰਿਹਿ ਸੁਧਾ ਜੋਤ ਰਬੀ ਚਲ ਆਈ ਏ।
ਸੁਨਕੇ ਅਵਾਜ ਇਹ ਸੁਰੀਲੀ ਪਿਤਾ ਜੱਸਾ ਸਿੰਘ,
ਆਇਆ ਕਰ ਧਾਈ ਖੁਸ਼ੀ ਜਾਮੇ ਨਾ ਸਮਾਈ ਏ।
ਖੋਲਕੇ ਬੁਖਾਰ ਧਨ ਵੰਡਿਆ ਅਪਾਰ ਆਪ,
ਕਰਾਂ ਕੀ ਸ਼ੁਮਾਰ ਬਲ ਮੇਰੇ ਮੈਂ ਨ ਕਾਈ ਏ।
ਹਥ ਜੋੜ ਬਿਨੇ ਕਰ ਆਖਦਾ "ਦਲੇਰ" ਭਾਈ,
ਸੰਤ ਖਾਲਸੇ ਨੂੰ ਮੇਰੀ ਬਹੁਤ ਹੀ ਵਧਾਈ ਏ।
ਮਿਲਕੇ ਤੇ ਨਰ ਨਾਰੀ ਮੰਗਲ ਅਪਾਰ ਗਾਓ,
ਭਾਗਾਂ ਭਰੀ ਸੁੰਦਰ ਬਸੰਤ ਰੁਤ ਆਈ ਏ।

Sri Satguru Jagjit Singh Ji Elibrary NamdhariElibrary@gmail.com

ਸੁਚ ਸੋਧ ਦੀ ਰੀਤ ਚਲਾਈ ਆਕੇ

(ਵਲੋਂ ਸ੍ਰੀ ਮਾਨ ਸ੍ਰ: ਹਰਨਾਮ ਸਿੰਘ ਜੀ ਪਟਿਆਲਾ)

ਤੜਕੇ ਸਵਾ ਕੂ ਪਹਿਰ ਦੇ ਵਾਜ ਆਈ ਉਠ ਰਾਗੀਆ ਨੀਂਦ੍ਰੇ ਸੁੱਤਿਆ ਵੇ।
ਮੈਂ ਹਾਂ ਪੰਚਮੀ ਰੁਤ ਬਸੰਤ ਵਾਲੀ ਖਵਰਦਾਰ ਹੋ ਸਮੇ ਤੋਂ ਉੱਕਿਆ ਵੇ।
ਕਰ ਸਿਫਤ ਸਲਾਹ ਗੁਰ ਬਾਹਰਵੇਂ ਦੀ, ਛਡ ਨੀਂਦ ਆਲਸ ਵਿਚ ਗੁੱਤਿਆ ਵੇ।
ਨਾਮ ਦਾਨ ਇਸ਼ਨਾਨ ਤੋਂ ਹੋਇਓਂ ਗ਼ਾਫ਼ਲ ਸਤਿਗੁਰ ਰਾਮ ਸਿੰਘ ਦੇ ਦਰਦੇ ਕੁੱਤਿਆ ਵੇ।
ਭੁਲੋਂ ਸੋਧ ਬਿਬੇਕ ਕੁਸੰਗਤੀ ਬਣ ਰੀਤ ਭਜਨ ਦੀ ਚਿਤੋਂ ਭੁਲਾਈ ਆਕੇ।
ਓਸ ਸਤਿਗੁਰੂ ਦਾ ਚਾਕਰ ਹੋ ਜਿਸਨੇ ਸੁਚ ਸੋਧ ਦੀ ਰੀਤ ਚਲਾਈ ਆਕੇ।
ਖੜੇ ਹੋ ਸਟੇਜ਼ਾਂ ਤੇ ਪਾਣ ਰੌਲਾ ਬਾਂਹਾਂ ਲੰਮੀਆਂ ਕਰ ਕਰ ਪੁਕਾਰ ਗਏ ਨੇ।
ਰਾਮ ਕਿਸ਼ਨ ਬਸ-ਦੇਵ ਦੀ ਲੋੜ ਨਾਹੀ, ਕਿਓਂਕਿ ਪਿਛਲੇ ਜੁਗੀ ਹੋ ਅਵਤਾਰ ਗਏ ਨੇ।
ਆਪੋ ਅਪਣਾ ਪਹਿਰਾ ਵਜਾ ਕਰਕੇ ਗੁਰੂ ਨਾਨਕ, ਨੂੰ ਪਹਿਰਾ ਸਮਾਰ ਗੇ ਨੇ।
ਯਾਤਾਂ ਰੂਪ ਧਰਕੇ ਓੜੀ ਗੁਰੂ ਨਾਨਕ, ਪੂਰੀ ਯਾਤਰਾ ਕਰ ਸੰਸਾਰ ਗੇ ਨੇ।
ਓਹਾ ਜੋਤ ਆਟੋ ਦੁਆਦਸ਼ ਗੁਰੂ ਅੰਦਰ ਚੀਨੀ ਵਾਲੇ ਦੀ ਫਿਰੀ ਦੁਹਾਈ ਆਕੇ।
ਕੰਮ ਰਾਖਸ਼ਾਂ ਵਾਲੇ ਛੁਡਾਏ ਜੀਨੂੰ, ਸੁਚ ਸੋਧ ਦੀ ਰੀਤ ਚਲਾਈ ਆਕੇ।
ਦਸਮ ਰੂਪ ਅੰਦਰ ਸਤਿਗੁਰ ਰਾਮ ਸਿੰਘ ਜੀ ਨੇ, ਏਹ ਸੰਗਤ ਨੂੰ ਕੀਤਾ ਫੁਰਮਾਨ ਹੈ ਸੀ।
ਰਹਿਣੀ ਰਹੇ ਤੇ ਸਿਖ ਸਦਾਏ ਸੋਈ ਚੇਲਾ ਆਪ ਬਣ ਕੀਤਾ ਫੁਰਮਾਨ ਹੈ ਸੀ।
ਜਹਾਂ ਕਹਾਂ ਪ੍ਰਸਾਦਿ ਨਾ ਸਿਖ ਖਾਵੇ ਜਿਹਾ ਹਿੰਦੂ ਤਿਹਾ ਮੁਸਲਮਾਨ ਹੈ ਸੀ।
ਤੀਜਾ ਪੰਥ ਨਿਆਰਾ ਰਹੇ ਖਾਲਸਾ ਜੀ ਦੇ ਸ਼ਕਤ ਕੀਤਾ ਹੁਕਮਰਾਨ ਹੈ ਸੀ।
ਐਪਰ ਭੁਲ ਗੇ ਹੁਕਮ ਦਾਤਾਰ ਜੀ ਦਾ, ਖਾ ਮੁਰਦਾਰ ਗਿਲਾਨੀ ਵਰਤਾਈ ਆਕੇ।
ਤਾਂਹੀਂ ਚੀਨੀ ਵਾਲੇ ਨੇ ਔਤਾਰ ਲੈਕੇ ਸੁਚ ਸੋਧ ਦੀ ਰੀਤ ਚਲਾਈ ਆਕੇ।
ਮਹਾ ਕਾਲ ਨੇ ਦੇਖਕੇ ਅਰਸ਼ ਉਤੇ, ਚੀਨੀ ਵਾਲੇ ਨੂੰ ਕਰਤਵ ਦਿਖਾਏ ਸਾਰੇ
ਨਾਂਮ ਰਖ ਕੁਰਬਾਂਨੀ ਦਾ ਮੁਸਲਮੀਨਾਂ ਗਊਆਂ ਦੁੰਬੇ ਖਾ ਖਾ ਖਪਾਏ ਸਾਰੇ।
ਸ਼ਕਤੀ ਆਦ ਦੇਵੀ ਉਤੇ ਹਿੰਦੂਆਂ ਨੇ ਝੋਟੇ ਬਕਰੇ ਮਾਰ ਝੜਾਏ ਸਾਰੇ।
ਏਧਰ ਖਾਲਸਾ ਜੀ ਨੇ ਨਹੀ ਘਟ ਕੀਤੀ ਅੰਡੇ ਸੂਰ ਮੁਰਗੇ ਖਾਏ ਮੁਕਾਏ ਸਾਰੇ।
ਦੈਆ ਜੀਆਂ ਦੇ ਉਤੇ ਨਾ ਕੋਈ ਕਰਦਾ ਧੀ ਗਊ ਸੀ ਮਾਰ ਮੁਕਾਈ ਆਕੇ।
ਚੀਨੀ ਵਾਲੇ ਤਾਂਹੀ ਅਵਤਾਰ ਲੈਕੇ ਸੁਚ ਸੋਧ ਦੀ ਰੀਤ ਚਲਾਈ ਆਕੇ।

(ਵਲੋਂ ਸ੍ਰ: ਤਰਨ ਸਿੰਘ ਜੀ ਹਿੰਦੂ ਚੱਕ)

ਦਸਮ ਪਾਤਸ਼ਾਹ ਖੂਨ ਬਹਾ ਅਪਨਾ, ਹੱਥੀਂ ਪਿਤਾ ਪਿਆਰਾ ਦਿੱਲੀ ਟੋਰ ਕੇ ਤੇ।
ਰੱਖੀ ਹਿੰਦ ਦੀ ਲਾਜ ਸੁਕਾਜ ਕੀਤਾ, ਅੱਖਾਂ ਸਾਮ੍ਹਣੇ ਲਾਲ ਚਮਕੌਰ ਦੇ ਕੇ।
ਚੱਲੇ ਪੈਰ ਪਿਆਦਿਆਂ ਭੁੰਜ ਲੇਟੇ, ਤਰ੍ਹਾਂ ਤਰ੍ਹਾਂ ਦੇ ਕਸ਼ਟ ਕਈ ਅਉਰ ਦੇਖੇ।
ਕੇਹੜੇ ਦੁਖ ਤੋਂ ਪੇਟ ਕਟਾਰ ਵੱਜੀ, ਗੁਰੂ ਸਾਹਿਬ ਦੇ, ਸੋਚੀਏ ਗੌਰ ਦੇ ਕੇ।
ਪੰਥ ਤੀਸਰਾ ਸਾਜਿਆ ਧ੍ਰਮ ਰੱਖਕ, ਸਾਰੀ ਆਪਣੀ ਜੋਧ ਕਮਾਈ ਲਾ ਕੇ।
ਜ਼ੁਲਮ ਹਾਨ ਕਰ ਜਾਨ ਅਕਮਈ ਹੁੰਦੀ, ਸੁਚ ਸੋਧ ਦੀ ਰੀਤ ਚਲਾਈ ਆ ਕੇ।
ਸਮਾ ਪਾਇਕੇ ਆਪ ਅਲੋਪ ਹੋਏ, ਬਾਦ ਕਹਾਂ ਕੀ ਪੰਥ ਦਾ ਹਾਲ ਹੋਇਆ।
ਕੁਝ ਮੋਏ ਕੁੜ ਹੋਏ ਬਿਧ੍ਰਮ ਖੁਲ੍ਹੇ, ਧੁਲ੍ਹੇ ਮਾਲ ਤੇ ਹੋਰ ਖਿਆਲ ਹੋਇਆ।
"ਜਹਾਂ ਕਹਾਂ" ਦੀ ਸੋਧ ਵਿਚਾਰ ਭੁੱਲੀ, ਨਿਆਰਾ ਖਾਲਸੇ ਰਹਿਣ ਮਹਾਲ ਹੋਇਆ।
ਭਲੀ ਲੀਕ ਕੁਝ ਰਹੀ "ਰਣਜੀਤ" ਤੀਕਰ ਬਾਦ ਅਤ ਦਾ ਜੋਰ ਬਿਸਾਲ ਹੋਇਆ।
ਛਡ ਪ੍ਰੇਮ ਇਤਫਾਕ ਤੇ ਪਾਕ ਰਹਿਣਾ, ਮਿਟੀ ਰਾਜ ਦੀ ਝਟ ਉਡਾਈ ਆਕੇ।
ਰਿਹਾ ਬੋਧ ਨ ਸ੍ਰੀ ਦਸਮੇਸ਼ ਜੇਹੜੀ, ਸੁਚ ਸੋਧ ਦੀ ਰੀਤ ਚਲਾਈ ਆਕੇ।
ਫੁਟਾਂ ਪਾਇਕੇ ਰਾਜ ਲੁਟਾਇ ਬੈਠੇ, ਤੇਰਾ ਆਇਕੇ ਲਿਆ ਜਮਾਇ ਗੋਰੇ।
ਛਡੀ ਕਿਸੇ ਦੀ ਨਾ ਸ਼ਾਨ ਆਨ ਔਦੇ, ਦੀਨ-ਦੀਨ ਕਰ ਆਪਣੀ ਈਨ ਟੋਰੇ।
ਲੱਬ ਰਬ ਬਨਿਆ ਪਾਪ ਬਾਪ ਮਾਈ, ਕਪਟ ਨਿਕਟ-ਵਰਤੀ ਝੂਠ ਜੂਠ ਮੋਰੇ।
ਭਾਰਤ ਦੁਖੀ ਹੋ "ਦੀਨ-ਦਇਆਲ" ਅਗੇ ਝੋਲੀ ਅਡ ਰੁਨੀ ਝੁਰੀ ਸਭ ਝੋਰੇ।
ਦੁਖਾਂ-ਭਰੀ ਦੀ ਅਰਜ ਸੁਣ ਵਰਾਂ ਦਾਤੇ, ਕਿਹਾ ਹੋਵਾਂਗਾ ਤੇਰਾ ਸਹਾਈ ਆਕੇ।
ਤਾਂਤੇ ਬਾਹਰਵਾਂ ਰੂਪ ਫਿਰ ਧਾਰ ਉਸਨੇ, "ਸੁਚ ਸੋਧ ਦੀ ਰੀਤ ਚਲਾਈ ਆਕੇ।

--:0:--

(ਵਲੋਂ ਸ੍ਰੀਮਾਨ ਸ੍ਰ: ਲਖਾ ਸਿੰਘ ਜੀ ਮੁਠਡੇ ਕਲਾਂ)

ਸਾਡੇ ਦੂਰ ਵਸੰਦਿਆ ਦਰਦ ਮੰਦਾ, ਦੁਖੀ ਦੇਸ਼ ਨੂੰ ਨੂੰ ਜਿੰਦ ਤੋਂ ਪਿਆਰਿਆ ਵੇ।
ਰੋਗੀ ਵਤਨ ਦੇ ਦਰਦ ਦਿਆ ਦਾਰੂਆ ਵੇ, ਸਾਡੇ ਡੁਬਦਿਆਂ ਦਿਆ ਸਹਾਰਿਆ ਵੇ।
ਆਕੇ ਕੌਮ ਨਿਮਾਣੀ ਦੀਆਂ ਦੇਖ ਬਣੀਆਂ, ਮਾਤ ਭੂਮ ਦੇ ਬੀਰ ਦੁਲਾਰਿਆ ਵੇ।
ਆਵੀਂ ਕਰੀਂ ਅਗਵਾਈ ਦਾ ਫੇਰ ਚਾਨਣ, ਭਾਰਤ ਵਰਸ਼ ਦੇ ਅਰਸ਼ ਦਿਆ ਤਾਰਿਆ ਵੇ।
ਮੁੜੀਂ ਅਮਨ ਦੇ ਚਮਨ ਦੇ ਰਾਖਿਆ ਵੇ, ਬਾੜੀ ਹੋ ਰਹੀ ਏ ਬੇ ਅਬਾਦ ਤੇਰੀ।
ਦਿਲੀਂ ਘਤ ਸੰਗਲ ਖਿਚਾਂ ਪਾ ਰਹੀਏ, ਚੀਨੀ ਵਾਲਿਆ ਪ੍ਰੀਤਮਾਂ ਯਾਦ ਤੇਰੀ।
ਸ੍ਵੈਧੀਨਤਾ ਤੇ ਪ੍ਰਾਧੀਨਤਾ ਦਾ, ਘੋਰ ਯੁਧ ਛਿੜਿਆ ਹਿੰਦੁਸਤਾਨ ਅੰਦਰ।
ਦੱਸੇ ਹੋਏ ਤੇਰੇ ਪਰੋਗ੍ਰਾਮ ਉਤੇ, ਕੌਮ ਡਟੀ ਹੋਈਏ ਪੂਰੇ ਤਾਨ ਅੰਦਰ।
ਆਸ਼ਕ ਵਤਨ ਦੇ ਅਜ ਸਿਰ ਤਲੀ ਧਰਕੇ ਪਏ ਕਠਨ ਮੁਲਕੀ ਇਮਤਹਾਨ ਅੰਦਰ।
ਅਜ ਦੇਸ਼ ਤੇਰਾ ਕਿਸੇ ਦੇਸ ਨਾਲੋਂ, ਘਟ ਨਹੀ ਕੌਮੀ ਅਣਖ ਆਣ ਅੰਦਰ।

Sri Satguru Jagjit Singh Ji Elibrary NamdhariElibrary@gmail.com

ਹੁਣ ਤਾਂ ਜਾਪਦਾ ਏ ਥੋੜੇ ਸਮੇਂ ਅੰਦਰ ਪੂਰੀ ਹੋਣ ਵਾਲੀ ਏ ਮੁਰਾਦ ਤੇਰੀ।
ਮੁਰਦਾ ਦਿਲਾਂ ਨੂੰ ਦੇ ਰਹੀ ਨਵਾਂ ਜੀਵਨ, ਨਾ ਮਿਲਵਰਤਨ ਅਕਸੀਰ ਈਜਾਦ ਤੇਰੀ।
ਐਪਰ ਜਿਸ ਤਰਾਂ ਤੇਰੇ ਸਮਝੌਣ ਤੋਂ ਭੀ, ਨਹੀ ਰੁਕੇ ਸਨ ਜੋਸ਼ ਦੀਵਾਨਿਆਂ ਦੇ।
ਦੇਖ ਸਕੇ ਨਾ ਸਨ ਜਿਹੇ ਸ਼ੇਰ ਤੇਰੇ ਕਹਿਰ ਭਰੇ ਕਾਰੇ ਬੁਚੜ-ਖਾਨਿਆਂ ਦੇ।
ਸੜੇ ਧਰਮ ਦੀ ਸ਼ਮਾਂ ਪਰ ਜਮਾ ਹੋ ਹੋ ਸਿਦਕ ਰਤੜੇ ਝੁੰਡ ਪਰਵਾਨਿਆਂ ਦੇ।
ਹਾਏ ! ਕਾਵਨ ਨਰਦਈ ਦੀ ਤੋਪ ਅਗੇ ਉੜੇ ਬੇ ਗੁਨਾਹ ਜਥੇ ਮਸਤਾਨਿਆਂ ਦੇ।
ਭਾਵੇਂ ਉਵ ਸਿਦਕੀ ਉਹ ਸ਼ਹੀਦ ਜੋਧੇ, ਗਏ ਧਰਮ ਤੋਂ ਜਾਨਾਂ ਨਸਾਰ ਕਰਕੇ।
ਤੇਰਾ ਕੰਮ ਐਪਰ ਉਥੇ ਰੋਕ ਦਿਤਾ, ਉਨਾਂ ਗਲਤ ਰਸਤਾ ਅਖਤਯਾਰ ਕਰਕੇ।
ਓਸੇ ਤਰਾਂ ਹੁਣ ਸਾਨੂੰ ਭੜਕੌਣ ਦੇ ਲਈ ਥਾਂ ਥਾਂ ਪੁਲਸ ਵਲੋਂ ਅਤਯਾ-ਚਾਰ ਹੁੰਦੇ।
ਏਹਨਾਂ ਸਿਤਮ ਈਜਾਦਾਂ ਦੀਆਂ ਸਾਜਸ਼ਾਂ ਦੇ, ਹਿੰਦੀ ਬੇਗੁਨਾਹ ਨਿਤ ਸ਼ਿਕਾਰ ਹੁੰਦੇ।
ਡਾਂਗਾਂ ਹੰਟਰਾਂ ਬੂਟ ਦਿਆਂ ਠੁਡਿਆਂ ਦੇ ਜਦ ਨਹਥਿਆਂ ਦੇ ਉਤੇ ਵਾਰ ਹੁੰਦੇ।
ਬਾਹਰ ਆਪਿਓਂ ਹੋ ਰਹੇ ਨਮੇ ਗਭਰੂ, ਕਾਰੇ ਉਨਾਂ ਤੋਂ ਨਾਹਿੰ ਸਹਾਰ ਹੁੰਦੇ।
"ਜੌਹਰ" ਅਤ ਹੀ ਨਾਜਕ ਏਸ ਸਮੇਂ ਅੰਦਰ, ਸਚੇ ਰੈਹਨਮਾ ਬਹੁੜ ਇਕ ਵਾਰ ਆਕੇ।
ਦੇ ਉਪਦੇਸ਼ ਗੰਭੀਰਤਾ ਸ਼ਾਂਤ ਦਾ ਜੀ ਭਾਰਤ ਵਰਸ਼ ਦੀ ਬਿਗੜੀ ਸਵਾਰ ਆਕੇ।

—:o:—

(ਵਲੋਂ ਸ੍ਰੀ ਮਾਨ ਸ: ਗੁਪਾਲ ਸਿੰਘ ਜੀ "ਨਿਚਿੰਤ"

ਰਾਂਮਾਂ ਅਵਤਾਰੀ ਅੰਤ ਸਿੰਘ ਗੁਰੂ ਬਾਰੀ,
ਕੀਨੀ ਚੀਨੀ ਅਸਵਾਰੀ ਆਇ ਵਿਚ ਨਰ ਭੇਸਦੇ।
ਮਹਾਂ ਉਪਕਾਰੀ ਲਖ ਜਨ ਸੋਹ ਚਾਰੀ ਲੀਆ,
ਪੰਥ ਕੋ ਉਭਾਰੋ ਬੜੇ ਸੁੰਦਰ ਉਪਦੇਸ਼ ਦੇ।
ਪੰਥ ਆਪਣਾ ਚਲਾਈ ਰਖੇਂ ਬੜੀ ਸੁਧ ਤਾਈ,
ਮੰਤ੍ਰ ਦੀਆ ਹੈ ਸੁਣਾਈ ਸਮ ਹੋਏ ਦਸਮੇਸ ਦੇ।
ਕਹੈ ਹੈ "ਨਚਿੰਤ" ਅੰਤ ਪੁਜਦੀ ਸੀ ਧਰਮ ਵਾਲੀ,
ਜੇ ਨ ਗੁਰੂ ਰਾਮ ਸਿੰਘ ਔਂਦੇ ਵਿਚ ਦੇਸ ਦੇ।

—:o:—

Sri Satguru Jagjit Singh Ji Elibrary NamdhariElibrary@gmail.com

ਗੁਰੂ ਦੇਹਧਾਰੀ ਬੇੜੇ ਤਾਰਦਾ ਏ !

(ਵਲੋਂ ਸ੍ਰੀਮਾਨ ਸ: ਹਰਨਾਮ ਸਿੰਘ ਜੀ)

ਗੀਤਾ ਵਿਚ ਏਹ ਕ੍ਰਿਸ਼ਨ ਨੇ ਦਸਿਆ ਸੀ, ਜਦੋਂ ਧਰਤੀ ਤੇ ਪਾਪ ਵਿਸਥਾਰ ਜਾਂਦੇ।
ਰਾਜੇ ਹੋ ਅਨਿਆਂਈਂ ਹਨ ਜੁਲਮ ਕਰਦੇ, ਡਰ ਰਬਦਾ ਚਿਤੋਂ ਵਿਸਾਰ ਜਾਂਦੇ।
ਮਾਰਨ ਗਊ ਗਰੀਬ ਤੇ ਬੇਟੀਆ ਨੂੰ, ਰਾਕਸ ਬਣ ਕਸਾਈ ਸਰਦਾਰ ਜਾਂਦੇ।
ਹਾਹਾ ਕਾਰ ਪਹੁਚੇ ਜਦੋਂ ਅਰਸ਼ ਉਤੇ, ਚੀਨੀ ਵਾਲੇ ਜਿਹੇ ਹੋ ਅਵਤਾਰ ਜਾਂਦੇ।
ਨਾਵਾਂ ਰੂਪ ਧਰ ਵਿੱਚ ਬਕਾਲੇ ਰਹਿੰਦਾ ਸਿਰਫ ਮਖਣ ਸ਼ਾਹ ਦਾ ਬੇੜਾ ਤਾਰਦਾ ਏ।
ਅਰਸ਼ੋਂ ਧਰਤੀ ਤੇ ਆਇਕੇ ਬਾਰ੍ਹਵਾਂ ਗੁਰ ਬਣਕੇ ਦੇਹਧਾਰੀ ਬੇੜੇ ਤਾਰਦਾ ਏ।
ਸਤਿਗੁਰੁ ਦੇਹਧਾਰੀ ਸੰਦੀ ਲੋੜ ਜੇਕਰ ਕਦੀ ਹੁੰਦੀ ਨਾਂ ਏਸ ਸੰਸਾਰ ਉੱਤੇ।
ਨਾਹੀ ਰਾਮ ਹੁੰਦੇ ਨਾਹੀ ਕ੍ਰਿਸ਼ਨ ਹੁੰਦੇ ਨ ਮਸੀਹ ਹੁੰਦੇ ਇਸ ਸੰਸਾਰ ਉੱਤੇ।
ਹਜਰਤ ਅਲੀ ਨਾਂ ਹੁੰਦੇ ਮੁਹੰਮਦ ਪਿਆਰੇ ਨਾਨਕ ਜਮਦਾ ਨਾਹੀ ਸੰਸਾਰ ਉੱਤੇ।
ਕਿਉਂਕਿ ਬੇਦ ਸ਼ਾਸਤ੍ਰ ਤੇ ਪੁਰਾਣ ਸਿੰਮ੍ਰਤ ਸੀ ਅੰਜੀਲ ਕੁਰਾਂਨ ਸੰਸਾਰ ਉੱਤੇ।
ਪੰਜਾਂ ਗੁਰਾ ਦੀ ਬਾਣੀ ਜਹਾਜ਼ ਰੂਪੀ ਹੁੰਦੇ ਸੁੰਦੇ ਗੁਰ ਦਸਮ ਅਵਤਾਰਦਾ ਏ।
ਬੇਦ ਗ੍ਰੰਥ ਤਾਂ ਹਟੀਆਂ ਦਸੀਆਂ ਨੇ ਗੁਰੂ ਦੇਹਧਾਰੀ ਬੇੜੇ ਤਾਰਦਾ ਏ।
ਘਰ ਘਰ ਗੁਰੂ ਗ੍ਰੰਥ ਮੌਜੂਦ ਸੀਗਾ ਪ੍ਰੰਤੂ ਕੋਠੀਆਂ ਦੇ ਅੰਦਰ ਬੰਦ ਸੀਗਾ।
ਹੋਮ ਯਗ ਨਾ ਕਰੇ ਦੀਵਾਨ ਲਾਕੇ ਵਲੋਂ ਜਾਲਮਾਂ ਹੁਕਮ ਬਲੰਦ ਸੀਗਾ।
ਨਾਂਨੀ ਦਾਸ ਦੀ ਮਾਰੀਆਂ ਸਤ ਧੀਆਂ ਕੀਤਾ ਪਾਪ ਜਿਸਨੇ ਡਾਹਢਾ ਮੰਦ ਸੀਗਾ।
ਚੀਨੀ ਵਾਲੇ ਨੇ ਬਖਸ਼ਿਆ ਜਾ ਵਰਨੀ ਨਾਮ ਦਾਨ ਦੇ ਚਾਹੜਿਆ ਰੰਗ ਸੀਗਾ।
ਡਾਕੂ ਮਹਾ ਪਾਪੀ ਕੌਡੇ ਕਈ ਬਖਸ਼ੇ ਹੁਣ ਤਾਂ ਪਹਿਰਾ ਇਸ ਦੁਆਦਸ ਅਵਤਾਰਦਾ ਏ।
ਆਯਾ ਅਰਸ਼ ਤੋਂ ਧਰਤੀ ਤੇ ਤਰਸ ਖਾਕੇ ਗੁਰੂ ਦੇਹਧਾਰੀ ਬੇੜੇ ਤਾਰਦਾ ਏ।
ਗੁਰੂ ਬਿਨਾ ਨਾ ਆਂਵਦੀ ਸਮਝ ਕੋਈ ਗੁਰੂ ਬਿਨਾ ਨਾ ਅਕਲ ਸ਼ਹੂਰ ਹੋਵੇ।
ਬਿਨਾ ਗੁਰੂ ਨਾ ਹੋਂਵਦੀ ਗਤ ਭਾਈ ਗੁਰੂ ਬਿਨਾ ਨਾ ਤਿਮਰ ਉਰ ਦੂਰ ਹੋਵੇ।
ਜਿਵੇ ਚਲੇ ਨਾ ਬੇੜੀ ਮਲਾਹ ਬਾਝੋਂ ਕੀਤੇ ਭਜਨ ਬਾਝੋਂ ਨਾ ਸਰੂਰ ਹੋਵੇ।
ਦਿਲੋਂ ਖਿਚ ਪਾਂਦਾ ਸਚਾ ਦੇਹਧਾਰੀ ਦਰਸ਼ਨ ਕੀਤਿਆਂ ਚਿਤ ਭਰਪੂਰ ਹੋਵੇ।
ਓਹੀ ਦੇਹਧਾਰੀ ਬਣਕੇ ਗੁਰੂ ਆਯਾ, ਗੁਰੂ ਗ੍ਰੰਥ ਜੀ ਜਿਨੂੰ ਪੁਕਾਰਦਾ ਏ।
ਲੋਕੋ ਭੁਲਿਓ ਬਾਹਰਵਾ ਗੁਰੂ ਨਾਨਕ ਬਣਕੇ ਦੇਹਧਾਰੀ ਬੇੜੇ ਤਾਰਦਾ ਏ।

—:o:—

Sri Satguru Jagjit Singh Ji Elibrary NamdhariElibrary@gmail.com

(ਵਲੋਂ ਸ੍ਰ: ਚੰਦਾ ਸਿੰਘ ਜੀ 'ਮਕਰੰਦ')

ਦਇਆ ਅਤੇ ਧਰਮ ਖੰਭ ਲਾਕੇ ਉਡਾਰ ਹੋਏ, ਆਗਿਆ ਸੀ ਵੇਲਾ ਜੂਏ ਮਾਸ ਮਦ-ਹਾਰੀ ਦਾ।
ਕੰਜਰਾਂ ਦੇ ਗੀਤ ਲੋਕ ਸੁਣਦੇ ਪ੍ਰੇਮ ਨਾਲ, ਭੁਲ ਗਿਆ ਫਲ ਸਾਧ-ਸੰਗਤ ਪਿਆਰੀ ਦਾ।
ਸਕੇ ਭਾਈ ਆਪਨੇ ਤੇ ਕਰਨ ਚੜ੍ਹਾਈ ਭਾਵੇਂ, ਪੁਤ ਮਰ ਜਾਏ ਮਾਤਾ ਆਪਨੀ ਪਿਆਰੀ ਦਾ।
ਗਊ ਤੇ ਗਰੀਬ ਉਤੇ ਛੁਰੀ ਸੀ ਦਇਆਲ ਹੋਈ, ਵਧਿਆ ਸੀ ਤੇਜ ਆਨ ਲੋਹੇ ਦੀ ਬੁਹਾਰੀ ਦਾ।
ਸਿੱਖੀ ਦਾ ਚਰਾਗ਼ ਗੁਲ ਹੋਇਆ ਸੀ ਜਹਾਨ ਵਿੱਚੋਂ, ਹੋਇਆ ਸੀ ਮੁਕਾਲਾ ਪੰਥ ਪਰਉਪਕਾਰੀ ਦਾ।
ਐਸ਼ ਤੇ ਅਰਾਮ ਵਿਚ ਸਿੰਘ ਗਲਤਾਨ ਹੋਏ, ਭੁਲ ਫ਼ੁਰਮਾਨ ਦਸਮੇਸ਼ ਉਪਕਾਰੀ ਦਾ।
ਗੁਰੂ ਸਨ ਭੁਲ ਬੈਠੇ ਗੁਰੂ ਹੋਰ ਮੰਨ ਬੈਠੇ, ਰਸਮੋ ਰਵਾਜ ਦੂਰ ਕੀਤਾ ਦੇਹਧਾਰੀ ਦਾ।
ਕੀਤੀ ਜੋ ਪੁਕਾਰ ਤਦੋਂ ਧਰਤ ਗਰੀਬਨੀ ਨੇ, ਝਲਿਆ ਨਹੀਂ ਜਾਂਦਾ ਮੈਥੋਂ ਭਾਰ ਦੁਰਾਚਾਰੀ ਦਾ।
ਸੁਣੀ ਹਾਲ-ਹਾਲ ਕਰਤਾਰ ਜੀ ਨੇ ਆਪ ਕੰਨੀ, ਕੀਤਾ ਸੀ ਹੁਕਮ ਝੱਟ ਗੁਰ ਅਵਤਾਰੀ ਦਾ।
ਜ਼ਿਲੇ ਲੁਦਿਹਾਣੇ ਅਤੇ ਪਿੰਡ ਭੈਣੀ ਸਾਹਿਬ ਵਿਚ, ਭਾਈ ਜਸਾ ਸਿੰਘ ਜਿਦ੍ਹਾ ਨਾਉਂ ਸੀ ਪੁਕਾਰੀ ਦਾ।
ਮਾਤਾ ਸੀ ਕੁਸਲਿਆ ਦੇ ਵਾਂਗ ਨਾਮ ਸਦਾ ਕੌਰ, ਕੌਮ ਰਾਮਗੜ੍ਹੀਆ ਤੇ ਕੰਮ ਤੇਸੇ ਆਰੀ ਦਾ।
ਅਠਾਰਾਂ ਸੈ ਬਹੱਤ੍ਰ, ਮਾਘ ਸੁਦੀ ਪੰਚਮੀ ਸੀ ਵਾਰ ਸੀ ਬ੍ਰਹਸਪਤੀ ਤੇ ਮੌਸਮ ਗੁਲਜ਼ਾਰੀ ਦਾ।
ਭਏ ਅਵਤਾਰ ਦੂਲੇ ਸ੍ਰੀ ਗੁਰੂ ਰਾਮ ਸਿੰਘ ਹੋਇਆ ਕਲਿਆਨ ਮਾਤਾ ਭਾਰਤ ਵਿਚਾਰੀ ਦਾ।
ਮਾਸ ਤੇ ਸ਼ਰਾਬ ਹੁੱਕਾ ਜੂਆ ਛਡਵਾਇ ਕਰ, ਜੜੋਂ ਪੁਟ ਦਿੱਤਾ ਬੂਟਾ ਕੰਜਰਾਂ ਦੀ ਯਾਰੀ ਦਾ।
ਨਾਮ ਅਸ਼ਨਾਨ ਅਤੇ ਦਾਨ ਦਾ ਗਿਆਨ ਦੇਕੇ, ਰਹਿਤ ਦਸ ਬੇੜਾ ਕੀਤਾ ਪਾਰ ਨਰ ਨਾਰੀ ਦਾ।
ਧੰਨ ਧੰਨ ਭਾਗ ਹੁਣ ਉਹਨਾਂ ਸਿਖਾਂ ਸੇਵਕਾਂ ਦੇ, ਵੇਖਿਆ ਨਜ਼ਾਰਾ ਜਿਨ੍ਹਾਂ ਚੀਨੀ ਵੀ ਸਵਾਰੀ ਦਾ।

[ਵਲੋਂ ਸ੍ਰੀਮਾਨ ਸ੍ਰ: ਗੁਪਾਲ ਸਿੰਘ ਜੀ ਭਾਲੋ ਵਾਲੀਆ "ਨਚਿੰਤ")

ਡੁਬ ਖੁਬ ਗਿਆ ਸੀ ਬੇੜਾ ਪੰਥ ਵਾਲਾ ਪਤਾ ਕੁਝ ਨਾਂਸੀ ਏਦੇ ਪਾਰਦਾ ਏ।
ਤੋੜ ਫੋੜ ਕੇ ਤੁਰਕਾਂ ਨੇ ਚੂਰ ਕੀਤਾ ਨਹੀਂ ਛਡਿਆ ਸੀ ਕਿਸੇ ਕਾਰਦਾ ਏ।
ਦੇਖ ਭੇਖ ਨੂੰ ਡਾਂਵਾਂ ਡੋਲ ਸਤਿਗੁਰ, ਗੁਰੂ ਬਾਰ੍ਹਵੇਂ ਦਾ ਰੂਪ ਧਾਰਦਾ ਏ।
'ਨਚਿੰਤ' ਧਾਰ ਮਝਾਰ ਥੋਂ ਪਾਰ ਕੀਤਾ, ਗੁਰੂ ਦੇਹਧਾਰੀ ਬੇੜੇ ਤਾਰਦਾ ਏ।

(ਵਲੋਂ ਸ੍ਰੀ ਮਾਨ ਸ੍ਰ: ਗੰਗਾ ਸਿੰਘ ਜੀ 'ਰਸੀਆ' ਲਖਨਊ)

ਫੈਲੇ ਜਦੋਂ ਅਰਿਸਟਤਾ ਜਗਤ ਉੱਤੇ, ਧਰਮ ਕਰਮ ਨਾ ਕੋਈ ਸੰਭਾਰਦਾ ਏ।
ਰਿਖੀ ਮੁਨੀਆਂ ਤਪੀਆਂ ਹਠੀਆਂ ਨੂੰ, ਰਾਹ ਭੁਲ ਜਾਂਦਾ ਸਚੀ ਕਾਰਦਾ ਏ।
ਤਦੋਂ ਖੇਤ ਨੂੰ ਖਾਂਵਦੀ ਵਾੜ ਨਿਸ ਦਿਨ, ਰਾਜਾ ਰੂਪ ਕਸਾਈ ਦਾ ਧਾਰਦਾ ਏ।
ਆਗੂ ਪਰਜਾ ਦੇ ਚੋਣਵੇਂ ਹੋਣ ਜੇੜੇ, ਓਹਨਾਂ ਤਾਈਂ ਵੀ ਲੋਭ ਸੰਘਾਰਦਾ ਏ।
ਰਾਜ ਵਾਸਤੇ ਦੁਖ ਹਜ਼ਾਰ ਸਹਿਣਾ, ਕਰਨੀ ਕੁਟਲਤਾ ਕੰਮ ਸੰਸਾਰਦਾ ਏ।
ਰਹਿਣਾਂ ਈਰਖਾ ਦ੍ਵੈਖ, ਚੰਮਸਤ ਹਰਦਮ ਦੁਸਟਾਂ ਤਾਂਈ ਇਹ ਕੰਮ ਸ਼ੁਭਕਾਰਦਾ ਏ।
ਚਾਲ ਚਲਣ ਤੇ ਧਰਮ ਸੁਧਾਰਨੇ ਨੂੰ, ਝੰਡਾ ਆਪ ਫੜਦਾ ਪ੍ਰਚਾਰਦਾ ਏ।
ਇਕ ਪ੍ਰਭੂ ਦਾ ਹੁਕਮ ਮਨਾਵਣੇ ਨੂ, ਹੋਕੇ ਮਸਤ ਅਲਮਸਤ ਵੰਗਾਰਦਾ ਏ।

Sri Satguru Jagjit Singh Ji Elibrary NamdhariElibrary@gmail.com

ਜੇੜਾ ਅੜਦਾ ਸੋ ਝੜਦਾ ਪਤ ਵਾਂਗੂ, ਸ਼ਰਨ ਪਏ ਦਾ ਕੰਮ ਸਵਾਰਦਾ ਏ।
ਕਦੇ ਨੂਹ ਈਸਾ ਮੂਸਾ ਨਾਮ ਹੁੰਦਾ, ਕਦੇ ਹੋ ਮਹੰਮਦ ਨਿਸਤਾਰਦਾ ਏ।
ਕਦੇ ਰਾਮ ਕ੍ਰਿਸ਼ਨ ਕਦੇ ਗੁਰੂ ਨਾਨਕ, ਗੁਰੂ ਦੇਹਧਾਰੀ ਬੇੜੇ ਤਾਰਦਾ ਏ।
ਕਛ ਮਛ ਬੈਰਾਹ ਤੇ ਬਾਵਨੀ ਹੋ, ਨਰਸਿੰਘ ਪ੍ਰਹਿਲਾਦ ਨੂੰ ਤਾਰਦਾ ਏ।
ਰਾਜ ਮੰਗਦਾ ਨਹੀ ਹੈ ਕਿਸੇ ਕੋਲੋਂ, ਜੈਸਾ ਕਰੇ ਸੋ ਭਰੇ ਚਿਤਾਰਦਾ ਏ।
ਕਦੇ ਫੜ ਬੰਦੂਕ ਤਲਵਾਰ ਨੇਜਾ, ਜਾਲਮ ਪਾਪੀਆਂ ਤਾਂਈਂ ਨਿਘਾਰਦਾ ਏ।
ਕਦੇ ਸਾਂਤੀ ਸਮਤਾ ਅਤੇ ਸੀਲ ਸਮਦਮ, ਨੇਮ ਧਰਮ ਦੇ ਤਾਂਈਂ ਪ੍ਰਚਾਰਦਾ ਏ।
ਕਈ ਆਖਦੇ ਵੇਦ ਨੇ ਕਿਰਤ ਈਸ਼੍ਵਰ, ਏਹਬੀ ਸਮਝਣਾ ਕੰਮ ਵਿਚਾਰਦਾ ਏ।
ਦੇਹਧਾਰੀ ਹੀ ਹੋਇਕੇ ਵੇਦ ਪਰਚੇ, ਰੂਪ ਦੇਹਧਾਰੀ ਨਿਰੰਕਾਰਦਾ ਏ।
ਦੇਹਧਾਰੀਆਂ ਲਈ ਹੀ ਦੇਹਧਾਰੀ, ਪੜਦਾ ਦੂਈ ਦਾ ਦਿਲਾਂ ਤੋਂ ਟਾਰਦਾ ਏ।
ਸੰਤ 'ਨਿਤ ਅਵਤਾਰ ਸੰਸਾਰ ਅੰਦਰ, ਪਾਪ ਜ਼ੁਲਮ ਪਾਸੋਂ ਜਦੋਂ ਹਾਰਦਾ ਏ।
ਤਦੋਂ ਹੋ ਨਮਿਤ ਅਵਤਾਰ 'ਰਸੀਆ' ਗੁਰੂ ਦੇਹਧਾਰੀ ਬੇੜੇ ਤਾਰਦਾ ਏ।

(ਵਲੋਂ ਸ੍ਰੀ ਮਾਨ ਸ੍ਰ: ਤਰਨ ਸਿੰਘ ਜੀ "ਵਹਿਮੀ" ਹਿੰਦੂ ਚਕ)

ਹੁੰਦੇ ਸ੍ਰੀ ਦਸਮੇਸ਼ ਨ ਸ੍ਰੀ ਕੋਈ ਦਿਸਦੀ ਨ ਹਿੰਦ ਸਾਰੇ ਵਿਚ ਹਿੰਦੂਆ ਦੀ।
ਹਿੰਦ ਲਾਜ ਰੱਖੀ ਹੱਥੀ ਜ਼ੁਲਮ ਉਤੇ ਰੱਤ ਛਿਨਕ ਕੇ ਪਿਆਰੀਆ ਜਿੰਦੂਆਂ ਦੀ।
ਰਾਜੋਂ ਨਰਕ ਦੀ ਸ਼ਰਕ ਤੇ ਖਾਲਸੇ ਨੇ ਟੁਰ ਰਾਜ ਕੀਤਾ ਖੇਡ ਖਿੰਦੂਆਂ ਦੀ।
ਤੇਸੀ ਕੱਟ ਬਦੇਸੀ ਦੀ ਘੱਤ ਖਾਤੇ, ਦਿਤੀ ਦੀਨ ਕਰਕੇ ਕੌਮ ਕਿੰਦੂਆਂ ਦੀ।
ਦਸ਼ਾ ਦੇਖ ਐਸੀ ਦਸਮ ਪਿਤਾ ਮੁੜਕੇ ਜਾਮਾ ਧਾਰਿਆ ਹਾਨ ਸਹੀ ਜਾਂਵਦੀ ਨਾ।
ਥੋੜੀ ਦੇਰ ਉਸ ਵਕਤ ਜੇ ਆਂਵਦੇ ਨ, ਰੀਤ ਖਾਲਸੇ ਦੀ ਨਜ਼ਰ ਆਂਵਦੀ ਨਾ।
ਆਏ ਦਰਸ ਦਖਾਏ ਫਰਾਏ ਦੌਰਾ, ਪੰਥ ਲਾਦਿ ਦਿਤਾ ਉਸੀ ਕਾਰ ਮੁੜਕੇ।
ਸਿਖੀ ਸਾਖ ਦਾ ਆਪ ਸਹਾਈ ਹੋਇਆ, ਮਾਲਾ ਨਾਮ ਦੀ ਮਾਰ ਤਲਵਾਰ ਮੁੜਕੇ।
ਹੋਈ ਗੁੰਮ ਨੂ ਚੁੰਮ ਕੇ ਸੀਸ ਧਰਿਆ, ਕਰਿਆ ਈਸ ਉਵੇਂ ਦਇਆ ਧਾਰ ਮੁੜਕੇ।
ਵੱਸਬ ਤੇਜ ਕਰਤੱਬ ਜੋ ਖ਼ਾਲਸੇ ਦਾ ਦੇਖ ਮੰਨਿਆਂ ਸਭ ਸੰਸਾਰ ਮੁੜਕੇ।
ਐਸੀ ਹੋਂਵਦੀ ਨ ਉਸ ਵਕਤ ਜੇਕਰ, ਸੁੰਦ੍ਰ ਮੂਰਤੀ ਦਰਸ ਦਖਾਂਵਦੀ ਨ।
"ਵਹਿਮੀ ਫਖ਼ਰ ਦੀ ਬਾਤ ਹੈ ਕਿਤੇ ਭਾਲੀ, "ਰੀਤ ਖਾਲਸੇ ਦੀ ਨਜ਼ਰ ਆਂਵਦੀ ਨ।"

ਅਸੀਂ ਕੀ ਸੀ ?
ਕੀ ਬਣੇ ?
ਤੇ
ਹੁਣ ਕੀ ਹਾਂ?

(ਵਲੋਂ—ਸ੍ਰੀ ਮਾਨ ਸ: ਗੁਰਬਖਸ਼ ਸਿੰਘ ਜੀ "ਸ਼ਮਸ਼ੇਰ" ਝੁਬਾਲੀਆ ਮੈਨੇਜਰ "ਫੁਲਵਾੜੀ" ਮਾਸਕ ਪਤਰ ਲਾਹੌਰ)

ਜਦ ਸੰਸਾਰ ਦੇ ਮਨੁਖਾਂ ਦੇ ਅੰਦਰੋਂ ਮਨੁਖ—ਪੁਣੇ ਦੀਆਂ ਸ਼ਕਤੀਆਂ ਸ਼ਖਸੀ ਹਕੂਮਤਾਂ ਦੇ ਅਨਰਥਾਂ ਤੇ ਜ਼ੁਲਮਾਂ ਕਰਕੇ ਨਾਸ ਹੋ ਚੁਕੀਆਂ ਸਨ ਤਦ ਇਸ ਅਸਾਰ ਸੰਸਾਰ ਉਤੇ ਜਗਤ—ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਅਵਤਾਰ ਧਾਰਨ ਕੀਤਾ ਅਤੇ ਨਿਘਰੇ. ਤੇ ਡਿਗੇ ਹੋਏ ਸੰਸਾਰੀ ਬੰਦਿਆਂ ਵਿਚ ਰੂਹਾਨੀਅਤ, ਪ੍ਰੇਮ ਪਿਆਰ, ਸਚ, ਨਿਆਂ ਅਤੇ ਮਨੁਖ—ਪੁਣੇ ਦਾ ਅਸਲੀ ਰੂਪ ਧਾਰਨ ਕਰਨ ਲਈ ਜ਼ੋਰ ਦਾਰ ਪਰਚਾਰ ਕੀਤਾ। ਚੌਥੀ ਪਾਤਸ਼ਾਹੀ ਤਕ ਲੋਕਾਂ ਵਿਚ ਜੋਰ ਦਾਰ ਇਸੇ ਗਲ ਦਾ ਪ੍ਰਚਾਰ ਹੁੰਦਾ ਰਿਹਾ ਕਿ ਲੋਕਾਂ ਦੀ ਰੂਹ ਨੂੰ ਅਸਲੀ ਸਚੀ ਤੋਂ ਸਚੀ ਕੁਰਬਾਨੀ ਲਈ ਉਭਾਰਿਆ ਜਾਵੇ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਮਿਸ਼ਨ ਨੂੰ ਇਸ ਵਿਚ ਪੂਰੀ ਸੋਲਾਂ ਆਨੇ ਸਫਲਤਾ ਪ੍ਰਾਪਤ ਹੋਈ ਲੋਕਾਂ ਨੂੰ ਹੋਰ ਵਧੇਰੇ ਮਨੁਖ ਪੁਣੇ ਦੇ ਅਸਲੀ ਰੂਪ ਵਿਚ ਪਰਗਟ ਕਰਨ ਲਈ ਲੋੜ ਸੀ ਕਿ ਕਿਸੇ ਪੂਰਨ ਮਹਾਂ ਪੁਰਖ ਦੀ ਕੁਰਬਾਨੀ ਦਿਤੀ ਜਾਂਦੀ ਤਾਂ ਜੋ ਲੋਕਾਂ ਵਿਚ ਨਿਡਰਤਾ ਤੇ ਨਿਰਭੈਤਾ ਦੀ ਸ਼ਕਤੀ ਉਤਪਨ ਹੋ ਜਾਵੇ ਤੇ ਹਰ ਇਕ ਮਰਦ ਦੇ ਬਚੇ ਨੂੰ ਆਪਸ ਵਿਚ ਬਰਾਬਰ ਦੇ ਅਧਕਾਰ ਪੈਦਾ ਹੋ ਜਾਣ। ਸੋ ਇਸ ਥੁੜ ਨੂੰ ਪੂਰਾ ਕਰਨ ਹਿਤ ਸ੍ਰੀ ਪੰਚਮ ਪਾਤਸਾਹ ਜੀ ਨੇ ਆਪਣੀ ਅਦੁਤੀ ਤੇ ਲਾਸਾਨੀ ਕੁਰਬਾਨੀ ਦੇ ਕੇ ਡਰਪੋਕ ਬੰਦਿਆਂ ਦੇ ਅੰਦਰ ਨਵੇਂ ਸਿਰੇ ਕੁਰਬਾਨੀ ਦੀ ਰੂਹ ਫੂਕ ਦਿਤੀ ਤੇ ਹਰ ਇਕ ਗੁਰ ਸਿਖ ਆਪਣੇ ਆਪ ਨੂੰ ਕੁਰਬਾਨੀ ਲਈ ਤਿਆਰ ਕਰਕੇ ਖ਼ੁਸ਼ ਹੁੰਦਾ ਸੀ। ਇਸਦੇ ਪਿਛੋਂ ਏ ਸਪਿਰਟ ਕੁਝ ਥੋੜੀ ਜਿੰਨੀ ਬਦਲਕੇ ਹੋਰ ਸ਼ਕਲ ਅਖਤਿਆਰ ਕਰ ਗਈ ਭਾਵ ਕੀ ਕਿ ਦਸਮ ਪਾਤਸਾਹ ਦੇ ਸਮੇ ਤਕ ਹਰ ਇਕ ਸਿਖ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਫੜਾਈ ਮਾਲਾ ਨੂੰ ਛਡਕੇ ਆਪਣੇ ਗਾਤਰੇ ਸ੍ਰੀ ਸਾਹਿਬ ਨੂੰ ਸਜਾ ਲਿਆ ਤੇ ਅਨਯਾ ਅਤੇ ਅਧਰਮ ਦੇ ਨਾਲ ਖੁਲਮ—ਖੁਲੀ ਜੰਗ ਹੋਣ ਲਗੀ ਬਾਬਾ ਬੰਦਾ {ਗੁਰਬਖਸ ਸਿੰਘ}ਦੇ ਸਮੇਂ ਕੌਮ ਪੂਰੀ ਜਥੇ ਬੰਦ ਹੋਕੇ ਜ਼ੁਲਮ ਦੇ ਟਾਕਰੇ ਦਾ ਮੁਕਾਬਲਾ ਕਰਦੀ ਰਹੀ ਤੇ ਸਮਾਂ ਬਚੌਨ ਖਾਤਰ ਕਈ ਵਾਰ ਖਾਲਸੇ ਜੰਗਲੀਂ ਬੇਲੀਂ ਭੀ ਜਾ ਲੁਕਦੇ, ਭਾਵੇਂ ਏਨ੍ਹਾਂ ਬਲੀ ਗੁਰ ਸਿਖਾਂ ਨੇ ਗਲ ਵਿਚ ਮਾਲਾ ਦੇ ਥਾਂ ਸ੍ਰੀ ਸਾਹਿਬ ਸਜਾਈ ਹੋਈ ਸੀ ਪ੍ਰੰਤੂ ਫਿਰ ਭੀ ਗੁਰਬਾਣੀ ਦੇ ਨਿਤ ਨੇਮ ਵਿਚ ਕਦੇ ਫਰਕ ਨਹੀ ਸੀ ਪੈਣ ਦਿਤਾ। ਸਮਾਂ ਬਦਲਦੇ ੨ ਬਦਲ ਗਿਆ ਤੇ ਸ਼ਹਿਨ—ਸ਼ਾਹ ਅੰਮ੍ਰਿਤ—ਦੇ—ਦਾਤੇ ਸ੍ਰੀ ਕਲਗੀਧਰ ਜੀ ਮਹਾਰਾਜ ਦੀ ਫੂਕੀ ਹੋਈ ਰੂਹ ਸਵਾ ਲਖ ਨਾਲ ਇਕ ਦੇ ਲੜਨ ਵਾਲੀ ਪੂਰੇ ਜੋਬਨ ਵਿਚ ਪਰਗਟ ਹੋਈ, ਤੇ ਖਾਲਸਾ ਪੰਥ ਨੇ ਉਸ ਅਦੁਤੀ

ਜੋਧੇ ਸ਼ੇਰਿ ਪੰਜਾਬ ਦੇ ਪ੍ਰਬੰਧ ਹੇਠਾਂ ਪੰਜਾਬ ਤੇ ਕਬਜਾ ਕਰ ਲਿਆ, ਤੇ ਐਸੀ ਸਿਖੀ ਸਪਿਰਿਟ ਦੀ ਸ਼ਾਨ ਵਖਾਈ ਕਿ ਕਾਬਲ ਤੇ ਕੰਧਾਰ ਤਕ ਜਾ ਤੇਗਾਂ ਮਾਰੀਆਂ, ਭਾਵੇਂ ਪੰਜਾਬ ਵਿਚ ਸਿਖ ਮੁਠੀ ਭਰ ਸਨ ਪ੍ਰੰਤੂ ਤਿਨ੍ਹਾਂ ਦੇ ਅੰਦਰ ਸਿਖੀ ਦਾ ਐਨਾ ਉਚਾ ਤੇ ਸੁਚਾ ਤੇਜ ਪ੍ਰਤਾਪ ਤੇ ਰੋਹਬ ਦਾਬ ਸੀ ਕਿ ਦੂਰੋਂ ੨ ਆਕੇ ਹਕੂਮਤਾਂ ਵਾਲੇ ਦੋਸਤੀ ਲਈ ਮਿਨਤਾਂ ਤੇ ਤਰਲੇ ਕਰ ੨ ਕੇ ਨਕ ਰਗੜਦੇ ਰਹਿੰਦੇ ਸਨ। ਇਸ ਸਮੇਂ ਵਿਚ ਖਾਲਸੇ ਦੇ ਫਤਹ ਕਰਨ ਦੀ ਸਪਿਰਿਟ ਜੋਰਾਂ ਤੇ ਸੀ ਤੇ ਸਿਮਰਨ, ਨਾਮ ਜਪਣ, ਤੇ ਗੁਰਬਾਣੀ ਵਲੋਂ ਰਾਜ ਦੇ ਨਸ਼ੇ ਵਿਚ ਖਾਲਸੇ ਜਰਾ ਕੁ ਅਵੇਸਲੇ ਹੋ ਗਏ ਸਨ। ਜਿਸ ਸਚੇ ਨਾਮ ਦੇ ਪ੍ਰਤਾਪ ਦਾ ਸਦਕਾ, ਉਚੀ ਤੇ ਸੁਚੀ ਗੁਰਮੁਖੀ ਜੀਵਨੀ ਦੀ ਬਰਕਤ ਦੇ ਪ੍ਰਤਾਪ ਨਾਲ ਇਹ ਪਾਤ-ਸ਼ਾਹੀਆਂ ਪ੍ਰਾਪਤ ਹੋਈਆਂ ਸਨ ਉਸ ਵਲੋਂ ਜਰਾ ਦੁਰੇਡੇ ਹੋ ਜਾਣ ਦੇ ਕਾਰਨ ਨਾ ਓਹ ਤੇਜ ਰਿਹਾ ਨਾਂ ਓਹ ਪ੍ਰਤਾਪ ਰਿਹਾ ਖਾਲਸਾ ਜੀ ਮੁੜ ਪਹਿਲੀ ਜਹੀ ਹਾਲਤ ਵਿਚ ਵਿਚਰਨ ਲਗਾ ਬਗਾਨਿਆਂ ਨੇ........ ਜਦ ਖਾਲਸੇ ਜੀ ਦੇ ਜੀਵਨ, ਘਰ ਦੀ ਫੁਟ, ਈਰਖਾ, ਵੈਰ, ਵਿਰੋਧ ਤੇ ਆਪ ਸ੍ਵਾਰਥਾਂ ਦੇ ਕਾਰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਮਿਸ਼ਨ ਤੋਂ ਬਹੁਤ ਦੁਰੇਡੇ ਜਾ ਚੁਕੇ ਸਨ ਤਾਂ ਉਸ ਵੇਲੇ ਲੋੜ ਸੀ ਕਿਸੇ ਮਹਾਂ ਪੁਰਖ ਦੀ ਜੋ ਲੋਕਾਂ ਦੇ ਜੀਵਨਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿਮਰਨ ਤੇ ਅਭ੍ਯਾਸ ਦੀ ਸੇਧ ਦੇ, ਜੀਵਨ ਉਚੇ ਕਰ, ਮੁੜ ਦਸਮ ਪਿਤਾ ਵਾਲੀ ਜਥੇਬੰਦੀ ਦੀ ਸਪਿਰਿਟ ਨੂੰ ਪੈਦਾ ਕਰਕੇ ਫਿਰ ਅਪਣੇ ਤਖਤਾਂ ਤੇ ਬਖਤਾਂ ਦਾ ਮਾਲਕ ਬਣੌਂਦਾ। ਇਸ ਲੋੜ ਨੂੰ ਪੂਰਾ ਕਰਨ ਲਈ [ਨਾਮਧਾਰੀ] ਸ੍ਰੀ ਗੁਰੂ ਬਾਬਾ ਰਾਮ ਸਿੰਘ ਜੀ ਮਹਾਰਾਜ ਜੀ ਨੇ ਦੁਖੀ ਤੇ ਰੁਲ ਰਹੇ ਸਿਖੀ ਦੇ ਪੁਤ੍ਰਾਂ ਨੂੰ ਆਪਣੀ ਛਾਤੀ ਨਾਲ ਲਾਯਾ ਅੰਦਰੋਂ ਹੰਕਾਰ ਤੇ ਈਰਖਾ ਦੀ ਅਗ ਨੂੰ ਨਸ਼ਟ ਕਰਨ ਲਈ ਮੁੜ ਨਵੇਂ ਸਿਰੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵਾਲੀ ਮਾਲਾ ਨੂੰ ਗੁਰ ਸਿਖਾਂ ਦੇ ਗਲਾਂ ਵਿਚ ਸਜਾ ਕੇ ਉਨਾਂ ਦੇ ਅੰਦਰੋਂ ਸਭ ਖੋਟ ਤੇ ਵਿਕਾਰ ਕਢ ਕੇ ਮੁੜ ਨਵੇਂ ਸਿਰੇ ਜਥੇ-ਬੰਦੀ ਦੇ ਧਾਗੇ ਵਿਚ ਪੋਣ ਦਾ ਯਤਨ ਕੀਤਾ। ਪੰਜਾਬ ਦੇ ਹਰ ਇਕ ਹਿਸੇ ਵਿਚ ਵਖ ਵਖ ਗੁਰ ਸਿਖਾਂ ਦੀਆਂ ਸੇਵਾਂ ਲਾਈਆਂ ਗਈਆਂ ਕਿ ਉਹ ਕੌਮ ਦੇ ਬਿਖਰੇ ਹੋਏ ਮੋਤੀਆਂ ਨੂੰ ਅਕਠੇ ਕਰਕੇ ਇਕ ਲੜੀ ਵਿਚ ਪ੍ਰੋਣ। ਇਨ ਪੂਰਨ ਮਹਾਪੁਰਖ ਸੱਚੇ ਦੇਸ਼ ਭਗਤ ਦੇ, ਉਚੇ ਤੇ ਸੁਚੇ, ਨਾਮ ਵਿਚ ਰੰਗੇ ਹੋਏ ਜੀਵਨ ਦਾ ਹੀ ਇਹ ਸਦਕਾ ਸੀ ਕਿ ਇਨ੍ਹਾਂ ਦੀ ਦਸੀ ਸੇਧ ਉਤੇ ਚਲਣ ਵਾਲੇ ਪੂਰਨ ਸੰਤ ਸਪਾਹੀ ਆਪਣੇ ਆਪ ਨੂੰ ਕੁਰਬਾਨੀ ਦੀ ਦੇਵੀ ਦੀ ਭੇਟਾ ਕਰਨ ਲਈ ਹੱਸ ੨ ਕੇ ਸ਼ਹੀਦੀਆਂ ਪੌਣ ਲਈ ਇਕ ਦੂਜੇ ਦੇ ਅਗੇ ਵਧ ਵਧ ਕੇ ਹਿਸਾ ਲੈਕੇ ਖਿੜੇ ਮਥੇ ਸਚਖੰਡ ਵਿਚ ਜਾ ਬਰਾਜੇ!

ਮੈਨੂੰ ਆਪ ਇਸ ਗਲ ਦਾ ਮਾਣ ਹੈ ਕਿ ਉਨ੍ਹਾਂ ਪੂਰਨ ਗੁਰਸਿਖਾਂ ਵਿਚ ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਦਾ ਵਰੋਸਇਆ, ਨਾਮਰਸੀਆ ਤੇ ਸੰਤ ਸੁਭਾਵ ਭਾਈ ਹਾਕਮ ਸਿੰਘ ਮੇਰੇ ਨਗਰ (ਭਬਾਲ)

ਦਾ ਸ਼ਹੀਦੀ ਬਾਟਾ ਛਕ ਕੇ ਜਨਮ ਸਫਲਾ ਕਰਨ ਵਾਲਾ ਸੀ।

ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਜੀ ਦੀ ਬਰਕਤ ਦਾ ਹੀ ਇਹ ਫਲ ਹੈ। ਕਿ ਅਜ ਭੀ ਸਾਡੇ ਨਾਮਧਾਰੀ ਵੀਰ ਗਲ ਵਿਚ ਨਾਮ ਅਭਿਆਸ ਲਈ ਪਵਿਤ੍ਰ ਮਾਲਾ ਸਜਾਂਦੀ ਨਜ਼ਰ ਔਂਦੇ ਹਨ, ਜਿਨ੍ਹਾਂ ਦੇ ਗੁਰਮੁਖੀ ਦਸਤਾਰੇ, ਸਾਦੇ ਬਸਤ੍ਰ ਤੇ ਲੋਹੇ ਦੇ ਕਰਮੰਡਲ ਤੇ ਸਚ ਮੁਚ ਅਗਲੇ ਦੇ ਦਿਲ ਨੂੰ ਮੋਹ ਲੈਣ ਵਾਲੇ ਹੁੰਦੇ ਹਨ।

ਅਫਸੋਸ ! ਤੇ ਮਹਾਨ ਅਫਸੋਸ ਹੈ ਕਿ ਜੇਹੜੀ ਲੈਹਰ ਜਿਸ ਕਾਰਜ ਨੂੰ ਮੁਖ ਰਖਕੇ ਸ੍ਰੀ ਬਾਬਾ ਜੀ ਨੇ ਚਲਾਈ ਸੀ ਉਹ ਕਈ ਕਾਰਨਾਂ ਕਰਕੇ ਸਫਲ ਨਾ ਹੋ ਸਕੀ ਕਿਉਂਕਿ ਵਿਰੋਧੀਆਂ ਵਲੋਂ ਕਈ ਪ੍ਰਕਾਰ ਦੀਆ ਗਲਤ ਫੈਹਮੀਆ ਫੈਲਾਈਆਂ ਗਈਆਂ ਤੇ ਐਸੇ ਤ੍ਰੀਕੇ ਨਾਲ ਫੈਲਾਈਆਂ ਗਈਆਂ ਕਿ ਉਹ ਸੁਤੇ ਸਿਧ ਹੀ ਲੋਕਾਂ ਅੰਦਰ ਐਸਾ ਘਰ ਕਰ ਗਈਆਂ ਕਿ ਜਿਨ੍ਹਾਂ ਦਾ ਛੇਤੀ ਦੂਰ ਹੋਣਾ ਅਸੰਭਵ ਨਹੀਂ ਤਾਂ ਕਠਨ ਜ਼ਰੂਰ ਸੀ।

ਸ੍ਰੀ ਬਾਬਾ ਜੀ ਮਹਾਰਾਜ ਜੀ ਦੀ ਇਹ ਕੋਸ਼ਸ਼ ਕਿ ਪਹਿਲਾਂ ਸਿਮਰਨ ਤੇ ਅਭਿਆਸ ਨਾਲ ਆਪਣੇ ਜੀਵਨ ਨੂੰ ਉੱਚਿਆਂ ਤੇ ਸੁਚਿੱਆਂ ਕਰੋ ਫੇਰ ਐਸੇ ਸੰਤ ਸਪਾਹੀਆਂ ਦੀ ਮੁਕੰਮਲ ਜਥੇਬੰਦੀ ਕਰਕੇ ਮਜ਼ਲੂਮਾਂ ਤੇ ਦੁਖੀਆਂ ਦੀ ਹਿਫਾਜ਼ਤ ਲਈ ਆਪਾ ਵਾਰ ਦਿਓ। ਕੇਹੜਾ ਗੁਰਸਿਖ ਹੈ ਜਿਸਨੂੰ ਇਸ ਨਾਲ ਸੰਮਤੀ ਨਾ ਹੋਵੇ ? ਇਕ ਬਾਬਾ ਜੀ ਦੀ ਉਤਮ ਤੇ ਲਾਸਾਨੀ ਕੁਰਬਾਨੀ ਦੀ ਬਰਕਤ ਦਾ ਇਹ ਸਿਟਾ ਹੈ ਕਿ ਸਾਡੇ ਨਾਮਧਾਰੀ ਭਰਾ ਇਕ ਚੰਗੀ ਜਥੇਬੰਦੀ ਵਿਚ ਪ੍ਰੋਤੇ ਹੋਏ ਹਨ। ਸਾਡੀ ਇਹ ਤੰਗ ਦਿਲੀ ਹੈ ਕਿ ਅਸੀਂ ਉਨ੍ਹਾਂ ਨੂੰ, ਤੇ ਕੁਝ ਉਨ੍ਹਾਂ ਤੋਂ ਖ਼ੁਦ ਗਰਜ਼ ਸਾਨੂੰ ਜ਼ਰਾ ਕੂ ਖਿਚੋਂ ਤਾਣ ਤੇ ਸ਼ਕ ਦੀ ਨਿਗਾਹ ਨਾਲ ਵੇਖਦੇ ਹਨ ਜਿਸ ਦੇ ਕਾਰਨ ਆਪੋ ਵਿਚ ਫੁਟ ਵਧ ਰਹੀ ਹੈ ਜੋ ਪੰਥ ਲਈ ਅਤਯੰਤ ਹਾਨੀ ਕਾਰਕ ਹੈ।

ਜੇਹੜਾ ਆਦਮੀ ਇਸ ਸਿਆਨਪ ਤੋਂ ਕੰਮ ਲੈਂਦਾ ਹੈ ਕਿ ਹੱਥ ਤੇ ਬਾਹਾਂ ਸ੍ਰੀਰ ਨਾਲੋਂ ਇਸ ਖਿਆਲ ਨਾਲ ਵਢਣ ਦਾ ਇਰਾਦਾ ਕਰ ਲੈਂਦਾ ਹੈ ਕਿ ਸ੍ਰੀਰ ਨੂੰ ਇਨਾਂ ਦਾ ਐਵੇਂ ਵਾਧੂ ਭਾਰ ਚੁਕਣਾ ਪੈਂਦਾ ਹੈ ਤਾਂ ਦਸੋ ਇਸ ਤਰ੍ਹਾਂ ਕਰਨ ਨਾਲ ਸ੍ਰੀਰ ਕਿਵੇਂ ਮੁਕੰਮਲ ਰਹਿਕੇ ਆਪਣੀ ਕਿਰਿਆ ਸਾਧ ਸਕੇਗਾ ਤੇ ਅਸਲੀ ਰੂਪ ਵਿਚ ਕਿਵੇਂ ਪੂਰਨ ਸ੍ਰੀਰ ਦਾ ਅਧਿਕਾਰੀ ਬਣ ਸਕੇਗਾ। ਸਾਰੀ ਦੁਨੀਆਂ ਜਾਣਦੀ ਹੈ ਕਿ ਅੰਗਾਂ ਤੋਂ ਬਿਨਾਂ ਆਦਮੀ ਦਾ ਸਰੀਰ ਲੂਲਾ ਹੈ। ਅੰਗਾ ਵਾਲੇ ਤੇ ਲੂਲ੍ਹੇ ਦੇ ਕੰਮ ਵਿਚ ਜਿਨਾ ਕੂ ਫਰਕ ਹੁੰਦਾ ਹੈ ਉਹ ਭੀ ਸਪਸ਼ਟ ਹੈ। ਇਸੇ ਤਰ੍ਹਾਂ ਜੇ ਅਸੀਂ, ਆਪਣੇ ਸਿਖੀ ਦੇ ਅੰਗਾਂ, ਨਾਮ-ਧਾਰੀਆਂ, ਅਕਾਲ ਸ਼ਾਹੀਆਂ, ਨਿਰਮਲੇ ਤੇ ਉਦਾਸੀਆਂ ਨੂੰ ਵਖ ਵਖ ਕਰ ਦਿਆਂ ਗੇ ਤਾਂ ਸਿਖੀ ਕਿਸ ਸ਼ੈ ਦਾ ਨਾਮ ਰਵੇਗਾ। ਇਹ ਵਧ ਰਹੀਆਂ ਤਰੇੜਾਂ ਜੇ ਅਸੀਂ ਅਜ ਖੁਲ ਦਿਲੀ ਨਾਲ ਨ ਮੇਲ ਲਈਆਂ ਤਾਂ ਉਹ ਦਿਨ ਨੇੜੇ ਹੀ ਹੈ ਜਿਸ ਦਿਨ ਸਿੱਖ ਲਫਜ਼ ਐਵੇਂ ਕਾਗਜ਼ਾਂ ਤੇ ਹੀ ਇਤਿਹਾਸ ਵਿਚ ਰੈਹ ਜਾਵੇਗਾ। ਜੀਉਂਦੀ ਜਾਗਦੀ ਕੌਮਾਂ ਵਿਚ ਸੰਮਤੀ ਭੇਦ ਹੋਣਾਂ ਉਨ੍ਹਾਂ ਦੇ ਜੀਵਨ ਦੀ ਅਸਲੀ ਨਸ਼ਾਨੀ ਹੈ।

Sri Satguru Jagjit Singh Ji Elibrary NamdhariElibrary@gmail.com

ਮੁਰਦਾ ਕੌਮਾਂ ਵਿਚ ਸੰਮਤੀ ਭੇਦ ਨਹੀਂ ਹੋਇਆ ਕਰਦਾ, ਭੇਡ ਇਕ ਭੇਡ ਦੇ ਪਿਛੇ ਤੁਰੀ ਜਾਵੇਗੀ ਜੇ ਇਕ ਖੂਹ ਵਿਚ ਪੈ ਗਈ ਤਾਂ ਬਾਕੀ ਦੀਆਂ ਭੀ ਸਭ ਉਸੇ ਦੇ ਪਿਛੇ ਹੀ ਜਾ ਪੈਣਗੀਆਂ, ਸਾਡੇ ਅਸੂਲ ਬੇਸ਼ਕ ਵਖ ਵਖ ਹੋਣ ਤੇ ਹੋਣ ਸੰਮਤੀ ਭੇਦ ਇਕ ਵੇਰ ਨਹੀਂ ਲਖ ਲਖ ਵਾਰ ਹੋਣ ਪ੍ਰੰਤੂ ਸਿਖੀ ਦੇ ਝੰਡੇ ਹੇਠਾਂ ਅਸੀਂ ਸਾਰਿਆਂ ਦੀ ਸਾਂਝੀ ਇਕ ਫੌਜ ਹੋਵੇ।

ਮੈ ਭਾਵੇਂ ਨਾਮਧਾਰੀ ਨਹੀਂ ਤੇ ਹੋਰ ਬੀ ਮੇਰੇ ਭਰਾ ਜੇਹੜੇ ਨਾਮਧਾਰੀਏ ਨਹੀ ਹਨ ਉਨ੍ਹਾਂ ਨੂ ਭੀ ਪੂਰਨ ਗੁਰ ਸਿਖ, ਮਹਾਂ ਪੁਰਖ ਸਚੇ ਤੇ ਸੁਚੇ ਦੇਸ਼ ਭਗਤ ਨਾਮ ਤੇ ਸਿਮਰਨ ਦੇ ਅਭਿਆਸ ਦੀ ਸੰਥਾ ਪੜ੍ਹੌਨ ਵਾਲੇ ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਜੀ ਦੇ ਅਦੁਤੀ ਕਾਰਨਾਮਿਆਂ ਨੂੰ ਇਜ਼ਤ ਦੀ ਨਿਗਾਹ ਨਾਲ ਦੇਖਣਾ ਚਾਹੀਦਾ ਹੈ ਤੇ ਆਪਣੇ ਜੀਵਨ ਨੂੰ ਉਨਾਂ ਦੇ ਪਾਏ ਪਵਿਤ੍ਰ ਪੂਰਨਿਆਂ ਤੇ ਚਲਾਕੇ ਆਪਣੇ ਅੰਦਰ ਭੀ ਸਚੇ ਅਰਥਾਂ ਵਿਚ ਉਹ ਸ਼ੁਭ ਗੁਣ ਤੇ ਖੂਬੀਆਂ ਉਤਪਨ ਕਰਕੇ "ਲੋਕ ਸੁਖੀਏ ਪਰਲੋਕ ਸੁਹੇਲੇ" ਹੋਣਾਂ ਚਾਹੀਦਾ ਹੈ!

"ਸਤਿ ਸ੍ਰੀ ਅਕਾਲ"

-:o:o-

(ਵਲੋਂ ਸ੍ਰੀ ਮਾਨ ਸੰਤ ਜਸਾ ਸਿੰਘ ਜੀ "ਸ਼ਿਰੋਮਣੀ)

ਸਰਸ ਸਨੇਹ ਪੂਰ ਆਇਓ ਰਿਤੁ ਰਾਜ ਆਜ, ਆਨੰਦ ਧਰਮ ਧੁਨਿ ਧਰਾ ਸਿੰਚਾਈ ਏ।
ਫੂਲੇ ਵਨ ਉਪਬਨ ਧਰਤ ਵਚਿਤ੍ਰ ਚਿਤ੍ਰ, ਭਾਂਤ ਭਾਂਤ ਫੂਲ ਫੂਲ ਪੰਕਤਿ ਸਜਾਈ ਏ।
ਕੋਕਿਲ ਹੁੰ ਮੋਦ ਭਰੀ ਕੂਹ ਕੂਹ ਠਾਨ ਲਈ, ਰਹੇ ਗੁੰਜਾਰ ਅਲਿ ਸੁਮਨ ਲਪਟਾਈ ਏ।
ਅਵਨਿ ਨਿਵਾਸੀ ਨਰ ਅਧਿਕ ਪ੍ਰਮੋਦ ਯੁਤ, ਸੀਤਲ ਸਮੀਰ ਮੰਦ ਗਤੀ ਠਹਰਾਈ ਏ।
ਰਾਗੀਓਂ ਕੇ ਜੂਥ ਮਿਲ ਗਾਵਤ ਸੰਗੀਤ ਗੀਤ, ਖੇਲਤ ਬਸੰਤ ਅਹੁ ਖੁਸ਼ੀ ਮੇਂ ਲੁਕਾਈ ਏ।
ਬਾਗ ਔ ਬਨਾਸ ਪਤੀ ਰੰਗ ਉਪਰੰਗ ਧਰੇ, ਨਸ ਨਸ ਮਾਹਿ ਨਵ ਜੀਵਨ ਸੁਹਾਈ ਏ।
ਜਹਾਂ ਜਾਇ ਹੇਰੀਅਤ ਤਹਾਂ ਵਹੀ ਟੇਰੀਅਤ, ਰੁਚੀ ਸੰਕੁਚੇ ਨਾਹੀ ਐਸੋ ਦ੍ਰਿਸਟਾਈ ਏ।
ਸਤਿਗੁਰੂ ਰਾਮ ਮ੍ਰਿਗਿੰਦ ਪ੍ਰਭੂ ਆਵਨੇ ਦੀ, "ਸ਼ਿਰੋਮਣੀ" ਨਾਮਧਾਰੀ ਪੰਥ ਨੂੰ ਵਧਾਈ ਏ।

ਰੀਤ ਖਾਲਸੇ ਦੀ ਨਜ਼ਰ ਆਂਵਦੀ ਨਾ

(ਵਲੋਂ ਸ੍ਰੀ ਮਾਨ ਗਜਾਨੀ ਊਧਮ ਸਿੰਘ ਜੀ 'ਮੁਸਾਫਰ')

ਜਬੀ ਬੰਦਿਆਂ ਤੇ ਕਹਿਰ ਵਰਤਦਾ ਸੀ, ਲੋਭੀ ਲਾਲਚੀ ਪਏ ਦਬਾਂਵਦੇ ਸਨ।
ਝੂਠ, ਪਾਪ ਬਦ ਫੈਲੀਆਂ ਜ਼ੋਰ ਪਾਇਆ, ਬੰਦੇ ਬੰਦਿਆਂ ਤਾਈਂ ਸਤਾਂਵਦੇ ਸਨ।
ਰੂਪ ਰਾਖਸ਼ਾਂ ਦਾ ਧਾਰੀ ਫਿਰਨ ਬਹੁਤੇ, ਗਊ ਗਰੀਬ ਤੇ ਛੂਰੀ ਚਲਾਂਵਦੇ ਸਨ।
ਚੋਰ ਯਾਰ ਤੇ ਠਗ ਸ੍ਰਦਾਰ ਬਣਕੇ, ਲਹੂ ਦੂਜਿਆਂ ਦਾ ਪਏ ਨਾਂਵ੍ਹਦੇ ਸਨ।
ਕੋਈ ਵੇਦ ਪੁਰਾਣ ਨ ਪਾਠ ਪੜ੍ਹਦਾ, ਬਾਣੀ ਆਪਣਾਂ ਆਪ ਦਿਖਾਂਵਦੀ ਨਾ।
ਚੀਨੀ ਵਾਲਾ ਨ ਧਾਰ ਅਵਤਾਰ ਔਂਦਾ, ਰੀਤ ਖਾਲਸੇ ਦੀ ਨਜ਼ਰ ਆਂਵਦੀ ਨਾਂ।

—:o:—

ਧਰਮ ਕਰਮ ਦਾ ਨਾਮ ਨਿਸ਼ਾਨ ਮਿਟਿਆ, ਕਾਮ ਕ੍ਰੋਧ ਮੋਹ ਲੋਭ ਦੀਵਾਨ ਹੋਏ।
ਰਹਿਤ ਛਡ ਕੁਰਹਿਤ ਦੀ ਕਰਨ ਪੂਜਾ, ਕੰਘੇ ਕੜੇ ਦੇ ਦੂਰ ਨਿਸ਼ਾਨ ਹੋਏ।
ਕੇਸ ਕਤਲ ਕਰਵਾਇ ਕੇ ਬਣੇ ਬਾਬੂ, ਸੂਟ ਬੂਟ ਪਾਕੇ ਨਾਢੂ ਖਾਨ ਹੋਏ।
ਮੰਤ੍ਰ ਗੁਰਾਂ ਦਾ ਮਨੋਂ ਵਿਸਾਰ ਦਿਤਾ, ਗਿਟ ਮਿਟ ਦੇ ਵਿਚ ਗਲਤਾਨ ਹੋਏ।
ਰਹੀ ਹੋਸ਼ ਨ ਆਪਣੇਂ ਆਪ ਵਾਲੀ, ਲੋਕੀ ਰਬ ਦਾ ਨਾਮ ਧਿਆਂਵਦੀ ਨਾ।
ਵੇਲੇ ਸਿਰ ਜੇ ਰਾਮ ਨ ਸਾਰ ਲੈਂਦਾ, ਰੀਤ ਖਾਲਸੇ ਦੀ ਨਜ਼ਰ ਆਂਵਦੀ ਨਾਂ।

—:o:—

ਆਗੂ ਪੰਥ ਦੇ ਲਤਾਂ ਪਸਾਰ ਸੁੱਤੇ, ਸੁਰਤ ਲਈ ਨ ਕਿਸੇ ਦੀਵਾਨਿਆਂ ਦੀ।
ਧੌਲ ਧਰਮ ਪੁਕਾਰਿਆ ਆਪ ਜਾਕੇ, ਸੁਣੀ ਗਈ ਫਰਯਾਦ ਮਸਤਾਨਿਆਂ ਦੀ।
ਲੀਤਾ ਰਾਮ ਨੇ 'ਰਾਮ' ਅਵਤਾਰ ਆਕੇ, ਤਾਕੀ ਖੋਲੀ ਸੀ ਨਾਮ ਖਜਾਨਿਆਂ ਦੀ।
ਭਰ ਭਰ ਕੇ ਝੋਲੀਆਂ ਵੰਡੀਆਂ ਸਨ, ਲਾਜ ਰਖ ਲਈ ਆਣ ਪ੍ਰਵਾਨਿਆਂ ਦੀ।
ਜ਼ੋਰ ਜ਼ੁਲਮ ਦਾ ਮੂਲ ਨ ਦੌਰ ਹੁੰਦਾ, ਭਾਰਤ ਵਰਸ਼ ਅਕਾਲ ਪੈ ਧਾਂਵਦੀ ਨਾ।
'ਰਾਮ' ਗੁਰੂ ਦਾ ਹੁੰਦਾ ਅਵਤਾਰ ਨ ਜੇ, ਰੀਤ ਖਾਲਸੇ ਦੀ ਨਜ਼ਰ ਆਂਵਦੀ ਨਾ।

—:o:—

ਕੇਸ ਦਾਹੜਾ ਨ ਕਛ ਕ੍ਰਿਪਾਨ ਹੁੰਦੇ, ਹੁੰਦੇ ਮੂਲ ਨ ਸਿਖ ਸ੍ਰਦਾਰ ਸਾਰੇ।
ਚੂਨੇ ਗਚ ਵਾਂਙੂ ਉੱਤੋਂ ਸਾਫ ਹੁੰਦੇ; ਹੁੰਦੇ ਖੋਖਲੇ ਵਿਚੋਂ ਮਕਾਰ ਸਾਰੇ।
ਕੋਈ ਦੀਨ ਈਮਾਨ ਨ ਧਰਮ ਹੁੰਦਾ, ਹੁੰਦੇ ਝੂਠ ਸੰਦੇ ਠੇਕੇਦਾਰ ਸਾਰੇ।
ਹੁੰਦਾ ਨਾਮ ਹੀ ਨਾਮ ਅਜ ਖਾਲਸੇ ਦਾ, ਵਿਚੋਂ ਹੋਂਵਦੇ ਕੌਮੀ ਗ਼ਦਾਰ ਸਾਰੇ
ਓਸ ਵੇਲੇ 'ਮੁਸਾਫਰਾ' ਬਹੁੜਦਾ ਨਾ, ਇਹ ਲਹਿਰ ਅਜ਼ਾਦੀ ਦੀ ਆਂਵਦੀ ਨਾ।
ਹੁੰਦੀ ਗੁਰੂ ਕਰਤਾਰ ਦੀ ਮਿਹਰ ਨ ਜੇ, ਰੀਤ ਖਾਲਸੇ ਦੀ ਨਜ਼ਰ ਆਂਵਦੀ ਨਾ।

ਤੇਰੇ ਚਰਨ ਦੀ ਖਾਕ ਨੂੰ ਤਰਸਦੇ ਨੇ

(ਵਲੋਂ ਸ੍ਰਦਾਰ ਊਧਮ ਸਿੰਘ ਜੀ 'ਆਜਜ਼, ਚਕ ੧੦੯ ਨਰੈਣ ਗੜ੍ਹ)

ਮੈਨੂੰ ਛਡ ਗਏ ਪੁੰਨੂ ਦੇ ਵਾਂਗ ਪ੍ਰੀਤਮ, ਮੈਂ ਵਿਚ ਕੀ ਭਲਾ ਤਕਸੀਰ ਪੀਆ,
ਪਲ ਸਾਇਤ ਨਾ ਚੈਨ ਆਰਾਮ ਆਵੇ, ਬੁਰੀ ਤੇਰੀ ਜੁਦਾਈ ਦੀ ਪੀੜ ਪੀਆ।
ਛਿਨ ਭਰ ਨਾ ਰਾਤ ਨੂੰ ਨੀਂਦ ਆਵੇ, ਦਿਨੇ ਅਖੀਓਂ ਪਲਟਦੀ ਨੀਰ ਪੀਆ,
ਲੂਛੀ ਪਈ ਹਾਂ ਬ੍ਰਿਹੋਂ ਦੀ ਅਗ ਅੰਦ੍ਰ, ਦੇ ਦਰਸ ਦੀ ਕੋਈ ਅਕਸੀਰ ਪੀਆ।
ਬਦੱਲ ਗਮਾਂ ਦੇ ਚੜ੍ਹੇ ਨੇ ਆਣ ਸਿਰ ਤੇ, ਮੋਹਲੇ ਧਾਰ ਵਾਂਗੂ ਨਿਤ ਬਰਸਦੇ ਨੇ,
ਤੇਰੇ ਦਰਸ ਦੀਦਾਰ ਨੂੰ ਲੋੜਦੇ ਨੇ, 'ਤੇਰੇ ਚਰਨ ਦੀ ਖਾਕ ਨੂੰ ਤਰਸਦੇ ਨੇ'।
ਅਠੇ ਪਹਿਰ ਹੀ ਕਹਿਰ ਦੀ ਘੜੀ ਗੁਜਰੇ, ਛੇਤੀ ਦਰਸ ਦਖਾਓ ਤੇ ਆਓ ਪ੍ਰੀਤਮ,
ਭੌਰ ਭੌਰ ਫਿਰਦੀ ਵਾਂਗ ਭੌਰਿਆਂ ਦੇ, ਨਾ ਹੋਰ ਸਤਾਓ, ਤੇ ਆਓ ਪ੍ਰੀਤਮ
ਮੁਰਗ਼ ਨੀਮ ਬਿਸਮਲ ਵਾਗੂੰ ਤੜਫਦੀ ਹਾਂ, ਨਾ ਹੋਰ ਤੜਫਾਓ ਤੇ ਆਓ ਪ੍ਰੀਤਮ,
ਕਿਥੇ ਜਾਏ ਕੇ ਕੰਦਰੀਂ ਛੁਪ ਬੈਠੇ, ਹੁਣ ਝਲਕ ਦਿਖਾਓ ਤੇ ਆਓ ਪ੍ਰੀਤਮ।
ਆਓ ੨ ਜੀ ਆਓ ਨ ਦੇਰ ਲਾਓ, ਹੁਣ ਤਾਂ ਦਿਵਸ ਆਏ ਤੇਰੇ ਦਰਸਦੇ ਨੇ,
ਮੇਰੇ ਵਰਗੇ ਕਈ ਕ੍ਰੋੜ 'ਆਜਜ਼' ਤੇਰੇ ਚਰਨ ਦੀ ਖਾਕ ਨੂੰ ਤਰਸਦੇ ਨੇ।
ਕਿਉਂ ਵਿਚ ਪ੍ਰਦੇਸ ਦੇ ਚਿਰ ਲਾਯਾ, ਛੇਤੀ ਮੁੜਨ ਦਾ ਪਹਿਲੋਂ ਇਕ੍ਰਾਰ ਕਰਕੇ,
ਹੁਣ ਤਾਂ ਮਰਹਮ ਦੀਦਾਰ ਵੀ ਬਖਸ਼ਦੇ ਨਹੀਂ, ਤਿਖੇ ਨੈਨਾਂ ਦਾ ਅਸਾਂ ਤੇ ਵਾਰ ਕਰਕੇ।
ਦੁਖੀ ਦਿਲਾਂ ਨੂੰ ਠੰਢਿਆਂ ਠਾਰ ਕਰਕੇ, ਗਲੇ ਕਿਉਂ ਨਹੀਂ ਲਾਉ ਦੇ ਪਿਆਰ ਕਰਕੇ,
ਅਜ ਸੁਰਤ ਲੈਂਦੇ ਕਿਉਂ ਨ ਪ੍ਰੇਮੀਆਂ ਦੀ, ਬੈਹ ਗਏ ਹੋ ਕਿਥੇ ਵਿਸਾਰ ਕਰਕੇ।
ਵਾਂਗ ਮੀਨ ਬੇਆਬ ਦੇ ਤੜਫਦੇ ਹਾਂ, ਜੀਉੜੇ ਆਬ ਦੇ ਬਿਨਾ ਨਾ ਪਰਸਦੇ ਨੇ,
'ਆਜਜ਼' ਭੌਰੇ ਦੀਦਾਰ ਦੇ ਫਿਰਨ ਭੌਰੇ, ਤੇਰੇ ਚਰਨ ਦੀ ਖਾਕ ਨੂੰ ਤਰਸਦੇ ਨੇ।
ਰਬੀ ਨੂਰ ਨਿਰਾਲੀ ਨੁਹਾਰ ਵਾਲੇ, ਸਾਨੂੰ ਹੋਰ ਬਹੁਤਾ ਪਰੇਸ਼ਾਨ ਨਾ ਕਰ,
ਸੀਤਲ ਪ੍ਰੇਮ ਸਤਿਕਾਰ ਦੀ ਸ਼ਕਲ ਵਾਲੇ, ਇਸਤੋਂ ਹੋਰ ਵਧੀਕ ਵੀਰਾਨ ਨਾ ਕਰ।
ਕੀਤੀ ਪ੍ਰੇਮ ਅਵਲੜੀ ਦਸ਼ਾ ਮੇਰੀ, ਪੀਆ ਏਸਤੋਂ ਵਧ ਹੈਰਾਨ ਨਾ ਕਰ,
ਰੋਸ ਮੇਟਕੇ ਦਰਸ ਦਿਖਾ ਚੰਨਾ, ਸਚੇ ਪ੍ਰੇਮ ਦਾ ਇਨਾ ਅਪਮਾਨ ਨਾ ਕਰ।
ਮੇਹਰ ਕਰ ਤੇ ਦਰਸ ਦਿਖਾ ਪੀਤਮ, ਮੰਦੇ ਹਾਲ ਹੋਏ ਭਾਰਤ-ਵਰਸ਼ ਦੇ ਨੇ,
'ਆਜਜ਼' ਲੋਕ ਪ੍ਰਲੋਕ ਦੇ ਦੇਵਤੇ ਭੀ 'ਤੇਰੇ ਚਰਨ ਦੀ ਖਾਕ ਨੂੰ ਤਰਸਦੇ ਨੇ'।

Sri Satguru Jagjit Singh Ji Elibrary NamdhariElibrary@gmail.com

(ਵਲੋਂ ਸ੍ਰੀ ਮਾਨ ਸਰਦਾਰ ਸੁਹੇਲ ਸਿੰਘ ਜੀ "ਧੀਰ" ਸ਼ੇਖੂਪੁਰਾ - ਬੇਦਾਦ)

—:o:—

ਬੇੜਕ ਨਹੀ ਉਠੀ ਸੂਰਜ ਨਿਕਲ ਆਇਆ, ਗੁਸੇ ਹੋਵੰਦੀਏਂ ਕਾਹਨੂੰ ਮਾਤ ਇਕ ਦਮ।
ਰਾਤੀ ਜਦੋਂ ਆਕੇ ਮੇਰੀ ਅਖ ਲਗੀ ਸੁਫਨੇ, ਵਿਚ ਪਾਈ ਪ੍ਰੀਤਮ ਝਾਤ ਇਕ ਦਮ।
ਹਥ ਜੋੜ ਨੀਵੀਂ ਹੋਕੇ ਚਰਨ ਪਰਸੇ, ਸੀਸ ਭੇਟ ਕੀਤੀ ਮੈਂ ਸੁਗਾਤ ਇਕ ਦਮ।
ਪੂਰੀ ਹੋਈ ਮੁਰਾਦ ਨਾ ਦਿਲ ਵਾਲੀ, ਤਤੀ ਹੋ ਗਈ ਭੈੜੀ ਪ੍ਰਭਾਤ ਇਕ ਦਮ।
ਉਠ ਤੁਰਨ ਲਗੇ ਪ੍ਰੀਤਮ ਛਡ ਮੈਨੂੰ, ਪਲਾ ਪਕੜ ਛੇਤੀ ਤਦ ਮੈਂ ਅਰਜ ਕੀਤੀ।
ਕਿਧਰ ਚਲੇ ਤੇ ਆਵਸੋ ਕਦ ਮੁੜਕੇ, ਛੇਤੀ ਦਰਸ ਵਾਲੀ ਜਾਹਰ ਗਰਜ ਕੀਤੀ।
ਦਿਤਾ ਕੋਈ ਜਵਾਬ ਨਾਂ ਮੋੜ ਅਗੋਂ, ਪਲਾ ਖਸ ਯੋਗੀ ਚੁਪ ਚਾਪ ਤੁਰ ਪੈ।
ਡਿਗੀ ਪਿਛਾਂ ਘੜਮ ਨਿਜ ਜਮ ਪਈ ਮੈਂ, ਹਾਈਂ ਬਲਦੀਆਂ ਮੂੰਹੋਂ ਵਰਲਾਪ ਤੁਰ ਪੈ
ਕੀਤਾ ਦਰਦ ਨਾ ਸੂਰਮੇ ਮਰਦ ਹੋਕੇ, ਰੰਗ ਭੰਗ ਕਰਕੇ ਕਰਦੇ ਜਾਪ ਤੁਰ ਪੈ।
ਸੁਖਾਂ ਸੁਖ ਦਿਆਂ ਘੜੀ ਨਸੀਬ ਹੋਈ ਸੀ, ਹਾਏ ਛਡ ਓਹਵੀ ਸਾਜਨ ਆਪ ਤੁਰ ਪੈ।
ਏਦਾਂ ਸੋਚ ਗਲਾਂ ਕਈ ਮੈਂ ਦਿਲ ਅੰਦਰ, ਪਿਛੋਂ ਝਟ ਜਾਕੇ ਮਾਹੀ ਪਕੜ ਲੀਤਾ।
ਡਾਢੀ ਨਾਲ ਅਧੀਨਗੀ ਅਰਜ਼ ਕੀਤੀ, ਪ੍ਰੀਤਮ ਪ੍ਰੇਮ ਸੰਗਲ ਅੰਦਰ ਜਕੜ ਲੀਤਾ।
ਬੜਾ ਚਿਰ ਅਨੰਦ ਮੈਂ ਲੁਟਦੀ ਰਹੀ, ਸ਼ੌਹ ਘਰ ਪਾਕੇ ਦਿਲ ਵਿਚ ਫੁਲ ਗਈ ਤਦ।
ਯਾਦ ਰਖਿਆ ਸਮਾਂ ਵੈਜੋਗ ਦਾ ਨ ਪਰੇਮ ਭਰੀ ਕਟੋਰੀ ਨੀ ਡੁਲ ਗਈ ਤਦ।
ਭੈੜੇ ਮਾਨ ਨੇ ਆ ਦਬਲਿਆ ਚਾ, ਦੁਖੀ ਵਿਲਕਦੀ ਦੇ ਹਾੜੇ ਭੁਲ ਗਈ ਤਦ।
ਕਰਮਾਂ ਹਾਰ ਦਿਤੀ ਤਤੀ ਮਾਰ ਦਿਤੀ, ਮੇਰੇ ਦੁਖਾਂ ਦੀ ਗਠੜੀ ਖੁਲ ਗਈ ਤਦ।
ਅਚਨ ਚੇਤੇ ਪਲਕਾਂ ਗਈਆਂ ਖੁਲ ਮੇਰੀਂ ਅਖਾਂ ਵਿਚ ਆਕੇ ਤਿਖੀ ਕਿਰਨ ਪੈ ਗਈ।
ਤੈਨੂੰ ਖੜੋ ਸਰ੍ਹਾਨੇ ਮੈਂ ਵੇਖ ਮਾਏ ਦਿਲ ਮੇਰੇ ਅੰਦਰ ਡਾਢੀ ਘਿਰਨ ਪੈ ਗਈ।
ਕੀਹ ਪੁਛਦੀ ਏਂ ਹੁਨ ਤੂੰ ਹਾਲ ਮੇਰਾ ਫਟ ਪੈ ਗਿਆ ਪਰੇਮ ਸਮਸ਼ੀਰ ਦਾ ਨੀ।
ਡਾਢੀ ਕਾਲਜੇ ਵਿਚ ਹੈ ਪੀੜ ਹੁੰਦੀ ਡੂੰਗਾ ਘਾਓ ਲਗਾ ਗੁਝ ਤੀਰ ਦਾ ਨੀ।
ਗੋਤੇ ਖਾਂਵੰਦੀ ਵਿਚ ਨਿਰਾਸ ਸਾਗਰ, ਬੰਨਾ ਦਿਸਦਾ ਕੋਈ ਨਾ ਧੀਰ ਦਾ ਨੀ।
ਦੁਖ ਫੋਲ ਆਖਾਂ ਹੰਝੂ ਡੋਲ੍ਹ ਆਖਾਂ ਮੁਖ ਝਟ ਪਾਦੇ ਘੁਘ ਨੀਰ ਦਾ ਨੀ।

ਦਿਲ ਉਠ ਟਿਕਾਨੇ ਨਾ ਆਂਵੰਦਾ ਏ ਹੰਝੂ ਮੇਘ ਵਾਗੂੰ ਛਮ ਛਮ ਵਰਸਦੇ ਨੇ।
"ਧੀਰ" ਮਾਹੀ ਨੂੰ ਆਖ ਹੁਨ ਨੈਨ ਮੇਰੇ, ਤੇਰੇ ਚਰਨ ਦੀ ਖਾਕ ਨੂੰ ਤਰਸਦੇ ਨੇ।

—:o:—

(ਵਲੋਂ ਸ੍ਰੀਮਾਨ ਸ੍ਰ: ਹਰਨਾਮ ਸਿੰਘ ਜੀ 'ਨਿਹੰਗ' ਪਟਿਆਲਾ)

ਜੇਹੜੀ ਪੰਚਮੀ ਰੁਤ ਬਸੰਤ ਵਾਲੀ ਇਸਨੂੰ ਭਾਗ ਲਾਯਾ ਚੀਨੀ ਵਾਲੜੇ ਨੇ।
ਕੋਈ ਜੀਭ ਨਹੀਂ ਕਰੇ ਵਿਆਖਿਆ ਜੋ ਕੀਤੇ ਚੋਜ ਜੇਹੜੇ ਚੀਨੀ ਵਾਲੜੇ ਨੇ।
ਗੰਗਾ ਤੁਰ ਗੇ ਹੋ ਮਸਤਾਨੇ ਸਤਿਗੁਰੂ ਸਿਖੀ ਪਰਖੀ ਸੀ ਮੀਤ ਨਿਰਾਲੜੇ ਨੇ।
ਜੇਹੜਾ ਸਿਖ ਆਖੇ ਤੇਰਾ ਸਿਖ ਹਾਂ ਮੈ ਮਾਰ ਕੁਟਿਆ ਗੁਰੂ ਮਤਵਾਲੜੇ ਨੇ।

Sri Satguru Jagjit Singh Ji Elibrary NamdhariElibrary@gmail.com

ਨੈਣਾ ਸਿੰਘ ਬਾਬੇ ਜਿਹੇ ਚਰਨ ਭੌਰੇ ਨੈਣ ਛਮਾ ਛਮ ਜਿਨਾ ਦੇ ਬਰਸਦੇ ਨੇ।
ਧਰਤੀ ਅਤੇ ਅਸਮਾਨ ਤੇ ਬਨ ਪਰਬਤ ਤੇਰੇ ਚਰਨ ਦੀ ਖਾਕ ਨੂੰ ਤਰਸਦੇ ਨੇ।
ਦੇ ਦੇ ਡੋਰੀਆਂ ਲੂਤੀਆਂ ਲਾ ਲਾ ਕੇ ਭਾਰਤ ਵ੍ਰਿਸ਼ ਤੋਂ ਬਾਹਰ ਕਢਾਯਾ ਤੈਨੂੰ।
ਸਾਰੇ ਬਣੇ ਸਾਂ ਸਾਲੇ ਬਿਦੇਸ਼ੀਆਂ ਦੇ ਬਣ ਓਪ੍ਰੇ ਦੁਖ ਪੁਚਾਯਾ ਤੈਨੂੰ।
ਹੁਣ ਬਸਤੀਆਂ ਵਾਲਾ ਸੁਰਾਜ ਮੰਗੀਏ ਓਦੋਂ ਟਿਚਕਰਾਂ ਨਾਲ ਛਿੜਾਯਾ ਤੈਨੂੰ।
ਛਿਤਰ ਪੈਣ ਅਠਾਰੇ ਹੁਣ ਤੇਰੇ ਬਾਝੋਂ ਕਿਉਂਕਿ ਚਿਤ ਚੋਂ ਅਸਾਂ ਭੁਲਾਯਾ ਤੈਨੂੰ।
ਆ ਜਾ ਤਰਸ ਕਰਕੇ ਪ੍ਰੀਤਮ ਦੇਹ ਕਰਕੇ ਛਿਤਰ ਗੋਰਾਂ ਦੇ ਫਟਾ ਫਟ ਬਰਸਦੇ ਨੇ।
ਤੈਨੂੰ ਯਾਦ ਕਰ ਕਰ ਰੋਏ ਭਾਰਤ ਸਾਰਾ ਨਾਲੇ ਚਰਨ ਦੀ ਖਾਕ ਨੂੰ ਤਰਸਦੇ ਨੇ।
ਚੀਨੀ ਵਾਲੇ ਨਿਰਾਲੇ ਹਨ ਚੋਜ ਤੇਰੇ ਕਿਥੋਂ ਤੀਕ ਮੈ ਦਸਾਂ ਵਿਸਥਾਰ ਕਰਕੇ।
ਗੁਰੂ ਡੰਮ ਕਹਿੰਦੇ ਪਾਪੀ ਦੁਸ਼ਟ ਭੈੜੇ ਜਰਾ ਸੋਚਦੇ ਨਾਂਹੀ ਵੀਚਾਰ ਕਰਕੇ।
ਰਬੀ ਜੋਤ ਦੇ ਕੰਮ ਤੇ ਜੀਵ ਸੰਦੇ ਲੋਕੋ ਸੁਣੋ ਮੈ ਦਸਾਂ ਪੁਕਾਰ ਕਰਕੇ।
ਵਾਂਙੂ ਭ੍ਰਿੰਗੀ ਦੇ ਮਾਰ ਜੀਵਾਏ ਸਤਿਗੁਰ ਜੀਵ ਕਦੇ ਜਿਵਾਏ ਨਾ ਮਾਰ ਕਰਕੇ।
ਡਾਕੂ ਚੋਰ ਤੇ ਧਾੜਵੀ ਸਿਖ ਹੋਗੇ ਹੋਇ ਵਿਰਾਗੀ ਜਲ ਨੇਤ੍ਰਾਂ ਬਰਸਦੇ ਨੇ।
ਅਠੇ ਪਹਿਰ ਹਹੁਕੇ ਲੈਂਦੇ ਪ੍ਰੇਮ ਕੁਠੇ ਨਾਲੇ ਚਰਨ ਦੀ ਖਾਕ ਨੂੰ ਤਰਸ ਦੇਨੇ।
ਤੇਰਾ ਚੋਜ ਚੀਨੀ ਵਾਲੇ ਯਾਦ ਆਯਾ ਧਾਣਕ ਰੂਪ ਜਦੋਂ ਤੁਸਾ ਧਾਰਿਆ ਸੀ।
ਸੰਗਤ ਬਹੁਤ ਸੀ ਤੁਸਾਂ ਦੇ ਮਗਰ ਲਗੀ ਇਕ ਮਾਈ ਵੀ ਪ੍ਰੇਮ ਦਿਲ ਧਾਰਿਆ ਸੀ।
ਤੁਸਾਂ ਪੁਛਿਆ ਮਾਈ ਕਿਉਂ ਮਗਰ ਆਵੇਂ ਅਗੋਂ ਜੋੜ ਕਰ ਮਾਤਾ ਉਚਾਰਿਆ ਸੀ।
ਸਤਿਗੁਰੂ ਦੂਸਰਾ ਥਾਂ ਨਹੀ ਬਾਝ ਤੇਰੇ ਗੁਰਾਂ ਛਾਪੇ ਲਾ ਉਸਨੂੰ ਸਸਕਾਰਿਆ ਸੀ।
ਸਾੜ ਫੂਕ ਫਿਰ ਜੀਵਨ ਦੀ ਦਾਤ ਦੇ ਕੇ ਜੀਵੀ ਕਰਕੇ ਮੇਘ ਸਮ ਬਰਸਦੇ ਨੇ।
ਮੁਖੋਂ ਬਚਨ ਕੀਤਾ ਹੁਣ ਤੂੰ ਸੁਧ ਹੋ ਗਈ ਓਹ ਵੇਲਾ ਯਾਦ ਕਰ ਕਰ ਸਾਰੇ ਤਰਸਦੇ ਨੇ।

(ਵਲੋਂ ਸ੍ਰੀ ਮਾਨ ਭਾਈ ਤੇਜਾ ਸਿੰਘ ਜੀ "ਕਮਲ")

ਭਾਰਤ ਵਰਸ਼ ਅਜ਼ਾਦ ਕਰਵਾਨ ਖਾਤਰ, ਗੁਰੂ ਬਾਰਮੇ ਧਾਰ ਅਵਤਾਰ ਆਏ।
ਚੋਰ ਜੁਲਮ ਦਾ ਕਰਨ ਪ੍ਰਹਾਰ ਆਏ, ਦੀਨ ਦੁਖੀ ਦਾ ਕਰਨ ਉਧਾਰ ਆਏ।
ਗਲੋਂ ਫਾਹ ਗੁਲਾਮੀ ਦਾ ਵਢੱਣੇ ਲਈ, ਸ਼ਾਂਤ ਮਈ ਦਾ ਪਕੜ ਹਥਯਾਰ ਆਏ।
ਕੀਤੀ ਦੇਸ ਅਜ਼ਾਦੀ ਦੀ ਲਹਿਰ ਜਾਰੀ, ਜੁਲਮ ਮੇਟਿਆ ਗੁਰੂ ਦਾਤਾਰ ਆਏ।
ਵਤਨ ਵਾਸਤੇ ਆਪ ਬੇਵਤਨ ਹੋਗਏ, ਸੀਸ ਹੋਰ ਵੀ ਕਈਆਂ ਨੇ ਵਾਰ ਦਿਤੇ।
ਕਈ ਚੜੇ ਫਾਂਸੀ ਕਈਆਂ ਕੈਦ ਕਟੀ ਵਾਰ ਬੰਸ ਸਰ ਬੰਸ ਪਰਵਾਰ ਦਿਤੇ।
ਬਿਸ਼ਨ ਸਿੰਘ ਵਰਗੇ ਸੂਰ ਬੀਰ ਬੱਚੇ, ਤਲਵਾਰ ਦੇ ਘਾਟ ਉਤਾਰ ਦਿਤੇ।
ਕਈ ਦਾਸ ਵਰਗੇ ਭੁਖੇ ਮਾਰ ਦਿਤੇ, ਹਦੋਂ ਵਧਕੇ ਕੈਹਰ ਗੁਜਾਰ ਦਿਤੇ।
ਜੇਹੜੇ ਰੂਹ ਤੋਪਾਂ ਅਗੇ ਉਡ ਗਏ ਸਨ, ਉਹ ਫੇਰ ਦੁਨੀਆਂ ਉਤੇ ਆਏ ਹੋਏ ਨੇ।
ਉਸੇ ਲਗਨ ਦੇ ਵਿਚ ਹਨ ਮਗਨ ਹੋਏ, ਬੀਰਾਂ ਮੌਤ ਦੇ ਸੰਸੇ ਮਿਟਾਏ ਹੋਏ ਨੇ।
ਉਧਰ ਜੇਹਲ ਤੇ ਪੁਲਸ ਦਾ ਅੰਤ ਕੋਈ ਨਹੀ, ਏਧਰ ਸੀਸ ਤਲੀਆਂ ਤੇ ਟਿਕਾਏ ਹੋਏ ਨੇ।

ਹੁਣ ਲੋੜ ਸਾਨੂੰ ਤੇਰੇ ਦਰਸ ਦੀ ਏ, ਇਹ ਪੂਰਨੇ ਆਪ ਦੇ ਪਾਏ ਹੋਏ ਨੇ।
ਹਰੀ ਭਰੀ ਬਸੰਤ ਦੀ ਰੁਤ ਆਈ, ਬੱਦਲ ਰਹਿਮਤਾਂ ਦੇ ਪਏ ਬਰਸਦੇ ਨੇ।
ਰਾਮ ਮਉਲਿਆ ਧਰਤ ਸੁਰਜ਼ੀਤ ਹੋਈ, ਭੌਰੇ ਫੁਲਾਂ ਨੂੰ ਚੁੰਮਦੇ ਪਰਸਦੇ ਨੇ।
ਐ ਹਿੰਦ ਅਜਾਦੀ ਦੇ ਬਾਨੀਆ ਵੇ, ਚਾਹਵਾਨ ਤੇਰੇ ਸਾਰੇ ਦਰਸਦੇ ਨੇ।
ਕਮਲ ਦੇਸ ਦੇ ਲਈ ਸਿਰ ਮਿਟਨ ਵਾਲੇ ਤੇਰੇ ਚਰਨਾਂ ਦੀ ਖਾਕ ਨੂੰ ਤਰਸਦੇ ਨੇ।

(ਵਲੋਂ ਸ੍ਰੀ ਮਾਨ ਸਰਦਾਰ ਤਰਨ ਸਿੰਘ ਜੀ ਹਿੰਦੂ ਚੱਕ)

ਮੋਹਾਂ ਸਿੰਘ ਸਾਧੂ ਜੰਡੂ ਖੇਤ ਬੈਨੇ ਭੁੱਬਾਂ ਮਾਰ ਊਂਧੀ ਘੱਤ ਰੋਂਦੀ ਜਾਵੇ।
ਆਖੇ ਦਿਹ ਪਿਆਰਿਆ ਆਨ ਦਰਸ਼ਨ, ਮੇਰੀ ਜਾਣ ਦੀ ਪੇਸ਼ ਨ ਕੋਈ ਜਾਵੇ।
ਇਕ ਫਸਲ ਪੱਕਾ ਅਕਲਾਪ ਦੂਜਾ ਤੀਜਾ ਤੁਰਨ ਦਾ ਭੀ ਬਲ ਜੇਰਾ।
ਚਤੁਰਥਾ ਪਤਾ ਭੀ ਦਾਸ ਗ੍ਰੀਬ ਨੂੰ ਨਹੀਂ, ਕਿਥੇ ਆਪ ਸਰਕਾਰ ਦਾ ਅਜ ਡੇਰਾ।
ਤੁਸੀਂ ਬੇਪ੍ਰਵਾਹ ਬਿਅੰਤ ਲੇਖੇ ਦੇਖੇ ਬਿਨਾ ਨਹੀ ਲੱਗਦਾ ਜੀ ਮੇਰਾ।
ਚੀਨੀ ਟੋਰਕੇ ਫੜੇਂ ਜੇ ਆਨ ਬਾਹੋਂ ਹੋਵੇ ਪ੍ਰੀਤਮਾਂ ਕੁਝ ਨ ਹਰਜ ਤੇਰਾ।
ਅਸੀਂ ਭੀ ਸਿਖ ਤੇਰਾ ਉਹ ਭੀ ਸਿਖ ਤੇਰੇ ਜੇੜ੍ਹੇ ਨਿਤ ਭੌਰੇ ਚਰਨ ਪਰਸਦੇ ਨੇ।
ਕੇੜ੍ਹੇ ਦੋਸ਼ ਤੋਂ ਪਿਆਰਿਆ ਨੈਣ ਮੇਰੇ ਤੇਰੇ ਚਰਨ ਦੀ ਖ਼ਾਕ ਨੂੰ ਤਰਸਦੇ ਨੇ।
ਪ੍ਰੀਤਵਾਨ ਬੈਠਾ ਜੰਡੂ ਖੇਤ ਬੰਨੇ ਦਿਲੀ ਪ੍ਰੇਮ ਦੀ ਤਾਰ ਹਲਾਈ ਜਾਵੇ।
ਓਧਰ ਵਲ ਪ੍ਰੀਤਮ ਪ੍ਰੇਮ-ਤਾਰ ਰੱਬੀ ਨਾਲੋ ਨਾਲ ਹੀ ਖਬਰ ਪੁਚਾਈ ਜਾਵੇ।
ਸ੍ਰੀ ਸਤਿਗੁਰੂ ਜੀ ਉਸ ਵਕਤ ਸੁਣਿਆਂ ਉੱਗ੍ਰ-ਚੱਕ ਬੈਠੇ ਵਿਚ ਦੀਵਾਨ ਹੈ ਸਨ।
ਮੋਹਾਂ ਸਿੰਘ ਦੇ ਪ੍ਰੇਮ ਨੇ ਖਿਚ ਲਾਈ ਛੇਤੀ ਉਠਕੇ ਹੋਏ ਰਵਾਨ ਹੈ ਸਨ।
ਖਲੋ ਸਤਿਗੁਰੂ ਨ ਰਹੇ ਕਰ ਅਰਜਾਂ ਭਲੇ ਭਲੇ ਸਾਧੂ ਆਨ ਆਨ ਹੈ ਸਨ।
ਧੀਰਜ ਦੇਨ ਦੇ ਵਾਸਤੇ ਸਾਧੂਆਂ ਨੂੰ, ਮਧੁਰ ਬਚਨ ਬੋਲੇ ਮਿਹਰਬਾਨ ਹੈ ਸਨ।
ਮੋਹਾਂ ਸਿੰਘ ਬੈਠਾ ਜੰਡੂ ਖੇਤ ਬੰਨੇ ਹੰਝੂ ਮੋਤੀਆਂ ਦੇ ਵਾਂਗ ਬਰਸਦੇ ਨੇ।
ਕਹਿੰਦਾ ਆ ਛੇਤੀ ਮਿਲ, ਨੈਣ ਮੇਰੇ ਤੇਰੇ ਚਰਨ ਦੀ ਖ਼ਾਕ ਨੂੰ ਤਰਸਦੇ ਨੇ।
ਕੀਤੀ ਅਰਜ ਸਾਧਾਂ ਫਿਰ ਪ੍ਰੀਤਮਾਂ ਵੇ ਤੇਰੀ ਲਖੀ ਨ ਬੇਪਰਵਾਹੀ ਜਾਵੇ।
ਸੰਗਤ ਏਤਨੀ ਦੇ ਵਿਚੋਂ ਇਕ ਪ੍ਰੇਮੀ ਵੱਲ ਆਪਣੇ ਖਿੱਚ ਲਜਾਈ ਜਾਵੇ।
ਕਿਹਾ ਸਤਿਗੁਰਾਂ ਨੇ ਮੈਨੂੰ ਆਪਦਾ ਇਹ ਇਸ ਵਕਤ ਨ ਭੁਲਾ ਅਝਕਾਵਣਾ ਏ।
ਬਹੁਤ ਚਿਰਾਂ ਦਾ ਰੋਂਵਦਾ ਘੱਤ ਊਂਧੀ ਉਹਨੂੰ ਜਾਇਕੇ ਚੁੱਪ ਕਰਾਵਣਾ ਏ।
ਘੋੜਾ ਹੋਰ ਆਂਦਾ ਸੰਗਤ, ਸਤਿਗੁਰਾਂ ਨੇ ਕਿਹਾ ਚੀਨੀ ਨੂੰ ਅਸਾਂ ਲਜਾਵਣਾ ਏ।
ਚੀਨੀ ਟੋਰ ਆ ਦੇਉ ਦੀਦਾਰ ਮੈਨੂੰ ਮੋਹਾਂ ਸਿੰਘ ਦੇ ਚਿੱਤ ਦੀ ਚਾਹਵਣਾ ਏ।
ਚੀਨੀ ਆਈ ਛੇਤੀ ਅਸਵਾਰ ਹੋਏ ਛੇੜੀ ਵਾਗ ਉਧਰ ਵਾਲੀ ਅਰਸ਼ਦੇ ਨੇ।
ਜਿਤੇ ਮੰਗਦਾ ਸੀ ਆਸੀ ਨੈਣ ਮੇਰੇ ਤੇਰੇ ਚਰਨ ਦੀ ਖ਼ਾਕ ਨੂੰ ਤਰਸਦੇ ਨੇ।
ਸੰਗਤ ਮੁੜ ਦੌੜੇ ਸੰਗ ਬਲੀ ਕਹਿਕੇ ਕਸਰਤ ਨਿਤ ਦੀ ਅਜ ਅਜਮਾਈ ਜਾਵੇ।
ਧਰੀ ਸਤਿਗੁਰਾਂ ਨੇ ਭੁਜਾ ਧੌਣ ਉਤੇ ਚੀਨੀ ਪੌਣ ਨੂੰ ਪਰੇ ਹਟਾਈ ਜਾਵੇ।
ਲਗਾ ਜਾਮ ਦੁਹਾਰਨ ਕੋਸ ਚੌਦਾਂ ਚੀਨੀ ਪਲਕ ਦੇ ਵਿਚ ਮੁਕਾਦਿਕੇ ਤੇ।

ਅਝਕੀ ਕਿਤੇ ਨ ਜਿਤੇ ਉਡੀਕ ਅਸੀ ਉਨੀ ਖੇਤ ਬੈਠੇ ਹਿਣਕੀ ਜਾਇਕੇ ਤੇ।
ਉਹਨੂੰ ਵਾਟ ਕੀ ਸੀ ਮੱਕਿਉਂ ਜੋ ਮਿਲਦਾ ਪਲਕ ਵਿਚ ਭੈਣ ਨੂੰ ਆਇਕੇ ਤੇ।
ਆਇ ਜ਼ਿਦੀ ਖਾਤਰ ਉਹਨੂੰ ਖਬਰ ਕੋਈ ਨ ਰੋਤੀ ਜਾਂਵਦਾ ਸੀ ਊਂਧੀ ਪਇਕੇ ਤੇ।
ਛੇਤੀ ਉਤਰਕੇ ਚੀਨੀਉਂ ਪਕੜ ਬਾਹੋਂ ਕਿਹਾ ਉੱਠ "ਦਰਦੀ-ਭਾਰਤ-ਵਰਸ਼"ਦੇ ਨੇ।
ਆਹ ਵੇਖ ਆਈ ਚੀਨੀ ਨੈਣ ਤੇਰੇ ਜਿਦੇ ਚਰਨ ਦੀ ਖਾਕ ਨੂੰ ਤਰਸਦੇ ਨੇ।
ਉਤਾਂ ਚੁੱਕ ਹੌਕਾ ਭਰੇ ਲਾਏ ਛਾਤੀ ਕਿਹਾ ਸਤਿਗੁਰਾਂ ਨੇ ਮਹਾਂ ਸਿੰਘ ਭਾਈ।
ਤੇਰੇ ਰੁਦਨ ਆਂਦਾ ਉਵੇਂ ਜਗਨ ਨਾਥੋ ਕਰਮਾ ਬਾਈ ਨੇ ਜਿਵੇਂ ਸੀ ਕਾਹਲ ਪਾਈ।
ਮੇਰੇ ਵੱਸ ਹੋਵੇ ਰਵਾਂ ਕੋਲ ਤੇਰੇ ਤਾਰ ਹੱਥ ਕਰਤਾਰ ਹੈ ਸਾਰਿਆਂ ਦੀ।
ਹੁੰਦਾ ਪਲਕ ਨਾਹੀਂ ਕਿਤੇ ਵਹਲ ਮੇਰਾ ਪਈ ਰਵੇ ਵੰਗਾਰ ਪਿਆਰਿਆਂ ਦੀ।
ਚਰਨ ਚੁੱਮ ਪ੍ਰੇਮੀ ਗਲੇ ਲਗ ਰੋ ਰੋ ਆਖੇ ਸਭ ਤਾਲਕ ਤੇਰੇ ਦਰਸਦੇ ਨੇ।
ਤੀਨੋਂ ਲੋਕ ਆਸ਼ਕ ਚੀਨੀ ਵਾਲਿਆ ਵੇ ਤੇਰੇ ਚਰਨ ਦੀ ਖਾਕ ਨੂੰ ਤਰਸਦੇ ਨੇ।

—:o o:—

(ਸਰਦਾਰ ਖਜ਼ਾਨ ਸਿੰਘ ਜੀ 'ਇਨਸਾਫ' ਬੈਂਕੋਕ ਸਿਆਮ)

ਸੀਤ ਰੁਤ ਗਯੋ ਹੈ ਤੇ ਆਇਓ ਹੈ ਬਸੰਤ ਰੁਤ, ਫੂਲਿ ਤੇ ਬਨਾਸਪਤੀ ਭਇਓ ਹਰਿਆਈ ਏ।
ਮਿਠੀ ਮਿਠੀ ਪੰਛੀਓਂ ਕੀ ਮਸਤ ਅਵਾਜ ਨਾਲ, ਗੂੰਜਿਓ ਅਕਾਸ਼ ਕੈਸੀ ਅਜਬ ਸੁਣਾਈ ਏ।
ਖੁਸ਼ੀ ਨਰ ਨਾਰ ਸਭੀ ਫਿਰਤ ਹੈਂ ਦਿਖਾਈ ਦੇਤ, ਹਸੂੰ ਹਸੂੰ ਮੁਖ ਚੇਹਰੇ ਸੁਰਖੀ ਦੀ ਦਖਾਈ ਏ।
ਭਾਗਿਓ ਉਦਾਸੀ ਫੇਰਾ ਪਾਇਓ ਖੁਸ਼ਹਾਲੀਆ ਨੇ, ਸਾਰੇ ਦੇਸ ਮਾਂਹਿ ਪਿਖੋ ਖੁਸ਼ੀ ਮੈ ਲੁਕਾਈ ਏ
ਇਸ ਰੁਤ ਭਾਗਾਂ ਭਰੀ ਲਗੇ ਚਾਰ ਚੰਨ ਹੋਰ, ਗੁਰੂ ਰਾਮ ਸਿੰਘ ਜੂ ਕੀ ਜੋਤ ਪ੍ਰਗਟਾਈ ਏ।
ਧਾਰਾ ਅਵਤਾਰ ਗੁਰੂ ਬਾਹਰਵੇਂ ਦਾਤਾਰ ਆਪ, ਪਾਰ ਕੀਓ ਸਿੰਧ ਨੌਕਾ ਨਾਮ ਕੀ ਚਲਾਈ ਏ।
ਉਖਾੜ ਦਿਤਾ ਮੂਲ ਗੁਰੂ ਐਬ ਤੇ ਕੁਚਾਲ ਵਾਲਾ, ਪਸ਼ੂ ਕੀਏ ਦੇਵ ਪੂਰੇ ਗੁਰੂ ਦੀ ਵਡਿਆਈ ਏ।
ਮਿਟ ਚਲੀ ਰੀਤ ਜੁ ਦਸਮ ਗੁਰੂ ਪਾਤਸਾਹ ਦੀ, ਬਾਰਵੇਂ ਅਵਤਾਰ ਆਕਰ ਕੈਮ ਕਰਵਾਈ ਏ।
ਏਸੇ ਰੁਤ ਬਿਚ ਆਨ ਭਇਓ ਪ੍ਰਕਾਸ ਰਬੀ, ਛੁਰੀ ਗੌ ਗਰੀਬ ਸੰਤੇ ਗਲੇ ਤੋਂ ਲੁਹਾਈ ਏ।
ਸੁਤੀ ਹੋਈ ਹਿੰਦ ਪਈ ਰਹੀ ਵਿਚ ਗਾਫਲੀ ਦੇ, ਚੀਨੀ ਵਾਲੇ ਸਤਿਗੁਰੂ ਨੇ ਆਣਕੇ ਜਗਾਈ ਏ।
ਨਾਮ ਤੋਂ ਬਗੈਰ ਮੁੰਏ ਹੋ ਰਹੇ ਸੀ ਜੀਵ ਸਾਰੇ ਬਾਰ੍ਹਵੇਂ ਅਵਤਾਰ ਨਾਮ ਦਾਤ ਵਰਤਾਈ ਏ।
ਸੁਚ ਸੋਧਵਾਲੀ ਕਾਰ ਜਗ ਤੋਂ ਕਾਫੂਰ ਹੋਈ, ਚੀਨੀ ਵਾਲੇ ਗੁਰੂ ਫਿਰ ਆਇਕੇ ਠਹਿਰਾਈ ਏ।
ਏਸੇ ਰੁਤ ਵੀਚ ਭਗਵਾਨ ਅਵਤਾਰ ਲੀਯੋ, ਜਗ ਮਗ ਜੋਤ ਭੈਣੀ ਸਾਹਿਬ ਮੈਂ ਜਗਾਈ ਏ।
ਤਾਂਹੀ ਤੇ ਬਨਾਸਪਤੀ ਰੰਗ ਹਰਾ ਭਰਾ ਕੀਯੋ ਬਸੰਤ ਕੀ ਪੁਸ਼ਾਕ ਧਰਾ ਮਾਤ ਨੇ ਸਜਾਈ ਏ।
ਪਿਤਾ ਜਸਾ ਸਿੰਘ ਜੀ ਕੇ ਗ੍ਰਿਹਿ ਕਰਤਾਰ ਆਏ, ਮਾਤ ਸਦਾਂ ਕੌਰ ਜੀ ਕੋ ਦੀਨੀ ਵਡਿਆਈ ਏ।
ਬਲਿਹਾਰ, ਇਨਸਾਫ' ਜਗ ਉਤੋਂ ਵਾਰ ਵਾਰ, 'ਲੀਯੋ ਅਵਤਾਰ ਸਾਰੇ ਜੱਗ ਨੂੰ ਵਧਾਈ ਏ।

Sri Satguru Jagjit Singh Ji Elibrary NamdhariElibrary@gmail.com

ਬਲੀ ਦਾਨ

(ਵਲੋਂ ਸ੍ਰੀ ਮਾਨ ਹਰੀਸ਼ ਚੰਦਰ ਜੀ
'ਵਿਦਯਾਰਥੀ' ਬੀ. ਏ. ਆਨਰਸ)

ਹਿੰਦੂ ਸਾਹਿਤਯ ਵਿਚ ਜਿਥੇ ਕਿਥੇ ਸਾਰ ਨੂੰ ਨਦੀ ਦਾ ਪ੍ਰਵਾਹ ਕਿਹਾ ਗਿਆ ਹੈ ਸੋਚ ਕੇ ਦੇਖਿਆਂ ਪਤਾ ਲਗੇਗਾ ਕ ਇਹ ਬਾਤ ਸੋਲਾਂ ਆਨੇ ਸੱਚ ਹੈ।

ਇਕ ਵਿਚਾਰ ਉਤਪੰਨ ਹੁੰਦਾ ਹੈ। ਹਿਲੋਂ ਪਹਿਲ ਏਸਦੇ ਪ੍ਰਚਾਰਕਾਂ ਨੂੰ ਕਸ਼ਟ ਸਹਿਣੇ ਪਏ ਹਨ। ਕੁਛ ਦੇਰ ਬਾਦ ਸਾਰੇ ਏਸ ਨੂੰ ਮੰਨ ਜਾਂਦੇ ਹਨ। ਇਸ ਵਿਚ ਖਰਾਬੀ ਆ ਜਾਂਦੀ ਹੈ। ਮਗਰ ਲੋਗ ਓਸੇ ਤਰਾਂ ਏਸ ਨੂੰ ਝੀ ਜਾਂਦੇ ਹਨ ਹੁਨ ਏਹ ਵਿਚਾਰ ਤੇ ਏਸਦੇ ਅਮਲ ਕਰਨ ਵਾਲਿਆਂ ਦਾ ਜ਼ੋਰ ਹੈ। ਕੋਈ ਬੁਰਾ ਪੁਛਨ ਵਾਲਾ ਨਹੀਂ ਜੇ ਕੋਈ ਆਖਨ ਦਾ ਸਾਹਸ ਕਰੇ, ਓਹ ਟ ਬਰਾਦਰੀਓਂ ਬਾਹਰ ਕਰ ਦਿਤਾ ਜਾਂਦਾ ਹੈ ਜਾਂ ਤਾਂ ਓਸਨੂੰ ਓਸ ਵਚਾਰ ਵਿਚ ਬੇਹਨਾਂ ਪੈਂਦਾ ਹੈ ਜਾਂ ਸਮਾਜ ਹੀ ਤਲਾਂਜਲੀ ਦੇਣੀ ਪੈਂਦੀ ਹੈ, ਸਾਧਾਰਣ ਆਦਮੀ ਦਾ ਹੌਸਲਾ ਨਹੀ ਕਿ ਸ ਪਰਵਾਹ ਦਾ ਮੁਕਾਬਲਾ ਕਰੇ। ਓਹ ਨੇੜੇ ਹੀ ਸੋਚਦਾ ਹੈ। ਦੂਰ ਦੀ ਉਸਨੂੰ ਸੁਝਦੀ ਹੀ ਨਹੀ। ਜੇ ਸੁਝਦੀ ਹੈ ਤਾਂ ਅਮਲ ਕਰਨ ਦਾ ਹੌਸਲਾ ਨਹੀ ਪੈਂਦਾ। ਹੁਨ ਵਿਚਾਰ ਪਰਵਾਹ ਵਿਚ ਖਰਾਬੀ ਆ ਗਈ, ਜਦ ਕੋਈ ਵਿਚਾਰ ਤੇ ਹਵਿਚ ਬਦਲ ਜਾਂਦਾ ਹੈ ਤੇ ਮਨਨ ਵਾਲਿਆਂ ਉਨਾਂ ਦਾ ਅਪਨੀ ਸੋਚ ਸਮਝ ਦੇ ਵਿਰੁਧ ਕੇਲ ਕੇ ਅੱਗੇ ਲਾ ਲੈਂਦਾ ਹੈ—ਤਾਂ ਓਹ ਪਰਵਾਹ ਖਰਾਬੀ ਪੈਦਾ ਕਰ ਰਿਹਾ ਹੈ। ਗੰਦਾ ਹੈ। ਹੁਣ ਏਸਦਾ ਮੁਕਾਬਲਾ ਅਹਿਸਾਨ ਨਹੀ ਕਿਸੇ ਸ਼ਕਤਿ ਦਾ ਕੰਮ ਹੈ।

ਗੀਤਾ ਵਾਕ ਅਨੁਸਾਰ ਹੁਨ ਓਹ ਸ਼ਕਤਿ ਪੈਦਾ ਹੁੰਦੀ ਹੈ। ਪਰਵਾਹ ਦਾ ਮੁਕਾਬਲਾ ਕਰਦੀ ਹੈ। ਜੋ ਸ਼ਕਤਿ ਛੋਟੀ ਹੈ ਤਾਂ ਲੋਪ ਹੋ ਜਾਂਦੀ ਹੈ, ਦੁਨੀਆਂ ਵਿਚ ਲੋਗ ਏਸਨੂੰ "ਹਾਰ ਗਈ" ਆਖਦੇ ਨੇ। ਪਰ ਨਹੀਂ, ਏਹ ਲੋਪ ਹੋਕੇ ਬੀਜ ਦਾ ਕੰਮ ਦੇਂਦੀ ਹੈ। ਸਮਝ ਆਉਂਦਾ ਹੈ ਕਿ ਏਹ ਅੰਕੁਰ ਫੁਟਕੇ ਬਾਹਰ ਨਿਕਲਦਾ ਹੈ। ਲੋਪ ਹੋ ਹੋ ਕੇ ਏਨਾਂ ਬਧ ਜਾਂਦਾ ਹੈ ਕਿ ਪਰਵਾਹ ਨੂੰ ਉਲਟੋਨ ਦੀ ਤਾਕਤ ਏਸ ਵਿਚ ਆ ਜਾਂਦੀ ਹੈ।

ਬਦੱਰੀ ਨਾਰਾਯਣ ਤੋਂ ਪਰ੍ਹਾਂ ਸ਼ਤਪਥ ਤੋਂ ਇਕ ਛੋਟੀ ਜਹੀ ਨਦੀ ਨਿਕਲਦੀ ਹੈ ਨਿਰਮਲ ਜਲ ਹੈ। ਸਾਫ ਸੁਧ ਬਹਾਵ ਹੈ। ਸੀਤਲ ਸਵਾਦੂ ਪਾਨੀ। ਪਰ ਹੈ ਥੋੜਾ। ਏਹ "ਅਲਕਨੰਦਾ ਗੰਗਾ" ਹੈ ਕੋਈ ੨੦ ਮੀਲ ਹੇਠਾਂ ਪਾਦੂ ਕੇਸ਼੍ਵਰ ਕੋਲ ਏਸਦਾ ਪਾਨੀ ਅਜੇ ਬੜਾ ਸਾਫ ਹੈ। ਅਗੇ ਨਾਲੋਂ ਜਿਆਦਾ ਪਰ ਅਜੇ ਵੀ ਥੋੜਾ ਹੈ ਹੁਨ ਇਸ ਵਿਚ ਇਕ ਵਾਧਾ ਹੈ। ਏਹ ਸ਼ੋਰ ਬੜਾ ਕਰਨ ਲਗ ਪਈ ਹੈ। ਕੋਈ ਇਕ ਹਜ਼ਾਰ ਮੀਲ ਚਲਕੇ ਓਹੀ ਨਦੀ ਬਨਾਰਸ ਮਿਰਜ਼ਾ ਪੁਰ ਕੋਲ ਗੰਗਾ ਹੋਕੇ ਬਹਿ ਰਹੀ ਹੈ। ਪਾਣੀ ਗੰਦਾ ਹੈ ਸ਼ੋਰ ਭੀ ਹੈ ਪ ਨਾਲੋਂ ਥੋੜਾ। ਜੇ ਕੋਈ ਪੁਲ ਜ ਹੋਵੇ ਤਾਂ ਸ਼ੋਰ ਬਹੁਤ ਹੋ ਜਾਂਦਾ ਹੈ। ਨਦੀ ਦਾ ਪਰਵਾਹ ਕਿਸੇ ਦੀ ਪ ਨਹੀ ਕਰਦਾ ਸਭ ਕੁਛ ਬਹਾਈ ਲ ਹੈ, ਏਸਦੇ ਅੱਗੇ ਕੁਛ ਠਹਿਰ ਨਹੀ ਸ ਪਰ ਪਾਪੀ ਕੇ ਮਾਰਨੇ ਕੋ ਪਾਪ ਮਹਾਂ

Sri Satguru Jagjit Singh Ji Elibrary NamdhariElibrary@gmail.com

ਬਲੀ ਹੈ" ਹੁਨ ਏਸਦਾ ਨਾਸ ਸ਼ੁਰੂ ਹੁੰਦਾ ਹੈ। ਭਾਗਲ ਪੁਰ ਪਹੁੰਚਕੇ ਪਾਨੀ ਵਿਚੋਂ ਮਿਟੀ ਹੇਠਾਂ ਬੈਠਨ ਲਗਦੀ ਹੈ ਹੌਲੀ ਹੌਲੀ ਏਹ ਮਿਟੀ ਏਤਨੀ ਸ਼ਕਤਿ ਧਾਰਨ ਕਰਦੀ ਹੈ ਕਿ ਗੰਗਾ ਨੂੰ ਪਾੜਕੇ ਟੁਕੜੇ ਕਰ ਦੇਂਦੀ ਹੈ ਤੇ ਗੰਗਾ ਦਾ ਨਾਮ ਭੀ ਉਡ ਜਾਂਦਾ ਹੈ। ਹੁਣ "ਹੁਗਲੀ" "ਪਦਮਾ" ਆਦਿ ਨਾਮ ਆਜਾਂਦੇ ਨੇ, ਏਸ ਤਰ੍ਹਾਂ ਵਿਚਾਰ ਦਾ ਤੇ ਨਦੀ ਦਾ ਪਰਵਾਹ ਇਕੋ ਜਿਹੇ ਹਨ।

ਵਿਚਾਰ ਦੇ ਪਰਵਾਹ ਨੂੰ ਪਲਟਨ ਵਾਸਤੇ ਬੜੇ ਬਲਿਦਾਨਾਂ ਦੀ ਲੋੜ ਹੁੰਦੀ ਹੈ। ਬਲਿਦਾਨ ਆਤਮ ਸਮਰਪਨ ਹੀ ਆਦਮੀ ਨੂੰ ਵਡਾ ਬਨਾਂਦਾ ਹੈ ਵਡੇ ਆਦਮੀ ਦਾ ਕੰਮ ਭੀ ਏਹ ਹੈ ਕਿ ਪਰਵਾਹ ਦਾ ਮੁਕਾਬਲਾ ਕਰੇ, ਅਪਨੀ ਪਰਵਾਹ ਨ ਕਰੇ। ਲੋਪ ਹੋ ਜਾਵੇਗਾ ਤੇ ਬੀਜ ਦਾ ਕੰਮ ਦੇਗਾ, ਜੇ ਪਰਵਾਹ ਨੂੰ ਮੋੜ ਦੇਗਾ ਤਾਂ ਉਸ ਤੋਂ ਇਕ ਹੋਰ ਸ਼ੁਧ ਨਿਰਮਲ ਵਿਚਾਰ ਬਹਿ ਨਿਕਲੇਗਾ।

ਕਿਸੇ ਆਦਮੀ ਦਾ ਵਡੱਪਨ ਦੇਖਨਾ ਹੋਵੇ ਤਾਂ ਏਹ ਇਕ ਕਸਵਟੀ ਹੈ ਕਿ ਉਸਨੇ ਕਿਸ ਪਰਵਾਹ ਦਾ ਕਿਤਨੇ ਬਲਿਦਾਨ ਨਾਲ ਮੁਕਾਬਲਾ ਕੀਤਾ।

ਸਤਿਗੁਰੂ ਰਾਮ ਸਿੰਘ ਜੀ ਨੂੰ ਭੀ ਏਸੇ ਕਸਵਟੀ ਤੇ ਪਰਖੋ। ਆਪ ਸੋਲਾਂ ਆਨੇ ਪੱਕੇ ਸਿੱਖ ਸੀ। ਇਸ ਵਾਸਤੇ ਜਿਸ ਪਰਵਾਹ ਨਾਲ ਆਪ ਦਾ ਸਿਧਾ ਸਨਬੰਧ ਸੀ ਓਹ ਸਿਖਾਂ ਵਿਚ ਹੀ ਪਾਇਆ ਜਾਨਾ ਚਾਹੀਦਾ ਹੈ।

ਸਿਖ ਇਤਿਹਾਸ ਵਿਚ ਸਨ ੧੮੫੦ ਤੋਂ ਲੈਕੇ ੧੯੧੪ ਤਕ ਗੁਜਰਾਤ ਦੀ ਲੜਾਈ ਤੋਂ ਕਾਮਾਗਾਟਾਮਾਰੂ ਤਕ ਦਾ ਸਮਾਂ "ਦਾਸਤਾਂ ਯੁਗ" ਹੈ ਇਸ ਸਮ ਦਾ ਪਰਵਾਹ ਹਕੂਮਤ ਦੀ ਗੁਲਾ ਹੈ। ਏਸਦਾ ਮੁਤਲਬ ਏਹ ਨਹੀਂ ਹਿੰਦੂ ਤੇ ਮੁਸਲਮਾਨ ਕੋਈ ਘਟ ਗੁਲਾ ਸਨ। ਪਰ ਅਸਾਂ ਸਿਰਫ ਸਿਖਾਂ ਵਿ ਪ੍ਰਧਾਨ ਪਰਵਾਹ ਨੂੰ ਵੇਖਣਾ ਹੈ। ਏ ਪਰਵਾਹ ਨੇ 'ਦਲੀਪ' ਦੇ ਕੇਸ ਕਟ ਵਾਨ, ੧੮੫੭ ਦੇ ਜੰਗ ਨੂੰ ਦਬਾ ਵਿਚ ਸਹਾਇਤਾ ਕੀਤੀ। ਚੰਗੇ ਚੰਗੇ ਸਿਖ ਨੂੰ ਸਿਖੀਓਂ ਖਾਰਜ ਕੀਤਾ ਆਪ ਹਿੰ ਭਰਾਵਾਂ ਨਾਲੋਂ ਦੂਰ ਕੀਤਾ, ਪੁਰਾ ਸੰਸਕ੍ਰਿਤ ਤੇ ਹਿੰਦੀ ਸਾਹਿਤ ਤੋਂ ਸਿਖ ਨੂੰ ਨਫ਼ਰਤ ਦਿਲਾ ਕੇ, ਸਿਖਾਂ ਨੂੰ ਸਾਹਿਤਕ ਖੇਤ੍ਰ ਤੋਂ ਵਾਂਜਿਆ ਕਰ ਦਿਤਾ ਆਦਿ। ਗੁਰੂ ਰਾਮ ਸਿੰਘ ਜੀ ਦੇ ਪਕੜ ਜਾਨ ਤੇ ਇਸ ਦਾਸਤਾਂ ਯੁਗ ਨੇ ਹ ਸਿਖਾਂ ਨੂੰ ਨ ਕੇਵਲ ਚੁਪ ਰਖਯਾ ਬਲਕਿ ਮਾਲੇਰ ਕੋਟਲੇ ਜੈਸੇ ਅਤ੍ਯਾਚਾਰ ਤੇ ਵਡੇ ਵਡੇ ਆਗੂਆਂ ਨੇ ਗਵਰਨਰ ਨੂੰ ਮਾਨ ਪੱਤ੍ਰ ਦਿਤਾ। ਏਹ ਮਾਨ ਪੱਤ੍ਰ ਦਾਸਤ ਦੀ ਅੰਤਮ ਹਦ ਹੈ। ਏਸਦੇ ਏਹ ਸ਼ਬਦ ਹਨ

"The Sikhs of all classes of Amritsar beg unanimously to submit that we have no connection or sympathy with the Kookas. We are happy that the Government has adopted most appropriate and exeellent measures for controling this wicked and misguided sect. They are our mortal enemies since by their misconduct and evil designs they injured our honour in the estimation of Government. We are thankful to the Government for the measures which have been adopted whereby the desire of our hearts has been fulfilled"

ਏਸਦਾ ਸਾਫ਼ ਏਹ ਹੈ ਕਿ ਕੂਕੇ ਹਮਾਰੇ ਦੁਸ਼ਮਨ ਹਨ। ਸਰਕਾਰ ਨੇ ਤੋਪਾਂ ਅਗੇ ਉਡਾਕੇ ਏਨ੍ਹਾਂ ਨੂੰ ਕੇਵਲ ਠੀਕ ਠੀਕ ਸਜ਼ਾ ਹੀ ਨਹੀਂ ਦਿੱਤੀ ਬਲਕਿ ਸਾਡੇ ਸਿਰ) ਅਹਿਸਾਨ ਭੀ ਕੀਤਾ ਹੈ ਕਿਉਂਕਿ ਕੂਕਿਆਂ ਨੇ ਸਰਕਾਰ ਦੇ ਦਰਬਾਰ ਵਿਚ ਸਾਡੀ ਇਜ਼ਤ ਨੂੰ ਵੱਟਾ ਲਾਯਾ ਹੈ। ਹੁਨ ਸਾਡੇ ਦਿਲ ਦੀ ਮੁਰਾਦ ਪੂਰੀ ਹੋਈ ਹੈ। ਮਾਨ ਪਤ੍ਰ ਦੇਨ ਵਾਲੇ ਸਨ।

ਸ੍ਰ: ਬਖਸ਼ੀਸ ਸਿੰਘ. ਠਾਕਰ ਸਿੰਘ ਸੰਧਾ ਵਾਲੀਏ। ਸ੍ਰ: ਭਗਵਾਨ ਸਿੰਘ, ਦਿਆਲ ਸਿੰਘ ਮਜੀਠੀਏ, ਸ੍ਰ: ਜਵਾਹਰ ਸਿੰਘ ਜਫਰਵਾਲ, ਸ੍ਰ: ਮੰਗਲ ਸਿੰਘ ਰਾਮ-ਗੜ੍ਹੀਆ, ਸ੍ਰ: ਗੁਲਾਬ ਸਿੰਘ ਭਾਗੋ ਵਾਲੀਆ, ਸ੍ਰ: ਅਜੀਤ ਸਿੰਘ ਅਟਾਰੀ ਵਾਲੇ ਆਦਿ. ਏਹ ਮਾਨ ਪੱਤ੍ਰ ੨੨.੩. ੧੮੭੨ ਨੂੰ ਮਾਲੇਰ ਕੋਟਲੇ ਦੇ ਸਾਕੇ ਬਾਰੇ ਵਿਚ ਦਿੱਤਾ ਗਯਾ ਸੀ।

ਏਸ ਤੋਂ ਪਤਾ ਚਲ ਜਾਇਗਾ ਕਿ ਦਾਸਤਾਂ ਕਿਤਨਾ ਘਰ ਕਰ ਗਈ ਸੀ। ਅਪਨੇ ਨਾਲ ਕੂਕਿਆਂ ਦੀ ਵਡੀ ਦੁਸ਼ਮਨੀ ਦਾ ਕਾਰਨ ਏਹ ਸੀ ਕਿ ਕੂਕਿਆਂ ਨੇ ਸਰਕਾਰ ਦੇ ਘਰ ਸਿਖਾਂ ਦੀ ਬਦਨਾਮੀ ਕੀਤੀ। ਏਹ ਦਾਸਤਾਂ ਯੁਗ ਦਾ ਘੋਰ ਸਮਾ ਸੀ ਏਸ ਦਾ ਪਰਵਾਹ ਜ਼ੋਰ ਵਿਚ ਸੀ। ਕੋਈ ਅਗੇ ਨਹੀਂ ਸੀ ਠਹਿਰ ਸਕਦਾ ਜੋ ਆਯਾ ਰਗੜਿਆ ਗਿਆ।

ਗੁਰੂ ਰਾਮ ਸਿੰਘ ਦੀ ਬਜ਼ੁਰਗੀ ਤੇ ਮਹਾਨਤਾ ਏਸ ਵਿੱਚ ਹੈ ਕਿ ਓਹ ਪਹਿਲਾ ਆਦਮੀ ਸੀ ਜਿਸ ਨੇ ਏਸ ਲਹਿਰ ਨੂੰ ਤੱਖਿਆ ਦੇਖਕੇ ਏਸਦੇ ਰੋਕਨ ਲਈ ਸਿਖਾਂ ; ਲਲਕਾਰਿਆ ਤੇ ਆਪਨਾ ਬਲੀਦਾਨ ਦੇਕੇ ਬੀਜ ਬਨਕੇ ਲੋਪ ਹੋ ਗਏ।

ਸਿਖਾਂ ਦੀ ਪਹਿਲੀ ਲੜਾਈ ਦੇ ਵੇਲੇ ਹੀ ਓਨਾਂ ਨੇ ਇਸ ਉਠਦੀ ਲਹਿਰ ਨੂੰ ਜਾਣ ਲਿਆ। ਬੰਦੂਕ ਦਰਯਾ ਵਿਚ ਸੁਟ, ਚੁਪ ਚਾਪ ਏਸਦੇ ਉਲਟ ਕੰਮ ਸ਼ੁਰੂ ਕਰ ਦਿਤਾ। ਸਿਖ-ਰਾਜ ਜਾਂਦਾ ਰਿਹਾ। ਸਿਖ ਜਾਗੀਰਾਂ ਲੈ ਕੇ ਚੁਪ ਹੋ ਗਏ। ਇਕ ਦੂਜੇ ਦੀ ਚੁਗਲੀ ਤੇ ਸ਼ਕਾਇਤ ਬਜ਼ਾਰ ਗਰਮ ਹੋਯਾ ਰਿਹਾ ਮਾਨ ਭੀ ਜਾਂਦਾ ਰਹਯਾ। ਫੌਜਾਂ ਦੇ ਕਮਾਂਡਰਾਂ ਤੇ ਪੁਤ੍ਰ ਸਪਾਹੀ ਭਰਤੀ ਹੋ ਗਏ। ਗੁਰਦਵਾਰਿਆਂ ਦੇ ਖਜ਼ਾਨੇ ਸਰ-ਕਾਰ ਦੇ ਹਥ ਹੇਠ ਆ ਗਏ। ਸਰਕਾਰ ਦੇ ਮਨਜ਼ੂਰ ਨਜ਼ਰਾਂ ਨੂੰ ਸਿਰੋਪਾ ਮਿਲਨ ਲਗੇ। ਤੇ ਸਰਕਾਰ ਦੇ ਦਰਬਾਰ ਵਿਚ ਮਾਨ ਹੀ ਵਡਾ ਉਦੇਸ਼ ਬਨ ਗਯਾ।

ਮਗਰ ਸਤਿਗੁਰੂ ਰਾਮ ਸਿੰਘ ਨੇ ਜੀਵਨ ਨੂੰ ਸਖਤ ਬਨਾਯਾ। ਜਾਗੀਰਾਂ ਦੀ ਪਰਵਾਹ ਨਹੀਂ ਕੀਤੀ। ਓਹ ਜਾਨਦਾ ਸੀ ਕਿ ਸਿਖਾਂ ਦੀ ਹਾਰ ਦਾ ਵਡਾ ਕਾਰਨ ਆਗੂਆਂ ਦੀ ਦਾਸਤਾਂ ਸੀ। ਗ਼ਰੀਬ ਸਿਖ ਸਪਾਹੀ ਸਿੱਖ ਰਾਜ ਲਈ, ਦੇਸ਼ ਦੀ ਸੁਤੰਤ੍ਰਾ ਦੀ ਖਾਤ੍ਰ ਸੀ, ਪਰ ਸਰਦਾਰ ਅੰਗ੍ਰੇਜ਼ਾਂ ਵਲ ਸਨ, ਏਸ ਵਾਸਤੇ ਓਸਨੇ ਗਰੀਬ ਸਿਖਾਂ ਵਿਚ ਹੋਰ ਭੀ ਗ਼ਰੀਬੀ ਦਾ ਤੇ ਆਪਨੀ ਕਮਾਈ ਦਾ ਪਰਚਾਰ ਕੀਤਾ ਤਾਂ ਕਿ ਸੁਤੰਤ੍ਰਤਾ ਦੀ ਸਪਿਰਟ ਬਨੀ ਰਹੇ, ਜ਼ਰੂਰਤਾਂ ਘਟਾ ਦਿੱਤੀਆਂ। ਜੀਵਨ ਸਖਤ ਤਪਦਾ ਬਨਾ ਦਿੱਤਾ, ਤੇ ਸਰਕਾਰ ਦੀ ਹਰ ਚੀਜ਼ ਤੋਂ ਪਰੇ ਜਾਨ ਦਾ ਯਤਨ ਕੀਤਾ ਤੇ ਸਭ ਕੁਝ ਸਿਰਫ ਦਾਸਤਾਂ ਦੇ ਪਰਵਾਹ ਨੂੰ ਰੋਕਨ ਵਾਸਤੇ ਜੋ ਗਰੀਬ ਦੀ ਰਖਸ਼ਾ ਨੂੰ ਕਰਤਬਜ ਬਨਾਯਾ, ਭਗਤਿ ਭਾਵ ਦੀ ਲਹਿਰ ਚਲਾਕੇ ਵਿਚਾਰ ਦੀ ਨਦੀ ਤਰੰਗ ਪੈਦਾ ਕੀਤੀ। ਪਰ ਦਾਸਤਾਂ ਦਾ ਪਰਵਾਹ ਪਰਬਲ ਸੀ, ਬਲਿ ਦੀ ਲੋੜ ਪਈ, ਅਪਨਾ ਸਭ ਕੁਝ ਸਵਾਹ ਕਰ ਦਿੱਤਾ ਸਭ ਕੁਝ ਭੇਟ ਚੜ੍ਹਾ ਦਿਤਾ, ਮਗਰ ਢੰਗ ਨੂੰ ਨਹੀਂ ਬਦਲਿਆ, ਨਦੀ ਦਾ ਪਰਵਾਹ ਬਹਾ ਕੇ ਲੈ ਗਿਆ, ਪਤਾ ਨਹੀਂ ਦਸਿਆ, ਬੀਜ ਬੋਏ ਲੋਪ ਕਰ ਦਿਤਾ ਮਗਰ ਬੀਜ ਲੋਪ ਹੋਕੇ ਗਲ ਕੇ ਫੁਟ ਪਿਆ, ਚਾਲੀਸ ਸਾਲ ਮਗਰੋਂ ਦਾਸਤਾਂ ਪਰਵਾਹ ਘਾਟੇ ਵਿਚ ਆਇਆ ਹੈ ਤੇ ਗੁਰੂ ਰਾਮ ਸਿੰਘ ਜੀ ਦਾ ਚਲਾਯਾ ਵਿਚਾਰ ਬਦਦਾ ਨਜ਼ਰ ਆ ਰਿਹਾ ਹੈ, ਏਹੀ ਮਹਾਨਤਾ ਹੈ, ਏਹੀ ਵਡਪਨ ਹੈ।

Sri Satguru Jagjit Singh Ji Elibrary NamdhariElibrary@gmail.com

ਲਲਿਤ ਪਦ

੧੬-੧੨ ਮਾਤ੍ਰ ਤੇ ਵਿਸ਼ਰਾਮ ਅੰਤ ਦੇ ਗੁਰ

(ਵਲੋਂ ਪੰਥ ਭੂਸ਼ਨ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ)

ਵਿਸ਼ਯ ਅਗਨਿ ਕਰ ਤ੍ਰਪਤ ਰਿਦੇ ਜਿਨ ਨਾਮਾਮ੍ਰਿਤ ਦੇ ਠਾਰੇ।
ਗੁਰੁਮਤ ਦੇ ਅਨੁਰਾਗੀ ਕੀਤੇ ਪਾਮਰ ਪਾਪੀ ਭਾਰੇ।
ਭੰਗ ਸ਼ਰਾਬ ਅਫੀਮ ਛੁਡਾਕੇ ਨਸ਼ਾ ਪ੍ਰੇਮ ਦਾ ਦਿੱਤਾ।
ਮੰਗ-ਖਾਣ ਨੂੰ ਖੰਡਨ ਕੀਤਾ ਦੱਸ ਧਰਮ ਦਾ ਕਿੱਤਾ।
ਫੁੱਟ ਈਰਖਾ ਵੈਰ ਭਾਵ ਅਰ ਨਫਰਤ ਮਨੋ ਹਟਾਈ।
ਮੁਦਿਤਾ ਮੈਤ੍ਰੀ ਕਰੁਣਾ ਦ੍ਰਿੜ੍ਹ ਕਰ ਸਿਖਾਂ ਚਿੱਤ ਵਸਾਈ।
ਭੁਖਾ ਨੰਗਾ ਰੋਗੀ ਸੋਗੀ ਜੋ ਸਰਨੀ ਚਲ ਆਵੇ।
ਹੋਇ ਤ੍ਰਿਪਤ ਅਰ ਪਰਮ ਅਨੰਦੀ ਜੀਵਨ ਸਰਵ ਵਿਤਾਵੇ।
ਦੀਨ ਕੀਰ ਅਪਮਾਨਿਤ ਜੀਵਾਂ ਸੈ੍ਂ ਸਤਕਾਰ ਦ੍ਰਿੜ੍ਹਾਯਾ।
ਭਗਤ ਗਿਆਨੀ ਸੂਰਵੀਰ ਹੋ ਰਹਿਣਾ ਜਗਤ ਸਿਖਾਯਾ।
ਸ਼੍ਰੀ ਗੁਰਦਾਸ ਕਹਯੋ ਗੁਰ-"ਨਾਨਕ ਨਿਰਮਲ ਪੰਥ ਚਲਾਯਾ"।
ਗੁਰੁ ਆਗਯਾ ਅਨੁਸਾਰ ਪ੍ਰਗਟ ਸੋ ਅਮਲੀ ਤੌਰ ਦਿਖਾਯਾ।
ਕਲੁ ਗ੍ਰੀਖਮ ਕਰ ਤਪੇ ਜਗਤ ਨੂੰ ਪਾਵਸ ਜਲਧਰ ਹੋਯਾ।
ਸ੍ਵਾਂਤਿ ਬੂੰਦ ਬਨ ਚਾਤ੍ਰਿਕ ਪ੍ਰੇਮੀ ਦਾ ਪਿਆਸ ਦੁਖ ਖੋਯਾ।
ਸਿੱਖੀ ਬਾਗ ਖਿਜ਼ਾਂ ਜਦ ਗ੍ਰਸਿਆ ਭਯੋ ਪਤ੍ਰ ਬਿਨ ਸਾਯਾ।
ਰੂਪ ਵਸੰਤ ਧਾਰਕੇ ਬਾਬਾ ਦਿਨ ਵਸੰਤ ਦੇ ਆਯਾ।
ਰੋਹੀ ਵਿਚ ਗੁਲਜ਼ਾਰ ਲਗਾਈ ਸਿਮਰਨ ਸਰਿਤ ਵਹਾਕੇ।
ਪ੍ਰੇਮੀ ਭੌਰ ਹੋਇ ਮਸਤਾਨੇ ਪਾਣ ਘੁਮੇਰੀ ਆਕੇ।
ਕੂਕੇ ਕੋਇਲ ਡਾਲ ਰਸਾਲੀਂ ਮੋਰ ਪਾਇਲਾਂ ਪਾਂਦੇ।
ਇਸ ਮੰਡਲ ਆ ਹੋਣ ਅਰੋਗੀ ਰਾਜ-ਰੋਗ ਦੇ ਮਾਂਦੇ।
ਬਾਲ ਅਵਸਥਾ ਵਿਚ "ਵ੍ਰਿਜੇਸ਼" ਨੇ ਅਦਭੁਤ ਮੂਰਤਿ ਚੀਨੀ।
ਸਿਰ ਤੇ ਖੰਡਾ ਹੱਥ ਸਿਮਰਨੀ ਚੜ੍ਹਿਆ ਬਾਂਕੀ ਚੀਨੀ।
ਜਿਸਦੀ ਮਿਠੀ ਬਾਣੀ ਅੱਗੇ ਫਿੱਕੀ ਲਗਦੀ ਚੀਨੀ।
ਦਰਸ਼ਨ ਕਰਕੇ ਨੇਤ੍ਰ ਵਿਗਸਦੇ ਜਿਉਂ ਰਵਿ ਪਿਖ ਗੁਲ ਚੀਨੀ।

Sri Satguru Jagjit Singh Ji Elibrary NamdhariElibrary@gmail.com